Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Ad space available
Please call
Ph: 847-359-0746

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 28, July 15, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਪਾਣੀਆਂ ਦੀ ਕਾਨੂੰਨੀ ਲੜਾਈ ਹਾਰਿਆ ਪੰਜਾਬ

## ਸੁਪਰੀਮ ਕੋਰਟ ਵੱਲੋਂ ਨਹਿਰ ਉਸਾਰੀ ਦੇ ਹੁਕਮ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸੁਪਰੀਮ ਕੋਰਟ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ ਬਾਰੇ ਜਾਰੀ ਨਵੇਂ ਹੁਕਮਾਂ ਤੋਂ ਜਾਪ ਰਿਹਾ ਹੈ ਕਿ ਪੰਜਾਬ ਪਾਣੀਆਂ ਦੀ ਕਾਨੂੰਨੀ ਲੜਾਈ ਹਾਰ ਗਿਆ ਹੈ। ਅਦਾਲਤ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਨਹਿਰ ਦੀ ਉਸਾਰੀ ਯਕੀਨੀ ਬਣਾਈ ਜਾਵੇ, ਪਾਣੀ ਦੇਣ ਜਾਂ ਨਾ ਦੇਣ ਬਾਰੇ ਗੱਲ ਬਾਅਦ ਵਿਚ ਹੋਵੇਗੀ। ਇਸ ਹੁਕਮ ਨੂੰ ਪੰਜਾਬ ਸਰਕਾਰ ਲਈ ਵੱਡੀ ਝਟਕਾ ਮੰਨਿਆ ਜਾ ਰਿਹਾ ਹੈ।



ਅਦਾਲਤ ਦੇ ਤਿੰਨ ਮੈਂਬਰੀ ਬੈਂਚ ਨੇ ਭਾਵੇਂ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਹਦਾਇਤ ਕੀਤੀ ਕਿ ਉਹ ਲਿੰਕ ਨਹਿਰ ਦੇ ਮੁੱਦੇ 'ਤੇ ਕੋਈ ਅੰਦੋਲਨ ਜਾਂ ਝਗੜੇ ਪ੍ਰਤੀ ਸੁਚੇਤ ਰਹਿਣ, ਪਰ ਜੇ ਨਹਿਰ ਦੀ ਉਸਾਰੀ ਸ਼ੁਰੂ ਹੁੰਦੀ ਹੈ ਤਾਂ ਇਹ ਸਭ ਰੋਕਣਾ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਦੇ ਵੱਸ ਦੀ ਗੱਲ ਨਹੀਂ। ਅਦਾਲਤ ਦੇ ਫੈਸਲੇ ਤੋਂ ਇਕ ਦਿਨ ਪਹਿਲਾਂ ਹੀ ਹਰਿਆਣਾ ਦੀ ਇੰਡੀਅਨ ਨੈਸ਼ਨਲ ਲੋਕਦਲ (ਇਨੈਲੋ) ਵੱਲੋਂ ਪੰਜਾਬ ਤੋਂ ਹਰਿਆਣਾ ਜਾਣ ਵਾਲੇ ਵਾਹਨਾਂ ਨੂੰ ਰੋਕਣ ਲਈ ਧਰਨੇ ਲਾਏ ਸਨ।

ਇਧਰ, ਪੰਜਾਬ ਦੀਆਂ ਸਿਆਸੀ ਧਿਰਾਂ ਵੀ ਇਸ ਮਸਲੇ 'ਤੇ ਸਿਆਸੀ ਰੋਟੀਆਂ ਸੇਕਣ ਲਈ ਤਿਆਰ ਹੋ ਗਈਆਂ ਹਨ। ਸੁਪਰੀਮ ਕੋਰਟ ਦੇ ਅਜਿਹੇ ਰੁਖ ਤੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਰਦਰਦੀ ਵੀ ਵਧ ਗਈ ਹੈ। ਪੰਜਾਬ ਹੁਣ ਤੱਕ ਇਹੀ ਦਾਅਵਾ ਕਰਦਾ ਆਇਆ ਹੈ ਕਿ ਉਸ ਕੋਲ ਹਰਿਆਣਾ ਨੂੰ ਦੇਣ ਲਈ ਇਕ ਬੂੰਦ ਪਾਣੀ ਵੀ ਨਹੀਂ ਹੈ, ਪਰ ਹੁਣ ਅਦਾਲਤ ਦਾ ਹੁਕਮ ਹੈ ਕਿ ਪਾਣੀ ਬਾਰੇ ਬਾਅਦ ਵਿਚ ਵੇਖਿਆ ਜਾਵੇਗਾ, ਪਹਿਲਾਂ ਨਹਿਰ ਦੀ ਉਸਾਰੀ ਕੀਤੀ ਜਾਵੇ। ਇਸ ਤੋਂ ਪਹਿਲਾਂ ਵੀ ਅਦਾਲਤ ਨੇ ਨਹਿਰ ਦੀ ਉਸਾਰੀ ਬਾਰੇ ਹੁਕਮ ਦਿੱਤੇ ਸਨ, ਉਦੋਂ ਪੰਜਾਬ ਵਿਚ ਅਕਾਲੀ ਭਾਜਪਾ ਦੀ ਸਰਕਾਰ ਸੀ ਅਤੇ ਇਸ ਮਸਲੇ 'ਤੇ ਖੂਬ ਸਿਆਸੀ ਡਰਾਮਾ ਹੋਇਆ। ਅਕਾਲੀ ਕਹੀਆਂ ਚੁੱਕ ਕੇ ਨਹਿਰ ਪੂਰਨ ਤੁਰ ਪਏ ਸਨ।

ਪੰਜਾਬ ਵਿਚ ਦਰਿਆਈ ਪਾਣੀਆਂ ਨੂੰ ਲੈ ਕੇ ਸਿਆਸਤ ਲੰਮੇ ਸਮੇਂ ਤੋਂ ਜਾਰੀ ਹੈ। 1966 ਵਿਚ ਪੰਜਾਬ ਦੇ ਪੁਨਰਗਠਨ ਰਾਹੀਂ ਹਰਿਆਣਾ ਦੀ ਸਥਾਪਨਾ ਦੇ ਸਮੇਂ ਤੋਂ ਹੀ ਪਾਣੀਆਂ ਦੀ ਵੰਡ ਦਾ ਰੇੜਕਾ ਚਲਿਆ ਹੈ। 1981 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਠੋਸੇ ਗਏ ਦਰਿਆਈ ਜਲ-ਵੰਡ ਸਮਝੌਤੇ ਦਾ ਪੰਜਾਬ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਵਿਰੋਧ ਕਰਦਾ ਆਇਆ ਹੈ। ਪੰਜਾਬ ਵਿਚੋਂ ਲੰਘਦੇ ਦਰਿਆਵਾਂ ਦਾ ਪਾਣੀ ਹਰਿਆਣਾ ਨੂੰ ਦੇਣ ਲਈ ਹੀ ਐਸ.ਵਾਈ.ਐਲ. ਨਹਿਰ ਦੀ ਉਸਾਰੀ ਦੀ ਲੋੜ ਪਈ ਸੀ। ਹਰਿਆਣਾ ਨੇ ਆਪਣੇ ਇਲਾਕੇ ਵਿਚ

(ਬਾਕੀ ਸਫਾ 6 'ਤੇ)

### ਰਿਪੇਰੀਅਨ ਸਿਧਾਂਤ ਹੀ ਮਨਜ਼ੂਰ: ਬਾਦਲ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਰਾਜਾਂ ਵਿਚਕਾਰ ਦਰਿਆਈ ਪਾਣੀਆਂ ਦੀ ਵੰਡ ਦੇ ਮੁੱਢਲੇ ਆਧਾਰ ਵਜੋਂ ਰਿਪੇਰੀਅਨ ਸਿਧਾਂਤ ਨੂੰ ਤੋੜਿਆ ਮਰੋੜਿਆ ਨਹੀਂ ਜਾ ਸਕਦਾ। ਇਸ ਸਿਧਾਂਤ ਤੋਂ ਬਾਹਰ ਜਾ ਕੇ ਕੱਢਿਆ ਗਿਆ ਕੋਈ ਵੀ ਹੱਲ ਪੰਜਾਬੀਆਂ ਅਤੇ ਇਸ ਦੇਸ਼ ਦੇ ਸੰਵਿਧਾਨਕ ਢਾਂਚੇ 'ਚ ਭਰੋਸਾ ਰੱਖਣ ਵਾਲਿਆਂ ਨੂੰ ਕਦੇ ਵੀ ਸਵੀਕਾਰ ਨਹੀਂ ਹੋਵੇਗਾ। ਸੁਪਰੀਮ ਕੋਰਟ ਨੂੰ ਸਭ ਤੋਂ ਪਹਿਲਾਂ ਇਹ ਤੈਅ ਕਰਨਾ ਚਾਹੀਦਾ ਹੈ ਕਿ ਕਿਸੇ ਵੀ ਦਰਿਆ ਦੇ ਪਾਣੀਆਂ 'ਤੇ ਕਿਹੜੇ ਸੂਬੇ ਦਾ ਹੱਕ ਹੈ।

# ਬਡੂੰਗਰ ਦੀਆਂ ਸਰਗਰਮੀਆਂ ਦਾ ਮਸਲਾ ਭਖਿਆ

**ਅੰਮ੍ਰਿਤਸਰ:** ਸੱਤਾ ਖੁੱਸਣ ਮਗਰੋਂ ਸਿੱਖ ਮਸਲਿਆਂ 'ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਕਮੇਟੀ ਦੀਆਂ ਇਕਦਮ ਵਧੀਆਂ ਸਰਗਰਮੀਆਂ ਕਾਰਨ ਇਨ੍ਹੀਂ ਦਿਨੀਂ ਪੰਜਾਬ ਦਾ ਸਿਆਸੀ ਮਾਹੌਲ ਕਾਫੀ ਗਰਮ ਹੈ। ਕਾਂਗਰਸ ਸਰਕਾਰ ਬਣਨ ਪਿੱਛੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਤੇ ਬਾਦਲਾਂ ਨੇ ਜਿਥੇ ਸਿੱਖ ਮਸਲਿਆਂ 'ਤੇ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਿਆ ਹੋਇਆ ਸੀ, ਉਥੇ ਕਾਂਗਰਸ ਨੇ ਵੀ ਦੋਵਾਂ ਧਿਰਾਂ ਖਿਲਾਫ ਝੰਡਾ ਚੁੱਕ ਲਿਆ ਹੈ। ਸ੍ਰੀ ਹਰਿਮੰਦਰ ਸਾਹਿਬ ਵਿਚ ਬਣੀ 1984 ਦੇ ਸ਼ਹੀਦਾਂ ਦੀ ਯਾਦਗਾਰ ਵਿਚ ਸ਼ਹੀਦਾਂ ਦੀਆਂ ਤਸਵੀਰਾਂ ਵਾਲੀ ਗੈਲਰੀ ਬਣਾਉਣ ਦੇ ਮੁੱਦੇ 'ਤੇ ਕਾਂਗਰਸ ਨੇ ਦੋਵਾਂ ਧਿਰਾਂ ਨੂੰ ਨਿਸ਼ਾਨਾ ਬਣਾਇਆ ਹੈ। ਕਾਂਗਰਸ ਨੇ ਇਸ ਗੈਲਰੀ ਦੀ ਕਾਰ ਸੇਵਾ ਦਮਦਮੀ ਟਕਸਾਲ ਨੂੰ ਦੇਣ 'ਤੇ ਵੀ ਇਤਰਾਜ਼ ਜਤਾਉਂਦਿਆਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ, ਬਾਦਲਾਂ ਨਾਲ ਮਿਲ ਕੇ ਪੰਜਾਬ ਨੂੰ ਮੁੜ ਕਾਲੇ ਦੌਰ ਵੱਲ ਧੱਕਣ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ।




ਕਾਂਗਰਸ ਨੇ ਇਹ ਸਵਾਲ ਵੀ ਕੀਤਾ ਹੈ ਕਿ ਸੂਬੇ ਵਿਚ ਲਗਾਤਾਰ ਦੋ ਦਹਾਕੇ ਅਕਾਲੀ ਦਲ ਬਾਦਲ ਦੀ ਹਕੂਮਤ ਰਹੀ, ਉਦੋਂ ਸਾਕਾ ਨੀਲਾ ਤਾਰਾ ਸਮੇਂ ਮਾਰੇ ਗਏ ਸਿੱਖਾਂ ਦੀ ਯਾਦ ਕਿਉਂ ਨਹੀਂ ਆਈ। ਕੈਪਟਨ ਅਮਰਿੰਦਰ ਸਿੰਘ ਦਾ ਦੋਸ਼ ਹੈ ਕਿ ਦਮਦਮੀ ਟਕਸਾਲ ਪੰਜਾਬ ਦੇ ਮਾਹੌਲ ਤੇ ਸ਼ਾਂਤੀ ਨੂੰ ਭੰਗ ਕਾਰਨ ਦੇ ਮੰਤਵ ਨਾਲ ਲੋਕਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਧਰ, ਕੈਪਟਨ ਦੇ ਇਹ ਦੋਸ਼ ਅਕਾਲੀਆਂ ਨੂੰ ਕਾਫੀ ਚੁਭੇ ਹਨ ਤੇ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਨੇ ਜਵਾਬ ਵਿਚ ਕਿਹਾ ਹੈ ਕਿ ਕਾਂਗਰਸ ਨੂੰ ਇਸ ਗੈਲਰੀ ਤੋਂ ਇਸ ਲਈ ਤਕਲੀਫ ਹੈ, ਕਿਉਂਕਿ 1984 ਵਿਚ ਅਕਾਲ ਤਖਤ ਸਾਹਿਬ 'ਤੇ ਹਮਲਾ ਕਰਵਾਉਣ ਪਿੱਛੇ ਉਸੇ ਦਾ ਹੱਥ ਸੀ। ਯਾਦ ਰਹੇ ਕਿ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਪ੍ਰੋ. ਬਡੂੰਗਰ ਵੱਲੋਂ ਖਾੜਕੂਵਾਦ ਸਮੇਂ 21 ਸਿੱਖ ਨੌਜਵਾਨਾਂ ਦੀ ਹਿਰਾਸਤੀ ਮੌਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੁਰੂ ਘਰਾਂ 'ਤੇ ਕਬਜ਼ੇ ਵਰਗੇ ਦੋਸ਼ ਲਾ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਇਨ੍ਹਾਂ ਮਸਲਿਆਂ ਨੂੰ ਲੈ ਕੇ ਬਾਦਲਾਂ ਵੱਲੋਂ ਕਾਂਗਰਸ ਸਰਕਾਰ ਵਿਰੁੱਧ ਲਾਏ ਧਰਨਿਆਂ ਵਿਚ ਜਾ ਬੈਠੇ ਸਨ। ਉਦੋਂ ਪ੍ਰੋ. ਬਡੂੰਗਰ ਵੱਲੋਂ ਕਿਸੇ ਸਿਆਸੀ ਧਿਰ ਦਾ ਸਾਥ ਦੇਣ ਦੇ ਫੈਸਲੇ ਦੀ ਕਾਫੀ ਅਲੋਚਨਾ ਹੋਈ ਸੀ ਤੇ ਉਨ੍ਹਾਂ ਨੂੰ ਅਕਾਲ ਤਖਤ ਜਾ ਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਪਸ਼ਟੀਕਰਨ ਦੇਣਾ ਪਿਆ ਸੀ। ਪ੍ਰੋ. ਬਡੂੰਗਰ

(ਬਾਕੀ ਸਫਾ 6 'ਤੇ)

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥

# ਸ਼ਰਧਾਂਜਲੀ ਸਮਾਰੋਹ

## 16 ਜੁਲਾਈ 2017, ਐਤਵਾਰ



ਡਾ. ਗੁਰਮੀਤ ਸਿੰਘ ਔਲਖ

ਕੌਮੀ ਆਜ਼ਾਦੀ ਦੀ ਪ੍ਰਾਪਤੀ ਅਤੇ ਹਲੀਮੀ ਰਾਜ 'ਖਾਲਿਸਤਾਨ' ਦੀ ਸਥਾਪਤੀ ਲਈ ਗੁਰੂ ਪਾਤਸ਼ਾਹ ਵਲੋਂ ਬਖਸ਼ਿਆ ਸਿਧਾਂਤ ਮਨੁੱਖੀ ਜ਼ਿੰਦਗੀ ਵਿਚੋਂ ਗੁਲਾਮੀ ਦੀ ਭਾਵਨਾ ਨੂੰ ਖਤਮ ਕਰਕੇ ਇਹ ਦ੍ਰਿੜ ਕਰਵਾਉਣਾ ਕਿ ਹਰ ਮਨੁੱਖ ਆਜ਼ਾਦ ਜੰਮਦਾ ਹੈ ਅਤੇ ਆਜ਼ਾਦੀ ਉਸ ਦਾ ਜਮਾਂਦਰੂ ਹੱਕ ਹੈ, ਜਿਸ ਲਈ ਸਿੱਖ ਮਨਾਂ ਵਿਚੋਂ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਕਦੀ ਮਨਫੀ ਨਹੀਂ ਹੋ ਸਕਦਾ। ਉਸ ਸਿਧਾਂਤ 'ਤੇ ਆਖਰੀ ਸਵਾਸਾਂ ਤੱਕ ਪਹਿਰਾ ਦਿੰਦਿਆਂ ਹਾਰਵਰਡ ਯੂਨੀਵਰਸਿਟੀ ਤੋਂ ਜਨੇਟਿਕਸ ਵਿਚ ਪੀਐਚ.ਡੀ. ਅਤੇ ਬੋਸਟਨ ਵਿਚ ਰੀਸਰਚ ਦੀ ਨੌਕਰੀ ਕਰਨ ਵਾਲੇ ਡਾ. ਗੁਰਮੀਤ ਸਿੰਘ ਔਲਖ ਪੰਥ ਦਾ ਮਹਾਨ ਸਿਪਾਹ ਸਾਲਾਰ ਪਿਛਲੇ ਦਿਨੀਂ ਪਰਿਵਾਰ ਅਤੇ ਸਮੁੱਚੀ ਸਿੱਖ ਕੌਮ ਨੂੰ ਸੰਖੇਪ ਜਿਹੀ ਬਿਮਾਰੀ ਪਿਛੋਂ ਸਦੀਵੀ ਵਿਛੋੜਾ ਦੇ ਗਿਆ।

ਮਹਾਨ ਨਿਸ਼ਕਾਮ ਕੌਮੀ ਆਗੂ ਡਾ. ਗੁਰਮੀਤ ਸਿੰਘ ਔਲਖ ਦੀ ਮਿੱਠੀ ਯਾਦ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਈ ਜਾ ਰਹੀ ਹੈ। ਸਮੂਹ ਸਾਧ ਸੰਗਤ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ, ਸਿੱਖ ਕੌਮ ਦੇ ਕੌਮੀ ਘਰ ਖਾਲਿਸਤਾਨ ਦੀ ਆਜ਼ਾਦੀ ਦੀ ਤੜਪ ਆਪਣੇ ਸੀਨੇ ਵਿਚ ਲੈ ਕੇ ਇਸ ਸੰਸਾਰ ਤੋਂ ਰੁਖਸਤ ਹੋਏ ਕੌਮੀ ਨਾਇਕ ਨੂੰ ਸਾਰੇ ਰਲ ਮਿਲ ਕੇ ਸ਼ਰਧਾ ਦੇ ਫੁੱਲ ਭੇਟ ਕਰੀਏ

**14 ਜੁਲਾਈ 2017, ਸ਼ੁੱਕਰਵਾਰ:** *ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ*

**16 ਜੁਲਾਈ 2017, ਐਤਵਾਰ:** *ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9:30 ਵਜੇ*

ਉਪਰੰਤ ਕਥਾ, ਕੀਰਤਨ ਅਤੇ ਢਾਡੀ ਵਾਰਾਂ ਦਾ ਦੀਵਾਨ ਸਜੇਗਾ

ਇਸ ਤੋਂ ਇਲਾਵਾ ਪੰਥਕ ਬੁਲਾਰੇ ਡਾ. ਗੁਰਮੀਤ ਸਿੰਘ ਔਲਖ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

*ਨੋਟ: ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲਿਆਂ ਦਾ ਢਾਡੀ ਜਥਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੇਗਾ।*

**ਬੇਨਤੀ ਕਰਤਾ: ਸਮੂਹ ਸਾਧ ਸੰਗਤ ਗੁਰਦੁਆਰਾ ਸਾਹਿਬ, ਫਰੀਮਾਂਟ**

## ਗੁਰਦੁਆਰਾ ਸਾਹਿਬ, ਫਰੀਮਾਂਟ (ਕੈਲੀਫੋਰਨੀਆ)

300 Gurdwara Road, Fremont, CA 94536 (Ph: 510-790-0177)

# ਗਲਤ ਤੱਥਾਂ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਹੈ ਫਿਲਮ 'ਬਲੈਕ ਪ੍ਰਿੰਸ':ਸਰਤਾਜ

**ਚੰਡੀਗੜ੍ਹ (ਬਿਊਰੋ):** "ਜਦੋਂ ਵੀ ਮਹਾਰਾਜਾ ਰਣਜੀਤ ਸਿੰਘ ਜਾਂ ਉਸ ਦੇ ਪਰਿਵਾਰ ਦੀ ਗੱਲ ਆਉਂਦੀ ਹੈ ਤਾਂ ਇਤਿਹਾਸ ਵਿਚ ਉਨ੍ਹਾਂ ਨਾਲ ਬਹੁਤ ਬੇਇਨਸਾਫੀ ਹੋਈ ਹੈ। ਪਰ ਸਿੱਖ ਇਤਿਹਾਸਕਾਰਾਂ ਨੇ ਵੀ ਆਪ ਫਰੋਲ ਕੇ ਨਹੀਂ ਦੇਖਿਆ, ਸਗੋਂ ਅੰਗਰੇਜ਼ਾਂ ਵਲੋਂ ਸਥਾਪਤ ਕੀਤੀਆਂ ਗੱਲਾਂ ਨੂੰ ਹੀ ਅੱਗੇ ਤੋਰਦੇ ਰਹੇ। ਇਹੀ ਕਾਰਨ ਹੈ ਕਿ ਪੰਜਾਬ ਵਿਚ ਮਹਾਰਾਜਾ ਦਲੀਪ ਸਿੰਘ ਬਾਰੇ ਕੋਈ ਬਹੁਤਾ ਨਹੀਂ ਪਤਾ, ਜੇ ਪਤਾ ਹੈ ਤਾਂ ਉਹ ਗਲਤ ਪਤਾ ਹੈ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਗਾਇਕ ਤੇ ਅਦਾਕਾਰ ਸਤਿੰਦਰ ਸਰਤਾਜ ਨੇ ਕੀਤਾ।



ਸਤਿੰਦਰ ਸਰਤਾਜ ਨੇ ਇਤਿਹਾਸਕ ਦਸਤਾਵੇਜ਼ ਦਿਖਾਉਂਦਿਆਂ ਦੱਸਿਆ ਕਿ ਮਹਾਰਾਜਾ ਦਲੀਪ ਸਿੰਘ ਦੀ ਕਬਰ 'ਤੇ ਵੀ 4 ਸਤੰਬਰ ਲਿਖਿਆ ਹੈ ਜਦੋਂ ਕਿ ਅਸਲ ਵਿਚ ਤਰੀਕ 6 ਸਤੰਬਰ 1838 ਬਣਦੀ ਹੈ। ਮਹਾਰਾਜਾ ਦਲੀਪ ਸਿੰਘ ਦੀ ਜਨਮ ਮਿਤੀ 23 ਭਾਦੋਂ 1895 ਬਿਕਰਮੀ ਹੈ ਅਤੇ ਉਸ ਦਿਨ ਵੀਰਵਾਰ ਸੀ। ਇਸ ਤਰੀਕ ਬਾਰੇ ਇਤਿਹਾਸਕਾਰਾਂ 'ਚ ਕੋਈ ਮਤਭੇਦ ਨਹੀਂ ਕਿਉਂਕਿ ਦਰਬਾਰ ਦਾ ਰੋਜਨਾਮਚਾ ਵੀ ਇਹੀ ਤਰੀਕ ਦਸਦਾ ਹੈ।

ਮਹਾਰਾਣੀ ਜਿੰਦਾਂ ਦੇ ਚਰਿਤਰ ਬਾਰੇ ਬਹੁਤ ਕੁਝ ਕਿਹਾ ਜਾਂਦਾ ਹੈ। ਇਥੋਂ ਤੱਕ ਕਿ ਸਿੱਖਾਂ ਦਾ ਇੱਕ ਵਰਗ ਵੀ ਕਹਿੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਅਧਰੰਗ ਹੋ ਗਿਆ ਸੀ ਅਤੇ ਉਹ ਬੁੱਢਾ ਵੀ ਸੀ ਇਸ ਲਈ ਦਲੀਪ ਸਿੰਘ ਉਸ ਦੀ ਔਲਾਦ ਨਹੀਂ। ਸਰਤਾਜ ਨੇ ਦੱਸਿਆ ਕਿ ਪਿਛਲੇ ਸਾਲ ਹੀ ਵਿਲੀਅਮ ਡੈਰਿਅਮਪਲ ਅਤੇ ਅਨੀਤਾ ਅਨੰਦ ਨੇ ਕੋਹਿਨੂਰ ਬਾਰੇ ਕਿਤਾਬ ਲਿਖੀ ਹੈ। ਕੋਹਿਨੂਰ ਬਾਰੇ ਕਈ ਤੱਥ ਠੀਕ ਨਹੀਂ ਪਰ ਇਨ੍ਹਾਂ ਨੇ ਹੱਦ ਉਦੋਂ ਕਰ ਦਿੱਤੀ ਜਦੋਂ ਕਿਹਾ ਕਿ ਮਹਾਰਾਜਾ ਉਸ ਵੇਲੇ 55 ਸਾਲ ਦਾ ਸੀ, ਇਸ ਲਈ 'ਲੱਗਦਾ ਹੈ' ਕਿ ਦਲੀਪ ਸਿੰਘ ਕਿਸੇ ਨੌਕਰ ਦੀ ਔਲਾਦ ਹੋਵੇ। ਇਹੀ ਗੱਲ ਅੰਗਰੇਜ਼ ਮਹਾਰਾਜਾ ਦਲੀਪ ਸਿੰਘ ਦੇ ਦਿਮਾਗ ਵਿਚ ਬਿਠਾਉਂਦੇ ਰਹੇ ਕਿ ਉਹ ਨਾਜਾਇਜ਼ ਔਲਾਦ ਹੈ।

ਦਰਬਾਰ ਦੇ ਰੋਜਨਾਮਚੇ 'ਉਮਦਤ-ਉਤ-ਤਵਾਰੀਖ' ਵਿਚ ਸਾਫ ਲਿਖਿਆ ਹੈ, "ਅਸੀਂ ਦਲੀਪ ਸਿੰਘ ਦੇ ਪੈਦਾ ਹੋਣ ਤੋਂ ਹਫਤਾ ਪਹਿਲਾਂ ਦਰਬਾਰ ਸਾਹਿਬ ਅਰਦਾਸ ਕਰਾਉਣ ਲਈ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਖੂਬ ਘੋੜਾ ਭਜਾਇਆ।"

ਕੋਹਿਨੂਰ ਬਾਰੇ ਇਹ ਕਿਹਾ ਗਿਆ ਹੈ ਕਿ ਅੰਗਰੇਜ਼ਾਂ ਨੇ ਐਂਗਲੋ ਸਿੱਖ ਵਾਰ ਤੋਂ ਬਾਅਦ ਇਹ ਜਬਤ ਕੀਤਾ ਪਰ ਸਰਕਾਰੀ ਖਜ਼ਾਨੇ ਦੀ ਬਜਾਏ ਮਹਾਰਾਣੀ ਵਿਕਟੋਰੀਆ ਦੀ ਨਿਜੀ ਮਲਕੀਅਤ ਦੇ ਤੌਰ 'ਤੇ ਉਹਨੂੰ ਦੇ ਦਿੱਤਾ, ਪਰ ਸਾਡੀ ਕਹਾਣੀ ਇਨ੍ਹਾਂ ਤੋਂ ਵਖਰੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸੁਜਾ ਨੂੰ ਰਾਜਸੀ ਪਨਾਹ ਤਾਂ ਦਿੱਤੀ ਪਰ ਕੋਹਿਨੂਰ ਮੁਫਤ ਵਿਚ ਨਹੀਂ ਸਗੋਂ ਉਸ ਕੋਲੋਂ ਖਰੀਦਿਆ। ਰੋਜਨਾਮਚਾ ਦਸਦਾ ਹੈ ਕਿ ਕਿਵੇਂ ਮਹਾਰਾਜਾ ਰਣਜੀਤ ਸਿੰਘ ਕੋਹਿਨੂਰ ਲੈਣ ਜਾਂਦਾ ਹੈ ਅਤੇ ਬਾਕਾਇਦਾ ਲਿਖਤ ਹੋਣ ਤੋਂ ਬਾਅਦ ਹੀ ਸ਼ਾਹ ਸੁਜਾ ਉਸ ਨੂੰ ਕੋਹਿਨੂਰ ਦਿੰਦਾ ਹੈ। ਇਸੇ ਤਰਾਂ ਠਾਕੁਰ ਸਿੰਘ ਸੰਧਾਵਾਲੀਆ ਦੇ ਸੰਘਰਸ਼ ਬਾਰੇ ਵੀ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕੋਈ ਖਾਸ ਗੱਲ ਨਹੀਂ ਹੁੰਦੀ।

ਅਖੀਰ ਵਿਚ ਸਰਤਾਜ ਨੇ ਕਿਹਾ ਕਿ ਫਿਲਮ 'ਦ ਬਲੈਕ ਪ੍ਰਿੰਸ' ਦੇ ਪ੍ਰੋਡਿਊਸਰ ਬ੍ਰਿਲਸਟੀਨ ਐਂਟਰਟੇਨਮੈਂਟ ਨੇ ਇਤਿਹਾਸਕਾਰਾਂ ਨਾਲ 3-4 ਸਾਲ ਸਾਰੇ ਸਬੂਤ ਇੱਕਠੇ ਕਰਕੇ ਫਿਲਮ ਦੀ ਸਕਰਿਪਟ ਅਤੇ ਡਾਇਰੈਕਸ਼ਨ ਵਿਚ ਬਹੁਤ ਉਚ-ਦਰਜੇ ਦਾ ਕੰਮ ਕੀਤਾ ਹੈ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

ਬੇਲਾਗ, ਬੇਬਾਕ ਅਤੇ ਜਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ
ਪੰਜਾਬ ਟਾਈਮਜ਼



ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।
ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪਾਠਕਾਂ ਨੂੰ ਬੇਨਤੀ: ਸੂਝਵਾਨ ਤੇ ਸੁਹਿਰਦ ਪਾਠਕਾਂ ਜੋ ਚਾਹੁੰਦੇ ਹਨ ਕਿ ਪੰਜਾਬ ਟਾਈਮਜ਼ ਸਾਬਤ ਕਦਮੀਂ ਅੱਗੇ ਵਧਦਾ ਰਹੇ, ਨੂੰ ਬੇਨਤੀ ਹੈ ਕਿ ਜਿਨ੍ਹਾਂ ਵਿਗਿਆਪਕਾਂ ਨਾਲ ਉਨ੍ਹਾਂ ਦਾ ਵਾਸਤਾ ਪੈਂਦਾ ਹੈ, ਉਨ੍ਹਾਂ ਉਤੇ ਜ਼ੋਰ ਪਾਉਣ ਕਿ ਪੰਜਾਬ ਟਾਈਮਜ਼ ਨੂੰ ਇਸ਼ਤਿਹਾਰ ਜ਼ਰੂਰ ਦਿੱਤਾ ਜਾਵੇ।

ਫੋਨ: 847-359-0746 Email: punjabtimes1@gmail.com www.punjabtimesusa.com

# ਨਵੇਂ 'ਜਰਨੈਲਾਂ' ਦੀ ਅੜੀ ਪਿਛੋਂ ਕੈਪਟਨ ਨੇ ਚੁੱਕੇ ਬਾਦਲਾਂ ਖਿਲਾਫ ਹਥਿਆਰ

**ਚੰਡੀਗੜ੍ਹ:** ਕਾਂਗਰਸ ਦੇ ਦੋ ਨਵੇਂ ਜਰਨੈਲਾਂ- ਮਨਪ੍ਰੀਤ ਸਿੰਘ ਬਾਦਲ ਤੇ ਨਵਜੋਤ ਸਿੰਘ ਸਿੱਧੂ ਦੀ ਅੜੀ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀ ਸਰਕਾਰ ਦੀਆਂ ਗੜਬੜੀਆਂ ਖਿਲਾਫ ਹਥਿਆਰ ਚੁੱਕ ਹੀ ਲਏ ਹਨ। ਮਨਪ੍ਰੀਤ ਬਾਦਲ ਤੇ ਨਵਜੋਤ ਸਿੱਧੂ ਕੇਬਲ ਤੇ ਟਰਾਂਸਪੋਰਟ ਮਾਫੀਆ ਨੂੰ ਨੱਥ ਪਾਉਣ ਦੀ ਵਕਾਲਤ ਕਰ ਰਹੇ ਸਨ। ਕਾਂਗਰਸ ਨੇ ਇਹ ਵਾਅਦਾ ਆਪਣੇ ਚੋਣ ਮੈਨੀਫੈਸਟੋ ਵਿਚ ਵੀ ਕੀਤਾ ਸੀ। ਸਰਕਾਰ ਬਣਨ ਮਗਰੋਂ ਮੁੱਖ ਮੰਤਰੀ ਤੋਂ ਵਾਰ-ਵਾਰ ਇਸ ਬਾਰੇ ਸਵਾਲ ਕੀਤੇ ਜਾ ਰਹੇ ਸਨ ਪਰ ਉਹ ਬਦਲੇ ਦੀ ਭਾਵਨਾ ਨਾਲ ਕੋਈ ਕਾਰਵਾਈ ਨਾ ਕਰਨ ਦੀ ਦੁਹਾਈ ਦੇ ਕੇ ਇਸ ਮਾਮਲੇ ਨੂੰ ਟਾਲਦੇ ਰਹੇ। ਨਵਜੋਤ ਸਿੱਧੂ ਨੇ ਇਸ ਮਾਮਲੇ ਨੂੰ ਵਿਧਾਨ ਸਭਾ ਵਿਚ ਜ਼ੋਰ ਸ਼ੋਰ ਨਾਲ ਉਠਾਇਆ ਤੇ ਇਸ ਦੀ ਵਿਜੀਲੈਂਸ ਜਾਂਚ ਕਰਾਉਣ ਦੀ ਮੰਗ ਕੀਤੀ। ਇਸ ਦੇ ਬਾਵਜੂਦ ਕੈਪਟਨ ਨੇ ਇਸ ਦੀ ਜਾਂਚ ਦਾ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਸਿੱਧੀ ਨੇ ਆਪਣੇ ਪੱਧਰ 'ਤੇ ਹੀ ਫਾਸਟਵੇਅ ਖਿਲਾਫ਼ ਜੰਗ ਵਿੱਢ ਦਿੱਤੀ। ਉਨ੍ਹਾਂ ਨੇ ਪਿਛਲੇ ਦਿਨੀਂ ਹੋਈ ਕੈਬਨਿਟ ਦੀ ਮੀਟਿੰਗ ਵਿਚ ਕੈਪਟਨ ਨੂੰ ਇਸ ਬਾਰੇ ਕੋਈ ਫੈਸਲਾ ਲੈਣ ਲਈ ਮਜਬੂਰ ਕਰ ਦਿੱਤਾ। ਇਸ ਤੋਂ ਬਾਅਦ ਕੈਪਟਨ ਨੇ ਇਸ ਬਾਰੇ ਰਿਪੋਰਟ ਮੰਗ ਲਈ ਹੈ। ਮੰਨਿਆ ਜਾ ਰਿਹਾ ਹੈ ਕਿ ਹੁਣ ਫਾਸਟਵੇਅ ਖਿਲਾਫ਼ ਕਾਰਵਾਈ ਲਾਜ਼ਮੀ ਹੈ।

ਉਧਰ, ਇਸ ਬਾਰੇ ਰਿਪੋਰਟ ਆਉਣ ਤੋਂ ਪਹਿਲਾਂ ਹੀ ਨਵਜੋਤ ਸਿੱਧੂ ਨੇ ਇਸ ਕੰਪਨੀ ਨੂੰ ਮਿਊਂਸਪਲ ਕਮੇਟੀਆਂ ਨੂੰ ਅਦਾ ਕੀਤੀਆਂ ਜਾਣ ਵਾਲੀਆਂ ਅਦਾਇਗੀਆਂ ਸਬੰਧੀ ਨੋਟਿਸ ਜਾਰੀ ਕੀਤੇ ਹਨ। ਸਿੱਧੂ ਤੇ ਕੇਂਦਰੀ ਆਬਕਾਰੀ ਤੇ ਕਰ ਵਿਭਾਗ ਦੇ ਸਾਬਕਾ ਅਧਿਕਾਰੀ ਐਸ.ਐਲ. ਗੋਇਲ ਨੇ ਖੁਲਾਸਾ ਕੀਤਾ ਹੈ ਕਿ ਫਾਸਟਵੇਅ ਵੱਲੋਂ ਸਾਲ 2008 ਤੋਂ ਲੈ ਕੇ 2017 ਤੱਕ ਦੇ ਕਰਾਂ ਦੀ ਚੋਰੀ ਦਾ ਅੰਦਾਜ਼ਾ ਲਾਇਆ ਜਾਵੇ ਤਾਂ ਪੰਜ ਹਜ਼ਾਰ ਕਰੋੜ ਰੁਪਏ ਦਾ ਅੰਕੜਾ ਵੀ ਪਾਰ ਹੋ ਜਾਂਦਾ ਹੈ।

ਗੋਇਲ ਮੁਤਾਬਕ ਸਾਲ 2008 ਤੋਂ ਲੈ ਕੇ 2011 ਤੱਕ ਫਾਸਟਵੇਅ ਤੋਂ ਕੇਂਦਰੀ ਆਬਕਾਰੀ ਤੇ ਕਰ ਵਿਭਾਗ ਨੇ 2600 ਕਰੋੜ ਰੁਪਏ ਵਸੂਲ ਕਰਨੇ ਸਨ ਪਰ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਕਾਨੂੰਨੀ ਤੌਰ 'ਤੇ ਜੇਕਰ ਵਿਭਾਗ ਵੱਲੋਂ ਕਰਜ਼ ਦੀ ਵਸੂਲੀ ਲਈ ਨੋਟਿਸ ਜਾਰੀ ਕਰ ਕੇ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾਂਦੀ ਤਾਂ 5 ਸਾਲਾਂ ਬਾਅਦ ਕਰਾਂ ਦੀ ਵਸੂਲੀ ਨਹੀਂ ਕੀਤੀ ਜਾਂਦੀ। ਇਸ ਅਧਿਕਾਰੀ ਨੇ ਇਹ ਵੀ ਦੋਸ਼ ਲਾਇਆ ਕਿ ਕੇਂਦਰੀ ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਵੀ ਇਸ ਕੰਪਨੀ ਨੂੰ ਸਰਪ੍ਰਸਤੀ ਦਿੱਤੀ ਜਾਂਦੀ ਹੈ। ਸਾਲ 2011 ਦੌਰਾਨ ਫਾਸਟਵੇਅ ਦੇ ਲੁਧਿਆਣਾ ਦਫਤਰ ਵਿਚ ਵਿਭਾਗ ਨੇ ਛਾਪਾ ਮਾਰ ਕੇ ਕਈ ਤਰ੍ਹਾਂ ਦੀਆਂ ਬੇਨੇਮੀਆਂ ਬੇਪਰਦ ਕੀਤੀਆਂ ਸੀ ਤੇ 2600 ਕਰੋੜ ਦਾ ਮਾਮਲਾ ਵੀ ਉਸ ਸਮੇਂ ਹੀ ਸਾਹਮਣੇ ਆਇਆ ਸੀ।

ਕੇਂਦਰੀ ਆਬਕਾਰੀ ਵਿਭਾਗ ਦੇ ਇਸ ਸੇਵਾ ਮੁਕਤ ਅਧਿਕਾਰੀ ਨੇ ਕਿਹਾ ਕਿ ਕਰਾਂ ਦਾ ਸਮੁੱਚਾ ਢਾਂਚਾ ਕਿਉਂਕਿ ਇਕ-ਦੂਜੇ ਨਾਲ ਜੁੜਿਆ ਹੋਇਆ ਹੈ, ਜੇਕਰ ਕੇਂਦਰੀ ਕਰਾਂ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਰਾਜ ਸਰਕਾਰ ਦੇ ਕਰਾਂ ਦੀ ਚੋਰੀ ਆਪਣੇ-ਆਪ ਹੋ ਜਾਂਦੀ ਹੈ। ਗੋਇਲ ਨੇ ਕਿਹਾ ਕਿ ਕੇਂਦਰ ਵੱਲੋਂ ਵਸੂਲੇ ਜਾਣ ਵਾਲੇ ਕਰਾਂ ਦਾ ਵੱਡਾ ਹਿੱਸਾ ਵੀ ਰਾਜ ਸਰਕਾਰ ਨੂੰ ਮਿਲਣਾ ਹੁੰਦਾ ਹੈ ਤੇ ਰਾਜ ਸਰਕਾਰ ਨੇ ਕਾਰਵਾਈ ਵੀ ਕੇਂਦਰ ਸਰਕਾਰ ਦੀ ਤਰਜ਼ ਉਤੇ ਹੀ ਕਰਨੀ ਹੁੰਦੀ ਹੈ। ਇਸ ਸੇਵਾ ਮੁਕਤ ਅਧਿਕਾਰੀ ਨੇ ਕਿਹਾ ਕਿ ਫਾਸਟਵੇਅ ਵੱਲੋਂ ਕੁਝ ਸਾਲ ਪਹਿਲਾਂ 3600 ਕਰੋੜ ਰੁਪਏ ਦੀ ਇਨਵਾਇਸ ਵੀ ਡਿਲੀਟ ਕਰ ਦਿੱਤੀ ਗਈ ਸੀ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ 'ਚ ਫਾਸਟਵੇਅ ਤੇ ਕੇਬਲ ਅਪਰੇਟਰਾਂ ਵੱਲੋਂ ਖਪਤਕਾਰਾਂ ਦੀ ਗਿਣਤੀ ਘੱਟ ਦਿਖਾ ਕੇ ਕਰਾਂ ਦੀ ਚੋਰੀ ਕੀਤੀ ਜਾ ਰਹੀ ਹੈ। ਫਾਸਟਵੇਅ ਵੱਲੋਂ 45 ਲੱਖ ਸੈਟਟਾਪ ਬਾਕਸ ਦਰਾਮਦ ਕੀਤੇ ਗਏ। ਦਰਾਮਦੀ ਸਮੇਂ ਕਰਾਂ ਦੀ ਅਦਾਇਗੀ ਕਰਨ ਸਮੇਂ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ। ਕੰਪਨੀ ਵੱਲੋਂ ਸੇਵਾ ਕਰ ਖਪਤਕਾਰਾਂ ਤੋਂ ਤਾਂ ਵਸੂਲ ਕੀਤਾ ਜਾਂਦਾ ਹੈ ਪਰ ਇਸ ਦੀ ਅਦਾਇਗੀ ਸਰਕਾਰ ਨੂੰ ਨਹੀਂ ਕੀਤੀ ਜਾਂਦੀ। ਪੰਜਾਬ ਵਿਚ ਕੇਬਲ ਖਪਤਕਾਰਾਂ ਦੀ ਗਿਣਤੀ 25 ਲੱਖ ਦੇ ਕਰੀਬ ਹੈ ਜਦੋਂ ਕਿ ਕੰਪਨੀ ਵੱਲੋਂ ਬਹੁਤ ਘੱਟ ਦਿਖਾਈ ਜਾਂਦੀ ਹੈ।



## ਬਾਦਲਾਂ ਦੀਆਂ 75 ਬੱਸਾਂ ਆਈਆਂ ਲਪੇਟੇ ਵਿਚ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਾਦਲ ਪਰਿਵਾਰ ਦੀਆਂ 75 ਲਗਜ਼ਰੀ ਬੱਸਾਂ ਦੇ ਰੂਟ ਪਰਮਿਟ ਰੱਦ ਕਰ ਦਿੱਤੇ ਹਨ। ਸਰਕਾਰ ਨੇ ਇਹ ਕਾਰਵਾਈ ਨਵੀਂ ਟਰਾਂਸਪੋਰਟ ਨੀਤੀ ਤਹਿਤ ਕੀਤੀ ਹੈ। ਇਸ ਨੀਤੀ ਤਹਿਤ ਕਾਂਗਰਸੀ ਆਗੂਆਂ ਦੀਆਂ ਬੱਸਾਂ ਨੂੰ ਵੀ ਬਖਸ਼ਿਆ ਨਹੀਂ ਗਿਆ। ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਵੈਦ ਵੱਲੋਂ ਅਤੇ ਕੁਝ ਹੋਰ ਰਾਜਸੀ ਆਗੂਆਂ ਦੀਆਂ ਬੱਸਾਂ ਦੇ ਰੂਟ ਪਰਮਿਟ ਰੱਦ ਕਰ ਦਿੱਤੇ ਗਏ ਹਨ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੀ ਬਾਬਾ ਬੁੱਢਾ ਟਰਾਂਸਪੋਰਟ, ਕਾਂਗਰਸੀ ਆਗੂ ਡਿੰਪਾ ਦੀ ਪਿਆਰ ਬੱਸ ਕੰਪਨੀ ਤੇ ਸਾਬਕਾ ਮੰਤਰੀ ਅਵਤਾਰ ਹੈਨਰੀ ਦੀ ਕਰਤਾਰ ਬੱਸ ਸਰਵਿਸ ਸਮੇਤ ਕਈ ਹੋਰ ਰਾਜਸੀ ਆਗੂਆਂ ਦੀਆਂ ਬੱਸਾਂ ਦੇ ਰੂਟ ਪਰਮਿਟ ਰੱਦ ਹੋ ਗਏ ਹਨ। ਸੂਬੇ ਵਿਚ ਕੁੱਲ 12,210 ਬੱਸਾਂ ਦੇ ਰੂਟ ਰੱਦ ਕਰ ਦਿੱਤੇ ਗਏ ਹਨ ਜਿਹੜੇ ਅਗਲੇ ਛੇ ਮਹੀਨਿਆਂ ਵਿਚ ਮੁੜ ਤੋਂ ਪਰਮਿਟ ਦੇ ਕੇ ਸੁਰਜੀਤ ਕੀਤੇ ਜਾਣਗੇ। ਨਵੀਂ ਨੀਤੀ ਤਹਿਤ 5432 ਆਮ ਬੱਸਾਂ, 6700 ਮਿੰਨੀ ਬੱਸਾਂ ਅਤੇ 78 ਇੰਟੈਗਰਲ ਲਗਜ਼ਰੀ ਬੱਸਾਂ ਦੇ ਰੂਟ ਬੰਦ ਹੋਣਗੇ ਤੇ ਇਨ੍ਹਾਂ ਨੂੰ ਮੁੜ ਤੋਂ ਰੂਟ ਦਿੱਤੇ ਜਾਣਗੇ।

# ਟਰਾਂਸਪੋਰਟ ਲਾਬੀ ਦੇ ਦਬਾਅ ਦੇ ਬਾਵਜੂਦ ਨਵੀਂ ਨੀਤੀ ਦਾ ਕੀਤਾ ਐਲਾਨ

**ਚੰਡੀਗੜ੍ਹ:** ਕਾਂਗਰਸ ਤੇ ਅਕਾਲੀ ਦਲ ਦੀ ਮਜ਼ਬੂਤ ਟਰਾਂਸਪੋਰਟ ਲਾਬੀ ਦੇ ਦਬਾਅ ਦੇ ਬਾਵਜੂਦ ਕੈਪਟਨ ਸਰਕਾਰ ਨੇ ਟਰਾਂਸਪੋਰਟ ਨੀਤੀ ਦਾ ਐਲਾਨ ਕਰ ਦਿੱਤਾ ਹੈ। ਟਰਾਂਸਪੋਰਟ ਵਿਭਾਗ ਨਾਲ ਜੁੜੇ ਸੂਤਰਾਂ ਦਾ ਦੱਸਣਾ ਹੈ ਕਿ ਪਿਛਲੀ ਸਰਕਾਰ 'ਚ ਹਾਵੀ ਇਕ ਵੱਡੇ ਟਰਾਂਸਪੋਰਟ ਘਰਾਣੇ ਤੇ ਉਸ ਦੇ ਸਹਾਇਕ ਟਰਾਂਸਪੋਰਟਰਾਂ ਦੇ 50 ਹਜ਼ਾਰ ਕਿਲੋਮੀਟਰ ਤੋਂ ਵਧੇਰੇ ਰੂਟ-ਪਰਮਿਟ ਗੈਰ-ਕਾਨੂੰਨੀ ਢੰਗ ਨਾਲ ਕੀਤੇ ਵਾਧੇ ਵਾਲੇ ਹਨ।

ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਜਿਹੇ ਵਾਧਿਆਂ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਰੱਦ ਕਰਨ ਦਾ ਹੁਕਮ ਸੁਣਾਇਆ ਸੀ ਤੇ ਫਿਰ ਸੁਪਰੀਮ ਕੋਰਟ ਨੇ ਵੀ ਉਸ ਫੈਸਲੇ ਉਪਰ ਮੋਹਰ ਲਗਾ ਦਿੱਤੀ ਸੀ। ਨਵੀਂ ਟਰਾਂਸਪੋਰਟ ਨੀਤੀ ਵਿਚ ਇਹ ਸਾਰੇ ਵਾਧੇ 3 ਮਹੀਨੇ 'ਚ ਰੱਦ ਕਰ ਕੇ ਨਵੇਂ ਪਰਮਿਟ ਜਾਰੀ ਕਰਨ ਲਈ ਕਿਹਾ ਗਿਆ ਹੈ। ਸੂਤਰਾਂ ਮੁਤਾਬਕ ਦੁਆਬਾ ਖੇਤਰ ਵਿਚ ਇਕ ਨਿੱਜੀ ਟਰਾਂਸਪੋਰਟ ਕੰਪਨੀ ਦੇ ਵੀ 7 ਹਜ਼ਾਰ ਕਿਲੋਮੀਟਰ ਉਡ ਜਾਣ ਦੀ ਚਰਚਾ ਹੈ। ਮੋਟਰ ਵਾਹਨ ਕਾਨੂੰਨ ਮੁਤਾਬਕ ਰੂਟ-ਪਰਮਿਟ ਵਿਚ ਸਿਰਫ ਇਕ ਵਾਰ ਹੀ 24 ਕਿਲੋਮੀਟਰ ਤੱਕ ਦਾ ਵਾਧਾ ਕੀਤਾ ਜਾ ਸਕਦਾ ਹੈ ਪਰ ਪੰਜਾਬ ਵਿਚ ਪਿਛਲੇ ਕਰੀਬ ਡੇਢ ਦਹਾਕੇ ਦੌਰਾਨ ਇਕ ਵਾਰ ਨਹੀਂ ਸਗੋਂ ਚਾਰ-ਚਾਰ, ਪੰਜ-ਪੰਜ ਵਾਰ ਰੂਟਾਂ 'ਚ ਵਾਧੇ ਕੀਤੇ ਜਾਂਦੇ ਰਹੇ। ਅਜਿਹੇ ਜਾਰੀ ਕੀਤੇ ਗਏ ਰੂਟ-ਪਰਮਿਟ ਹੁਣ ਰੱਦ ਹੋਣਗੇ। ਸਰਕਾਰ ਦੀ ਨਵੀਂ ਨੀਤੀ 'ਚ ਨਵੇਂ ਰੂਟ ਪਰਮਿਟ ਲਾਟਰੀ ਸਿਸਟਮ ਰਾਹੀਂ ਦਿੱਤੇ ਜਾਣ ਦੀ ਵਿਵਸਥਾ ਟਰਾਂਸਪੋਰਟ ਵਿਭਾਗ ਵਿਚ ਨਵੇਂ ਖਿਡਾਰੀ ਸ਼ਾਮਲ ਹੋਣ ਦਾ ਰਾਹ ਵੀ ਖੋਲ੍ਹ ਸਕਦੀ ਹੈ।

ਨਵੀਂ ਟਰਾਂਸਪੋਰਟ ਨੀਤੀ ਤਹਿਤ ਬੱਸਾਂ ਦੀ ਸਮਾਂ ਸਾਰਣੀ ਹਰ ਮਹੀਨੇ ਬਦਲਣ ਵਾਲੀ ਹੋਵੇਗੀ ਤੇ ਬੱਸਾਂ ਦੇ ਸਮੇਂ ਹਰ ਮਹੀਨੇ ਬਦਲ ਜਾਇਆ ਕਰਨਗੇ। ਇਸ ਸਮੇਂ ਰਾਜਸੀ ਦਾਬੇ ਤੇ ਰਿਸ਼ਵਤ ਦੇ ਜ਼ੋਰ ਮਲਾਈਦਾਰ ਸਮੇਂ ਉਪਰ ਕੁਝ ਟਰਾਂਸਪੋਰਟਰ ਹੀ ਪੱਕੇ ਕਬਜ਼ੇ ਜਮਾਈ ਬੈਠੇ ਹਨ ਤੇ ਆਮ ਟਰਾਂਸਪੋਰਟਰ ਦੇਖਦੇ ਹੀ ਰਹਿ ਜਾਂਦੇ ਹਨ, ਪਰ ਨਵੀਂ ਨੀਤੀ ਤਹਿਤ ਹੁਣ ਕਿਸੇ ਵੀ ਨਿੱਜੀ ਬੱਸ ਦਾ ਸਮਾਂ ਪੱਕਾ ਨਹੀਂ ਰਹੇਗਾ। ਸਮਾਂ ਸਾਰਣੀ ਦਾ ਰੋਸਟਰ ਬਣੇਗਾ ਅਤੇ ਹਰ ਬੱਸ ਵਿਚ ਜੀ.ਪੀ.ਐਸ. ਵੀ ਲੱਗੇਗਾ, ਜਿਸ ਨਾਲ ਹੁਣ ਰੋਡਵੇਜ਼ ਜਾਂ ਪੈਪਸੂ ਰੋਡਵੇਜ਼ ਦੇ ਕਿਸੇ ਵੀ ਅਧਿਕਾਰੀ ਨੂੰ ਬੱਸ ਅੱਡੇ ਉਪਰ ਵਾਧੂ ਮਿੰਟ ਲਗਾਉਣ ਦਾ ਮੌਕਾ ਨਹੀਂ ਮਿਲੇਗਾ।

ਪਿਛਲੇ ਮਹੀਨੇ ਇਕੱਲੇ ਬਾਦਲ ਪਰਿਵਾਰ ਨੇ ਹੀ 29 ਇੰਟੈਗਰਲ ਲਗਜ਼ਰੀ ਮਰਸਡੀਜ਼ ਕੋਚਾਂ ਨਵੀਆਂ ਪਾਈਆਂ ਗਈਆਂ ਹਨ ਤੇ ਅਜਿਹੀ ਇਕ ਲਗਜ਼ਰੀ ਬੱਸ ਦੀ ਕੀਮਤ ਸਵਾ ਕਰੋੜ ਰੁਪਏ ਤੋਂ ਵੱਧ ਦੱਸੀ ਜਾਂਦੀ ਹੈ। ਇੰਟੈਗਰਲ ਕੋਚਾਂ ਦੇ ਰੱਦ ਕੀਤੇ ਜਾ ਰਹੇ ਕੁੱਲ 78 ਰੂਟਾਂ ਵਿਚੋਂ ਬਾਦਲ ਪਰਿਵਾਰ ਤੇ ਇਸ ਦੇ ਸਹਾਇਕਾਂ ਦੇ 64 ਦੇ ਕਰੀਬ ਰੂਟ ਦੱਸੇ ਜਾਂਦੇ ਹਨ।




# ਸਿੱਖ ਕਤਲੇਆਮ ਦੇ ਮੁੱਖ ਗਵਾਹ ਨੂੰ ਟਾਈਟਲਰ ਤੋਂ ਖਤਰਾ



**ਨਵੀਂ ਦਿੱਲੀ:** ਵਿਵਾਦਤ ਹਥਿਆਰ ਕਾਰੋਬਾਰੀ ਅਤੇ 1984 ਦੇ ਸਿੱਖ ਕਤਲੇਆਮ ਮਾਮਲੇ ਦੇ ਮੁੱਖ ਗਵਾਹ ਅਭਿਸ਼ੇਕ ਵਰਮਾ ਨੇ ਸਾਬਕਾ ਕੇਂਦਰੀ ਮੰਤਰੀ ਅਤੇ ਕਤਲੇਆਮ ਮਾਮਲੇ 'ਚ ਨਾਮਜ਼ਦ ਜਗਦੀਸ਼ ਟਾਈਟਲਰ ਤੋਂ ਜਾਨ ਦਾ ਖਤਰਾ ਦੱਸਿਆ ਹੈ।

ਦਿੱਲੀ ਦੀ ਅਦਾਲਤ 'ਚ ਅਭਿਸ਼ੇਕ ਵਰਮਾ ਨੇ ਕਿਹਾ ਕਿ ਉਹ ਪਾਲੀਗ੍ਰਾਫ ਟੈਸਟ ਕਰਾਉਣ ਲਈ ਤਿਆਰ ਹੈ ਪਰ ਉਸ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ ਜਾਵੇ। ਅਭਿਸ਼ੇਕ ਵਰਮਾ ਦੇ ਵਕੀਲ ਨੇ ਅਦਾਲਤ 'ਚ ਕਿਹਾ ਸੀ ਕਿ ਉਨ੍ਹਾਂ ਦੇ ਮੁਅਵੱਲ ਦੀ ਤਬੀਅਤ ਠੀਕ ਨਹੀਂ ਹੈ। ਉਸ ਨੂੰ ਨਿੱਜੀ ਪੇਸ਼ੀ ਲਈ ਸਮਾਂ ਦੇਣ ਦੀ ਅਪੀਲ ਕੀਤੀ ਸੀ। ਹੁਣ ਅਭਿਸ਼ੇਕ ਇਸ ਲਈ ਤਿਆਰ ਹੈ। ਅਭਿਸ਼ੇਕ ਦਾ ਕਹਿਣਾ ਹੈ ਕਿ ਮੁੱਖ ਗਵਾਹ ਹੋਣ ਕਾਰਨ ਉਸ ਨੂੰ ਜਗਦੀਸ਼ ਟਾਈਟਲਰ ਤੋਂ ਖਤਰਾ ਹੈ।

ਇਸ ਲਈ ਉਨ੍ਹਾਂ ਨੂੰ 24 ਘੰਟੇ ਸੁਰੱਖਿਆ ਮੁਹੱਈਆ ਕਰਾਈ ਜਾਵੇ। ਦੱਸਣਯੋਗ ਹੈ ਕਿ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਨੇ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਇਕ ਮਾਮਲੇ 'ਚ ਪਾਲੀਗ੍ਰਾਫ ਟੈਸਟ ਕਰਾਉਣ ਲਈ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਮਾਮਲੇ 'ਚ ਸੀ.ਬੀ.ਆਈ. ਨੇ ਉਸ ਨੂੰ ਤਿੰਨ ਮੌਕਿਆਂ ਉਤੇ ਕਲੀਨ ਚਿੱਟ ਦਿੱਤੀ ਸੀ। ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟ੍ਰੇਟ ਸ਼ਿਵਾਲੀ ਸ਼ਰਮਾ ਦੇ ਸਾਹਮਣੇ ਦਾਇਰ ਹਲਫਨਾਮੇ 'ਚ ਟਾਈਟਲਰ ਨੇ ਕਿਹਾ ਕਿ ਉਹ ਇਹ ਜਾਂਚ ਨਹੀਂ ਕਰਾਉਣਾ ਚਾਹੁੰਦੇ।

# ਫਰਿੱਜ਼ 'ਚ ਜਾਰੀ ਰਹੇਗੀ ਆਸ਼ੂਤੋਸ਼ ਦੀ 'ਸਮਾਧੀ'

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨੂਰ ਮਹਿਲ ਦੇ ਡੇਰੇ ਦਿਵਿਆ ਜਯੋਤੀ ਸੰਸਥਾਨ ਦੇ ਮੁਖੀ ਆਸ਼ੂਤੋਸ਼ ਦੇ ਸਸਕਾਰ ਮਾਮਲੇ 'ਚ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਡੇਰੇ ਨੂੰ ਆਸ਼ੂਤੋਸ਼ ਦੀ ਦੇਹ ਸੰਭਾਲ ਦੇ ਰੱਖਣ ਦਾ ਇਜਾਜ਼ਤ ਦੇ ਦਿੱਤੀ ਹੈ। ਪਿਛਲੇ ਤਿੰਨ ਸਾਲਾਂ ਤੋਂ ਆਸ਼ੂਤੋਸ਼ ਦਾ ਸਰੀਰ ਫਰਿੱਜ਼ 'ਚ ਪਿਆ ਹੈ। ਡਾਕਟਰਾਂ ਨੇ ਉਸ ਸਮੇਂ ਆਸ਼ੂਤੋਸ਼ ਨੂੰ ਮ੍ਰਿਤਕ ਐਲਾਨ ਦਿੱਤਾ ਸੀ।

ਹੁਣ ਸਵਾਲ ਹੈ ਕਿ ਆਸ਼ੂਤੋਸ਼ ਦੀ ਦੇਹ ਨੂੰ ਸੰਭਾਲਣ ਪਿੱਛੇ ਕੀ ਤਰਕ ਹੈ ਜਿਸ ਨੂੰ ਅਦਾਲਤ ਨੇ ਵੀ ਸਵੀਕਾਰ ਕਰ ਲਿਆ। ਇਸ ਬਾਰੇ ਸਰਕਾਰੀ ਵਕੀਲ ਦਾ ਕਹਿਣਾ ਹੈ ਕਿ ਸੰਵਿਧਾਨ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਕੋਈ ਆਪਣੇ ਧਰਮ ਮੁਤਾਬਕ ਆਪਣੀਆਂ ਰਸਮਾਂ ਕਰ ਸਕਦਾ ਹੈ। ਉਹ ਸਰੀਰ ਵੀ ਰੱਖ ਸਕਦਾ ਹੈ। ਇਸੇ ਤਰਕ ਦੇ ਆਧਾਰ 'ਤੇ ਅਦਾਲਤ ਨੇ ਇਹ ਹੁਕਮ ਦਿੱਤੇ ਹਨ। ਦਰਅਸਲ, ਹਾਈ ਕੋਰਟ ਦਾ ਇਹ ਫੈਸਲਾ ਦੂਹਰੇ ਬੈਂਚ ਦਾ ਹੈ। ਇਸ ਤੋਂ ਪਹਿਲਾਂ ਇਕਹਿਰੇ ਬੈਂਚ ਨੇ ਬਾਦਲ ਸਰਕਾਰ ਸਮੇਂ ਆਸ਼ੂਤੋਸ਼ ਦਾ ਸਸਕਾਰ 15 ਦਿਨਾਂ 'ਚ ਕਰਨ ਦੇ ਆਦੇਸ਼ ਦਿੱਤੇ ਸਨ। ਬਾਅਦ 'ਚ ਉਸ ਫੈਸਲੇ ਨੂੰ ਡੇਰੇ ਵੱਲੋਂ ਚੁਣੌਤੀ ਦਿੱਤੀ ਸੀ।

ਆਸ਼ੂਤੋਸ਼ ਦਾ ਬੇਟਾ ਦਲੀਪ ਝਾਅ ਪਿਤਾ ਦੀ ਲਾਸ਼ ਮੰਗ ਰਿਹਾ ਸੀ ਤਾਂ ਕਿ ਉਹ ਸਸਕਾਰ ਕਰ ਸਕੇ। ਝਾਅ ਨੇ ਡੀ.ਐਨ.ਏ. ਦੀ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਸੀ ਕਿਉਂਕਿ ਡੇਰਾ ਦੇ ਸ਼ਰਧਾਲੂ ਝਾਅ ਨੂੰ ਆਸ਼ੂਤੋਸ਼ ਦਾ ਬੇਟਾ ਨਹੀਂ ਮੰਨਦੇ। ਹਾਈ ਕੋਰਟ ਨੇ ਡੀ.ਐਮ.ਸੀ. ਦੇ ਡਾਕਟਰਾਂ ਦੀ ਟੀਮ ਬਣਾਉਣ ਦੇ ਹੁਕਮ ਵੀ ਦਿੱਤੇ ਹਨ ਜੋ ਸਮੇਂ-ਸਮੇਂ ਡੇਰੇ ਦਾ ਦੌਰਾ ਕਰ ਕੇ ਆਸ਼ੂਤੋਸ਼ ਦੀ ਦੇਹ ਦੀ ਜਾਣਕਾਰੀ ਲੈ ਸਕੇ। ਇਸ ਸਬੰਧੀ ਕੋਰਟ ਨੇ ਡੇਰੇ ਨੂੰ 50 ਲੱਖ ਰੁਪਏ ਦਾ ਫੰਡ ਰੱਖਣ ਦੇ ਹੁਕਮ ਵੀ ਜਾਰੀ ਕੀਤੇ ਹਨ।



## ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੀ ਤਿਆਰੀ

**ਚੰਡੀਗੜ੍ਹ:** ਨੂਰ ਮਹਿਲ ਦੇ ਡੇਰੇ ਦਿਵਿਆ ਜਯੋਤੀ ਸੰਸਥਾਨ ਦੇ ਮੁਖੀ ਆਸ਼ੂਤੋਸ਼ ਦੀ ਦੇਹ ਸੰਭਾਲ ਦੇ ਰੱਖਣ ਦੇ ਫੈਸਲੇ ਤੋਂ ਬਾਅਦ ਆਸ਼ੂਤੋਸ਼ ਦਾ ਡਰਾਈਵਰ ਪੂਰਨ ਸਿੰਘ ਸੁਪਰੀਮ ਕੋਰਟ ਦਾ ਰੁਖ ਕਰੇਗਾ। ਪੂਰਨ ਸਿੰਘ ਦਾ ਕਹਿਣਾ ਹੈ ਕਿ ਆਸ਼ੂਤੋਸ਼ ਨੂੰ ਸਾਜਿਸ਼ ਤਹਿਤ ਹੀ ਉਸ ਦੇ ਕਰੀਬੀਆਂ ਨੇ ਮਾਰਿਆ ਹੈ। ਉਹ ਇਸ ਮਾਮਲੇ ਨੂੰ ਸੁਪਰੀਮ ਕੋਰਟ 'ਚ ਲਿਜਾਵੇਗਾ। ਪੂਰਨ ਨੇ ਕਿਹਾ ਕਿ ਉਹ ਦਲੀਪ ਝਾਅ ਨਾਲ ਗੱਲ ਕਰ ਕੇ ਉਸ ਦਾ ਡੀ.ਐਨ.ਏ. ਚੈਕ ਕਰਵਾਉਣ ਵਾਲੀ ਪਟੀਸ਼ਨ ਸੁਪਰੀਮ ਕੋਰਟ 'ਚ ਪਾਏਗਾ। ਪੂਰਨ ਸਿੰਘ ਉਹੀ ਡਰਾਈਵਰ ਹੈ ਜਿਸ ਨੇ ਡੇਰੇ ਵਾਲਿਆਂ 'ਤੇ ਵੱਡੇ ਇਲਜ਼ਾਮ ਲਾਏ ਸੀ।

# 84 ਦੇ ਪੀੜਤਾਂ ਨੂੰ ਇਨਸਾਫ ਬਾਰੇ ਹਾਈ ਕੋਰਟ ਦੀ ਸਖਤ ਟਿੱਪਣੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਮੁਲਜ਼ਮ ਇਹ ਨਹੀਂ ਚਾਹੁੰਦੇ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ ਮਿਲੇ। ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ 'ਤੇ ਆਧਾਰਤ ਬੈਂਚ ਦੀ ਇਹ ਟਿੱਪਣੀ 1984 ਦੇ ਸਿੱਖ ਕਤਲੇਆਮ ਦੇ ਪੰਜ ਮੁਲਜ਼ਮਾਂ ਵੱਲੋਂ ਅਦਾਲਤੀ ਹੁਕਮਾਂ ਖਿਲਾਫ਼ ਸੁਪਰੀਮ ਕੋਰਟ ਚਲੇ ਜਾਣ ਬਾਰੇ ਸੂਚਿਤ ਕੀਤੇ ਜਾਣ ਮਗਰੋਂ ਸਾਹਮਣੇ ਆਈ ਹੈ।

ਅਦਾਲਤ ਨੇ ਕਿਹਾ ਕਿ ਉਨ੍ਹਾਂ 11 ਮੁਲਜ਼ਮਾਂ ਨੂੰ ਉਤੇ ਮਨੁੱਖਤਾ ਉਪਰ ਜ਼ੁਲਮ ਢਾਹੁਣ ਦੇ ਦੋਸ਼ ਲੱਗੇ ਹੋਏ ਹਨ। ਬੈਂਚ ਨੇ ਕਿਹਾ, 'ਉਹ ਸਿਰਫ ਕੇਸ ਦੀ ਮੁੜ ਸੁਣਵਾਈ ਸ਼ੁਰੂ ਕਰਨ ਦਾ ਹੁਕਮ ਦੇਣ ਜਾ ਰਹੇ ਸਨ ਨਾ ਕਿ ਤੁਹਾਨੂੰ ਦੋਸ਼ੀ ਠਹਿਰਾਉਣ ਦਾ। 29 ਮਾਰਚ ਦੇ ਅਦਾਲਤੀ ਹੁਕਮਾਂ ਖਿਲਾਫ਼ ਤੁਹਾਡੀ ਵਿਸ਼ੇਸ਼ ਪਟੀਸ਼ਨ ਇਹ ਦੱਸਦੀ ਹੈ ਕਿ ਇਸ ਕੇਸ ਦੇ ਮੁਲਜ਼ਮ ਪੀੜਤ ਪਰਿਵਾਰਾਂ ਨੂੰ ਇਨਸਾਫ ਨਹੀਂ ਮਿਲਣ ਦੇਣਾ ਚਾਹੁੰਦੇ।' ਉਨ੍ਹਾਂ ਕਿਹਾ ਕਿ ਅਦਾਲਤ ਨੇ ਮਹਿਸੂਸ ਕੀਤਾ ਸੀ ਕਿ ਹੇਠਲੀ ਅਦਾਲਤ ਵਿਚ ਮੁਲਜ਼ਮਾਂ ਤੇ ਦਾਅਵਿਆਂ ਦੇ ਗਵਾਹਾਂ ਦੇ ਬਿਆਨਾਂ ਨੂੰ ਸਹੀ ਢੰਗ ਨਾਲ ਨਿਰਖਿਆ ਪਰਖਿਆ ਨਹੀਂ ਗਿਆ। ਦੁੱਖ ਦੀ ਗੱਲ ਤਾਂ ਇਹ ਹੈ ਕਿ 1984 ਦੇ ਦੰਗਿਆਂ 'ਚ ਤਿੰਨ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਜਦਕਿ ਮੁਲਜ਼ਮਾਂ ਦਾ ਕਹਿਣਾ ਹੈ ਕਿ ਇਨ੍ਹਾਂ ਘਟਨਾਵਾਂ 'ਚ ਕੋਈ ਵੀ ਮਾਰਿਆ ਨਹੀਂ ਸੀ ਗਿਆ।

## ਮੁਤਵਾਜ਼ੀ ਜਥੇਦਾਰ ਬੁਲਾਉਣਗੇ ਮਹਾਂ ਸਿੱਖ ਸੰਮੇਲਨ

**ਸੰਗਰੂਰ:** ਸਮੁੱਚੀ ਸਿੱਖ ਕੌਮ ਨੂੰ ਇਕ ਮੰਚ 'ਤੇ ਇਕੱਠਾ ਕਰਨ ਲਈ ਦੋ ਮਹੀਨਿਆਂ ਬਾਅਦ ਪੰਜਾਬ ਵਿਚ 'ਮਹਾਂ ਸਿੱਖ ਸੰਮੇਲਨ' ਕੀਤਾ ਜਾਵੇਗਾ, ਜਿਸ ਵਿਚ ਸਿੱਖ ਕੌਮ ਦੇ ਭਵਿੱਖ ਦਾ ਏਜੰਡਾ ਰੱਖਿਆ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਗੁਰਦੁਆਰਾ ਅਕਾਲਸਰ ਸਾਹਿਬ ਵਿਖੇ ਕੀਤਾ। ਉਹ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਲਈ ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਭਰ ਦੇ ਗ੍ਰੰਥੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਲਈ ਪੁੱਜੇ ਸਨ।

ਉਨ੍ਹਾਂ ਕਿਹਾ ਕਿ ਸਿੱਖ ਪੰਥ ਵੱਲੋਂ ਕੁਰਬਾਨੀਆਂ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਂਦ ਵਿਚ ਲਿਆਂਦੀ ਗਈ ਸੀ ਪਰ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖਤਾਂ 'ਤੇ ਕਾਬਜ਼ ਜਥੇਦਾਰਾਂ ਨੇ ਸਿੱਖ ਪੰਥ ਅਤੇ ਕੌਮ ਦੇ ਹਿੱਤਾਂ ਨੂੰ ਪਹਿਲ ਦੇਣ ਦੀ ਬਜਾਏ ਸਮੇਂ ਦੀਆਂ ਸਰਕਾਰਾਂ ਅਤੇ ਨਿੱਜੀ ਮੁਫਾਦਾਂ ਨੂੰ ਪਹਿਲ ਦਿੱਤੀ ਹੈ। ਸਿੱਖ ਕੌਮ ਲਈ ਸ਼੍ਰੋਮਣੀ ਕਮੇਟੀ ਪੂਰਨ ਰੂਪ ਵਿਚ ਮਰ ਚੁੱਕੀ ਹੈ, ਜਿਸ ਤੋਂ ਕੌਮ ਨੂੰ ਕੋਈ ਉਮੀਦ ਨਹੀਂ ਹੈ। ਐਸ.ਜੀ.ਪੀ.ਸੀ. ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਭਾਵੇਂ ਸੁਧਾਰ ਕਰਨਾ ਚਾਹੁੰਦੇ ਹਨ ਪਰ ਉਹ ਬੇਵੱਸ ਹਨ।

ਬਹਿਬਲ ਕਲਾਂ ਕਾਂਡ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਦਿੱਤੇ ਬਿਆਨ 'ਤੇ ਜਥੇਦਾਰ ਮੰਡ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਬਿਆਨਬਾਜ਼ੀ ਤੋਂ ਉਪਰ ਉਠ ਕੇ ਅਮਲੀ ਰੂਪ ਵਿਚ ਕਾਰਵਾਈ ਕਰਨੀ ਚਾਹੀਦੀ ਹੈ।

## *ਚਾਰ ਵਿਆਹ ਕਰਾਉਣ ਵਾਲਾ ਐਨ.ਆਰ.ਆਈ. ਕਾਬੂ*

**ਜਲੰਧਰ:** ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਵਿਆਹ ਕਰਵਾਉਣ ਤੇ ਪੈਸੇ ਠੱਗਣ ਵਾਲੇ ਅਮਰੀਕਾ ਤੋਂ ਪਰਤੇ ਐਨ.ਆਰ.ਆਈ. ਨੂੰ ਪੁਲਿਸ ਨੇ ਦਿੱਲੀ ਹਵਾਈ ਅੱਡੇ ਤੋਂ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਜਗਜੀਤ ਸਿੰਘ ਵਾਸੀ ਗਰੀਨ ਐਵੇਨਿਊ ਜਲੰਧਰ ਵਜੋਂ ਹੋਈ ਹੈ, ਜੋ ਦੋ ਸਾਲ ਅਮਰੀਕਾ ਰਹਿ ਚੁੱਕਾ ਹੈ। ਉਹ ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਹੁਣ ਤੱਕ ਚਾਰ ਵਿਆਹ ਕਰਵਾ ਚੁੱਕਾ ਹੈ।

ਪੁਲਿਸ ਨੇ ਜਗਜੀਤ ਨੂੰ ਫੇਸਬੁੱਕ ਰਾਹੀਂ ਕੁੜੀ ਦੀ ਫਰਜ਼ੀ ਆਈ.ਡੀ. ਬਣਾ ਕੇ ਕਾਬੂ ਕੀਤਾ ਹੈ। ਉਸ ਕੋਲੋਂ ਦੋ ਪਾਸਪੋਰਟ ਬਰਾਮਦ ਹੋਏ ਹਨ, ਜਿਨ੍ਹਾਂ ਵਿਚ ਇਕ ਜਗਜੀਤ ਸਿੰਘ ਤੇ ਦੂਜਾ ਪਾਸਪੋਰਟ ਰਤਨ ਕੁਮਾਰ ਦੇ ਨਾਂ ਦਾ ਹੈ। ਜਗਜੀਤ ਦੇ ਚੌਥੇ ਵਿਆਹ ਦੀ ਸ਼ਿਕਾਰ ਹੋਈ ਨਵਜੋਤ ਕੌਰ ਪੁਲਿਸ ਕਮਿਸ਼ਨਰ ਪ੍ਰਵੀਨ ਸਿਨਹਾ ਨਾਲ ਮੀਡੀਆ ਅੱਗੇ ਪੇਸ਼ ਹੋਈ ਅਤੇ ਆਪਣੀ ਹੱਡਬੀਤੀ ਸੁਣਾਈ। ਨਵਜੋਤ ਨੇ ਦੱਸਿਆ ਕਿ ਜਗਜੀਤ ਸਿੰਘ ਉਸ ਨੂੰ ਵੈੱਬਸਾਈਟ ਸ਼ਾਦੀ.ਕਾਮ 'ਤੇ ਮਿਲਿਆ ਸੀ ਅਤੇ ਅਮਰੀਕਾ ਲਿਜਾਣ ਦਾ ਝਾਂਸਾ ਦੇ ਕੇ ਉਸ ਨਾਲ ਵਿਆਹ ਕਰਵਾ ਲਿਆ। ਵਿਆਹ ਬਾਅਦ ਜਗਜੀਤ ਨੇ ਉਸ ਦੇ ਘਰਦਿਆਂ ਕੋਲੋਂ 6.28 ਲੱਖ ਰੁਪਏ ਲੈ ਲਏ ਅਤੇ ਉਸ 'ਚੋਂ 2 ਲੱਖ ਭੂਆ ਨੂੰ ਵਿਚੋਲਣ ਬਣਨ ਦੇ ਦਿੱਤੇ। ਵਿਆਹ ਤੋਂ 10 ਦਿਨ ਬਾਅਦ ਜਗਜੀਤ ਉਸ ਨੂੰ ਛੱਡ ਕੇ ਪੈਸੇ ਲੈ ਕੇ ਫਰਾਰ ਹੋ ਗਿਆ।

## ਫੂਲਕਾ ਨੇ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਛੱਡਿਆ

**ਚੰਡੀਗੜ੍ਹ:** ਦਿੱਲੀ ਬਾਰ ਕੌਂਸਲ ਨਾਲ ਕੇਸ ਲੜਨ ਨੂੰ ਲੈ ਕੇ ਜਾਰੀ ਰੇੜਕੇ ਦਰਮਿਆਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਚ.ਐਸ.ਫੂਲਕਾ ਨੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਵਜੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕੈਬਨਿਟ ਮੰਤਰੀ ਦੇ ਅਹੁਦੇ ਦੀ ਥਾਂ 1984 ਦੇ ਸਿੱਖ ਕਤਲੇਆਮ ਪੀੜਤਾਂ ਦੀ ਬਾਂਹ ਫੜੀ ਰੱਖਣ ਨੂੰ ਤਰਜੀਹ ਦੇਣਗੇ।

ਯਾਦ ਰਹੇ ਕਿ ਦਿੱਲੀ ਬਾਰ ਕੌਂਸਲ ਨੇ ਫੂਲਕਾ ਨੂੰ ਕਤਲੇਆਮ ਪੀੜਤਾਂ ਨਾਲ ਸਬੰਧਤ ਕੇਸ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਪੇਸ਼ ਹੋਣ ਤੋਂ ਇਹ ਕਹਿੰਦਿਆਂ ਰੋਕ ਦਿੱਤਾ ਸੀ ਕਿ ਉਨ੍ਹਾਂ ਕੋਲ ਕੈਬਨਿਟ ਮੰਤਰੀ ਦਾ ਰੁਤਬਾ ਹੈ, ਜੋ ਲਾਭ ਵਾਲਾ ਅਹੁਦਾ ਹੈ। ਸ੍ਰੀ ਫੂਲਕਾ ਨੇ ਕਿਹਾ ਕਿ ਉਹ ਪਿਛਲੇ ਤਿੰਨ ਦਹਾਕਿਆਂ ਤੋਂ ਪੀੜਤਾਂ ਦੀ ਨੁਮਾਇੰਦਗੀ ਕਰ ਰਹੇ ਹਨ ਤੇ ਉਹ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਹਰ ਕੁਰਬਾਨੀ ਲਈ ਤਿਆਰ ਹਨ।

# ਨਵਜੋਤ ਸਿੰਘ ਸਿੱਧੂ ਨੂੰ ਸੰਜਮ ਤੋਂ ਕੰਮ ਲੈਣ ਦੀ ਸਲਾਹ

**ਚੰਡੀਗੜ੍ਹ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਜੋ ਆਪਣੇ ਵਿਭਾਗ ਦੇ ਅਧਿਕਾਰੀਆਂ ਖਿਲਾਫ਼ 'ਚੌਕੇ-ਛੱਕੇ' ਮਾਰ ਰਹੇ ਹਨ, ਨੂੰ ਮੁੱਖ ਮੰਤਰੀ ਦਫਤਰ ਦੇ ਅਧਿਕਾਰੀਆਂ ਨੇ 'ਹੌਲੀ ਖੇਡਣ' ਦੀ ਸਲਾਹ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਦਫਤਰ 'ਚ ਇਕ ਸੀਨੀਅਰ ਸਲਾਹਕਾਰ ਨੇ ਸ੍ਰੀ ਸਿੱਧੂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ 'ਜ਼ਿਆਦਾ ਨਾ ਵਗਣ' ਦੀ ਸਲਾਹ ਦਿੱਤੀ ਹੈ ਕਿਉਂਕਿ ਉਨ੍ਹਾਂ ਦੀਆਂ ਕਾਰਵਾਈਆਂ ਸਰਕਾਰ ਅੰਦਰਲੇ ਕੁਝ ਖਾਸ ਹਿੱਸਿਆਂ ਨੂੰ ਰੜਕ ਰਹੀਆਂ ਹਨ ਅਤੇ ਨਿਯਮਾਂ ਦੀ ਉਲੰਘਣਾ ਵੀ ਹੋਈ ਹੈ।

ਸੂਤਰਾਂ ਮੁਤਾਬਕ ਸਥਾਨਕ ਸਰਕਾਰਾਂ ਵਿਭਾਗ ਦੇ ਮੁਅੱਤਲ ਕੀਤੇ ਚਾਰ ਨਿਗਰਾਨ ਇੰਜੀਨੀਅਰਾਂ ਦੀਆਂ ਅਰਜ਼ੀਆਂ ਉਤੇ ਸੁਣਵਾਈ ਲਈ ਸ੍ਰੀ ਸਿੱਧੂ ਵੱਲੋਂ ਖੁੱਲ੍ਹਾ ਦਰਬਾਰ ਲਾਏ ਜਾਣ ਦੇ ਤੁਰਤ ਬਾਅਦ 'ਇਹ ਐਡਵਾਇਜ਼ਰੀ ਮੀਟਿੰਗ' ਹੋਈ ਹੈ। ਜਾਣਕਾਰੀ ਮੁਤਾਬਕ ਸ੍ਰੀ ਸਿੱਧੂ ਨੇ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਕੈਪਟਨ ਸੰਦੀਪ ਸੰਧੂ ਨਾਲ ਮੁਲਾਕਾਤ ਕੀਤੀ ਹੈ, ਜਿਨ੍ਹਾਂ ਨੇ 'ਵੱਡੀ ਗਿਣਤੀ ਲੋਕਾਂ ਨੂੰ ਗੁੱਸੇ ਨਾ ਕਰਨ' ਦੀ ਸਲਾਹ ਦਿੱਤੀ ਹੈ ਕਿਉਂਕਿ ਇਹ ਚੰਗਾ ਸਿਆਸੀ ਕਦਮ ਨਹੀਂ ਹੈ। ਜਾਣਕਾਰੀ ਮੁਤਾਬਕ ਸ੍ਰੀ ਸਿੱਧੂ ਆਪਣੇ ਸਟੈਂਡ 'ਤੇ ਕਾਇਮ ਹਨ ਅਤੇ ਉਨ੍ਹਾਂ ਕਿਹਾ ਕਿ ਉਹ ਮਹਿਜ਼ ਪਿਛਲੇ ਸਰਕਾਰ ਦੇ ਗਲਤ ਕੰਮਾਂ ਨੂੰ ਠੀਕ ਕਰਨ ਦਾ ਯਤਨ ਕਰ ਰਹੇ ਹਨ ਅਤੇ ਉਹ ਜੋ ਵੀ ਕਰ ਰਹੇ ਹਨ ਸਭ ਸ਼ਰੇਆਮ ਹੈ।

ਨਵਜੋਤ ਸਿੱਧੂ ਵੱਲੋਂ ਚਾਰ ਇੰਜੀਨੀਅਰਾਂ ਖਿਲਾਫ਼ ਕਾਰਵਾਈ ਸ਼ੁਰੂ ਕਰਨ ਅਤੇ ਚਾਰ ਆਈ.ਏ.ਐਸ. ਅਫਸਰਾਂ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਕੀਤੇ ਜਾਣ ਬਾਅਦ ਅਫਸਰਾਂ ਨੇ ਮੰਤਰੀ ਖਿਲਾਫ਼ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਇਸ ਮੁੱਦੇ ਉਤੇ ਮੁੱਖ ਮੰਤਰੀ ਦੇ ਦਫਤਰ ਵਿੱਚ ਵੀ ਚਰਚਾ ਹੋਈ ਹੈ। ਕਾਂਗਰਸ ਅੰਦਰ ਕਈਆਂ ਵੱਲੋਂ ਲੱਖਣ ਲਾਇਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਵੱਲੋਂ ਇਸ ਪਾਰੀ ਬਾਅਦ ਸਿਆਸਤ ਤੋਂ ਲਾਂਭੇ ਹੋਣ ਦਾ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਹੈ, ਜਿਸ ਕਾਰਨ ਇਸ ਮੰਤਰੀ ਵੱਲੋਂ ਵਧੀਆਂ ਇੱਛਾਵਾਂ ਕਾਰਨ 'ਹੱਦੋਂ ਵੱਧ ਸਰਗਰਮੀ' ਕੀਤੀ ਜਾ ਰਹੀ ਹੈ।

**ਵੇਟਰ ਅਤੇ ਤੰਦੂਰੀਏ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
*ਸੰਪਰਕ ਕਰੋ:* ਸੰਨੀ, ਫੋਨ: 608-630-0287
28-35

**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਰਜੀਤ ਗੱਗ ਦੀ ਗ੍ਰਿਫਤਾਰੀ ਨੇ ਨਵੀਂ ਚਰਚਾ ਭਖਾਈ

**ਸ੍ਰੀ ਆਨੰਦਪੁਰ ਸਾਹਿਬ:** ਪੁਲਿਸ ਨੇ ਕਵੀ ਸੁਰਜੀਤ ਗੱਗ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਖਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਇਹ ਗ੍ਰਿਫਤਾਰੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਹੋਈ ਹੈ।



ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਪਿੰਡ ਗੱਗ ਦੇ ਸੁਰਜੀਤ ਸਿੰਘ ਗੱਗ ਵੱਲੋਂ 'ਗੱਗਬਾਣੀ' ਸਿਰਲੇਖ ਹੇਠ ਆਏ ਦਿਨ ਉਲਟਾ-ਸਿੱਧਾ ਲਿਖਿਆ ਜਾਂਦਾ ਹੈ। ਉਸ ਨੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੀ ਜਿਥੇ ਆਪਣੇ ਆਪ ਨਾਲ ਤੁਲਨਾ ਕੀਤੀ, ਉਥੇ ਉਨ੍ਹਾਂ ਬਾਰੇ ਅਪਸ਼ਬਦ ਵੀ ਆਪਣੇ ਫੇਸਬੁੱਕ ਪੇਜ 'ਤੇ ਲਿਖੇ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਦੇ ਧਿਆਨ ਵਿਚ ਲਿਆਂਦਾ ਅਤੇ ਉਨ੍ਹਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਪੁਲਿਸ ਨੇ ਗੱਗ ਖਿਲਾਫ਼ ਧਾਰਾ 295 ਏ ਤਹਿਤ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਗੱਗ ਵੱਲੋਂ ਲਿਖੀ ਜਿਸ ਕਵਿਤਾ ਦੇ ਆਧਾਰ ਉਤੇ ਉਸ ਖਿਲਾਫ ਕਾਰਵਾਈ ਕੀਤੀ ਗਈ ਹੈ, ਉਸ ਬਾਰੇ ਵੱਖ ਵੱਖ ਵਿਦਵਾਨਾਂ ਦੀਆਂ ਵੱਖ ਰਾਵਾਂ ਸਾਹਮਣੇ ਆਈਆਂ ਹਨ। ਕੁਝ ਵਿਦਵਾਨ ਆਖ ਰਹੇ ਹਨ ਕਿ ਇਉਂ ਗੁਰੂ ਨਾਨਕ ਬਾਰੇ ਟਿੱਪਣੀਆਂ ਕਰਨ ਸੋਭਦਾ ਨਹੀਂ, ਜਦਕਿ ਕੁਝ ਵਿਦਵਾਨਾਂ ਦੀ ਰਾਇ ਹੈ ਕਿ ਗੱਗ ਨੇ ਆਪਣੀ ਕਵਿਤਾ ਵਿਚ, ਸਿੱਖੀ ਵਿਚ ਆਏ ਨਿਘਾਰ ਦਾ ਮਸਲਾ ਛੋਹਿਆ ਹੈ। ਉਂਜ ਇਨ੍ਹਾਂ ਵਿਦਵਾਨਾਂ ਨੇ ਇਹ ਜ਼ਰੂਰ ਮੰਨਿਆ ਹੈ ਕਿ ਗੱਗ ਨੂੰ ਸ਼ਬਦ ਵਰਤਣ ਵੇਲੇ ਜ਼ਬਤ ਤੋਂ ਕੰਮ ਲੈਣਾ ਚਾਹੀਦਾ ਸੀ।

ਕੇਂਦਰੀ ਪੰਜਾਬੀ ਲੇਖਕ ਸਭਾ ਨੇ ਗੱਗ ਦੀ ਗ੍ਰਿਫ਼ਤਾਰੀ ਦੀ ਨਿੰਦਾ ਕਰਦਿਆਂ ਜਿਥੇ ਉਸ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ, ਉਥੇ ਨਾਲ ਹੀ ਜਿਸ ਕਵਿਤਾ ਨੂੰ ਆਧਾਰ ਬਣਾ ਕੇ ਕੇਸ ਦਰਜ ਕੀਤਾ ਗਿਆ ਹੈ, ਉਸ ਵਿਚ ਵਰਤੀ ਗਈ ਭਾਸ਼ਾ ਨਾਲ ਵੀ ਅਸਹਿਮਤੀ ਜਤਾਈ ਹੈ। ਸਭਾ ਦੇ ਪ੍ਰਧਾਨ ਡਾ ਸਰਬਜੀਤ ਸਿੰਘ ਨੇ ਕਿਹਾ ਹੈ ਕਿ ਕੇਂਦਰੀ ਸਭਾ ਲਿਖਣ-ਬੋਲਣ ਦੀ ਆਜ਼ਾਦੀ ਦੀ ਮੁੱਦਈ ਹੈ ਪਰ ਇਸ ਆਜ਼ਾਦੀ ਦਾ ਭਾਵ ਇਹ ਵੀ ਨਹੀਂ ਹੈ ਕਿ ਕੋਈ ਜ਼ਾਬਤਾ ਹੀ ਨਾ ਰੱਖਿਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਗੱਗ ਦੀ ਪਤਨੀ ਅਤੇ ਬੇਟੀ ਦੇ ਬਲਾਤਕਾਰ ਦੀਆਂ ਧਮਕੀਆਂ ਦੇਣ ਵਾਲਿਆਂ ਖਿਲਾਫ ਵੀ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਪਾਲੀ ਭੁਪਿੰਦਰ ਸਿੰਘ ਨੇ ਸਵਾਲ ਕੀਤਾ ਹੈ ਕਿ ਵਿਚਾਰਾਂ ਦੀ ਆਜ਼ਾਦੀ ਦੇ ਨਾਂ 'ਤੇ ਕਿਸੇ ਨੂੰ ਕਿਸੇ ਗੁਰੂ ਨੂੰ ਗਾਲ੍ਹਾਂ ਕੱਢਣ ਦਾ ਅਧਿਕਾਰ ਦਿੱਤਾ ਜਾ ਸਕਦਾ ਹੈ? 'ਸਰੋਕਾਰ' ਦੇ ਸੰਪਾਦਕ ਸੁਖਵਿੰਦਰ ਪੱਪੀ ਨੇ ਕਿਹਾ ਹੈ ਕਿ ਕਿਸੇ ਕਵੀ ਜਾਂ ਕਿਸੇ ਹੋਰ ਵਿਧਾ ਦੇ ਲੇਖਕ ਲਈ ਇਤਿਹਾਸ ਜਾਂ ਮਿੱਥ ਨੂੰ ਵਰਤਣਾ ਟੇਡਾ ਤੇ ਸਮਝਦਾਰੀ ਦਾ ਮਸਲਾ ਹੁੰਦਾ ਹੈ। ਇਤਿਹਾਸ ਤੇ ਮਿਥ ਦੀ ਵਰਤੋਂ ਦੋ-ਧਾਰੀ ਤਲਵਾਰ ਹੁੰਦੀ ਹੈ। ਵਿਜ਼ਨ ਤੋਂ ਬਿਨਾਂ ਇਹ ਦੁਸ਼ਮਣ ਦੀ ਬਜਾਏ ਖੁਦ ਨੂੰ ਵੀ ਜ਼ਖਮੀ ਕਰ ਸਕਦੀ ਹੈ। ਇਸ ਤਲਵਾਰ ਨਾਲ ਹੀ ਗੱਗ ਜ਼ਖਮੀ ਹੋਇਆ ਹੈ। ਉਸ ਦੀ ਇਹ ਕਵਿਤਾ ਸਟੇਟ ਵਿਰੋਧੀ ਨਹੀਂ, ਸਗੋਂ ਸਾਡੇ ਮਹਾਨ ਵਿਰਸੇ ਦੇ ਮਹਾਂ ਨਾਇਕ ਗੁਰੂ ਨਾਨਕ ਰਾਹੀਂ ਇਤਿਹਾਸ ਵਿਰੋਧੀ ਹੈ।

ਅਮਨਦੀਪ ਹਾਂਸ ਮੁਤਾਬਕ, ਉਹ ਗੱਗ ਵਲੋਂ ਬਾਬੇ ਨਾਨਕ ਪ੍ਰਤੀ ਵਰਤੀ ਭਾਸ਼ਾ ਨਾਲ ਸਹਿਮਤ ਨਹੀਂ। ਰਹੀ ਗੱਲ ਉਸ ਦੀ ਗ੍ਰਿਫ਼ਤਾਰੀ ਦੀ ਅਤੇ ਉਸ 'ਤੇ ਲੱਗੀ ਧਾਰਾ 295 ਏ ਦੀ, ਤਾਂ ਇਸ ਮੁਲਕ ਵਿਚ ਕੋਈ ਵੀ ਧਾਰਾ ਮੜ੍ਹਨ ਤੋਂ ਪਹਿਲਾਂ 'ਮੁਲਜ਼ਮ' ਦੇ ਧਰਮ, ਜਾਤ-ਪਾਤ ਨੂੰ ਜ਼ਰੂਰ ਵੇਖਿਆ ਜਾਂਦਾ ਹੈ। ਅਸੀਂ ਅਜੇ ਤੱਕ ਇਹ ਨਹੀਂ ਸਮਝ ਸਕੇ ਕਿ ਇਕ ਵਿਸ਼ੇਸ਼ ਕੌਮ ਵਲੋਂ ਦੂਜੀ ਘੱਟ ਗਿਣਤੀ ਕੌਮ ਨੂੰ ਅਕਾਰਨ ਮੁਲਕ ਛੱਡਣ ਦੀਆਂ ਧਮਕੀਆਂ, ਉਨ੍ਹਾਂ ਦੀਆਂ ਧੀਆਂ ਨਾਲ ਬਲਾਤਕਾਰ ਕਰਨ ਦੀਆਂ ਧਮਕੀਆਂ, ਆਪਣੇ ਧਰਮ ਦੀਆਂ ਰਹੁ ਰੀਤਾਂ ਜਬਰੀ ਦੂਜੇ ਧਰਮ ਦੇ ਲੋਕਾਂ 'ਤੇ ਥੋਪਣ ਵਾਲਿਆਂ 'ਤੇ ਇਸ ਧਾਰਾ ਦੀ ਨਿੱਬ ਖੁੰਢੀ ਕਿਉਂ ਹੋ ਜਾਂਦੀ ਹੈ?

## ਗਾਂਧੀ ਦਾ ਪੈਂਸਿਲ ਚਿੱਤਰ 32 ਹਜ਼ਾਰ ਪੌਂਡ 'ਚ ਵਿਕਿਆ

**ਲੰਡਨ**: ਮਹਾਤਮਾ ਗਾਂਧੀ ਦਾ ਪੈਂਸਿਲ ਨਾਲ ਬਣਿਆ ਚਿੱਤਰ ਇਥੇ ਸੌਦਬੀ ਵੱਲੋਂ ਕੀਤੀ ਨਿਲਾਮੀ ਦੌਰਾਨ 32,500 ਪੌਂਡ ਵਿਚ ਵਿਕਿਆ ਹੈ। ਉਂਜ ਇਹ ਮੁੱਲ ਚਿੱਤਰ ਦੀ ਅਨੁਮਾਨਤ ਕੀਮਤ ਨਾਲੋਂ ਚਾਰ ਗੁਣਾਂ ਵੱਧ ਹੈ।

ਇਸ ਪੈਂਸਿਲ ਚਿੱਤਰ ਤੋਂ ਇਲਾਵਾ ਗਾਂਧੀ ਵੱਲੋਂ ਆਜ਼ਾਦੀ ਘੁਲਾਟੀਏ ਅਤੇ ਸੁਭਾਸ਼ ਚੰਦਰ ਬੋਸ ਦੇ ਵੱਡੇ ਭਰਾ ਸਰਤ ਚੰਦਰ ਬੋਸ ਦੇ ਪਰਿਵਾਰ ਨੂੰ ਹੱਥੀਂ ਲਿਖੀਆਂ ਚਿੱਠੀਆਂ ਦਾ ਸੰਗ੍ਰਹਿ 37500 ਪੌਂਡ 'ਚ ਵਿਕਿਆ।

ਯਾਦ ਰਹੇ ਕਿ ਚਿੱਤਰਕਾਰ ਜੌਹਨ ਹੈਨਰੀ ਐਮਸ਼ੇਵਿਜ਼ ਨੇ ਉਪਰੋਕਤ ਪੈਂਸਿਲ ਚਿੱਤਰ 1931 ਵਿਚ ਮਹਾਤਮਾ ਗਾਂਧੀ ਦੀ ਗੋਲ ਮੇਜ਼ ਕਾਨਫਰੰਸ ਲਈ ਲੰਡਨ ਫੇਰੀ ਮੌਕੇ ਬਣਾਇਆ ਸੀ। ਸ੍ਰੀ ਗਾਂਧੀ ਉਦੋਂ ਲੰਡਨ ਦੇ ਈਸਟ ਐਂਡ ਦੇ ਕਮਿਊਨਿਟੀ ਸੈਂਟਰ ਕਿੰਗਸਲੇ ਹਾਲ ਵਿਚ ਰੁਕੇ ਸਨ। ਉਂਜ ਨਿਲਾਮ ਘਰ ਨੂੰ ਪੈਂਸਿਲ ਚਿੱਤਰ ਤੋਂ 12 ਹਜ਼ਾਰ ਤੇ ਚਿੱਠੀਆਂ ਦੇ ਸੰਗ੍ਰਹਿ ਤੋਂ 33 ਹਜ਼ਾਰ ਪੌਂਡ ਤੱਕ ਦੀ ਕਮਾਈ ਹੋਣ ਦਾ ਅਨੁਮਾਨ ਸੀ।

## ਇਰਾਕ ਵਿਚ ਫਸੇ ਪੰਜਾਬੀਆਂ ਦੇ ਰਿਸ਼ਤੇਦਾਰਾਂ ਵੱਲੋਂ ਕੇਂਦਰ ਕੋਲ ਪਹੁੰਚ

**ਜਲੰਧਰ:** ਇਰਾਕ ਦਾ ਸ਼ਹਿਰ ਮੋਸੂਲ ਇਸਲਾਮਿਕ ਸਟੇਟ ਤੋਂ ਮੁਕਤ ਹੋਣ ਮਗਰੋਂ ਉਥੇ ਤਿੰਨ ਸਾਲਾਂ ਤੋਂ ਬੰਧਕ ਬਣਾਏ ਗਏ 39 ਪੰਜਾਬੀਆਂ ਦੇ ਪਰਿਵਾਰਾਂ ਨੂੰ ਆਪਣੇ ਰਿਸ਼ਤੇਦਾਰਾਂ ਦੀ ਵਾਪਸੀ ਦੀ ਆਸ ਬੱਝ ਗਈ ਹੈ। ਰੋਜ਼ੀ ਰੋਟੀ ਲਈ ਇਰਾਕ 'ਚ ਫਸੇ ਪੰਜਾਬੀਆਂ ਦੇ ਪਰਿਵਾਰਾਂ ਨੇ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਆਪਣਾ ਵਾਅਦਾ ਯਾਦ ਕਰਵਾਇਆ ਹੈ।

ਸ੍ਰੀਮਤੀ ਸਵਰਾਜ ਨੇ ਵਾਅਦਾ ਕੀਤਾ ਸੀ ਕਿ ਮੋਸੂਲ ਸ਼ਹਿਰ ਤੋਂ ਆਈ.ਐਸ. ਦਾ ਕਬਜ਼ਾ ਹਟਦਿਆਂ ਹੀ 39 ਪੰਜਾਬੀਆਂ ਨੂੰ ਇਰਾਕ ਸਰਕਾਰ ਦੀ ਸਹਾਇਤਾ ਨਾਲ ਪੰਜਾਬ ਲਿਆਂਦਾ ਜਾਵੇਗਾ। ਵਿਦੇਸ਼ ਮੰਤਰੀ ਨੇ ਪਰਿਵਾਰਾਂ ਨੂੰ ਇਹ ਵੀ ਭਰੋਸਾ ਦਿਵਾਇਆ ਸੀ ਕਿ ਮੋਸੂਲ 'ਚ ਬੰਧਕ ਬਣਾਏ ਗਏ ਸਾਰੇ ਭਾਰਤੀ ਬਿਲਕੁਲ ਠੀਕ-ਠਾਕ ਹਨ। ਜ਼ਿਕਰਯੋਗ ਹੈ ਕਿ 15 ਜੂਨ 2014 ਵਿਚ 39 ਪੰਜਾਬੀਆਂ ਨੂੰ ਬੰਧਕ ਬਣਾ ਲਿਆ ਗਿਆ ਸੀ ਅਤੇ ਤਿੰਨ ਸਾਲਾਂ ਦੌਰਾਨ ਇਨ੍ਹਾਂ ਪੰਜਾਬੀਆਂ ਦਾ ਆਪਣੇ ਪਰਿਵਾਰਾਂ ਨਾਲ ਕੋਈ ਸੰਪਰਕ ਨਹੀਂ ਹੋਇਆ ਹੈ। ਇਰਾਕ 'ਚ ਫਸੇ ਜਲੰਧਰ ਨੇੜਲੇ ਪਿੰਡ ਚੂੜਾਵਾਲੀ ਦੇ ਸੁਰਜੀਤ ਮਿਨਹਾਸ ਦੀ ਪਤਨੀ ਊਸ਼ਾ ਰਾਣੀ ਨੇ ਕਿਹਾ ਕਿ ਹੁਣ ਤੱਕ ਭਾਰਤ ਸਰਕਾਰ ਉਨ੍ਹਾਂ ਨੂੰ ਕਹਿੰਦੀ ਆਈ ਹੈ ਕਿ ਉਸ ਦਾ ਪਤੀ ਇਰਾਕ 'ਚ ਬਿਲਕੁਲ ਠੀਕ-ਠਾਕ ਹੈ ਅਤੇ ਮੋਸੂਲ ਸ਼ਹਿਰ ਦੇ ਹਾਲਾਤ ਸਾਜ਼ਗਾਰ ਹੁੰਦਿਆਂ ਹੀ ਉਨ੍ਹਾਂ ਨੂੰ ਇਰਾਕ ਸਰਕਾਰ ਦੀ ਸਹਾਇਤਾ ਨਾਲ ਵਾਪਸ ਲਿਆਂਦਾ ਜਾਵੇਗਾ।

ਹੁਣ ਉਹ ਸਮਾਂ ਆ ਗਿਆ ਹੈ ਕਿ ਸਰਕਾਰ ਆਪਣੇ ਕੀਤੇ ਹੋਏ ਵਾਅਦੇ ਨੂੰ ਨਿਭਾਵੇ ਅਤੇ ਅਤੇ ਉਸ ਦੇ ਪਤੀ ਨੂੰ ਬਚਾ ਕੇ ਘਰ ਪਹੁੰਚਾਵੇ। ਇਸੇ ਤਰ੍ਹਾਂ ਹੀ ਟਾਂਡਾ ਦੇ ਬਲਵੰਤ ਰਾਏ ਦੀ ਪਤਨੀ ਗਿਆਨੋ ਅਤੇ ਪੁੱਤਰ ਪਵਨ ਨੇ ਦੱਸਿਆ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਧਰਵਾਸ ਦਿੰਦੀ ਰਹੀ ਹੈ ਕਿ ਇਰਾਕ 'ਚ ਬੰਧਕ ਬਣਾਏ ਪੰਜਾਬੀ ਬਿਲਕੁਲ ਠੀਕ-ਠਾਕ ਹਨ। ਉਨ੍ਹਾਂ ਕਿਹਾ ਕਿ ਹੁਣ ਭਾਰਤ ਸਰਕਾਰ ਦੇਰੀ ਨਾ ਕਰੇ ਅਤੇ ਜਲਦ ਤੋਂ ਜਲਦ ਇਰਾਕ ਦੀ ਸਰਕਾਰ ਨਾਲ ਗੱਲ ਕਰ ਕੇ ਤੁਰਤ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਵਤਨ ਵਾਪਸ ਲੈ ਕੇ ਆਵੇ।

## ਅਦਾਲਤ ਵੱਲੋਂ ਪਸ਼ੂਆਂ ਦੀ ਖਰੀਦੋ-ਫਰੋਖਤ ਬਾਰੇ ਰਾਹਤ

**ਨਵੀਂ ਦਿੱਲੀ:** ਬੁੱਚੜਖਾਨਿਆਂ ਲਈ ਪਸ਼ੂਆਂ ਦੀ ਖਰੀਦੋ-ਫਰੋਖ਼ਤ ਉਤੇ ਪਾਬੰਦੀ ਲਾਉਣ ਸਬੰਧੀ ਕੇਂਦਰ ਦੇ ਨੋਟੀਫਿਕੇਸ਼ਨ ਨੂੰ ਸਟੇਅ ਕਰਨ ਵਾਲਾ ਮਦਰਾਸ ਹਾਈ ਕੋਰਟ ਦਾ ਅੰਤਰਿਮ ਹੁਕਮ ਨਾ ਸਿਰਫ ਜਾਰੀ ਰਹੇਗਾ ਸਗੋਂ ਇਹ ਸਾਰੇ ਮੁਲਕ ਵਿਚ ਵੀ ਲਾਗੂ ਹੋਵੇਗਾ। ਇਹ ਹੁਕਮ ਸੁਪਰੀਮ ਕੋਰਟ ਦੇ ਬੈਂਚ ਨੇ ਜਾਰੀ ਕੀਤੇ ਹਨ।

ਸੁਪਰੀਮ ਕੋਰਟ ਵਿਚ ਇਸ ਸਬੰਧੀ ਕੇਂਦਰ ਸਰਕਾਰ ਨੇ ਆਪਣੇ ਬਿਆਨ ਵਿਚ ਆਖਿਆ ਹੈ ਕਿ ਵੱਖ-ਵੱਖ ਧਿਰਾਂ ਵੱਲੋਂ ਨੋਟੀਫਿਕੇਸ਼ਨ ਉਤੇ ਉਠਾਏ ਇਤਰਾਜ਼ਾਂ ਅਤੇ ਆਏ ਸੁਝਾਵਾਂ ਦੇ ਮੱਦੇਨਜ਼ਰ ਉਹ ਨੋਟੀਫਿਕੇਸ਼ਨ ਉਤੇ ਨਜ਼ਰਸਾਨੀ ਕਰ ਰਹੀ ਹੈ ਅਤੇ ਇਕ ਸੋਧਿਆ ਹੋਇਆ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

ਬੈਂਚ ਨੇ ਇਸ 'ਤੇ ਕਿਹਾ ਕਿ ਮਦਰਾਸ ਹਾਈ ਕੋਰਟ ਦੇ ਮਦੁਰਈ ਬੈਂਚ ਵੱਲੋਂ ਜਾਰੀ ਅੰਤਰਿਮ ਹੁਕਮ ਜਾਰੀ ਰਹਿਣਗੇ ਅਤੇ ਇਹ ਸਾਰੇ ਦੇਸ਼ ਵਿਚ ਲਾਗੂ ਹੋਣਗੇ। ਨਾਲ ਹੀ ਅਦਾਲਤ ਨੇ ਬੀਤੀ 23 ਮਈ ਨੂੰ ਜਾਰੀ ਨੋਟੀਫਿਕੇਸ਼ਨ ਦੀ ਸੰਵਿਧਾਨਿਕ ਵਾਜਬੀਅਤ ਨੂੰ ਚੁਣੌਤੀ ਦਿੰਦੀ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ।

## ਬਡੂੰਗਰ ਦਾ ਮਸਲਾ ਭਖਿਆ

*(ਸਫਾ ਇਕ ਦੀ ਬਾਕੀ)*

ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਪੰਜਾਬ ਫੇਰੀ ਦੌਰਾਨ ਆਓ-ਭਗਤ ਨਾ ਕਰਨ 'ਤੇ ਵੀ ਕੈਪਟਨ ਨੂੰ ਘੇਰਿਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਦੀਆਂ ਇਨ੍ਹਾਂ ਸਰਗਰਮੀਆਂ ਖਿਲਾਫ ਹੁਣ ਕਾਂਗਰਸੀ ਖੁੱਲ੍ਹ ਕੇ ਸਾਹਮਣੇ ਆਏ ਹੋਏ ਹਨ ਤੇ ਬਡੂੰਗਰ ਉਤੇ ਸੂਬੇ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਦਾ ਇਲਜ਼ਾਮ ਲਾਇਆ ਜਾ ਰਿਹਾ ਹੈ।

ਕੁਝ ਗਰਮਖਿਆਲ ਜਥੇਬੰਦੀਆਂ ਵੱਲੋਂ ਖਾਲਿਸਤਾਨ ਦੇ ਨਾਂ 'ਤੇ ਵਿੱਢੀ ਮੁਹਿੰਮ ਦੀ ਹਮਾਇਤ 'ਤੇ ਵੀ ਕਮੇਟੀ ਪ੍ਰਧਾਨ ਦੀ ਅਲੋਚਨਾ ਹੋ ਰਹੀ ਹੈ। ਕਾਂਗਰਸੀ ਲੀਡਰਾਂ ਨੇ ਆਖਿਆ ਕਿ ਇਸ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਇਹ ਪੂਰੀ ਦੀ ਪੂਰੀ ਖੇਡ ਬਾਦਲਾਂ ਦੇ ਇਸ਼ਾਰਿਆਂ 'ਤੇ ਖੇਡੀ ਜਾ ਰਹੀ ਹੈ।

## ਪਾਣੀਆਂ ਦੀ ਕਾਨੂੰਨੀ ਲੜਾਈ ਹਾਰਿਆ ਪੰਜਾਬ

*(ਸਫਾ ਇਕ ਦੀ ਬਾਕੀ)*

ਇਹ ਨਹਿਰ ਉਸਾਰ ਲਈ ਜਦੋਂ ਕਿ ਪੰਜਾਬ ਵਿਚ ਇਸ ਦੀ ਉਸਾਰੀ 1988 ਵਿਚ ਰੁਕ ਗਈ ਸੀ।

ਸੁਪਰੀਮ ਕੋਰਟ ਵੱਲੋਂ ਭਾਵੇਂ ਅਗਲੀ ਸੁਣਵਾਈ 7 ਸਤੰਬਰ ਤੈਅ ਕਰ ਕੇ ਪੰਜਾਬ ਸਰਕਾਰ ਨੂੰ ਦੋ ਮਹੀਨਿਆਂ ਦਾ ਸਮਾਂ ਦੇ ਦਿੱਤਾ ਹੈ, ਪਰ ਨਹਿਰ ਨਿਰਮਾਣ ਦਾ ਸੰਕਟ ਟਲਿਆ ਨਹੀਂ ਹੈ। ਅਦਾਲਤ ਸਾਹਮਣੇ ਰੱਖੇ ਤੱਥਾਂ ਅਨੁਸਾਰ 1981-2013 ਦੀ ਜਲ ਵਹਾਅ ਸੀਰੀਜ਼ ਅਨੁਸਾਰ ਪੰਜਾਬ ਕੋਲ ਪਹਿਲਾਂ ਦੇ 17.17 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਪਾਣੀ ਦੇ ਮੁਕਾਬਲੇ 13.38 ਐਮ.ਏ.ਐਫ. ਪਾਣੀ ਹੀ ਰਹਿ ਗਿਆ ਹੈ। ਪੰਜਾਬ ਦਾ ਪੱਖ ਹੈ ਕਿ ਜੇ ਇਹ ਸਾਬਤ ਹੋ ਗਿਆ ਕਿ ਪਾਣੀ ਹੀ ਘੱਟ ਹੈ ਤਾਂ ਫਿਰ ਨਹਿਰ ਬਣਾਉਣ ਦੀ ਕੋਈ ਤੁਕ ਨਹੀਂ ਰਹੇਗੀ, ਪਰ ਹਰਿਆਣਾ ਸਰਕਾਰ ਤੁਰੰਤ ਫੈਸਲਾ ਲਾਗੂ ਕਰਵਾਉਣ ਉਤੇ ਜ਼ੋਰ ਦੇ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਪਿਛਲੇ ਕਾਰਜਕਾਲ (2002 ਤੋਂ 2007) ਸਮੇਂ ਸੁਪਰੀਮ ਕੋਰਟ ਦਾ ਐਸ.ਵਾਈ.ਐਲ. ਦੇ ਨਿਰਮਾਣ ਵਾਲਾ ਫੈਸਲਾ ਸੰਕਟ ਬਣ ਕੇ ਖੜ੍ਹਾ ਸੀ। 12 ਜੁਲਾਈ, 2004 ਨੂੰ ਵਿਧਾਨ ਸਭਾ ਨੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ ਪਾਸ ਕਰ ਕੇ ਇਕ ਵਾਰ ਸਮੱਸਿਆ ਟਾਲ ਦਿੱਤੀ ਸੀ।

ਮਾਮਲਾ ਰਾਸ਼ਟਰਪਤੀ ਕੋਲ ਗਿਆ ਤਾਂ ਉਨ੍ਹਾਂ ਸੁਪਰੀਮ ਕੋਰਟ ਤੋਂ ਇਸ ਸਬੰਧੀ ਰਾਇ ਮੰਗ ਲਈ। ਕਈ ਸਾਲ ਤੱਕ ਮੁੱਦਾ ਠੰਢੇ ਬਸਤੇ ਵਿਚ ਪਿਆ ਰਿਹਾ ਅਤੇ ਅਕਾਲੀ-ਭਾਜਪਾ ਦੇ ਲਗਭਗ 9 ਸਾਲ ਦਾ ਸਮਾਂ ਗੁਜ਼ਰ ਗਿਆ। ਅਖੀਰ 16 ਨਵੰਬਰ, 2016 ਨੂੰ ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਮੁੱਦੇ ਉਤੇ ਸੁਣਵਾਈ ਮੁੜ ਸ਼ੁਰੂ ਕਰ ਦਿੱਤੀ। ਰੈਫਰੈਂਸ ਦੀਆਂ ਸ਼ਰਤਾਂ ਪੰਜਾਬ ਦੇ ਪੱਖ ਵਿਚ ਨਾ ਹੋਣ ਕਰ ਕੇ ਪੰਜਾਬ ਸਰਕਾਰ ਨੇ 14 ਮਾਰਚ, 2016 ਨੂੰ ਵਿਧਾਨ ਸਭਾ ਤੋਂ ਸਰਬਸੰਮਤੀ ਨਾਲ ਬਿੱਲ ਪਾਸ ਕਰਵਾ ਕੇ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਫੈਸਲਾ ਕਰ ਦਿੱਤਾ। ਸੁਪਰੀਮ ਕੋਰਟ ਨੇ ਇਸ ਉਤੇ ਵੀ ਰੋਕ ਲਗਾ ਦਿੱਤੀ।

15 ਨਵੰਬਰ ਨੂੰ ਪੰਜਾਬ ਮੰਤਰੀ ਮੰਡਲ ਨੇ ਲਗਭਗ 214 ਕਿਲੋਮੀਟਰ ਲੰਬੀ ਇਸ ਨਹਿਰ ਲਈ ਗ੍ਰਹਿਣ ਕੀਤੀ 5376 ਏਕੜ ਜ਼ਮੀਨ ਡੀ-ਨੋਟੀਫਾਈ ਕਰ ਕੇ ਕਿਸਾਨਾਂ ਨੂੰ ਵਾਪਸ ਦੇਣ ਦਾ ਫੈਸਲਾ ਕਰ ਦਿੱਤਾ ਜੋ ਅਜੇ ਤੱਕ ਬਰਕਰਾਰ ਮੰਨਿਆ ਜਾ ਰਿਹਾ ਹੈ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਸੰਸਦ ਮੈਂਬਰੀ ਤੋਂ ਅਸਤੀਫਾ ਦਿੰਦਿਆਂ ਕਾਂਗਰਸੀ ਵਿਧਾਇਕਾਂ ਤੋਂ ਵੀ ਅਸਤੀਫੇ ਦਿਵਾ ਦਿੱਤੇ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## Public Notice

### Change of Name

I ONKAR SINGH, son of Harbhajan Singh, holder of Indian Passport No. G0881635 issued at Jalandhar on Nov 21, 2006, permanent resident of Village Mehrampur, PO Khankhana, PS Banga, Distt. Nawanshahr (now Shaheed Bhagat Singh Nagar), Punjab 144505, India, presently living at 12200 SE 221st St, Kent, WA 98031, USA have changed my name from ONKAR SINGH to ONKAR SINGH LEHAL with immediate effect. All concerned please note.

### Change of Name

I RAVINDER KAUR, daughter of Gurdev Singh, holder of Indian Passport No. G0702468 issued at Jalandhar on Nov 14, 2006, permanent resident of Village Mehrampur, PO Khankhana, PS Banga, Distt Nawanshahr (now Shaheed Bhagat Singh Nagar) Punjab 144505, India, presently living at 12200 SE 221st St, Kent, WA 98031, USA have changed my name from RAVINDER KAUR to RAVINDER KAUR LEHAL with immediate effect. All concerned please note.


# ਸਹੂਲਤਾਂ ਪੱਖੋਂ ਬੱਸ ਅੱਡੇ ਤੋਂ ਵੀ ਗਿਆ ਗੁਜ਼ਰਿਆ ਬਠਿੰਡੇ ਦਾ ਹਵਾਈ ਅੱਡਾ

**ਬਠਿੰਡਾ:** ਬਠਿੰਡੇ ਦਾ ਹਵਾਈ ਅੱਡਾ ਕੇਂਦਰ ਅਤੇ ਪੰਜਾਬ ਸਰਕਾਰ ਦੀ ਸਵੱਲੀ ਨਜ਼ਰ ਲਈ ਤਰਸ ਰਿਹਾ ਹੈ। ਮੁਸਾਫਰਾਂ ਦਾ ਕਹਿਣਾ ਹੈ ਕਿ ਸਹੂਲਤਾਂ ਪੱਖੋਂ ਹਵਾਈ ਅੱਡੇ ਦਾ ਬਠਿੰਡਾ ਦੇ ਬੱਸ ਅੱਡੇ ਨਾਲੋਂ ਵੀ ਮਾੜਾ ਹਾਲ ਹੈ। ਹਵਾਈ ਅੱਡੇ ਵਿਚ ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਤੇ ਪਿੰਡ ਵਿਰਕ ਕਲਾਂ ਦੇ ਸਰਕਾਰੀ ਆਰ.ਓ. ਪਲਾਂਟ ਤੋਂ ਕੇਨੀਆਂ ਵਿਚ ਇਥੇ ਪਾਣੀ ਲਿਆਉਣਾ ਪੈਂਦਾ ਹੈ। ਜਲ ਸਪਲਾਈ ਵਿਭਾਗ ਨੇ ਹਵਾਈ ਅੱਡੇ ਤੱਕ ਕੋਈ ਪਾਈਪ ਲਾਈਨ ਨਹੀਂ ਪਾਈ ਹੈ।

ਪੰਜਾਬ ਸਰਕਾਰ ਨੇ ਸੰਨ 2016 ਵਿਚ 11 ਦਸੰਬਰ ਨੂੰ ਇਸ ਹਵਾਈ ਅੱਡੇ ਨੂੰ ਚਾਲੂ ਕੀਤਾ ਸੀ ਅਤੇ ਏਅਰ ਇੰਡੀਆ ਦੀ ਅਲਾਇੰਸ ਏਅਰ ਵੱਲੋਂ ਬਠਿੰਡਾ-ਦਿੱਲੀ ਉਡਾਣ ਸ਼ੁਰੂ ਕੀਤੀ ਗਈ, ਜਿਹੜੀ ਮੰਗਲਵਾਰ, ਵੀਰਵਾਰ ਅਤੇ ਸ਼ਨਿਚਰਵਾਰ ਨੂੰ ਚੱਲਦੀ ਹੈ। ਇਥੇ ਪੁੱਜਣ ਅਤੇ ਜਾਣ ਵਾਲੇ ਯਾਤਰੀਆਂ ਲਈ ਜਿਹੜੇ ਹਾਲ ਬਣਾਏ ਗਏ ਹਨ, ਉਨ੍ਹਾਂ ਵਿਚ ਏਸੀ ਨਹੀਂ ਲਾਇਆ ਗਿਆ ਅਤੇ ਨਾ ਹੀ ਕੋਈ ਖਾਣ ਪੀਣ ਦੀਆਂ ਚੀਜ਼ਾਂ ਵਾਲੀ ਸਟਾਲ ਹੈ। ਪਿੰਡ ਵਿਰਕ ਕਲਾਂ ਦਾ ਇਕ ਵਿਅਕਤੀ ਹਵਾਈ ਅੱਡੇ ਦੇ ਬਾਹਰ ਚਾਹ ਦੀ ਰੇਹੜੀ ਲਾਉਂਦਾ ਸੀ, ਪਰ ਉਸ ਨੇ ਵੀ ਕੰਮ ਬੰਦ ਕਰ ਦਿੱਤਾ ਹੈ। ਹਵਾਈ ਅੱਡੇ ਨੂੰ ਜਾਂਦੀ ਸੜਕ ਦਾ ਹਾਲ ਵੀ ਮੰਦਾ ਹੈ ਤੇ ਇਥੇ ਕਿਸੇ ਟੈਕਸੀ ਦਾ ਵੀ ਪ੍ਰਬੰਧ ਨਹੀਂ ਹੈ। ਇਹ ਹਵਾਈ ਅੱਡਾ ਪਿੰਡ ਵਿਰਕ ਕਲਾਂ ਦੀ ਜ਼ਮੀਨ 'ਤੇ ਹੀ ਬਣਾਇਆ ਗਿਆ ਹੈ।

ਹਾਲੇ ਤੱਕ ਉਡਾਣ ਸਫਲ ਰਹੀ ਹੈ ਅਤੇ ਕਰੀਬ 60 ਸੀਟਾਂ ਦੀ ਔਸਤਨ ਬੁਕਿੰਗ ਆ ਰਹੀ ਹੈ। ਮੁਸਾਫਰ ਫੋਨ ਕਰ ਕੇ ਹੀ ਟੈਕਸੀ ਮੰਗਵਾਉਂਦੇ ਹਨ ਤੇ ਗੱਡੀਆਂ ਲਈ ਸਾਈਨ ਬੋਰਡ ਵੀ ਨਹੀਂ ਲਾਏ ਗਏ। ਹਵਾਈ ਅੱਡੇ ਵਿਚ ਕੋਈ ਮੈਡੀਕਲ ਸਹੂਲਤ ਨਹੀਂ ਦਿੱਤੀ ਗਈ। ਸੂਤਰਾਂ ਮੁਤਾਬਕ ਬਹੁਤੀਆਂ ਸਹੂਲਤਾਂ ਏਅਰਪੋਰਟ ਅਥਾਰਟੀ ਨੇ ਦੇਣੀਆਂ ਸਨ, ਜਿਸ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ।

## ਪਹਿਲੀ ਦਿੱਲੀ-ਵਾਸ਼ਿੰਗਟਨ ਸਿੱਧੀ ਉਡਾਣ ਸ਼ੁਰੂ

**ਵਾਸ਼ਿੰਗਟਨ:** ਦਿੱਲੀ ਤੋਂ ਵਾਸ਼ਿੰਗਟਨ ਡੀ.ਸੀ. ਦੀ ਸਿੱਧੀ ਉਡਾਣ ਡਲੈੱਸ ਕੌਮਾਂਤਰੀ ਹਵਾਈ ਅੱਡੇ ਉਤੇ ਉਤਰੀ। ਇਸ ਨਾਲ ਵਿਸ਼ਵ ਦੀਆਂ ਦੋ ਸਭ ਤੋਂ ਵੱਡੀਆਂ ਜਮਹੂਰੀਅਤਾਂ ਦੀਆਂ ਰਾਜਧਾਨੀਆਂ ਆਪਸ ਵਿਚ ਜੁੜ ਗਈਆਂ। ਇਥੇ ਪੁੱਜਣ ਉਤੇ ਇਸ ਉਡਾਣ ਏਆਈ 103 ਨੂੰ ਜਲ ਤੋਪਾਂ ਦੀ ਸਲਾਮੀ ਦਿੱਤੀ ਗਈ ਅਤੇ ਰਸਮੀ ਪ੍ਰਾਰਥਨਾ ਕੀਤੀ ਗਈ।



ਅਮਰੀਕਾ ਵਿਚ ਭਾਰਤੀ ਸਫੀਰ ਨਵਤੇਜ ਸਰਨਾ, ਏਅਰ ਇੰਡੀਆ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਅਸ਼ਵਨੀ ਲੋਹਾਨੀ ਅਤੇ ਕਮਰਸ਼ੀਅਲ ਡਾਇਰੈਕਟਰ ਪੰਕਜ ਸ੍ਰੀਵਾਸਤਵ ਵਾਸ਼ਿੰਗਟਨ ਲਈ ਇਸ ਪਹਿਲੀ ਸਿੱਧੀ ਉਡਾਣ ਦੇ ਯਾਤਰੀਆਂ ਵਿਚ ਸ਼ਾਮਲ ਸਨ। ਅਮਰੀਕਾ ਲਈ ਇਸ ਨਵੀਂ ਸਿੱਧੀ ਉਡਾਣ ਲਈ ਏਅਰ ਇੰਡੀਆ ਨੇ ਆਪਣਾ 238 ਸੀਟਾਂ ਵਾਲਾ ਬੋਇੰਗ 777-200 ਐਲਆਰ ਜਹਾਜ਼ ਲਾਇਆ ਹੈ। ਇਸ ਜਹਾਜ਼ ਵਿਚ ਪਹਿਲੇ ਦਰਜੇ ਦੀਆਂ ਅੱਠ ਸੀਟਾਂ, ਬਿਜ਼ਨਸ ਕਲਾਸ ਦੀਆਂ 35 ਅਤੇ ਇਕੌਨਮੀ ਕਲਾਸ ਦੀਆਂ 195 ਸੀਟਾਂ ਹਨ। ਏਅਰਲਾਈਨ ਦੇ ਬੁਲਾਰੇ ਅਨੁਸਾਰ 9 ਤੋਂ 17 ਜੁਲਾਈ ਵਿਚਕਾਰ ਇਸ ਰੂਟ ਉਤੇ 321 ਸੀਟਾਂ ਵਾਲਾ ਜਹਾਜ਼ ਬੋਇੰਗ 777-300 ਈਆਰ ਉਡਾਇਆ ਜਾਵੇਗਾ।

## ਏਅਰ ਇੰਡੀਆ ਦੀ ਲਾਸ ਏਂਜਲਸ ਤੇ ਹਿਊਸਟਨ ਤੋਂ ਉਡਾਣ

**ਵਾਸ਼ਿੰਗਟਨ:** ਦਿੱਲੀ ਤੋਂ ਵਾਸ਼ਿੰਗਟਨ ਡੀਸੀ ਲਈ ਪਹਿਲੀ ਸਿੱਧੀ ਉਡਾਣ ਭਰਨ ਤੋਂ ਬਾਅਦ ਏਅਰ ਇੰਡੀਆ ਨੇ ਕਿਹਾ ਹੈ ਕਿ ਇਸ ਵੱਲੋਂ ਲਾਸ ਏਂਜਲਸ ਅਤੇ ਹਿਊਸਟਨ ਨੂੰ ਨਵੇਂ ਟਿਕਾਣਿਆਂ ਵਜੋਂ ਸ਼ਾਮਲ ਕਰ ਕੇ ਅਮਰੀਕਾ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਯੋਜਨਾ ਹੈ। ਲਾਸ ਏਂਜਲਸ ਲਈ ਸਿੱਧੀ ਉਡਾਣ ਅਕਤੂਬਰ ਤੋਂ ਸ਼ੁਰੂ ਹੋਣ ਦੀ ਉਮੀਦ ਹੈ ਜਦਕਿ ਹਿਊਸਟਨ ਜਾਂ ਡਲਾਸ ਲਈ ਸਿੱਧੀ ਉਡਾਣ ਲਈ ਅਜੇ ਤਰੀਕ ਤੈਅ ਨਹੀਂ ਕੀਤੀ ਗਈ।


## Matrimonial

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 33 years of age. Please contact: jsnov1973@aol.com 28/4

ਗੁਰਸਿੱਖ ਲੜਕੇ, ਮਕੈਨੀਕਲ ਇੰਜੀਨੀਅਰ 24 ਸਾਲ ਕੱਦ 5'8" ਲਈ ਅਮਰੀਕਾ ਜਾਂ ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਸੰਤ ਬਾਬਾ ਹਰਿਮੰਦਰ ਸਿੰਘ 91-73557-00013 or hs0013munday@gmail.com 24-27

### ਲੜਕੇ ਦੀ ਲੋੜ ਹੈ

Wanted well educated, settled, US citizen/Green card holder match for Sikh/Aurora girl 35 yrs, 5'-2" (divorcee, issueless) beautiful, family oriented, educated visiting USA. Boy can be Sikh/Hindu Punjabi (clean shaven). Please send photograph and bio data at juneja0414@gmail.com 28-31

**Punjab Times**
*Ph: 847-359-0746*
***punjabtimesusa.com***


## ਪਾਕਿਸਤਾਨ 'ਚ ਅਣਖ ਖਾਤਰ ਭੈਣ ਦਾ ਕਤਲ

**ਲਾਹੌਰ:** ਪਾਕਿਸਤਾਨੀ ਪੰਜਾਬ ਵਿਚ ਇਕ ਭਰਾ ਨੇ ਆਪਣੀ ਭੈਣ ਵੱਲੋਂ ਆਪਣੀ ਪਸੰਦ ਦੇ ਵਿਅਕਤੀ ਨਾਲ ਵਿਆਹ ਕਰਵਾਉਣ ਕਰ ਕੇ ਉਸ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਹੈ।

ਨਾਜ਼ੀਆ ਪਿਛਲੇ ਮਹੀਨੇ ਸ਼ੇਰਕੋਟ ਇਲਾਕੇ ਦੇ ਇਕ ਵਿਅਕਤੀ ਨਾਲ ਪਰਿਵਾਰ ਦੀ ਮਰਜ਼ੀ ਖਿਲਾਫ਼ ਚਲੀ ਗਈ ਸੀ। ਨਾਜ਼ੀਆ ਦੇ ਭਰਾ ਮੁਹੰਮਦ ਇਸ਼ਾਕ ਨੇ ਵਿਅਕਤੀ 'ਤੇ ਉਸ ਨੂੰ ਅਗਵਾ ਕਰਨ ਦਾ ਦੋਸ਼ ਲਾਉਂਦਿਆਂ ਉਸ ਦੇ ਲਾਪਤਾ ਹੋਣ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ ਪਰ ਬਾਅਦ 'ਚ ਦੋਵਾਂ ਪਰਿਵਾਰਾਂ ਦੀ ਰਜ਼ਾਮੰਦੀ ਤੇ ਨਾਜ਼ੀਆ ਦੇ ਘਰ ਵਾਪਸ ਆਉਣ ਮਗਰੋਂ ਉਸ ਨੇ ਆਪਣੀ ਸ਼ਿਕਾਇਤ ਵਾਪਸ ਲੈ ਲਈ ਸੀ। ਕੁਝ ਦਿਨ ਬਾਅਦ ਇਸ਼ਾਕ ਨੇ ਅਣਖ ਖਾਤਰ ਨਾਜ਼ੀਆ ਦਾ ਕਤਲ ਕਰ ਦਿੱਤਾ।


# Liquor store for Lease/Sale

**Well established liquor, Beer-wine store near WMU in Kalamazoo, Michigan.**
**Only 3 years old, new equipment.**
**Nice neighborhood**
**$100,000+/monthly sales +lotto ATM.**
**$5000/ monthly total rent,**
**lease available 7 years or 15 years.**
**Call: 269- 806-2801**

# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**
*www.princebarbershop.com*



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

## ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email:
Homeomedicine@yahoo.com

**7021 Village Park Way, Dublin, CA 94568**

# ਹਲਵਾਈ, ਵੈਸ਼ਨੂੰ ਕੁੱਕ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਵੈਸ਼ਨੂੰ ਕੁੱਕ ਤੇ ਡੋਸਾ ਮੇਕਰ
ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

**ਸੰਪਰਕ ਕਰੋ**
**ਮੁਖਤਿਆਰ ਸਿੰਘ, ਫੋਨ: 713-884-9547**
**ਸੁਖਦੇਵ ਸਿੰਘ, ਫੋਨ: 832-724-1635**

11-

# ਜੀ 20: ਵਪਾਰ ਤੇ ਨਿਵੇਸ਼ ਲਈ ਮੁਆਫਕ ਮਾਹੌਲ ਬਣਾਉਣ ਦਾ ਸੱਦਾ



**ਹੈਮਬਰਗ:** ਜੀ20 ਸੰਮੇਲਨ ਦੌਰਾਨ ਵਿਸ਼ਵ ਦੇ 20 ਵਿਕਸਤ ਤੇ ਵਿਕਾਸਸ਼ੀਲ ਮੁਲਕਾਂ ਦੇ ਆਗੂਆਂ ਨੇ ਬਾਜ਼ਾਰ ਖੋਲ੍ਹਣ, ਨਾਜਾਇਜ਼ ਵਪਾਰਕ ਕਵਾਇਦਾਂ ਤੇ ਰੱਖਿਆਵਾਦੀ ਪਹੁੰਚ ਨੂੰ ਨੱਥ ਪਾਉਣ ਦਾ ਅਹਿਦ ਲਿਆ। ਇਸ ਦੌਰਾਨ ਸਨਅਤੀ ਖੇਤਰਾਂ ਵਿਚ ਵਾਧੂ ਸਮਰੱਥਾ ਨਾਲ ਨਜਿੱਠਣ ਲਈ ਆਲਮੀ ਸਹਿਯੋਗ ਦੀ ਮੰਗ ਕਰਦਿਆਂ ਬਾਜ਼ਾਰ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸਬਸਿਡੀਆਂ ਦੇ ਖਾਤਮੇ ਦਾ ਵੀ ਸੱਦਾ ਦਿੱਤਾ ਗਿਆ।

ਆਗੂਆਂ ਨੇ ਕਿਹਾ ਕਿ ਉਹ ਵਪਾਰ ਤੇ ਨਿਵੇਸ਼ ਲਈ ਮੁਆਫਕ ਮਾਹੌਲ ਨੂੰ ਉਤਸ਼ਾਹਤ ਕਰਨਗੇ। ਡਿਜੀਟਲਾਈਜੇਸ਼ਨ ਨੇ ਨੌਕਰੀਆਂ ਦੇ ਨਵੇਂ ਮੌਕੇ ਪੈਦਾ ਕੀਤੇ ਹਨ ਪਰ ਭਵਿੱਖੀ ਕੰਮਾਂ ਲਈ ਲੋੜੀਂਦਾ ਹੁਨਰ ਵਿਕਸਤ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਆਗੂਆਂ ਨੇ ਆਈ.ਐਮ.ਐਫ. ਕੋਟਾ ਸੁਧਾਰ ਮੁਕੰਮਲ ਕਰਨ ਅਤੇ 2019 ਤੱਕ ਨਵਾਂ ਕੋਟਾ ਫਾਰਮੂਲਾ ਬਣਾਉਣ ਉਤੇ ਜ਼ੋਰ ਦਿੱਤਾ। ਉਨ੍ਹਾਂ ਮੰਨਿਆ ਕਿ ਵਿੱਤੀ ਸਥਿਰਤਾ ਲਈ ਸੂਚਨਾ ਤੇ ਸੰਚਾਰ ਤਕਨਾਲੋਜੀਆਂ ਦੀ ਦੁਰਵਰਤੋਂ ਖਤਰੇ ਖੜ੍ਹੇ ਕਰ ਸਕਦੀ ਹੈ। ਇਸ ਦੇ ਨਾਲ ਹੀ ਕੌਮਾਂਤਰੀ ਸਹਿਯੋਗ ਅਤੇ ਤਕਨੀਕੀ ਮਦਦ ਨਾਲ ਭ੍ਰਿਸ਼ਟਾਚਾਰ ਨਾਲ ਲੜਨ ਦਾ ਵੀ ਅਹਿਦ ਲਿਆ ਗਿਆ। ਜੀ20 ਮੁਲਕਾਂ ਦੇ ਆਗੂ ਅਗਲੀ ਮੀਟਿੰਗ 2018 ਵਿਚ ਅਰਜਨਟੀਨਾ ਵਿਚ ਕਰਨ ਉਤੇ ਵੀ ਸਹਿਮਤ ਹੋਏ, ਜਦੋਂ ਕਿ 2019 ਦੀ ਇਕੱਤਰਤਾ ਜਾਪਾਨ ਅਤੇ 2020 ਦੀ ਸਾਊਦੀ ਅਰਬ ਵਿਚ ਕਰਵਾਉਣ ਬਾਰੇ ਆਮ ਰਾਇ ਬਣੀ।

ਨਰੇਂਦਰ ਮੋਦੀ ਨੇ ਐਚ-1ਬੀ ਵੀਜ਼ਾ ਨੂੰ ਲੈ ਕੇ ਪ੍ਰਗਟਾਈ ਜਾ ਰਹੀ ਚਿੰਤਾ ਵਿਚਾਲੇ ਜੀ-20 ਦੇ ਮੈਂਬਰ ਦੇਸ਼ਾਂ ਨੂੰ ਇਕ-ਦੂਸਰੇ ਦੇ ਦੇਸ਼ਾਂ ਵਿਚ ਰੁਜ਼ਗਾਰ ਦੀ ਤਲਾਸ਼ ਵਿਚ ਆਉਣ ਵਾਲੇ ਲੋਕਾਂ ਦੀ ਆਵਾਜਾਈ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਇਹ ਇਨ੍ਹਾਂ ਦੇਸ਼ਾਂ ਦੇ ਹਿੱਤ 'ਚ ਹੋਵੇਗਾ। ਸੰਮੇਲਨ ਵਿਚ ਅਤਿਵਾਦ-ਵਿਰੋਧੀ ਚਰਚਾਵਾਂ 'ਤੇ ਭਾਰਤ ਦਾ ਵੱਡਾ ਪ੍ਰਭਾਵ ਸੀ ਅਤੇ ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਯੂਰਪੀਅਨ ਨੇਤਾਵਾਂ ਨਾਲ ਪ੍ਰਮੁੱਖ ਮੁੱਦਿਆਂ ਨੂੰ ਚੁੱਕਿਆ। ਸੰਮੇਲਨ ਲਈ ਭਾਰਤ ਦੇ ਪ੍ਰਤੀਨਿਧੀ ਅਰਵਿੰਦ ਪਨਗੜ੍ਹੀਆ ਨੇ ਦੱਸਿਆ ਕਿ ਜੀ-20 'ਚ ਅਤਿਵਾਦ ਖਿਲਾਫ ਚਰਚਾਵਾਂ 'ਚ ਭਾਰਤ ਦਾ ਵੱਡਾ ਅਸਰ ਸੀ ਅਤੇ ਭਾਰਤ ਨੇ ਵਪਾਰ ਅਤੇ ਨਿਵੇਸ਼, ਪ੍ਰਵਾਸ ਤੇ ਜਲਵਾਯੂ ਬਦਲਾਅ ਮੁੱਦਿਆਂ 'ਤੇ ਗੱਲਬਾਤ 'ਚ ਅਹਿਮ ਭੂਮਿਕਾ ਨਿਭਾਈ।

### ਪੈਰਿਸ ਸਮਝੌਤੇ ਖਿਲਾਫ ਇਕੱਲਾ ਪਿਆ ਅਮਰੀਕਾ

**ਹੈਮਬਰਗ:** ਪੈਰਿਸ ਜਲਵਾਯੂ ਸਮਝੌਤੇ ਨੂੰ 'ਅਟੱਲ' ਕਰਾਰ ਦਿੰਦਿਆਂ ਭਾਰਤ ਨੇ ਆਲਮੀ ਤਪਸ਼ ਖ਼ਿਲਾਫ਼ ਲੜਾਈ ਦਾ ਸਮਰਥਨ ਕਰਦਿਆਂ ਜੀ-20 ਗਰੁੱਪ ਦੇ 18 ਹੋਰ ਮੈਂਬਰਾਂ ਨਾਲ ਹੱਥ ਮਿਲਾ ਲਿਆ ਹੈ। ਇਸ ਨਾਲ ਅਮਰੀਕਾ, ਜੋ ਇਸ ਸਮਝੌਤੇ ਵਿਚੋਂ ਬਾਹਰ ਹੋ ਗਿਆ ਸੀ, ਇਕੱਲਾ ਰਹਿ ਗਿਆ ਹੈ। ਜਰਮਨ ਦੀ ਚਾਂਸਲਰ ਐਂਜਲਾ ਮਰਕਲ ਨੇ ਕਿਹਾ ਕਿ ਅਮਰੀਕਾ ਪੈਰਿਸ ਜਲਵਾਯੂ ਸਮਝੌਤੇ ਦੇ ਖ਼ਿਲਾਫ਼ ਹੀ ਰਿਹਾ ਜਦਕਿ ਬਾਕੀ ਸਾਰੇ ਮੈਂਬਰ ਦੇਸ਼ਾਂ ਨੇ ਉਕਤ ਸਮਝੌਤੇ 'ਤੇ ਮਜ਼ਬੂਤ ਸਮਰਥਨ ਵਿਖਾਇਆ। ਦੱਸਣਯੋਗ ਹੈ ਕਿ ਬੀਤੀ ਜੂਨ ਨੂੰ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਪੈਰਿਸ ਜਲਵਾਯੂ ਸਮਝੌਤੇ ਤੋਂ ਹਟਣ ਦਾ ਐਲਾਨ ਕੀਤਾ ਸੀ।

# ਸੰਯੁਕਤ ਰਾਸ਼ਟਰ ਵੱਲੋਂ ਪਰਮਾਣੂ ਹਥਿਆਰਾਂ ਉਤੇ ਪਾਬੰਦੀ ਬਾਰੇ ਸਮਝੌਤਾ ਪ੍ਰਵਾਨ

United Nations

**ਸੰਯੁਕਤ ਰਾਸ਼ਟਰ:** ਦੁਨੀਆਂ ਦੇ 120 ਮੁਲਕਾਂ ਨੇ ਸੰਯੁਕਤ ਰਾਸ਼ਟਰ ਵਿਚ ਪਰਮਾਣੂ ਹਥਿਆਰਾਂ ਉਤੇ ਪਾਬੰਦੀ ਬਾਰੇ ਪਹਿਲੇ ਆਲਮੀ ਸਮਝੌਤੇ ਨੂੰ ਸਵੀਕਾਰ ਕਰਨ ਦੇ ਪੱਖ ਵਿਚ ਵੋਟ ਪਾਈ। ਹਾਲਾਂਕਿ ਭਾਰਤ ਸਣੇ ਹੋਰ ਪਰਮਾਣੂ ਤਾਕਤਾਂ ਨੇ ਅਜਿਹੇ ਹਥਿਆਰਾਂ ਦੀ ਮਨਾਹੀ ਲਈ ਕਾਨੂੰਨੀ ਤੌਰ ਉਤੇ ਬੰਧੇਜ ਵਾਲੇ ਇਸ ਦਸਤਾਵੇਜ਼ ਲਈ ਗੱਲਬਾਤ ਦਾ ਬਾਈਕਾਟ ਕੀਤਾ।

ਪਰਮਾਣੂ ਨਿਸ਼ਸਤਰੀਕਰਨ ਲਈ ਕਾਨੂੰਨੀ ਬੰਧੇਜ ਵਾਲੇ ਆਪਣੀ ਤਰ੍ਹਾਂ ਦੇ ਇਸ ਪਹਿਲੇ ਸਮਝੌਤੇ ਨੂੰ ਗਰਮਜੋਸ਼ੀ ਨਾਲ ਸਵੀਕਾਰ ਕੀਤਾ ਗਿਆ। ਇਸ ਸਮਝੌਤੇ ਦੇ ਪੱਖ ਵਿਚ 122 ਵੋਟਾਂ ਪਈਆਂ, ਜਦੋਂ ਕਿ ਨੀਦਰਲੈਂਡਜ਼ ਨੇ ਵਿਰੋਧ ਵਿਚ ਵੋਟ ਪਾਈ ਅਤੇ ਸਿੰਗਾਪੁਰ ਵੋਟਿੰਗ ਤੋਂ ਗ਼ੈਰਹਾਜ਼ਰ ਰਿਹਾ। ਭਾਰਤ, ਅਮਰੀਕਾ, ਰੂਸ, ਬਰਤਾਨੀਆ, ਚੀਨ, ਫਰਾਂਸ, ਪਾਕਿਸਤਾਨ, ਉਤਰੀ ਕੋਰੀਆ ਅਤੇ ਇਜ਼ਰਾਈਲ ਨੇ ਗੱਲਬਾਤ ਵਿਚ ਹਿੱਸਾ ਨਹੀਂ ਲਿਆ। ਇਸ ਸਮਝੌਤੇ ਦੇ ਬੁਨਿਆਦੀ ਪੱਖਾਂ ਬਾਰੇ ਇਸ ਸਾਲ ਮਾਰਚ ਵਿਚ ਚਰਚਾ ਹੋਈ ਸੀ। ਪਰਮਾਣੂ ਹਥਿਆਰਾਂ ਦੀ ਮਨਾਹੀ ਨੂੰ ਕਾਨੂੰਨੀ ਬੰਧੇਜ ਦਾ ਜਾਮਾ ਪਹਿਨਾਉਣ ਲਈ ਕਾਨਫਰੰਸ ਸੱਦਣ ਵਾਸਤੇ ਪਿਛਲੇ ਸਾਲ ਅਕਤੂਬਰ ਵਿਚ 120 ਤੋਂ ਵੱਧ ਮੁਲਕਾਂ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿਚ ਮਤਾ ਪਾਇਆ ਸੀ। ਮਤੇ ਉਤੇ ਵੋਟਿੰਗ ਵੇਲੇ ਭਾਰਤ ਗ਼ੈਰਹਾਜ਼ਰ ਰਿਹਾ ਸੀ।

ਅਕਤੂਬਰ ਵਿਚ ਇਸ ਮਤੇ ਤੋਂ ਦੂਰ ਰਹਿਣ ਬਾਰੇ ਆਪਣੇ 'ਵੋਟਿੰਗ ਸਪੱਸ਼ਟੀਕਰਨ' ਵਿਚ ਭਾਰਤ ਨੇ ਕਿਹਾ ਸੀ ਕਿ ਉਸ ਨੂੰ ਇਹ ਭਰੋਸਾ ਨਹੀਂ ਹੈ ਕਿ ਪ੍ਰਸਤਾਵਿਤ ਕਾਨਫਰੰਸ, ਪਰਮਾਣੂ ਨਿਸ਼ਸਤਰੀਕਰਨ ਬਾਰੇ ਕੌਮਾਂਤਰੀ ਭਾਈਚਾਰੇ ਦੀ ਵਿਆਪਕ ਦਸਤਾਵੇਜ਼ ਲਈ ਤਾਂਘ ਨੂੰ ਪੂਰੀ ਕਰ ਸਕੇਗੀ। ਭਾਰਤ ਨੇ ਦੁਹਰਾਇਆ ਕਿ 'ਜੇਨੇਵਾ ਆਧਾਰਤ ਕਾਨਫਰੰਸ ਆਨ ਡਿਸਆਰਮਾਮੈਂਟ' ਹੀ ਇਕੋ ਇਕ ਬਹੁ-ਧਿਰੀ ਨਿਸ਼ਸਤਰੀਕਰਨ ਫੋਰਮ ਹੈ। ਭਾਰਤ ਦਾ ਕਹਿਣਾ ਹੈ ਕਿ ਪਰਮਾਣੂ ਹਥਿਆਰਾਂ ਦੇ ਆਲਮੀ ਪੱਧਰ ਉਤੇ ਖਾਤਮੇ ਲਈ ਇਸ ਦੀ ਕੌਮਾਂਤਰੀ ਪੜਤਾਲ ਬੇਹੱਦ ਜ਼ਰੂਰੀ ਹੈ, ਜਦੋਂ ਕਿ ਮੌਜੂਦਾ ਪ੍ਰਕਿਰਿਆ ਵਿਚ ਪੜਤਾਲ ਵਾਲਾ ਪਹਿਲੂ ਸ਼ਾਮਲ ਨਹੀਂ ਹੈ। ਇਸ ਸਮਝੌਤੇ ਨੂੰ ਸਤੰਬਰ ਵਿਚ ਦਸਤਖਤ ਲਈ ਸੰਯੁਕਤ ਰਾਸ਼ਟਰ ਹੈੱਡ ਕੁਆਰਟਰਜ਼ ਵਿਚ ਰੱਖਿਆ ਜਾਵੇਗਾ ਅਤੇ ਘੱਟੋ ਘੱਟ 50 ਮੁਲਕਾਂ ਵੱਲੋਂ ਇਸ ਦੀ ਤਸਦੀਕ ਕਰਨ ਮਗਰੋਂ ਇਹ 90 ਦਿਨਾਂ ਵਿਚ ਲਾਗੂ ਹੋ ਜਾਵੇਗਾ।

### ਜਲਵਾਯੂ ਤਬਦੀਲੀ ਖਿਲਾਫ ਜੰਗ ਵਿਚ ਭਾਰਤ ਮੋਹਰੀ

**ਵਾਸ਼ਿੰਗਟਨ:** ਸੰਸਾਰ ਬੈਂਕ ਨੇ ਕਿਹਾ ਕਿ ਜਲਵਾਯੂ ਤਬਦੀਲੀ ਖਿਲਾਫ ਆਲਮੀ ਜੰਗ ਵਿਚ ਭਾਰਤ ਮੋਹਰੀ ਵਜੋਂ ਉਭਰ ਰਿਹਾ ਹੈ ਅਤੇ ਇਸ ਏਸ਼ਿਆਈ ਮੁਲਕ ਵਿਚ ਕੋਲੇ ਦੀ ਜਗ੍ਹਾ ਹੌਲੀ-ਹੌਲੀ ਸੌਰ ਊਰਜਾ ਆ ਰਹੀ ਹੈ। ਰਿਪੋਰਟ ਵਿਚ ਵਿਸ਼ਵ ਬੈਂਕ ਨੇ ਕਿਹਾ ਕਿ ਸਾਲ 2030 ਤੱਕ ਆਪਣੇ ਲੋਕਾਂ ਨੂੰ 24 ਘੰਟੇ ਬਿਜਲੀ ਸਪਲਾਈ ਲਈ ਸੂਰਜੀ ਊਰਜਾ ਪ੍ਰਤੀ ਵਚਨਬੱਧਤਾ, ਨਵੇਂ ਹੱਲ ਤੇ ਊਰਜਾ ਸਮਰੱਥ ਹੋਣ ਲਈ ਚੁੱਕੇ ਕਦਮਾਂ ਨਾਲ ਭਾਰਤ ਜਲਵਾਯੂ ਤਬਦੀਲੀ ਖ਼ਿਲਾਫ਼ ਆਲਮੀ ਲੜਾਈ ਵਿਚ ਮੋਹਰੀ ਵਜੋਂ ਉਭਰ ਰਿਹਾ ਹੈ।

# ਜੀ.ਐਸ.ਟੀ. ਪਿੱਛੇ ਮੋਦੀ ਦੀ ਹੈ ਇਹ ਮਨਸ਼ਾ...

## ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਦੇ ਤਰਕ ਪਿੱਛੋਂ ਛਿੜੀ ਚਰਚਾ



**ਨਵੀਂ ਦਿੱਲੀ:** ਕਾਂਗਰਸ ਨੇ ਪਹਿਲੀ ਜੁਲਾਈ ਤੋਂ ਲਾਗੂ ਜੀ.ਐਸ.ਟੀ. ਟੈਕਸ ਪ੍ਰਣਾਲੀ ਨੂੰ ਕਮੀਆਂ ਨਾਲ ਭਰਿਆ ਦੱਸਦੇ ਹੋਏ ਕਿਹਾ ਕਿ ਇਹ ਇਕ ਦੇਸ਼, ਇਕ ਟੈਕਸ ਦੀ ਕਲਪਨਾ ਨਾਲ ਮਜ਼ਾਕ ਹੈ। ਸੀਨੀਅਰ ਕਾਂਗਰਸ ਨੇਤਾ ਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਤਿੰਨ ਦੀ ਥਾਂ ਬਹੁਪੱਧਰੀ ਟੈਕਸ ਦਰਾਂ ਨੇ ਜੀ.ਐਸ.ਟੀ. ਦੇ ਮਕਸਦ ਨੂੰ ਵੀ ਖਤਮ ਕਰ ਦਿੱਤਾ ਹੈ। ਜੀ.ਐਸ.ਟੀ. ਦੀਆਂ ਕਮੀਆਂ ਉਤੇ ਸਵਾਲ ਚੁੱਕਣ ਦੇ ਨਾਲ ਹੀ ਚਿਦੰਬਰਮ ਨੇ ਪੈਟਰੋਲੀਅਮ ਉਤਪਾਦਾਂ, ਬਿਜਲੀ ਤੇ ਰੀਅਲ ਅਸਟੇਟ ਨੂੰ ਵੀ ਜੀ.ਐਸ.ਟੀ. ਵਿਚ ਸ਼ਾਮਲ ਕਰਨ ਦੀ ਵਕਾਲਤ ਕੀਤੀ। ਸਾਬਕਾ ਵਿੱਤ ਮੰਤਰੀ ਨੇ ਜੀ.ਐਸ.ਟੀ. ਦੀ ਨਵੀਂ ਵਿਵਸਥਾ 'ਚ ਮਹਿੰਗਾਈ ਵਧਣ ਦੀ ਸੰਭਾਵਨਾ ਜ਼ਾਹਿਰ ਕਰਦੇ ਹੋਏ ਟੈਕਸ ਦਰਾਂ ਘਟਾਉਂਦੇ ਹੋਏ 18 ਫੀਸਦੀ ਦੀ ਜ਼ਿਆਦਾਤਰ ਹੱਦ ਤੈਅ ਕਰਨ ਦੀ ਮੰਗ ਕੀਤੀ।

ਜੀ.ਐਸ.ਟੀ. ਲਾਗੂ ਹੋਣ ਦੇ ਛੇ ਦਿਨ ਦੇਸ਼ 'ਚ ਕਰ ਵਿਵਸਥਾ ਦੇ ਨਵੇਂ ਦੌਰ ਉਤੇ ਇਕ ਪ੍ਰੈਸ ਕਾਨਫਰੰਸ 'ਚ ਚਿਦੰਬਰਮ ਨੇ ਕਾਂਗਰਸ ਦਾ ਇਹ ਅਧਿਕਾਰਕ ਨਜ਼ਰੀਆ ਰੱਖਿਆ। ਉਨ੍ਹਾਂ ਦਾ ਕਹਿਣਾ ਸੀ ਕਿ ਦੇਸ਼ ਜੀ.ਐਸ.ਟੀ. ਲਈ ਹਾਲੇ ਮਾਨਸਿਕ ਤੌਰ 'ਤੇ ਤਿਆਰ ਨਹੀਂ ਸੀ। ਇਸ ਲਈ ਕਾਰੋਬਾਰੀਆਂ ਤੇ ਦੁਕਾਨਦਾਰਾਂ ਵਿਚ ਕਾਫੀ ਚਿੰਤਾ ਤੇ ਹਫੜਾ ਤਫੜੀ ਦਾ ਮਾਹੌਲ ਹੈ।

ਇਸ ਸਥਿਤੀ ਨੂੰ ਟਾਲਣ ਲਈ ਸਰਕਾਰ ਨੂੰ ਸ਼ੁਰੂਆਤ 'ਚ ਦੋ ਮਹੀਨੇ ਲਈ ਪ੍ਰਯੋਗ ਦੇ ਤੌਰ 'ਤੇ ਜੀ.ਐਸ.ਟੀ. ਲਾਗੂ ਕਰਨਾ ਚਾਹੀਦਾ ਸੀ ਤੇ ਪਹਿਲੀ ਸਤੰਬਰ ਤੋਂ ਸੰਪੂਰਨਤਾ ਨਾਲ ਲਾਗੂ ਹੁੰਦਾ ਤਾਂ ਚੰਗਾ ਹੁੰਦਾ। ਚਿਦੰਬਰਮ ਨੇ ਕਿਹਾ ਕਿ ਜੀ.ਐਸ.ਟੀ. ਦੀ ਕਲਪਨਾ 'ਚ ਸਾਰੀਆਂ ਵਸਤੂਆਂ ਤੇ ਸੇਵਾਵਾਂ ਉਤੇ ਇਕ ਟੈਕਸ ਦੀ ਵਿਵਸਥਾ ਦੀ ਤਜਵੀਜ਼ ਸੀ। ਇਸ ਤਹਿਤ ਜੀ.ਐਸ.ਟੀ. ਵਿਚ ਸਿੰਗਲ ਦਰ ਦਾ ਮਤਲਬ ਤਿੰਨ ਟੈਕਸ ਦਰ ਸਟੈਂਡਰਡ ਦਰ, ਸਟੈਂਡਰਡ ਪਲਸ ਦਰ ਤੇ ਸਟੈਂਡਰਡ ਮਾਈਨਸ ਦਰ ਦੀ ਗੱਲ ਸੀ।

ਭਾਜਪਾ ਦੇ ਸੀਨੀਅਰ ਨੇਤਾ ਤੇ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਵੀ ਕਿਹਾ ਕਿ ਅਸੀਂ ਇਸ ਤਰ੍ਹਾਂ ਹੀ ਜੀ.ਐਸ.ਟੀ. ਡਿਜ਼ਾਈਨ ਕਰਨਾ ਚਾਹੁੰਦੇ ਸੀ ਪਰ ਐਨ.ਡੀ.ਏ. ਸਰਕਾਰ ਨੇ ਟੈਕਸ ਦੀਆਂ ਸੱਤ ਦਰਾਂ ਰੱਖੀਆਂ ਹਨ। ਇੰਨਾ ਹੀ ਨਹੀਂ ਸੂਬਿਆਂ ਨੂੰ ਵੱਖ ਤੋਂ ਇਸ ਦੇ ਉਪਰ ਵੀ ਟੈਕਸ ਲਗਾਉਣ ਦੀ ਤਜਵੀਜ਼ ਰੱਖੀ ਹੈ। ਚਿਦੰਬਰਮ ਨੇ ਕਿਹਾ ਕਿ ਇਸ ਲਈ ਮੌਜੂਦਾ ਜੀ.ਐਸ.ਟੀ. ਕਾਨੂੰਨ ਨੂੰ ਉਹ ਇਸ ਦੀ ਬੁਨਿਆਦੀ ਕਲਪਨਾ ਨਾਲ ਕਰੂਰ ਮਜ਼ਾਕ ਮੰਨ ਰਹੇ ਹਨ। ਉਨ੍ਹਾਂ ਕਿਹਾ ਕਿ ਜਦ ਬਹੁਪੱਧਰੀ ਟੈਕਸ ਦਰਾਂ ਹੋਣਗੀਆਂ ਤੇ ਸਰਕਾਰਾਂ ਨੂੰ ਆਪਣਾ ਮਾਲੀਆ ਹਿੱਤ ਸੋਧਣ ਲਈ ਤੇ ਦਰਾਂ ਵਧਾਉਣ ਦੀ ਤਜਵੀਜ਼ ਹੋਵੇਗੀ ਤਾਂ ਇਹ ਭਲਾ ਇਸ ਨੂੰ 'ਇਕ ਦੇਸ਼ ਇਕ ਟੈਕਸ' ਵਾਲੀ ਵਿਵਸਥਾ ਕਿਸ ਤਰ੍ਹਾਂ ਕਹੀ ਜਾ ਸਕਦੀ ਹੈ। ਚਿਦੰਬਰਮ ਨੇ ਜੀ.ਐਸ.ਟੀ. ਦੀ 28 ਤੇ 40 ਫੀਸਦੀ ਦਰਾਂ ਨੂੰ ਵੱਧ ਦੱਸਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਜੀ.ਐਸ.ਟੀ. ਦੀ ਜ਼ਿਆਦਾਤਰ ਹੱਦ 18 ਫੀਸਦੀ ਕਰਨ ਦੀ ਹਮਾਇਤੀ ਹੈ। ਉਨ੍ਹਾਂ ਮੁਤਾਬਕ ਸਰਕਾਰ ਦੇ ਮੁੱਖ ਸਲਾਹਕਾਰ ਦੀ ਰਿਪੋਰਟ 'ਚ ਵੀ ਟੈਕਸ ਦਰਾਂ ਨੂੰ ਇਸ ਤੋਂ ਵੱਧ ਨਾ ਰੱਖਣ ਦੀ ਸਿਫਾਰਸ਼ ਕੀਤੀ ਗਈ ਹੈ।

ਚਿਦੰਬਰਮ ਨੇ ਕਿਹਾ ਕਿ ਜੀ.ਐਸ.ਟੀ. ਦੇ ਦਾਇਰੇ ਤੋਂ ਪੈਟਰੋਲੀਅਮ, ਰੀਅਲ ਅਸਟੇਟ ਤੇ ਬਿਜਲੀ ਨੂੰ ਬਾਹਰ ਰੱਖਣ ਦਾ ਵੀ ਕੋਈ ਤੁਕ ਨਹੀਂ ਬਣਦੀ ਹੈ। ਇਨ੍ਹਾਂ ਨੂੰ ਬਾਹਰ ਰੱਖਣਾ ਵੀ ਜੀ.ਐਸ.ਟੀ. ਦੇ ਟੀਚੇ ਨੂੰ ਖਤਮ ਕਰਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸ਼ਰਾਬ ਨੂੰ ਵੀ ਜੀ.ਐਸ.ਟੀ. 'ਚ ਰੱਖਣ ਉਤੇ ਸੂਬਿਆਂ ਤੋਂ ਕੇਂਦਰ ਨੂੰ ਮਸ਼ਵਰਾ ਕਰਨਾ ਚਾਹੀਦਾ ਹੈ। ਜੀ.ਐਸ.ਟੀ. ਲਾਗੂ ਹੋਣ ਨਾਲ ਅਰਥਚਾਰੇ 'ਤੇ ਅਸਰ ਬਾਰੇ ਚਰਚਾ ਕਰਦੇ ਹੋਏ ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਇਸ ਨਾਲ ਲਘੂ ਮਿਆਦ 'ਚ ਮਹਿੰਗਾਈ ਵਧੇਗੀ।

### ਜੰਮੂ ਕਸ਼ਮੀਰ ਵਿਚ ਵੀ ਜੀ.ਐਸ.ਟੀ. ਲਾਗੂ

**ਸ੍ਰੀਨਗਰ:** ਕਾਂਗਰਸ ਤੇ ਐਨ.ਸੀ. ਦੇ ਵਿਰੋਧ ਦੌਰਾਨ ਜੰਮੂ ਕਸ਼ਮੀਰ ਵਿਧਾਨ ਸਭਾ ਨੇ ਸੂਬੇ ਵਿਚ ਜੀ.ਐਸ.ਟੀ. ਲਾਗੂ ਲਈ ਪ੍ਰਸਤਾਵ ਨੂੰ ਪ੍ਰਵਾਨ ਕਰ ਲਿਆ ਹੈ। ਇਸ ਦੇ ਨਾਲ ਹੀ ਵਸਤਾਂ ਤੇ ਸੇਵਾਵਾਂ ਕਰ ਸਾਰੇ ਸੂਬਿਆਂ ਨੇ ਲਾਗੂ ਕਰ ਦਿੱਤਾ ਹੈ। ਨੈਸ਼ਨਲ ਕਾਨਫਰੰਸ, ਕਾਂਗਰਸ, ਸੀ.ਪੀ.ਆਈ. (ਐਮ) ਅਤੇ ਇਕ ਆਜ਼ਾਦ ਵਿਧਾਇਕ ਦੇ ਵਿਰੋਧ ਪ੍ਰਦਰਸ਼ਨ ਦੇ ਬਾਵਜੂਦ ਦੋ ਦਿਨ ਚਰਚਾ ਬਾਅਦ ਇਸ ਪ੍ਰਸਤਾਵ ਨੂੰ ਜ਼ਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ।

# ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਦੀਆਂ ਤਿਆਰੀਆਂ



**ਅਯੁੱਧਿਆ:** ਅਯੁੱਧਿਆ ਵਿਵਾਦ ਉਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਇੰਤਜ਼ਾਰ ਹੈ ਪਰ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਮੰਦਰ ਬਣਾਉਣ ਦੀ ਤਿਆਰੀ ਸ਼ੁਰੂ ਹੋ ਗਈ ਹੈ। ਪ੍ਰੀਸ਼ਦ ਨੇ ਅਯੁੱਧਿਆ ਵਿਚ ਮੰਦਰ ਬਣਾਉਣ ਲਈ ਤਿੰਨ ਟਰੱਕ ਪੱਥਰ ਮੰਗਵਾਏ ਹਨ। ਇਹ ਪੱਥਰ ਕਾਰ ਸੇਵਕ ਪਰਮ ਵਿਚ ਰਖਵਾਏ ਗਏ ਹਨ।

ਦੱਸ ਦੇਈਏ ਕਿ ਅਯੁੱਧਿਆ ਵਿਚ ਮੰਦਰ ਜਾਂ ਮਸਜਿਦ ਨੂੰ ਲੈ ਕੇ ਵਿਵਾਦ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਹਿੰਦੂ ਪੱਖ ਉਥੇ ਮੰਦਰ ਦਾ ਦਾਅਵਾ ਕਰਦੇ ਹਨ ਜਦੋਂਕਿ ਮੁਸਲਿਮ ਬਾਬਰੀ ਮਸਜਿਦ ਦਾ ਦਾਅਵਾ ਕਰਦੇ ਹਨ। ਫਿਲਹਾਲ ਮਾਮਲਾ ਸੁਪਰੀਮ ਕੋਰਟ ਵਿਚ ਹੈ। ਛੋਟੀ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਸਾਧੂ ਸੰਤ, ਰਾਮ ਨਾਮ ਦਾ ਜਾਪ ਵੀ ਕਰਨ ਲੱਗੇ ਹਨ।

### ਵਿਵਾਦ ਵਾਲੀ ਥਾਂ 'ਤੇ ਨਹੀਂ ਰੱਖੇ ਪੱਥਰ: ਸੁਆਮੀ

**ਨਵੀਂ ਦਿੱਲੀ:** ਜਨਤਾ ਪਾਰਟੀ ਦੇ ਪ੍ਰਧਾਨ ਸੁਬਰਮਣੀਅਮ ਸੁਆਮੀ ਦਾ ਕਹਿਣਾ ਹੈ ਕਿ ਜਿਸ ਜਗ੍ਹਾ ਨੂੰ ਲੈ ਕੇ ਵਿਵਾਦ ਹੈ, ਉਥੇ ਪੱਥਰ ਨਹੀਂ ਰੱਖੇ ਹਨ। ਇਸ ਲਈ ਇਸ ਉਤੇ ਵਿਵਾਦ ਨਹੀਂ ਹੋਣਾ ਚਾਹੀਦਾ। ਦੱਸ ਦੇਈਏ ਕਿ ਪਿਛਲੇ ਮਹੀਨੇ ਵੀ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਾਨੂੰਨਨ ਤੌਰ ਉਤੇ ਵਣਜ ਕਰ ਵਿਭਾਗ ਵੱਲੋਂ ਫਾਰਮ 39 ਦੇ ਪ੍ਰਬੰਧ ਕਰਦੇ ਹੋਏ ਰਾਜਸਥਾਨ ਤੋਂ ਦੋ ਟਰੱਕ ਪੱਥਰਾਂ ਦੀ ਖੇਪ ਤਰਾਸ਼ੀ ਲਈ ਮੰਗਵਾਏ ਸਨ। ਲਾਲ ਪੱਥਰਾਂ ਨਾਲ ਲੱਦੇ ਟਰੱਕ ਰਾਜਸਥਾਨ ਦੇ ਭਰਤਪੁਰ ਤੋਂ ਅਯੁੱਧਿਆ ਪਹੁੰਚੇ ਸਨ।

### ਤਣਾਅ ਪੈਦਾ ਕਰਨ ਦੀ ਕੋਸ਼ਿਸ਼: ਜਿਲਾਨੀ

**ਅਯੁੱਧਿਆ:** ਬਾਬਰੀ ਮਸਜਿਦ ਐਕਸ਼ਨ ਕਮੇਟੀ ਦੇ ਕਨਵੀਨਰ ਜ਼ਫ਼ਰਯਾਬ ਜਿਲਾਨੀ ਦਾ ਕਹਿਣਾ ਹੈ ਕਿ ਪੱਥਰ ਜਮ੍ਹਾਂ ਕਰਨ ਦੇ ਪਿੱਛੇ ਤਣਾਅ ਪੈਦਾ ਕਰਨ ਦੀ ਕੋਸ਼ਿਸ਼ ਹੈ। ਉਹ ਇਹ ਦਰਸਾਉਣਾ ਚਾਹੁੰਦੇ ਹਨ ਕਿ ਉਹ ਇਸ ਮੁੱਦੇ ਉਤੇ ਗੰਭੀਰ ਹਨ।

# ਸਿੱਖ ਨੌਜਵਾਨਾਂ ਦੀਆਂ ਹਿਰਾਸਤੀ ਮੌਤਾਂ 'ਤੇ ਘਿਰੇ ਕੈਪਟਨ

## ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਨੋਟਿਸ

**ਨਵੀਂ ਦਿੱਲੀ:** ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 21 ਸਿੱਖ ਨੌਜਵਾਨਾਂ ਦੇ ਹਿਰਾਸਤੀ ਕਤਲ ਨਾਲ ਸਬੰਧਤ ਮਾਮਲੇ 'ਚ ਨੋਟਿਸ ਜਾਰੀ ਕਰ ਕੇ 4 ਹਫਤਿਆਂ ਵਿਚ ਜਵਾਬ ਦਾਖਲ ਕਰਨ ਦੇ ਹੁਕਮ ਦਿੱਤੇ ਹਨ।

ਕਮਿਸ਼ਨ ਵੱਲੋਂ ਮੁੱਖ ਮੰਤਰੀ ਸਮੇਤ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ ਹੈ। ਦਰਅਸਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ 16 ਜੂਨ 2017 ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ 'ਚ ਪਟੀਸ਼ਨ ਦਾਖਲ ਕਰ ਕੇ ਕੈਪਟਨ ਅਮਰਿੰਦਰ ਸਿੰਘ ਖਿਲਾਫ਼ 21 ਸਿੱਖ ਨੌਜਵਾਨਾਂ ਦੇ ਕਤਲ ਦੀ ਸਾਜ਼ਿਸ਼ ਰਚਣ, ਸੱਚ ਨੂੰ 30 ਸਾਲ ਤੱਕ ਲੁਕਾਉਣ, ਸਬੂਤਾਂ ਨੂੰ ਖੁਰਦ-ਬੁਰਦ ਕਰਨ ਦਾ ਮੌਕਾ ਦੇਣ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਦਾ ਬਚਾਅ ਕਰਨ ਵਰਗੇ ਗੰਭੀਰ ਇਲਜ਼ਾਮਾਂ ਤਹਿਤ ਮੁਕਦਮਾ ਦਰਜ ਕਰਨ ਦੀ ਮੰਗ ਕੀਤੀ ਸੀ।

ਦਿੱਲੀ ਕਮੇਟੀ ਦੀ ਇਸ ਪਟੀਸ਼ਨ 'ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਤੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਦੱਸਣਯੋਗ ਹੈ ਕਿ 17 ਮਈ 2017 ਨੂੰ ਕੈਪਟਨ ਨੇ ਆਪਣੇ ਟਵਿਟਰ ਅਕਾਊਂਟ ਰਾਹੀਂ ਪੰਜਾਬ ਪੁਲਿਸ ਨੂੰ ਹਵਾਲਗੀ ਦੇਣ ਵਾਲੇ 21 ਸਿੱਖ ਨੌਜਵਾਨਾਂ ਦੇ ਕਤਲ ਦਾ ਖੁਲਾਸਾ ਕੀਤਾ ਸੀ, ਜਿਸ ਤੋਂ ਬਾਅਦ ਦਿੱਲੀ ਕਮੇਟੀ ਨੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਹਵਾਲਾ ਦਿੰਦੇ ਹੋਏ ਕਮਿਸ਼ਨ ਦਾ ਬੂਹਾ ਖੜਕਾਇਆ ਸੀ।

ਜੀ.ਕੇ. ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦਾਖਲ ਪਟੀਸ਼ਨ 'ਚ ਪੰਜਾਬ ਪੁਲਿਸ ਦੇ ਡੀ.ਜੀ.ਪੀ., ਸੀ.ਬੀ.ਆਈ. ਡਾਇਰੈਕਟਰ ਤੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਵੀ ਧਿਰ ਬਣਾਇਆ ਗਿਆ ਸੀ ਕਿਉਂਕਿ ਕੈਪਟਨ ਨੇ ਆਪਣੇ ਟਵੀਟ 'ਚ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੀ ਸਲਾਹ ਉਤੇ 21 ਸਿੱਖਾਂ ਵੱਲੋਂ ਪੰਜਾਬ ਪੁਲਿਸ ਨੂੰ ਹਵਾਲਗੀ ਦੇਣ ਦੀ ਜਾਣਕਾਰੀ ਦਿੱਤੀ ਸੀ ਤੇ ਬਾਅਦ 'ਚ ਉਕਤ ਨੌਜਵਾਨਾਂ ਦਾ ਹਿਰਾਸਤ 'ਚ ਕਤਲ ਹੋਣ ਦਾ ਵੀ ਕੈਪਟਨ ਨੇ ਦਾਅਵਾ ਕੀਤਾ ਸੀ। ਜੀ.ਕੇ. ਨੇ ਸਲਾਹ ਦਿੱਤੀ ਹੈ ਕਿ ਕਮਿਸ਼ਨ ਕੋਲ 4 ਹਫਤਿਆਂ 'ਚ ਜਵਾਬ ਦਾਖਲ ਕਰਨ ਤੋਂ ਪਹਿਲਾ ਪੰਜਾਬ ਸਰਕਾਰ ਨੂੰ ਦੋਸ਼ੀ ਤੇ ਪੀੜਤਾਂ ਦੇ ਨਾਂ ਜਨਤਕ ਕਰਦੇ ਹੋਏ ਤੁਰਤ ਐਫ. ਆਈ.ਆਰ. ਦਰਜ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕੈਪਟਨ ਨੇ ਸੂਬੇ ਦੇ ਮੁੱਖ ਮੰਤਰੀ ਵਜੋਂ ਕੀਤੇ ਗਏ ਕਬੂਲਨਾਮੇ ਦੇ ਬਾਵਜੂਦ 21 ਨੌਜਵਾਨਾਂ ਦੇ ਨਾਂ ਦੱਸਣ ਤੋਂ ਪਾਸਾ ਵੱਟ ਲਿਆ ਸੀ, ਜਿਸ ਕਰ ਕੇ ਕਮੇਟੀ ਨੂੰ ਮਨੁੱਖੀ ਅਧਿਕਾਰਾਂ ਦੇ ਹੋਏ ਇਸ ਘਾਣ ਉਤੇ ਪਟੀਸ਼ਨ ਦਾਇਰ ਕਰਨੀ ਪਈ।

## ਬਹਿਬਲ ਗੋਲੀ ਕਾਂਡ ਬਾਰੇ ਕੈਪਟਨ ਤੇ ਬਾਦਲ ਆਹਮੋ-ਸਾਹਮਣੇ



**ਨਵੀਂ ਦਿੱਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਸਾਲ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ਼ ਪ੍ਰਦਰਸ਼ਨਾਂ ਦੌਰਾਨ ਪਿੰਡ ਬਹਿਬਲ ਕਲਾਂ (ਫਰੀਦਕੋਟ) ਵਿਚ 'ਬੇਲੋੜੀ' ਪੁਲਿਸ ਗੋਲੀਬਾਰੀ ਪਿੱਛੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹੱਥ ਸੀ, ਜਿਸ ਵਿਚ ਦੋ ਸਿੱਖ ਨੌਜਵਾਨ ਮਾਰੇ ਗਏ ਸਨ। ਉਨ੍ਹਾਂ ਦੱਸਿਆ ਕਿ ਇਸ ਗੋਲੀ ਕਾਂਡ ਲਈ ਕਾਇਮ ਕੀਤਾ ਜਾਂਚ ਕਮਿਸ਼ਨ ਉਨ੍ਹਾਂ ਦੇ ਦੋਸ਼ਾਂ ਨੂੰ ਸਹੀ ਠਹਿਰਾਏਗਾ। ਉਧਰ, ਬਾਦਲ ਨੇ ਕੈਪਟਨ ਦੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਹੈ ਕਿ ਕੈਪਟਨ ਚੋਣਾਂ ਸਮੇਂ ਕੀਤੇ ਵਾਅਦਿਆਂ ਤੋਂ ਭੱਜਣ ਲਈ ਅਜਿਹੇ ਦੋਸ਼ ਲਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਵੱਲੋਂ ਕਰਾਏ ਸਮਾਗਮ ਵਿਚ ਕੈਪਟਨ ਅਮਰਿੰਦਰ ਨੇ ਕਿਹਾ ਕਿ ਐਸ.ਪੀ. ਗੋਲੀ ਚਲਾਉਣ ਦੀ ਆਗਿਆ ਕਿਵੇਂ ਦੇ ਸਕਦਾ ਹੈ? ਉਸ ਨੂੰ ਅਜਿਹਾ ਕਰਨ ਦੀਆਂ ਸਪੱਸ਼ਟ ਹਦਾਇਤਾਂ ਸਨ। ਅਕਾਲੀਆਂ ਦੇ ਰਾਜ ਵਿਚ 183 ਅਜਿਹੀਆਂ ਘਟਨਾਵਾਂ ਹੋਈਆਂ, ਜਿਨ੍ਹਾਂ ਵਿਚੋਂ 121 ਹਾਲੇ ਵੀ ਅਣਸੁਲਝੀਆਂ ਹਨ। ਕਾਂਗਰਸ ਦੇ ਸੱਤਾ ਸੰਭਾਲਣ ਬਾਅਦ ਬੇਅਦਬੀ ਦੇ 13 ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿਚੋਂ 12 ਸੁਲਝਾ ਦਿੱਤੇ ਗਏ ਹਨ। ਗੌਰਤਲਬ ਹੈ ਕਿ ਜਸਟਿਸ ਜ਼ੋਰਾ ਸਿੰਘ ਜਾਂਚ ਕਮਿਸ਼ਨ ਨੇ ਬਹਿਬਲ ਕਲਾਂ ਵਿਚ ਪੁਲਿਸ ਗੋਲੀਬਾਰੀ ਨੂੰ 'ਬਿਲਕੁਲ ਬੇਲੋੜੀ' ਕਰਾਰ ਦਿੱਤਾ ਸੀ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਅਕਾਲੀਆਂ ਵੱਲੋਂ ਧਰਮ ਨੂੰ ਆਪਣੇ ਸਿਆਸੀ ਮੁਫਾਦ ਲਈ ਵਰਤਿਆ ਗਿਆ ਹੈ।

## ਮੋਦੀ ਦੀ ਚਾਹ ਵਾਲੀ ਦੁਕਾਨ 'ਤੇ ਖਰਚੇ ਜਾਣਗੇ 100 ਕਰੋੜ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਚਪਨ ਵਿਚ ਗੁਜਰਾਤ ਦੇ ਵਡਨਗਰ ਵਿਚ ਜਿਸ ਦੁਕਾਨ ਉਤੇ ਚਾਹ ਵੇਚਦੇ ਸਨ, ਉਸ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਕੇਂਦਰੀ ਸਭਿਆਚਾਰਕ ਤੇ ਸੈਰ ਸਪਾਟਾ ਮੰਤਰੀ ਮਹੇਸ਼ ਸ਼ਰਮਾ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਕਸਦ ਜਿਸ ਥਾਂ ਤੋਂ ਪ੍ਰਧਾਨ ਮੰਤਰੀ ਦੀ ਜੀਵਨ ਯਾਤਰਾ ਸ਼ੁਰੂ ਹੋਈ, ਉਸ ਨੂੰ ਦੁਨੀਆਂ ਦੇ ਨਕਸ਼ੇ 'ਤੇ ਲੈ ਕੇ ਆਉਣਾ ਹੈ। ਇਸ ਪ੍ਰੋਜੈਕਟ 'ਤੇ 100 ਕਰੋੜ ਖਰਚਿਆ ਜਾਏਗਾ।



ਇਸ ਲਈ ਚਾਹ ਵਾਲੀ ਦੁਕਾਨ ਨੂੰ ਟੂਰਿਸਟ ਪਲੇਸ ਬਣਾਇਆ ਜਾਵੇਗਾ। ਬਾਅਦ ਵਿਚ ਉਨ੍ਹਾਂ ਨੇ ਕਿਹਾ ਕਿ ਉਹ ਵਡਨਗਰ ਦੇ ਰੇਲਵੇ ਸਟੇਸ਼ਨ ਨੂੰ ਬਦਲਣਾ ਚਾਹੁੰਦੇ ਹਨ। ਚਾਹ ਵਾਲੀ ਦੁਕਾਨ ਨਾਲ ਕੋਈ ਛੇੜਛਾੜ ਨਹੀਂ ਕਰਨਗੇ। ਇਹ ਟੀ-ਸਟਾਲ ਰੇਲਵੇ ਸਟੇਸ਼ਨ ਦੇ ਇਕ ਪਲੇਟਫਾਰਮ ਉਤੇ ਹੈ। ਸਭਿਆਚਾਰ ਤੇ ਸੈਰ ਸਪਾਟਾ ਮੰਤਰਾਲੇ ਤੇ ਭਾਰਤ ਦੇ ਪੁਰਾਤਤਵ ਸਰਵੇਖਣ (ਏ.ਐਸ.ਆਈ.) ਦੇ ਅਫਸਰਾਂ ਨੇ ਰੇਲਵੇ ਸਟੇਸ਼ਨ ਦਾ ਦੌਰਾ ਕੀਤਾ।

# ਗੁਰਦੁਆਰਾ ਗਿਆਨ ਗੋਦੜੀ ਲਈ ਮੁਹਿੰਮ ਤੇਜ਼

**ਅੰਮ੍ਰਿਤਸਰ:** ਹਰਿਦੁਆਰ ਸਥਿਤ ਹਰ ਕੀ ਪੌੜੀ ਵਿਚ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਪ੍ਰਾਪਤੀ ਲਈ ਬਣੀ 15 ਮੈਂਬਰੀ ਕਮੇਟੀ ਦੀ ਪਹਿਲੀ ਬੈਠਕ ਵਿਚ ਸਬ ਕਮੇਟੀ ਦਾ ਗਠਨ ਕਰ ਦਿੱਤਾ ਗਿਆ। ਇਹ ਕਮੇਟੀ 15 ਦਿਨਾਂ ਦੇ ਅੰਦਰ-ਅੰਦਰ ਉਥੋਂ ਦੇ ਹਾਲਾਤ ਬਾਰੇ ਸਾਰੀ ਰਿਪੋਰਟ ਕਮੇਟੀ ਨੂੰ ਸੌਂਪੇਗੀ।

ਇਸ ਤੋਂ ਬਾਅਦ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ। ਬੈਠਕ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਹਰਿਦੁਆਰ ਵਿਖੇ 1505 ਈਸਵੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਤੇ ਉਨ੍ਹਾਂ ਵਡਮੁੱਲੇ ਗਿਆਨ ਦੇ ਪ੍ਰਚਾਰ ਦਾ ਭੰਡਾਰ ਖੋਲ੍ਹਿਆ। ਇਥੇ ਪਹਿਲੇ ਪਾਤਸ਼ਾਹ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਸੀ ਜੋ ਬਾਅਦ ਵਿਚ ਸੁੰਦਰੀਕਰਨ ਦੇ ਨਾਮ ਹੇਠ ਢਾਹ ਦਿੱਤਾ ਗਿਆ।

ਉਦੋਂ ਤੋਂ ਹੀ ਸੰਗਤ ਇਸ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਯਤਨਸ਼ੀਲ ਹੈ। ਇਸ ਲਈ ਸ਼੍ਰੋਮਣੀ ਕਮੇਟੀ ਨੇ ਪਿਛਲੇ ਦਿਨੀਂ



ਹਰਿਦੁਆਰ ਵਿਖੇ ਆਪਣਾ ਵਫਦ ਭੇਜਿਆ ਸੀ। ਉਸ ਨੇ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਇਹ ਫੈਸਲਾ ਕੀਤਾ ਸੀ ਕਿ ਸਰਕਾਰ ਤੱਕ ਪਹੁੰਚ ਕਰ ਕੇ ਯਤਨ ਕੀਤੇ ਜਾਣ।


ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਉਤਰਾਖੰਡ ਦੇ ਮੁੱਖ ਮੰਤਰੀ, ਪੰਜਾਬ ਦੇ ਮੁੱਖ ਮੰਤਰੀ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਚਿੱਠੀ ਪੱਤਰ ਲਿਖ ਕੇ ਰਾਬਤਾ ਕਾਇਮ ਕੀਤਾ ਗਿਆ ਸੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਵਫਦ ਵੱਲੋਂ ਦੇਸ਼ ਦੇ ਰਾਸ਼ਟਰਪਤੀ ਤੇ ਉਤਰਾਖੰਡ ਦੇ ਮੁੱਖ ਮੰਤਰੀ ਨੂੰ ਮਿਲ ਕੇ ਸਿੱਖ ਮਸਲਿਆਂ ਤੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਲਿਖਤੀ ਮੰਗ ਵੀ ਕੀਤੀ ਗਈ।

ਮੀਟਿੰਗ ਦੌਰਾਨ ਵੱਖ-ਵੱਖ ਕਮੇਟੀ ਮੈਂਬਰਾਂ ਵੱਲੋਂ ਮਿਲੇ ਵਿਚਾਰਾਂ ਉਪਰ ਗੌਰ ਕਰਦਿਆਂ ਸਰਵਸੰਮਤੀ ਨਾਲ 9 ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ। ਇਹ ਕਮੇਟੀ ਹਰਿਦੁਆਰ ਪਹੁੰਚ ਕੇ ਸੂਬੇ ਦੀ ਸਰਕਾਰ ਤੇ ਉਥੋਂ ਦੇ ਲੋਕਲ ਮਹਾਂਪੁਰਸ਼ਾਂ, ਅਖਾੜਾ ਮੁਖੀਆਂ ਨਾਲ ਰਾਬਤਾ ਕਾਇਮ ਕਰ ਕੇ ਉਨ੍ਹਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੀ ਮੁੜ ਸਥਾਪਨਾ ਲਈ ਪਹੁੰਚ ਕਰੇਗੀ।

# ਹੱਥ ਲਿਖਤ ਸਰੂਪ ਮਾਮਲੇ ਦੀ ਜਾਂਚ ਧਰਮ ਪ੍ਰਚਾਰ ਕਮੇਟੀ ਹਵਾਲੇ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਪ੍ਰਕਾਸ਼ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਇਕ ਹੱਥ ਲਿਖਤ ਸਰੂਪ ਵਿਚ ਕੁਝ ਖਾਮੀਆਂ ਹੋਣ ਦੇ ਮਾਮਲੇ ਦੀ ਜਾਂਚ ਧਰਮ ਪ੍ਰਚਾਰ ਕਮੇਟੀ ਕੋਲੋਂ ਕਰਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਧਰਮ ਪ੍ਰਚਾਰ ਕਮੇਟੀ ਨੂੰ ਇਕ ਪੱਤਰ ਭੇਜਿਆ, ਜਿਸ ਵਿਚ ਸਬ ਕਮੇਟੀ ਦਾ ਗਠਨ ਕਰ ਕੇ ਮਾਮਲੇ ਦੀ ਪੜਤਾਲ ਕਰਾਉਣ ਲਈ ਆਖਿਆ ਹੈ।

ਉਨ੍ਹਾਂ ਪੱਤਰ ਵਿਚ ਕਿਹਾ ਕਿ ਸਬ ਕਮੇਟੀ ਮਾਮਲੇ ਦੀ ਪੜਤਾਲ ਕਰ ਕੇ ਰਿਪੋਰਟ ਅਕਾਲ ਤਖਤ ਦੇ ਸਕੱਤਰੇਤ ਨੂੰ ਭੇਜੇ। ਰਿਪੋਰਟ ਆਉਣ ਮਗਰੋਂ ਪੰਜ ਸਿੰਘ ਸਾਹਿਬਾਨ ਮਾਮਲੇ 'ਤੇ ਵਿਚਾਰ ਕਰ ਕੇ ਅਗਲੀ ਕਾਰਵਾਈ ਕਰਨਗੇ। ਵੇਰਵਿਆਂ ਮੁਤਾਬਕ ਇਹ ਹੱਥ ਲਿਖਤ ਸਰੂਪ ਮਲੇਸ਼ੀਆ ਵਾਸੀ ਸਿੱਖ ਸ਼ਰਧਾਲੂ ਜਸਵੰਤ ਸਿੰਘ ਖੋਸਾ ਵੱਲੋਂ ਤਿਆਰ ਕੀਤਾ ਗਿਆ ਹੈ, ਜੋ ਕੁਝ ਸਮਾਂ ਪਹਿਲਾਂ ਤਖਤ ਸ੍ਰੀ ਦਮਦਮਾ ਸਾਹਿਬ



ਵਿਖੇ ਭੇਟ ਕੀਤਾ ਗਿਆ ਸੀ, ਜਿਥੇ ਅਰਦਾਸ ਮਗਰੋਂ ਇਸ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਪ੍ਰਕਾਸ਼ ਕਰਨ ਦੌਰਾਨ ਹੀ ਇਸ ਵਿਚਲੀਆਂ ਖਾਮੀਆਂ ਸਾਹਮਣੇ ਆਈਆਂ ਹਨ। ਅਕਾਲ ਤਖਤ ਦੇ ਸੂਤਰਾਂ ਮੁਤਾਬਕ ਕੋਈ ਵੀ ਹੱਥ ਲਿਖਤ ਸਰੂਪ ਪਹਿਲਾਂ ਅਕਾਲ ਤਖਤ ਵਿਖੇ ਜਾਂਚ ਲਈ ਭੇਜਿਆ ਜਾਂਦਾ ਹੈ, ਜਿਥੇ ਇਸ ਦੀ ਸੁਧਾਈ ਹੁੰਦੀ ਹੈ। ਇਸ ਮਗਰੋਂ ਹੀ ਅਜਿਹੇ ਸਰੂਪ ਦੇ ਪ੍ਰਕਾਸ਼ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਪਰ ਇਸ ਮਾਮਲੇ ਵਿਚ ਅਜਿਹਾ ਨਹੀਂ ਹੋਇਆ ਹੈ।

# ਸਿਆਸੀ ਲਾਹਾ ਲੈਣਾ ਹੀ ਸੀ ਵਿਰਾਸਤੀ ਸਕਰੀਨਾਂ ਦਾ ਮਕਸਦ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਮੁੱਖ ਮਾਰਗ ਨੂੰ ਵਿਰਾਸਤੀ ਮਾਰਗ ਦੀ ਦਿੱਖ ਦੇਣ ਸਮੇਂ ਇਥੇ ਸਥਾਪਤ ਕੀਤੀਆਂ ਆਦਮਕੱਦ ਐਲ.ਈ.ਡੀ. ਸਕਰੀਨਾਂ ਉਤੇ ਇਤਰਾਜ਼ਯੋਗ ਦ੍ਰਿਸ਼ ਦਿਖਾਉਣ ਦੇ ਮਾਮਲੇ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਐਲ.ਈ.ਡੀ. ਸਬੰਧੀ ਹੋਇਆ ਸਮਝੌਤਾ ਮੁਕੰਮਲ ਤੌਰ 'ਤੇ ਵਪਾਰਕ ਸੀ, ਜਿਸ ਵਿਚ ਗੁਰਬਾਣੀ ਦਾ ਕੀਰਤਨ ਦਿਖਾਉਣ ਸਬੰਧੀ ਕੋਈ ਸ਼ਰਤ ਵੀ ਸ਼ਾਮਲ ਨਹੀਂ ਹੈ। ਪਰ ਉਸ ਵੇਲੇ ਦੇ ਹਾਕਮਾਂ ਨੇ ਇਸ ਸਮਝੌਤੇ ਨੂੰ ਆਪਣੇ ਹਿੱਤਾਂ ਲਈ ਧਾਰਮਿਕ ਰੰਗਤ ਦੇ ਦਿੱਤੀ।

ਐਲ.ਈ.ਡੀ. ਸਕਰੀਨਾਂ ਸਬੰਧੀ ਇਹ ਵਿਵਾਦ ਜੂਨ ਮਹੀਨੇ ਦੇ ਪਹਿਲੇ ਹਫਤੇ ਵਿਚ ਉਸ ਵੇਲੇ ਉਭਰ ਕੇ ਸਾਹਮਣੇ ਆਇਆ ਸੀ ਜਦੋਂ ਇਨ੍ਹਾਂ ਸਕਰੀਨਾਂ 'ਤੇ ਸ਼ਰਾਬ ਦੇ ਇਕ ਬ੍ਰਾਂਡ ਦੀ ਮਸ਼ਹੂਰੀ ਦਿਖਾਈ ਗਈ ਅਤੇ ਇਸ ਦਾ ਵਿਰੋਧ ਹੋਇਆ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਇਸ ਮੁੱਦੇ 'ਤੇ ਕੈਪਟਨ ਸਰਕਾਰ ਉਤੇ ਦੋਸ਼ ਲਾਏ ਸਨ ਕਿ ਅਜਿਹੇ ਇਤਰਾਜ਼ਯੋਗ ਦ੍ਰਿਸ਼ ਦਿਖਾ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਇਸ ਮਾਮਲੇ ਵਿਚ ਮੁੱਖ ਮੰਤਰੀ ਕੋਲੋਂ ਬਿਨਾਂ ਸ਼ਰਤ ਮੁਆਫੀ ਦੀ ਮੰਗ

## ਸਮਝੌਤੇ 'ਚ ਕੀਰਤਨ ਦਿਖਾਉਣ ਸਬੰਧੀ ਨਹੀਂ ਹੈ ਕੋਈ ਸ਼ਰਤ



ਵੀ ਕੀਤੀ ਗਈ ਸੀ। ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਗਏ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂਚ ਵਧੀਕ ਡਿਪਟੀ ਕਮਿਸ਼ਨਰ ਨੂੰ ਸੌਂਪੀ ਗਈ।

ਐਲ.ਈ.ਡੀ. ਸਕਰੀਨਾਂ ਸਬੰਧੀ ਸਰਕਾਰ ਅਤੇ ਨਿੱਜੀ ਭਾਈਵਾਲ ਐਨ.ਐਸ. ਪਬਲੀਸਿਟੀ ਪ੍ਰਾਈਵੇਟ ਇੰਡੀਆ ਲਿਮਟਿਡ ਵਿਚਾਲੇ ਇਹ ਸਮਝੌਤਾ ਪੀ.ਪੀ.ਪੀ. ਆਧਾਰ 'ਤੇ ਹੋਇਆ ਸੀ। ਜੈਪੁਰ ਆਧਾਰਤ ਇਸ ਕੰਪਨੀ ਵੱਲੋਂ ਲਗਭਗ ਦਸ ਕਰੋੜ ਰੁਪਏ ਦੀ ਲਾਗਤ ਨਾਲ ਇਥੇ ਪੰਜ ਵੱਡੀਆਂ ਆਦਮਕੱਦ ਐਲ.ਈ.ਡੀ. ਸਕਰੀਨਾਂ ਲਾਈਆਂ ਗਈਆਂ। ਸਮਝੌਤੇ ਤਹਿਤ ਇਸ ਕੰਪਨੀ ਨੂੰ 15 ਸਾਲਾਂ ਵਾਸਤੇ ਇਨ੍ਹਾਂ ਸਕਰੀਨਾਂ ਦੇ ਹੱਕ ਦਿੱਤੇ ਗਏ, ਜਿਥੇ ਉਹ ਕੁਝ ਵੀ ਦਿਖਾ ਸਕਦੀ ਹੈ ਪਰ 24 ਘੰਟਿਆਂ ਵਿਚੋਂ ਡੇਢ ਘੰਟਾ ਸਰਕਾਰ ਵਾਸਤੇ ਰਾਖਵਾਂ ਰੱਖਿਆ ਗਿਆ ਸੀ। ਇਨ੍ਹਾਂ 90 ਮਿੰਟਾਂ ਵਿਚ ਸਰਕਾਰ ਆਪਣੇ ਵੱਲੋਂ ਕੁਝ ਵੀ ਦਿਖਾ ਸਕਦੀ ਹੈ।

ਦਸਤਖਤ ਕੀਤੇ ਗਏ ਸਮਝੌਤੇ ਦੇ ਦਸਤਾਵੇਜ਼ਾਂ 'ਤੇ ਇਨ੍ਹਾਂ ਸਕਰੀਨਾਂ ਉਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਦੇ ਕੀਰਤਨ ਨੂੰ ਦਿਖਾਉਣ ਸਬੰਧੀ ਕੋਈ ਮੱਦ ਸ਼ਾਮਲ ਨਹੀਂ ਹੈ, ਜਿਸ ਤੋਂ ਸਪੱਸ਼ਟ ਹੈ ਕਿ ਇਹ ਸਮਝੌਤਾ ਨਿਰੋਲ ਵਪਾਰਕ ਸੀ। ਜਾਂਚ ਰਿਪੋਰਟ ਬਾਰੇ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੇ ਆਖਿਆ ਕਿ ਫਿਲਹਾਲ ਰਿਪੋਰਟ ਨਹੀਂ ਮਿਲੀ ਹੈ ਪਰ ਪ੍ਰਸ਼ਾਸਨ ਵੱਲੋਂ ਯਤਨ ਕੀਤਾ ਜਾ ਰਿਹਾ ਹੈ ਕਿ ਭਵਿੱਖ ਵਿਚ ਇਨ੍ਹਾਂ ਸਕਰੀਨਾਂ 'ਤੇ ਅਜਿਹੀ ਕੋਈ ਵੀ ਇਤਰਾਜ਼ਯੋਗ ਸਮੱਗਰੀ ਦਾ ਪ੍ਰਦਰਸ਼ਨ ਨਾ ਹੋਵੇ। ਇਸ ਬਾਰੇ ਸਬੰਧਤ ਕੰਪਨੀ ਨੂੰ ਵੀ ਹਦਾਇਤ ਕੀਤੀ ਗਈ ਹੈ। ਦੱਸਣਯੋਗ ਹੈ ਕਿ ਇਸ ਸਮਝੌਤੇ ਤਹਿਤ ਸਬੰਧਤ ਨਿੱਜੀ ਕੰਪਨੀ ਸਰਕਾਰ ਨੂੰ ਐਲ.ਈ.ਡੀ. ਸਕਰੀਨਾਂ ਲਾਉਣ ਦੇ ਕਿਰਾਏ ਵਜੋਂ ਪੰਜ ਲੱਖ ਰੁਪਏ ਸਾਲਾਨਾ ਅਤੇ ਮਸ਼ਹੂਰੀ ਟੈਕਸ ਵਜੋਂ 46 ਲੱਖ ਰੁਪਏ ਸਾਲਾਨਾ ਦੇਵੇਗੀ।

## ਹਰਿਆਣਾ ਦੇ ਚਾਰ ਮੁੱਖ ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਰੱਦ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਦੀ ਖੱਟਰ ਸਰਕਾਰ ਨੂੰ ਜ਼ੋਰਦਾਰ ਝਟਕਾ ਦਿੰਦਿਆਂ ਭਾਜਪਾ ਦੇ ਚਾਰ ਵਿਧਾਇਕਾਂ ਦੀ ਮੁੱਖ ਪਾਰਲੀਮਾਨੀ ਸਕੱਤਰਾਂ ਵਜੋਂ ਕੀਤੀ ਨਿਯੁਕਤੀ ਰੱਦ ਕਰ ਦਿੱਤੀ ਹੈ।

ਹਾਈ ਕੋਰਟ ਦੇ ਜਸਟਿਸ ਐਸ.ਐਸ. ਸਾਰੋਂ ਤੇ ਜਸਟਿਸ ਦਰਸ਼ਨ ਸਿੰਘ ਦੇ ਬੈਂਚ ਨੇ ਇਹ ਫੈਸਲਾ ਵਕੀਲ ਜਗਮੋਹਨ ਸਿੰਘ ਭੱਟੀ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਦੇ ਆਧਾਰ ਉਤੇ ਸੁਣਾਇਆ। ਉਂਜ ਅਦਾਲਤ ਨੇ ਵਿਧਾਇਕਾਂ ਸ਼ਿਆਮ ਸਿੰਘ ਰਾਣਾ, ਕਮਲ ਗੁਪਤਾ, ਬਖਸ਼ੀਸ਼ ਸਿੰਘ ਵਿਰਕ ਤੇ ਸੀਮਾ ਤ੍ਰਿਖਾ ਨੂੰ ਫੈਸਲੇ ਖਿਲਾਫ਼ ਅਪੀਲ ਕਰਨ ਦਾ ਸਮਾਂ ਦਿੱਤਾ ਹੈ। ਇਨ੍ਹਾਂ ਨੂੰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਭਾਜਪਾ ਸਰਕਾਰ ਨੇ ਕਰੀਬ ਦੋ ਸਾਲ ਪਹਿਲਾਂ ਨਿਯੁਕਤ ਕੀਤਾ ਸੀ।

# ਕੈਂਸਰ ਦੀ ਜੱਦ 'ਚ ਆਏ ਪਿੰਡ ਸਿਵੀਆਂ ਦੀ ਦਰਦਨਾਕ ਦਾਸਤਾਨ

**ਬਠਿੰਡਾ:** ਇਸ ਜ਼ਿਲ੍ਹੇ ਦੇ ਪਿੰਡ ਸਿਵੀਆਂ ਦੇ ਲੋਕਾਂ ਨੂੰ ਨਾਮੁਰਾਦ ਬਿਮਾਰੀ ਕੈਂਸਰ ਨੇ ਘੇਰ ਲਿਆ ਹੈ। ਕੈਂਸਰ ਦੀ ਬਿਮਾਰੀ ਨੇ ਪਿੰਡ ਵਾਸੀਆਂ ਨੂੰ ਅਜਿਹਾ ਕਲਾਵੇਂ ਵਿਚ ਲਿਆ ਕਿ ਹੁਣ ਤੱਕ ਕਈ ਪਰਿਵਾਰਾਂ ਦੇ ਜੀਅ ਬਿਮਾਰੀ ਦੀ ਭੇਟ ਚੜ੍ਹ ਗਏ ਹਨ। ਪਿਛਲੇ ਡੇਢ ਮਹੀਨੇ 'ਚ ਤਕਰੀਬਨ 7 ਲੋਕਾਂ ਦੀਆਂ ਅਰਥੀਆਂ ਇਸ ਪਿੰਡ ਵਿਚੋਂ ਉਠੀਆਂ ਹਨ। ਪਿੰਡ ਦੇ ਲੋਕਾਂ 'ਚ ਸਭ ਤੋਂ ਜ਼ਿਆਦਾ ਦਹਿਸ਼ਤ ਉਦੋਂ ਫੈਲੀ ਜਦੋਂ ਕੈਂਸਰ ਕਰ ਕੇ ਹਫਤੇ ਵਿਚ ਚਾਰ ਲੋਕ ਮੌਤ ਦੀ ਆਗੋਸ਼ ਵਿਚ ਜਾ ਸੁੱਤੇ।

ਪਿੰਡ ਦੇ ਜਸਵਿੰਦਰ ਸਿੰਘ ਦੇ ਹੱਸਦੇ ਵੱਸਦੇ ਘਰ 'ਚ ਕੈਂਸਰ ਨੇ ਅਜਿਹੀ ਦਸਤਕ ਦਿੱਤੀ ਕਿ ਪਰਿਵਾਰ ਦੀਆਂ ਖੁਸ਼ੀਆਂ ਹੀ ਖੋਹ ਲਈਆਂ। ਇਸ ਘਰ ਦਾ ਮੁਖੀ ਜਸਵਿੰਦਰ ਸਿੰਘ ਖ਼ੂਨ ਦੇ ਕੈਂਸਰ ਦਾ ਸ਼ਿਕਾਰ ਹੋ ਗਿਆ। ਪਰਿਵਾਰ ਨੇ ਬਥੇਰੀ ਵਾਹ ਲਾਈ ਪਰ ਸਿਰਫ 20 ਦਿਨਾਂ ਦੇ ਅੰਦਰ ਚੰਦਰੀ ਮੌਤ ਆਪਣੀ ਖੇਡ ਖੇਡ ਗਈ। 31 ਮਈ, 2017 ਨੂੰ ਜਸਵਿੰਦਰ ਸਿੰਘ ਪਰਿਵਾਰ ਨੂੰ ਅਲਵਿਦਾ ਕਹਿ ਗਿਆ। ਹਾਲੇ ਮਸਾਂ ਚਾਰ ਦਿਨ ਹੀ ਲੰਘੇ ਸਨ ਕਿ ਕੈਂਸਰ ਨੇ ਇਕੋ ਦਿਨ ਇਸੇ ਪਿੰਡ ਦੇ ਹੋਰ ਦੋ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ। ਹਰਦੇਵ ਸਿੰਘ ਦੋ ਸਾਲ ਲਗਾਤਾਰ ਕੈਂਸਰ ਨਾਲ ਲੜਨ ਤੋਂ ਬਾਅਦ 5 ਜੂਨ, 2017 ਨੂੰ ਆਪਣੇ ਪਰਿਵਾਰ ਦਾ ਸਾਥ ਛੱਡ ਗਿਆ।

ਮਜ਼ਦੂਰੀ ਕਰਦੇ ਪਰਿਵਾਰਕ ਮੈਂਬਰਾਂ ਨੇ ਔਖੇ ਹੋ ਕੇ ਬਹੁਤ ਇਲਾਜ ਕਰਵਾਇਆ ਪਰ ਕੋਈ ਪੇਸ਼ ਨਹੀਂ ਚੱਲੀ। ਹਰਦੇਵ ਸਿੰਘ ਦੀ ਮੌਤ ਵਾਲੇ ਦਿਨ ਹੀ ਇਸੇ ਪਿੰਡ ਦਾ ਵਾਸੀ ਸੁਖਦੇਵ ਸਿੰਘ ਵੀ ਦੋ ਸਾਲ ਤੋਂ ਵੱਧ ਸਮਾਂ ਮੌਤ ਨਾਲ ਜੰਗ ਲੜਨ ਤੋਂ ਬਾਅਦ ਅਖੀਰ ਕੈਂਸਰ ਅੱਗੇ ਗੋਡੇ ਟੇਕ ਗਿਆ। ਗਰੀਬ ਪਰਿਵਾਰ ਨੇ 7-8 ਲੱਖ ਰੁਪਏ ਉਸ ਦੇ ਇਲਾਜ ਉਤੇ ਖਰਚ ਕੀਤਾ ਜਦੋਂ ਸਭ ਕੁਝ ਵੇਚ ਕੇ ਪੈਸਾ ਮੁੱਕ ਗਿਆ ਤੇ ਘਰੇ ਮੰਜੇ 'ਤੇ ਲਿਆ ਪਾਇਆ। ਅਖੀਰ ਗਰੀਬੀ ਤੇ ਬਿਮਾਰੀ ਨਾਲ ਲੜਦਾ ਤਿੰਨ ਧੀਆਂ ਬਾਪ ਕੈਂਸਰ ਤੋਂ ਹਾਰ ਗਿਆ। ਦੋ ਮੌਤਾਂ ਤੋਂ ਬਾਅਦ 7 ਜੂਨ, 2017 ਨੂੰ ਇਸੇ ਪਿੰਡ ਦਾ ਦਰਸ਼ਨ ਸਿੰਘ ਵੀ ਕੈਂਸਰ ਦੀ ਬਿਮਾਰੀ ਨਾਲ ਲੜਾਈ ਹਾਰ ਗਿਆ। ਇਸ ਤੋਂ ਇਲਾਵਾ ਅੰਗਰੇਜ਼ ਕੌਰ ਵੀ ਲੀਵਰ ਤੇ ਮਿਹਦੇ ਦੇ ਕੈਂਸਰ ਕਾਰਨ 7 ਮਹੀਨੇ ਜ਼ਿੰਦਗੀ ਲਈ ਮੌਤ ਨਾਲ ਲੜਾਈ ਲੜਦੀ ਰਹੀ ਪਰ ਇਥੇ ਵੀ ਕੈਂਸਰ ਜਿੱਤ ਗਈ ਤੇ ਪਰਿਵਾਰ ਦੇ ਪੱਲੇ ਪਿਆ ਤਾਂ ਸਿਰਫ ਰੋਣਾ।

ਲੋਕਾਂ ਦਾ ਕਹਿਣਾ ਹੈ ਕਿ ਪਿੰਡ ਵਿਚ ਕੈਂਸਰ ਦੀ ਬਿਮਾਰੀ ਨੇ ਵੱਡੀ ਗਿਣਤੀ ਲੋਕਾਂ ਨੂੰ ਸ਼ਿਕਾਰ ਬਣਾਇਆ ਹੈ। ਲੋਕ ਬਦਨਾਮੀ ਤੇ ਬੱਚਿਆਂ ਦੇ ਰਿਸ਼ਤੇ ਟੁੱਟਣ ਦੇ ਡਰੋਂ ਲੋਕਾਂ ਸਾਹਮਣੇ ਆਉਣਾ ਠੀਕ ਨਹੀਂ ਸਮਝਦੇ ਜਿਥੇ ਕਾਫੀ ਲੋਕ ਹੁਣ ਤੱਕ ਕੈਂਸਰ ਦੀ ਬਲੀ ਚੜ੍ਹ ਚੁੱਕੇ ਹਨ, ਉਥੇ ਅਜੇ ਵੀ ਪਿੰਡ 'ਚ ਕੈਂਸਰ ਦਾ ਪ੍ਰਕੋਪ ਹੈ ਤੇ ਕਈਆਂ ਦੀ ਮੌਤ ਨਾਲ ਜੰਗ ਜਾਰੀ ਹੈ।

ਲੋਕਾਂ ਦਾ ਇਲਜ਼ਾਮ ਹੈ ਕਿ ਪਿੰਡ 'ਚ ਇੰਨੀਆਂ ਮੌਤਾਂ ਹੋਣ ਦੇ ਬਾਵਜੂਦ ਪ੍ਰਸ਼ਾਸਨ ਦਾ ਕੋਈ ਅਧਿਕਾਰੀ ਨਹੀਂ ਬਹੁੜਿਆ। ਲੋਕਾਂ ਦੀ ਇਹ ਵੀ ਮੰਗ ਹੈ ਕਿ ਸਰਕਾਰ ਵੱਲੋਂ ਕੈਂਸਰ ਦਾ ਇਲਾਜ ਮੁਫਤ ਹੋਵੇ ਤੇ ਪ੍ਰਸ਼ਾਸਨ ਪਿੰਡ ਵਿਚ ਕੈਂਸਰ ਫੈਲਣ ਦੇ ਕਾਰਨਾਂ ਦਾ ਪਤਾ ਕਰ ਕੇ ਕੋਈ ਲੋੜੀਂਦਾ ਕਦਮ ਚੁੱਕੇ। ਪਿੰਡ ਵਿਚ ਕੈਂਸਰ ਫੈਲਣ ਦੇ ਕੀ ਕਾਰਨ ਹਨ, ਇਸ ਬਾਰੇ ਰਹੱਸ ਹਾਲੇ ਵੀ ਬਣਿਆ ਹੋਇਆ ਹੈ।




## ਪੰਜਾਬ ਵਿਚ ਕੈਂਸਰ ਨਾਲ ਰੋਜ਼ਾਨਾ ਔਸਤਨ 43 ਮੌਤਾਂ

**ਚੰਡੀਗੜ੍ਹ:** ਅੰਕੜਿਆਂ ਅਨੁਸਾਰ ਪੰਜਾਬ ਵਿਚ ਕੈਂਸਰ ਨਾਲ ਰੋਜ਼ਾਨਾ ਔਸਤਨ 43 ਮੌਤਾਂ ਹੁੰਦੀਆਂ ਹਨ ਤੇ ਮਾਲਵਾ ਇਸ ਬਿਮਾਰੀ ਤੋਂ ਜ਼ਿਆਦਾ ਪੀੜਤ ਹੈ। ਮਾਲਵੇ ਵਿਚ ਕੈਂਸਰ ਦੇ ਕੇਸ ਦਿਨੋਂ ਦਿਨ ਵਧਦੇ ਜਾ ਰਹੇ ਹਨ ਤੇ ਛੋਟੇ ਬੱਚੇ ਵੀ ਇਸ ਦੀ ਗ੍ਰਿਫਤ ਵਿਚ ਆ ਰਹੇ ਹਨ। ਮਾਪੇ ਆਖਦੇ ਹਨ ਕਿ ਸਰਕਾਰ ਇਸ ਬਿਮਾਰੀ ਦੀ ਜੜ੍ਹ ਲੱਭੇ ਤਾਂ ਜੋ ਹੋਰ ਘਰਾਂ ਨੂੰ ਬੁਰੇ ਦਿਨ ਨਾ ਵੇਖਣੇ ਪੈਣ।

## ਮਾਲਵਾ ਖਿੱਤੇ ਵਿਚ ਬੱਚੇ ਵੀ ਕੈਂਸਰ ਦੀ ਮਾਰ ਹੇਠ

**ਬਠਿੰਡਾ:** ਮਾਲਵਾ ਖਿੱਤੇ ਵਿਚ ਹੁਣ ਛੋਟੇ ਬੱਚੇ ਵੀ ਕੈਂਸਰ ਦੀ ਮਾਰ ਤੋਂ ਨਹੀਂ ਬਚੇ। ਕੈਂਸਰ ਨੇ ਸੈਂਕੜੇ ਬੱਚਿਆਂ ਦੀਆਂ ਰੀਝਾਂ ਅਤੇ ਮਾਪਿਆਂ ਦੇ ਅਰਮਾਨਾਂ ਨੂੰ ਰਾਖ ਕਰ ਦਿੱਤਾ ਹੈ। ਮਹਿੰਗੇ ਇਲਾਜ ਕਾਰਨ ਪੀੜਤ ਬੱਚਿਆਂ ਦੇ ਮਾਪੇ ਗਰੀਬੀ ਦੀ ਦਲਦਲ ਵਿਚ ਫਸਦੇ ਜਾ ਰਹੇ ਹਨ। ਬਠਿੰਡਾ ਜ਼ਿਲ੍ਹੇ ਦੇ ਪਿੰਡ ਸਿਵੀਆਂ ਦੇ ਕਰਨਵੀਰ ਸਿੰਘ ਨੇ ਅਜੇ ਜ਼ਿੰਦਗੀ ਦਾ ਇਕ ਵਰ੍ਹਾ ਵੀ ਪੂਰਾ ਨਹੀਂ ਕੀਤਾ ਸੀ ਕਿ ਕੈਂਸਰ ਦੀ ਰਿਪੋਰਟ ਮਿਲ ਗਈ। ਪਿਤਾ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਉਹ 10 ਮਹੀਨੇ ਦੇ ਬੱਚੇ ਨੂੰ ਅੱਠ ਮਹੀਨੇ ਤੋਂ ਹਸਪਤਾਲਾਂ ਵਿਚ ਲਿਜਾ ਰਹੇ ਹਨ। ਅਵਤਾਰ ਸਿੰਘ ਦੱਸਦਾ ਹੈ ਕਿ ਉਸ ਦਾ ਲੜਕਾ ਪੰਜਾਬ ਵਿਚ ਸਭ ਤੋਂ ਛੋਟੀ ਉਮਰ ਦਾ ਕੈਂਸਰ ਪੀੜਤ ਹੈ, ਜਿਸ ਨੂੰ ਦੋ ਮਹੀਨੇ ਦੀ ਉਮਰ ਵਿਚ ਹੀ ਇਸ ਬਿਮਾਰੀ ਨੇ ਜਕੜ ਲਿਆ ਸੀ।

ਮੁਕਤਸਰ ਜ਼ਿਲ੍ਹੇ ਦੇ ਪਿੰਡ ਰੁਪਾਣਾ ਦੇ ਧਰਮਿੰਦਰ ਕੁਮਾਰ ਦੀ ਪਹਿਲਾਂ 13 ਵਰ੍ਹਿਆਂ ਦੀ ਧੀ ਜਸਮੀਨ ਜਹਾਨੋਂ ਤੁਰ ਗਈ ਅਤੇ ਹੁਣ ਉਸ ਦਾ 6 ਵਰ੍ਹਿਆਂ ਦਾ ਬੇਟਾ ਇਮਾਨ ਕੈਂਸਰ ਨਾਲ ਜੂਝ ਰਿਹਾ ਹੈ। ਪਤਨੀ ਬਿਮਾਰ ਪਈ ਹੈ ਤੇ ਧਰਮਿੰਦਰ ਕੁਮਾਰ ਨੂੰ ਮਹਿੰਗੇ ਇਲਾਜ ਨੇ ਹਰਾ ਦਿੱਤਾ ਹੈ। ਹੁਣ ਉਸ ਦੇ ਬੱਚੇ ਦੀ ਡੋਰ ਰੱਬ ਦੇ ਹੱਥ ਹੈ। ਉਹ ਦੱਸਦਾ ਹੈ ਕਿ ਉਹ ਰੋਜ਼ਾਨਾ ਬੱਚੇ ਨੂੰ ਡੇਰੇ ਲਿਜਾ ਕੇ ਅਰਦਾਸ ਕਰਦਾ ਹੈ, ਹੋਰ ਕੋਈ ਚਾਰਾ ਵੀ ਨਹੀਂ ਬਚਿਆ। ਹੁਣ ਮਹਿੰਗੇ ਇਲਾਜ ਦੀ ਪਹੁੰਚ ਨਹੀਂ ਰਹੀ। ਮਾਨਸਾ ਜ਼ਿਲ੍ਹੇ ਦੇ ਪਿੰਡ ਕਾਹਨਗੜ੍ਹ ਦਾ 13 ਵਰ੍ਹਿਆਂ ਦਾ ਹਰਮਨ ਸਤਵੀਂ ਕਲਾਸ ਵਿਚ ਪੜ੍ਹਦਾ ਹੈ ਪਰ ਹੁਣ ਉਹ ਸਕੂਲ ਘੱਟ, ਹਸਪਤਾਲ ਵੱਧ ਜਾਂਦਾ ਹੈ।

ਪਿਤਾ ਸੰਦੀਪ ਸਿੰਘ ਆਖਦਾ ਹੈ ਕਿ ਹੁਣ ਤੱਕ ਅੱਠ ਲੱਖ ਰੁਪਏ ਇਲਾਜ 'ਤੇ ਲੱਗ ਚੁੱਕੇ ਹਨ ਅਤੇ ਬਾਰੇ ਪੈਸੇ ਰਿਸ਼ਤੇਦਾਰਾਂ ਫੜ ਕੇ ਇਲਾਜ ਚੱਲ ਰਿਹਾ ਹੈ। ਸਰਕਾਰ ਵੱਲੋਂ ਜੋ ਵਿੱਤੀ ਮਦਦ ਦਿੱਤੀ ਜਾਂਦੀ ਹੈ, ਉਹ ਅਜੇ ਤੱਕ ਨਹੀਂ ਮਿਲੀ ਹੈ। ਮਾਨਸਾ ਦੇ ਪਿੰਡ ਕੌੜੀਵਾਲਾ ਦੇ ਛੇ ਵਰ੍ਹਿਆਂ ਦੇ ਬੱਚੇ ਜਸ਼ਨਦੀਪ ਦੀ ਵੀ ਇਹੋ ਕਹਾਣੀ ਹੈ। ਬਾਪ ਸਤਪਾਲ ਸਿੰਘ ਮਜ਼ਦੂਰੀ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਉਹ ਫ਼ਰੀਦਕੋਟ ਤੋਂ ਇਲਾਜ ਕਰਾ ਰਹੇ ਹਨ। ਸਰਕਾਰ ਨੇ ਕੋਈ ਵਿੱਤੀ ਮਦਦ ਨਹੀਂ ਦਿੱਤੀ, ਉਨ੍ਹਾਂ ਨੂੰ ਵਿਆਜੂ ਪੈਸੇ ਚੁੱਕ ਕੇ ਇਲਾਜ ਕਰਾਉਣਾ ਪੈ ਰਿਹਾ ਹੈ। ਬਠਿੰਡਾ ਦੀ ਮੌੜ ਮੰਡੀ ਦੇ ਬੱਸ ਡਰਾਈਵਰ ਕਾਲਾ ਸਿੰਘ ਦੀ ਢਾਈ ਵਰ੍ਹਿਆਂ ਦੀ ਬੱਚੀ ਲਵਪ੍ਰੀਤ ਨੂੰ ਕੈਂਸਰ ਹੈ। ਉਸ ਦੇ ਇਲਾਜ 'ਤੇ ਤਿੰਨ ਲੱਖ ਰੁਪਏ ਖਰਚ ਹੋ ਚੁੱਕਿਆ ਹੈ। ਰਾਮਪੁਰੇ ਦੇ ਸੱਤ ਵਰ੍ਹਿਆਂ ਦੇ ਅੰਕੁਸ਼ ਨੂੰ ਵੀ ਇਸੇ ਬਿਮਾਰੀ ਨਾਲ ਜੂਝਣਾ ਪੈ ਰਿਹਾ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਗੋਬਿੰਦਗੜ੍ਹ ਜੇਜੀਆਂ ਦੀ ਤਿੰਨ ਵਰ੍ਹਿਆਂ ਦੀ ਬੱਚੀ ਨੂੰ ਕੈਂਸਰ ਹੈ, ਜਦੋਂਕਿ ਨਿਹਾਲ ਸਿੰਘ ਵਾਲਾ (ਮੋਗਾ) ਦੇ 14 ਵਰ੍ਹਿਆਂ ਦੇ ਬੱਚੇ ਰਾਜਵੀਰ ਦਾ ਵੀ ਕੈਂਸਰ ਦਾ ਇਲਾਜ ਚੱਲ ਰਿਹਾ ਹੈ।



## ਖਣਨ ਮਾਮਲਾ: ਵਿਧਾਇਕ ਬੈਂਸ ਭਰਾਵਾਂ ਸਣੇ 32 ਬਰੀ

**ਬਲਾਚੌਰ:** ਅਦਾਲਤ ਨੇ 14 ਮਈ, 2015 ਨੂੰ ਮਾਈਨਿੰਗ ਐਕਟ ਅਧੀਨ ਦਰਜ ਕੇਸ ਵਿਚੋਂ ਵਿਧਾਇਕ ਬੈਂਸ ਭਰਾਵਾਂ ਸਮੇਤ 32 ਜਣਿਆਂ ਨੂੰ ਬਰੀ ਕਰ ਦਿੱਤਾ ਹੈ। ਬਰੀ ਹੋਣ ਉਪਰੰਤ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਨੇ ਆਖਿਆ ਕਿ ਅੱਜ ਸੱਚਾਈ ਦੀ ਜਿੱਤ ਹੋਈ ਹੈ।

ਉਨ੍ਹਾਂ ਆਖਿਆ ਕਿ ਹਰ ਤਰ੍ਹਾਂ ਦੇ ਮਾਫੀਏ ਵਿਰੁੱਧ ਜੰਗ ਜਾਰੀ ਰਹੇਗੀ ਅਤੇ ਉਹ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਪੰਜਾਬੀਆਂ ਦੇ ਚੌਕੀਦਾਰ ਬਣ ਕੇ ਕਰਦੇ ਰਹਿਣਗੇ। ਪੰਜਾਬ ਵਿਚ ਭਾਵੇਂ ਨਿਜ਼ਾਮ ਬਦਲ ਗਿਆ ਹੈ ਪਰ ਕੰਮ ਕਰਨ ਦਾ ਢੰਗ ਨਹੀਂ ਬਦਲਿਆ।

# ਰੇਤ ਦੀਆਂ ਖੱਡਾਂ ਨੇ ਕੀਤੇ ਪੰਜਾਬ ਸਰਕਾਰ ਦੇ ਵਾਰੇ-ਨਿਆਰੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰੇਤ ਦੀਆਂ ਖੱਡਾਂ ਦੀਆਂ ਦੋ ਨਿਲਾਮੀਆਂ ਰਾਹੀਂ ਤਕਰੀਬਨ 500 ਕਰੋੜ ਰੁਪਏ ਕਮਾਏ ਹਨ। ਇਹ ਰਕਮ ਅਕਾਲੀ-ਭਾਜਪਾ ਸਰਕਾਰ ਵੱਲੋਂ ਪਿਛਲੇ ਮਾਲੀ ਸਾਲ ਦੌਰਾਨ ਕਮਾਏ 40 ਕਰੋੜ ਨਾਲੋਂ ਦਸ ਗੁਣਾ ਤੋਂ ਵੀ ਵੱਧ ਹੈ। ਸਰਕਾਰ ਦੀ ਇਹ ਕਮਾਈ ਜਿਥੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਸੂਬੇ ਲਈ ਚੰਗੀ ਖਬਰ ਹੈ, ਉਥੇ ਨਿਲਾਮੀ ਵਿਚਲੀਆਂ ਗੜਬੜੀਆਂ ਵੀ ਸਰਕਾਰ ਲਈ ਨਾਮੋਸ਼ੀ ਬਣੀਆਂ ਹਨ। ਸਰਕਾਰ ਨੇ ਖੱਡਾਂ ਦੀ ਨਿਲਾਮੀ ਰਾਹੀਂ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਰਕਮ ਕਮਾਉਣ ਦਾ ਟੀਚਾ ਮਿਥਿਆ ਸੀ ਜੋ ਕਿ ਅਧੂਰਾ ਹੀ ਰਿਹਾ ਹੈ।

ਰੇਤੇ-ਬਜਰੀ ਦੇ ਖਣਨ ਦਾ ਕਾਰੋਬਾਰ ਪਿਛਲੇ ਇਕ ਦਹਾਕੇ ਤੋਂ ਸਭ ਤੋਂ ਵੱਧ ਕਮਾਊ ਕਾਰੋਬਾਰ ਸਾਬਤ ਹੋਇਆ ਹੈ। ਇਮਾਰਤ ਉਸਾਰੀ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਰੇਤ ਬਜਰੀ ਦੇ ਖਣਨ ਉਤੇ ਕੁਝ ਬੰਦਸ਼ਾਂ ਲਾਉਣ ਮਗਰੋਂ ਰੇਤ ਦੀਆਂ ਕੀਮਤਾਂ ਪੰਜ ਤੋਂ ਬਾਰ੍ਹਾਂ ਗੁਣਾ ਤੱਕ ਅਤੇ ਬਜਰੀ ਦੀਆਂ ਕੀਮਤਾਂ ਵਿਚ ਤਿੰਨ ਤੋਂ ਅੱਠ ਗੁਣਾ ਤਕ ਵਾਧਾ ਹੋਇਆ ਹੈ।

ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਆਪਣੇ ਖਾਨਸਾਮੇ ਤੇ ਹੋਰ ਮੁਲਾਜ਼ਮਾਂ ਦੇ ਨਾਂ 'ਤੇ ਖਾਣਾਂ ਅਲਾਟ ਕਰਵਾਏ ਜਾਣ ਦੇ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ



ਹਾਕਮ ਧਿਰ ਦੇ ਸਿਆਸਤਦਾਨਾਂ ਨੇ ਸਿੱਧੀ ਸ਼ਮੂਲੀਅਤ ਭਾਵੇਂ ਘਟਾ ਦਿੱਤੀ ਹੈ, ਪਰ ਉਨ੍ਹਾਂ ਵੱਲੋਂ ਖਾਣਾਂ ਬੇਨਾਮੀ ਅਲਾਟ ਕਰਵਾਉਣ ਦਾ ਸਿਲਸਿਲਾ ਜਾਰੀ ਹੈ।

# ਦੁਵੱਲੇ ਵਪਾਰ ਉਤੇ ਪੈਣ ਲੱਗਾ ਭਾਰਤ ਤੇ ਚੀਨ ਵਿਵਾਦ ਦਾ ਪਰਛਾਵਾਂ

**ਨਵੀਂ ਦਿੱਲੀ:** ਭਾਰਤ ਤੇ ਚੀਨ ਦਰਮਿਆਨ ਤਲਖੀ ਲਗਾਤਾਰ ਵਧਦੀ ਜਾ ਰਹੀ ਹੈ। ਚੀਨ ਦੇ ਵਿਦੇਸ਼ ਮੰਤਰੀ ਨੇ ਭਾਰਤ ਨੂੰ ਚੁਣੌਤੀ ਦਿੱਤੀ ਹੈ ਕਿ ਜੇ ਹਾਲਾਤ ਨਾ ਸੁਧਰੇ ਤਾਂ ਚੀਨ ਆਪਣੇ ਨਾਗਰਿਕਾਂ ਨੂੰ ਭਾਰਤ ਨਾ ਜਾਣ ਲਈ ਕਹਿ ਸਕਦਾ ਹੈ। ਅਜਿਹੀ ਚਿਤਾਵਨੀ ਆਮ ਤੌਰ 'ਤੇ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਜਾਰੀ ਕੀਤੀ ਜਾਂਦੀ ਹੈ। ਚੀਨ ਨੇ ਆਪਣੀਆਂ ਕੰਪਨੀਆਂ ਨੂੰ ਭਾਰਤ ਵਿਚ ਨਿਵੇਸ਼ ਘੱਟ ਕਰਨ ਲਈ ਕਿਹਾ ਹੈ।

ਚੀਨ ਦੇ ਵਿਦੇਸ਼ ਮੰਤਰਾਲੇ ਨੇ ਬਿਆਨ ਦਿੱਤਾ ਹੈ ਕਿ ਭਾਰਤ ਦੁਨੀਆਂ ਨੂੰ ਗੁੰਮਰਾਹ ਕਰ ਰਿਹਾ ਹੈ ਕਿ ਚੀਨ ਸਿੱਕਮ ਦੇ ਕੋਲ ਸੜਕ ਬਣਾ ਰਿਹਾ ਹੈ। ਭਾਰਤ ਕੌਮਾਂਤਰੀ ਨਿਯਮਾਂ ਨੂੰ ਤੋੜ ਕੇ ਦੂਜੇ ਦੇਸ਼ ਦੀ ਹੱਦ ਵਿਚ ਫੌਜ ਭੇਜ ਰਿਹਾ ਹੈ। ਭਾਰਤ 1954 ਦੇ ਪੰਚਸ਼ੀਲ ਸਮਝੌਤੇ ਦੀ ਉਲੰਘਣਾ ਕਰ ਰਿਹਾ ਹੈ।

ਉਨ੍ਹਾਂ ਕਿਹਾ ਹੈ ਕਿ ਜੇ ਭਾਰਤ ਸ਼ਾਂਤੀ ਚਾਹੁੰਦਾ ਹੈ ਤਾਂ ਉਹ ਡੌਂਗਲਾਂਗ ਤੋਂ ਆਪਣੀ ਫੌਜ ਹਟਾਏ ਨਹੀਂ ਤਾਂ ਹਾਲਾਤ ਹੋਰ ਖਰਾਬ ਹੋਣਗੇ ਤੇ ਅਸੀਂ ਭਾਰਤ ਤੋਂ ਚੀਨੀ ਨਾਗਰਿਕ ਵਾਪਸ ਬੁਲਾ ਲਵਾਂਗੇ। ਚੀਨ ਦਾ ਬਿਆਨ ਦੱਸਦਾ ਹੈ ਕਿ ਭਾਰਤ-ਚੀਨ ਵਿਵਾਦ ਘਟਣ ਦੀ ਥਾਂ ਵਧਦਾ ਜਾ ਰਿਹਾ ਹੈ। ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ ਲਿਖਿਆ ਹੈ ਕਿ ਭਾਰਤ ਦੇ ਉਕਸਾਵੇ ਕਾਰਨ ਚੀਨ ਦੀ ਜਨਤਾ ਵੀ ਗੁੱਸੇ 'ਚ ਹੈ। ਦੱਸਣਯੋਗ ਹੈ ਕਿ ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਭੂਟਾਨ ਦੀ ਇਕ ਪਹਾੜੀ ਕੋਲ ਚੀਨ ਨੇ ਆਪਣੀ ਸੜਕ ਬਣਾਉਣੀ ਸ਼ੁਰੂ ਕੀਤੀ। ਇਸ ਇਲਾਕੇ ਨੂੰ ਚੀਨ ਡੌਂਗਲਾਂਗ, ਭੂਟਾਨ ਡੋਕਲਾ ਤੇ ਭਾਰਤ ਡੋਕਲਾਮ ਕਹਿੰਦਾ ਹੈ। ਭਾਰਤ, ਭੂਟਾਨ ਤੇ ਚੀਨ ਦੇ ਇਸ ਇਲਾਕੇ 'ਚ ਚੀਨ ਸੜਕਾਂ ਦਾ ਜਾਲ ਵਿਛਾਉਣਾ ਚਾਹੁੰਦਾ ਹੈ।

## ਸਰਹੱਦੀ ਤਣਾਅ ਦੇ ਬਾਵਜੂਦ ਮਿਲੇ ਮੋਦੀ ਤੇ ਸ਼ੀ ਜਿਨਪਿੰਗ

**ਹੈਮਬਰਗ:** ਦੋਵਾਂ ਮੁਲਕਾਂ ਦਰਮਿਆਨ ਭਾਰੀ ਕਸ਼ਮਕਸ਼ ਦੇ ਬਾਵਜੂਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਮੁਲਾਕਾਤ ਕਰਦਿਆਂ ਹੱਥ ਮਿਲਾਏ ਅਤੇ ਵੱਖ-ਵੱਖ ਮੁੱਦਿਆਂ ਉਤੇ ਗੱਲਬਾਤ ਕੀਤੀ। ਦੋਵਾਂ ਆਗੂਆਂ ਦੀ ਇਹ ਮੁਲਾਕਾਤ ਜੀ20 ਸਿਖਰ ਸੰਮੇਲਨ ਦੌਰਾਨ ਵੱਖਰੇ ਤੌਰ 'ਤੇ ਚੀਨ ਵੱਲੋਂ ਸੱਦੀ ਬ੍ਰਿਕਸ ਆਗੂਆਂ ਦੀ ਗੈਰਰਸਮੀ ਮੀਟਿੰਗ ਦੌਰਾਨ ਹੋਈ। ਇਸ ਮੌਕੇ ਦੋਵਾਂ ਆਗੂਆਂ ਨੇ ਇਕ-ਦੂਜੇ ਮੁਲਕ (ਭਾਰਤ ਤੇ ਚੀਨ) ਦੀ ਚੇਅਰਮੈਨੀ ਦੌਰਾਨ ਬ੍ਰਿਕਸ ਦੀ ਵਧੀਆ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਮੋਦੀ-ਸ਼ੀ ਮੀਟਿੰਗ ਸਬੰਧੀ ਜਾਰੀ ਟਵੀਟ ਵਿਚ ਵਿਦੇਸ਼ ਮੰਤਰਾਲੇ ਦੇ ਤਰਜਮਾਨ ਗੋਪਾਲ ਬਾਗਲੇ ਨੇ ਕਿਹਾ ਕਿ ਹੈਮਬਰਗ ਵਿਚ ਚੀਨ ਦੀ ਮੇਜ਼ਬਾਨੀ ਵਾਲੀ ਬ੍ਰਿਕਸ ਆਗੂਆਂ ਦੀ ਗੈਰਰਸਮੀ ਇਕੱਤਰਤਾ ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਸਦਰ ਸ਼ੀ ਨੇ ਵੱਖ-ਵੱਖ ਮੁੱਦਿਆਂ ਉਤੇ ਗੱਲਬਾਤ ਕੀਤੀ। ਮੰਤਰਾਲੇ ਨੇ ਦੋਵੇਂ ਆਗੂਆਂ ਦੇ ਹੱਥ ਮਿਲਾਉਂਦੇ ਸਮੇਂ ਦੀ ਇਕ ਤਸਵੀਰ ਵੀ ਨਾਲ ਹੀ ਨਸ਼ਰ ਕੀਤੀ ਹੈ। ਮੀਟਿੰਗ ਇਸ ਕਾਰਨ ਕਾਫੀ ਅਹਿਮੀਅਤ ਰੱਖਦੀ ਹੈ ਕਿਉਂਕਿ ਇਸ ਤੋਂ ਇਕ ਦਿਨ ਪਹਿਲਾਂ ਹੀ ਚੀਨ ਦੇ ਇਕ ਚੋਟੀ ਦੇ ਅਧਿਕਾਰੀ ਨੇ ਕਿਹਾ ਸੀ ਕਿ ਜੀ20 ਸਿਖਰ ਸੰਮੇਲਨ ਦੌਰਾਨ ਸ੍ਰੀ ਮੋਦੀ ਤੇ ਸ਼ੀ ਦੀ ਦੁਵੱਲੀ ਮੁਲਾਕਾਤ ਲਈ ਮਾਹੌਲ ਸਹੀ ਨਹੀਂ ਹੈ।



## ਚੀਨੀ ਘੁਸਪੈਠ 'ਤੇ ਮੋਦੀ ਖਾਮੋਸ਼ ਕਿਉਂ: ਰਾਹੁਲ

**ਨਵੀਂ ਦਿੱਲੀ:** ਚੀਨ ਵੱਲੋਂ ਭਾਰਤ ਵਿਚ ਕੀਤੀ ਜਾ ਰਹੀ ਘੁਸਪੈਠ ਨੂੰ ਨਜ਼ਰ ਅੰਦਾਜ਼ ਕਰਨ ਲਈ ਕਾਂਗਰਸ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਜ਼ੋਰਦਾਰ ਨੁਕਤਾਚੀਨੀ ਕੀਤੀ ਹੈ। ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਟਵਿੱਟਰ ਰਾਹੀਂ ਇਸ ਮੁੱਦੇ ਉਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ 'ਖਾਮੋਸ਼ੀ' ਉਤੇ ਸਵਾਲ ਉਠਾਇਆ ਹੈ। ਆਪਣੀ ਵੈਸਬਾਈਟ ਉਤੇ ਨਸ਼ਰ ਲੇਖ ਰਾਹੀਂ ਵੀ ਕਾਂਗਰਸ ਨੇ ਕਿਹਾ ਕਿ ਸ੍ਰੀ ਮੋਦੀ ਦੀ ਵਿਦੇਸ਼ ਨੀਤੀ ਛੁੱਟੀਆਂ 'ਚ ਘੁੰਮਣ-ਫਿਰਨ ਵਾਲੀਆਂ ਥਾਵਾਂ ਅਤੇ ਫੋਟੋਆਂ ਖਿਚਵਾਉਣ ਰਾਹੀਂ ਪ੍ਰੀਭਾਸ਼ਿਤ ਹੁੰਦੀ ਹੈ, ਦੇਸ਼ ਦੇ ਹਿੱਤਾਂ ਲਈ ਨਹੀਂ।

# ਕੁੰਡੀ ਕੁਨੈਕਸ਼ਨਾਂ ’ਚ ਬਾਦਲਾਂ ਦਾ ਹਲਕਾ ਮੋਹਰੀ

**ਬਠਿੰਡਾ:** ਪਾਵਰਕੌਮ ਦੇ ਅਫਸਰਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕਾ ਲੰਬੀ ਵਿਚ ਸੈਂਕੜੇ ਕੁੰਡੀ ਕੁਨੈਕਸ਼ਨ ਫੜੇ ਹਨ। ਕੈਪਟਨ ਦੀ ਹਕੂਮਤ ਮਗਰੋਂ ਪਹਿਲੀ ਵਾਰ ਪਾਵਰਕੌਮ ਨੇ ਹਲਕਾ ਲੰਬੀ ਦੇ ਪਿੰਡਾਂ ਵਿਚ ਬਿਜਲੀ ਚੋਰੀ ਰੋਕਣ ਵਾਸਤੇ ਛਾਪੇ ਮਾਰੇ ਹਨ।

ਪਾਵਰਕੌਮ ਦੇ ਡਿਪਟੀ ਮੁੱਖ ਇੰਜੀਨੀਅਰ ਮੁਕਤਸਰ ਇੰਦਰਜੀਤ ਸਿੰਘ ਅਤੇ ਵਧੀਕ ਨਿਗਰਾਨ ਇੰਜੀਨੀਅਰ ਭੂਸ਼ਨ ਕੁਮਾਰ ਜਿੰਦ ਦੀ ਸਾਂਝੀ ਟੀਮ ਨੇ ਹਲਕਾ ਲੰਬੀ ਦੇ ਕਰੀਬ ਇਕ ਦਰਜਨ ਪਿੰਡਾਂ ਵਿਚ 350 ਘਰਾਂ ’ਚ ਛਾਪੇ ਮਾਰੇ। ਇਨ੍ਹਾਂ ਟੀਮਾਂ ਨੇ ਸਵਾ ਸੌ ਦੇ ਕਰੀਬ ਘਰੇਲੂ ਬਿਜਲੀ ਦੇ ਕੁੰਡੀ ਕੁਨੈਕਸ਼ਨ ਫੜੇ ਹਨ, ਜਿਨ੍ਹਾਂ ਨੂੰ ਕਰੀਬ 20 ਲੱਖ ਰੁਪਏ ਦਾ ਜੁਰਮਾਨਾ ਪਾਇਆ ਗਿਆ ਹੈ। ਬਹੁਤੇ ਘਰਾਂ ਦੇ ਬਿਜਲੀ ਮੀਟਰਾਂ ਨਾਲ ਛੇੜ-ਛਾੜ ਕੀਤੀ ਹੋਈ ਸੀ।

ਮੁਕਤਸਰ, ਫ਼ਰੀਦਕੋਟ ਤੇ ਫਿਰੋਜ਼ਪੁਰ ਸਰਕਲ ਵਿੱਚ 867 ਘਰੇਲੂ ਬਿਜਲੀ ਕੁਨੈਕਸ਼ਨ ਚੈੱਕ ਕੀਤੇ ਗਏ, ਜਿਨ੍ਹਾਂ ’ਚੋ ਕਰੀਬ 200 ਕੁਨੈਕਸ਼ਨ ਬਿਜਲੀ ਚੋਰੀ ਦੇ ਫੜੇ ਗਏ ਹਨ। ਜਾਣਕਾਰੀ ਅਨੁਸਾਰ ਫ਼ਰੀਦਕੋਟ ਸਰਕਲ ਵਿਚ 250 ਕੁਨੈਕਸ਼ਨਾਂ ਦੀ ਚੈਕਿੰਗ ’ਚੋ 23 ਕੇਸ ਬਿਜਲੀ ਚੋਰੀ ਦੇ ਫੜੇ ਗਏ ਹਨ, ਜਿਨ੍ਹਾਂ ਨੂੰ 5.53 ਲੱਖ ਦਾ ਜੁਰਮਾਨਾ ਪਾਇਆ ਗਿਆ ਹੈ। ਛੇ ਜ਼ਿਲ੍ਹਿਆਂ ਵਿਚ ਸਭ ਤੋਂ ਜ਼ਿਆਦਾ ਬਿਜਲੀ ਚੋਰੀ ਹਲਕਾ ਲੰਬੀ ਵਿਚ ਫੜੀ ਗਈ ਹੈ। ਦੱਸਣਯੋਗ ਹੈ ਕਿ ਗੱਠਜੋੜ ਸਰਕਾਰ ਸਮੇਂ ਹਲਕਾ ਲੰਬੀ ਦਾ ਹਰ ਦੂਜਾ ਘਰ ਬਿਜਲੀ ਬਿੱਲਾਂ ਦਾ ਡਿਫਾਲਟਰ ਸੀ। ਲੰਘੇ ਇਕ ਦਹਾਕੇ ਦੌਰਾਨ ਪਾਵਰਕੌਮ ਦੇ ਕਿਸੇ ਅਧਿਕਾਰੀ ਨੇ ਹਲਕਾ ਲੰਬੀ ਵੱਲ ਮੂੰਹ ਨਹੀਂ ਕੀਤਾ ਸੀ।

## ਪੰਜਾਬੀ ਦੀ ਮੈਲਬਰਨ ਵਿਚ ਮੌਤ

**ਜ਼ੀਰਾ:** ਪਿੰਡ ਤਲਵੰਡੀ ਜੱਲੇ ਖਾਂ ਦੇ ਨੌਜਵਾਨ ਦੀ ਮੈਲਬਰਨ (ਆਸਟਰੇਲੀਆ) ਵਿਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਸਿਰਨਪ੍ਰੀਤ ਸਿੰਘ (25) ਪੜ੍ਹਾਈ ਵੀਜ਼ੇ ‘ਤੇ 4 ਵਰ੍ਹੇ ਪਹਿਲਾਂ ਆਸਟਰੇਲੀਆ ਗਿਆ ਸੀ। ਟਰਾਲੇ ਅਤੇ ਵੈਨ ਦੀ ਟੱਕਰ ਦੌਰਾਨ ਸਿਰਨਪ੍ਰੀਤ ਗੰਭੀਰ ਜਖ਼ਮੀ ਹੋ ਗਿਆ ਤੇ ਮਗਰੋਂ ਉਸ ਦੀ ਮੌਤ ਹੋ ਗਈ। ਉਸ ਦਾ 5 ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ।

*To Advertise with Punjab Times*
*Call: 847-359-0746*

# ਭਾਸ਼ਾ ਵਿਭਾਗ ਦੇ ਸਾਹਿਤ ਸਦਨ ਦਾ ਵਜੂਦ ਖਤਰੇ ’ਚ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਦੇ ਅਧਿਕਾਰ ਹੇਠਲੇ ਖਸਤਾ ਹਾਲ ਸਾਹਿਤ ਸਦਨ ਦਾ ਵਜੂਦ ਖਤਰੇ ਵਿਚ ਹੈ ਕਿਉਂਕਿ ਕੈਪਟਨ ਸਰਕਾਰ ਇਸ ਨੂੰ ਸੰਵਾਰਨ ਦੀ ਬਜਾਏ ਖੋਹਣ ਦੀ ਤਿਆਰੀ ਵਿਚ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਸਾਹਿਤ ਸਦਨ ਦੀ ਬਹੁ-ਮੰਜ਼ਿਲਾ ਇਮਾਰਤ ਨੂੰ ਲੇਖਕਾਂ ਦੇ ਰੈਣ ਬਸੇਰੇ ਦੀ ਥਾਂ ਕਿਸੇ ਹੋਰ ਉਦੇਸ਼ ਨਾਲ ਵਰਤਣ ਦੇ ਰੌਂਅ ਵਿਚ ਹੈ।

ਭਾਸ਼ਾ ਵਿਭਾਗ ਦੀ ਚਾਰਦੀਵਾਰੀ ਵਿਚ ਸਥਿਤ ਸਾਹਿਤ ਸਦਨ (ਲੇਖਕ ਘਰ) ਕਾਫੀ ਸਮੇਂ ਤੋਂ ਖਸਤਾ ਹਾਲਤ ਵਿਚ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ’ਤੇ ਉਮੀਦ ਜਾਗੀ ਸੀ ਕਿ ਇਸ ਦੀ ਜੂਨ ਸੰਵਰ ਜਾਏਗੀ ਪਰ ਉਲਟਾ ਕੈਪਟਨ ਸਰਕਾਰ ਇਸ ਇਮਾਰਤ ਨੂੰ ਕਿਸੇ ਹੋਰ ਉਦੇਸ਼ ਲਈ ਵਰਤਣ ਦੀ ਤਿਆਰੀ ਵਿਚ ਹੈ। ਸੂਤਰਾਂ ਅਨੁਸਾਰ ਸਰਕਾਰ ਦੀ ਇੱਛਾ ਹੈ ਕਿ ਵਿਹਲੇ ਪਏ ਸਾਹਿਤ ਸਦਨ ਵਿਚ ਅਜਿਹੇ ਦਫਤਰ ਲਿਆਂਦੇ ਜਾਣ, ਜੋ ਹੁਣ ਤੱਕ ਕਿਰਾਏ ਵਾਲੀਆਂ ਥਾਵਾਂ ’ਤੇ ਚੱਲ ਰਹੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਬਾਬਤ ਕਾਰਵਾਈ ਵਿੱਢ ਦਿੱਤੀ ਹੈ।



ਐਸ.ਡੀ.ਐਮ. ਤੇ ਤਹਿਸੀਲਦਾਰ ਪੱਧਰ ਦੇ ਅਧਿਕਾਰੀਆਂ ਦੇ ਇਕ ਵਫ਼ਦ ਨੇ ਸਾਹਿਤ ਸਦਨ ਦਾ ਦੌਰਾ ਵੀ ਕੀਤਾ ਹੈ। ਜ਼ਿਲ੍ਹਾ ਪ੍ਰਸ਼ਾਸਨ ਦੇ ਉਦੇਸ਼ ਦਾ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੇ ਵਿਰੋਧ ਕਰਦਿਆਂ ਤਰਕ ਦਿੱਤਾ ਹੈ ਕਿ ਇਹ ਸਦਨ ਪੰਜਾਬ ਦੇ ਲੇਖਕਾਂ ਤੇ ਚਿੰਤਕਾਂ ਵਾਸਤੇ ਹੈ, ਇਸ ਨੂੰ ਸੰਵਾਰਨ ਦੀ ਲੋੜ ਹੈ ਨਾ ਕਿ ਇਸ ’ਤੇ ਹੋਰ ਦਫਤਰਾਂ ਦਾ ਕਬਜ਼ਾ ਜਮਾਉਣ ਦੀ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਗੁਰਸ਼ਰਨ ਕੌਰ ਨੇ ਮੰਨਿਆ ਕਿ ਸਾਹਿਤ ਸਦਨ ਨੂੰ ਕਿਸੇ ਹੋਰ ਉਦੇਸ਼ ਲਈ ਵਰਤਣ ਸਬੰਧੀ ਉਚ ਪੱਧਰੀ ਸਰਕਾਰੀ ਵਫਦ ਨੇ ਬੀਤੇ ਦਿਨੀਂ ਸਦਨ ਦਾ ਦੌਰਾ ਕੀਤਾ ਸੀ ਪਰ ਵਿਭਾਗ ਨੇ ਮੁੱਢਲੇ ਤੌਰ ’ਤੇ ਲੇਖਕ ਘਰ ਦੀ ਹਿਫ਼ਾਜ਼ਤ ਦਾ ਸਟੈਂਡ ਲਿਆ ਹੈ।

## ਗਾਜ਼ੀਆਬਾਦ ਸਭ ਤੋਂ ਪ੍ਰਦੂਸ਼ਿਤ

**ਨਵੀਂ ਦਿੱਲੀ**: ਭਾਰਤ ਦੇ ਕਈ ਸ਼ਹਿਰ ਪ੍ਰਦੂਸ਼ਣ ਦੀ ਮਾਰ ਹੇਠ ਹਨ। ਦੇਸ਼ ਦੇ 94 ਸ਼ਹਿਰਾਂ ਵਿਚ ਪੀ.ਐਮ. (ਪਾਰਟੀਕਲ ਪਲਿਊਸ਼ਨ)-10 ਤੇਜ਼ੀ ਨਾਲ ਵਧ ਰਿਹਾ ਹੈ। ਸਭ ਤੋਂ ਵੱਧ ਪ੍ਰਦੂਸ਼ਿਤ 10 ਸ਼ਹਿਰਾਂ ਦੀ ਸੂਚੀ ’ਚ ਗਾਜ਼ੀਆਬਾਦ ਪਹਿਲੇ ਅਤੇ ਦਿੱਲੀ ਚੌਥੇ ਸਥਾਨ ਉਤੇ ਹੈ।

ਹੋਰ ਸ਼ਹਿਰਾਂ ’ਚ ਗਾਜ਼ੀਆਬਾਦ, ਅਲਾਹਾਬਾਦ, ਬਰੇਲੀ, ਦਿੱਲੀ, ਕਾਨਪੁਰ, ਫਿਰੋਜ਼ਾਬਾਦ, ਆਗਰਾ, ਅਲਵਰ, ਗਜਰੌਲਾ ਤੇ ਜੈਪੁਰ ਦੇ ਨਾਂ ਸ਼ਾਮਲ ਹਨ। ਦੂਜੇ ਪਾਸੇ ਦੇਸ਼ ਦੇ 5 ਸ਼ਹਿਰਾਂ ’ਚ ਨਾਈਟਰੋਜਨ ਡਾਈਆਕਸਾਈਡ ਫੈਲਾਉਣ ਦੇ ਮਾਮਲੇ ਵਿਚ ਦਿੱਲੀ ਪਹਿਲੇ ਸਥਾਨ ’ਤੇ ਹੈ। ਇਨ੍ਹਾਂ ਸ਼ਹਿਰਾਂ ’ਚ ਦਿੱਲੀ, ਬਾਦਲਪੁਰ, ਪੁਣੇ, ਉਲਹਾਸ ਨਗਰ ਤੇ ਕੋਲਕਾਤਾ ਦੇ ਨਾਂ ਸ਼ਾਮਲ ਹਨ। ਇਨ੍ਹਾਂ 10 ਪ੍ਰਦੂਸ਼ਿਤ ਸ਼ਹਿਰਾਂ ’ਚ 7 ਸ਼ਹਿਰ ਉਤਰ ਪ੍ਰਦੇਸ਼ ਦੇ ਹਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਨੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਦੀ ਇਕ ਕਾਨਫਰੰਸ ’ਚ ਇਸ ਸਬੰਧੀ ਰਿਪੋਰਟ ਸਾਂਝੀ ਕੀਤੀ ਹੈ। ਇਸ ਰਿਪੋਰਟ ਦੇ ਨਾਲ-ਨਾਲ ਅਜਿਹੀ ਸਥਿਤੀ ਨਾਲ ਨਿਪਟਣ ਲਈ ਤਿਆਰ ਕੀਤੀ 42 ਸੂਤਰੀ ਐਕਸ਼ਨ ਯੋਜਨਾ ਵੀ ਅਧਿਕਾਰੀਆਂ ਨੂੰ ਦੱਸੀ ਗਈ। ਇਸ ਯੋਜਨਾ ’ਚ ਵਾਹਨਾਂ ਦਾ ਪ੍ਰਦੂਸ਼ਣ ਘੱਟ ਕਰਨ, ਪਹਿਲੀ ਅਪਰੈਲ 2020 ’ਚ ਬੀ.ਐਸ. 6 ਲਾਗੂ ਕਰਨ, ਸੜਕਾਂ ’ਤੇ ਉਡਣ ਵਾਲੀ ਧੂੜ ਨੂੰ ਕੰਟਰੋਲ ਕਰਨ, ਖੁੱਲ੍ਹੇਆਮ ਅੱਗ ਲਗਾਉਣ ਤੇ ਜ਼ਿਆਦਾ ਪ੍ਰਦੂਸ਼ਿਤ ਹੋ ਜਾਣ ਦੀ ਸਥਿਤੀ ’ਚ ਡੀਜ਼ਲ ਵਾਲੇ ਵਾਹਨਾਂ ਉਤੇ ਰੋਕ ਲਗਾਉਣ ਵਰਗੇ ਵੱਖ-ਵੱਖ ਸੁਝਾਅ ਦਿੱਤੇ ਗਏ।


ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।

ਸੰਪਰਕ ਕਰੋ

ਫੋਨ: 515-291-1961

26-29

ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ‘ਹਵੇਲੀ’ ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ: ਦਵਿੰਦਰ ਸਿੰਘ

ਫੋਨ: 262-391-7666

27-28

DHOL RADIO

WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ



REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS ➡ USA 951-824-6365

skype - DHOLRADIO.ORG

LISTEN BY CALL ➡ USA 702-489-0211

Sukhpal Gill
10 pm to 12 am (IST)

Puran singh waraich
2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash
Grand Opening

- 8 Drive Tires For $3300
Kelly KDA

- Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 15 ਜੁਲਾਈ 2017*

# ਨਹਿਰ ਦੀ ਸਿਆਸਤ ਅਤੇ ਅਦਾਲਤ

ਇਹ ਇਤਫਾਕ ਹੀ ਸਮਝੋ ਕਿ ਅੱਜ ਤੋਂ ਐਨ 13 ਸਾਲ ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ 12 ਜੁਲਾਈ 2004 ਨੂੰ ਸਾਰੇ ਜਲ ਸਮਝੌਤੇ ਵਿਧਾਨ ਸਭਾ ਰਾਹੀਂ ਰੱਦ ਕਰਵਾ ਦਿੱਤੇ ਸਨ ਤਾਂ ਉਨ੍ਹਾਂ ਦੀ ਬੱਲੇ ਬੱਲੇ ਹੋ ਗਈ ਸੀ। ਉਸ ਵਕਤ ਵਿਰੋਧੀ ਧਿਰ ਵਜੋਂ ਵਿਚਰ ਰਹੇ ਸ਼੍ਰੋਮਣੀ ਅਕਾਲੀ ਦਲ ਕੋਲ ਕਹਿਣ ਲਈ ਕੁਝ ਵੀ ਨਹੀਂ ਸੀ ਰਹਿ ਗਿਆ। ਹੁਣ 12 ਜੁਲਾਈ ਨੂੰ ਹੀ ਸੁਪਰੀਮ ਕੋਰਟ ਦੇ ਨਿਰਦੇਸ਼ ਆਏ ਹਨ ਕਿ ਪਹਿਲਾਂ ਸਤਲੁਜ-ਯਮੁਨਾ ਲਿੰਕ ਨਹਿਰ ਮੁਕੰਮਲ ਕੀਤੀ ਜਾਵੇ, ਪਾਣੀ ਦੀ ਵੰਡ ਦਾ ਮਸਲਾ ਇਸ ਤੋਂ ਬਾਅਦ ਹੀ ਨਜਿੱਠਿਆ ਜਾਵੇਗਾ। ਦਿਲਚਸਪ ਤੱਥ ਇਹ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਦੋਹਾਂ ਨੇ ਹੀ ਸੁਪਰੀਮ ਕੋਰਟ ਦੀਆਂ ਇਨ੍ਹਾਂ ਹਾਲੀਆ ਹਦਾਇਤਾਂ ਦਾ ਸਵਾਗਤ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਅਦਾਲਤ ਨੇ ਪੰਜਾਬ ਨੂੰ ਦੋ ਮਹੀਨਿਆਂ ਦੀ ਮੋਹਲਤ ਦੇ ਦਿੱਤੀ ਹੈ, ਜਦਕਿ ਖੱਟਰ ਦਾ ਕਹਿਣਾ ਹੈ ਕਿ ਅਦਾਲਤ ਨੇ ਨਹਿਰ ਉਸਾਰੀ ਬਾਰੇ ਹਦਾਇਤ ਦੇ ਕੇ ਹਰਿਆਣਾ ਦਾ ਪੱਖ ਪੂਰਿਆ ਹੈ। ਇਹ ਮਸਲਾ ਉਸ ਮਸੇਂ ਦਾ ਹੀ ਖੜ੍ਹਾ ਹੈ ਜਦੋਂ 1966 ਵਿਚ ਹਰਿਆਣਾ ਹੋਂਦ ਵਿਚ ਆਇਆ ਸੀ। ਇਹ ਰੇੜਕਾ ਮੁਕਾਉਣ ਲਈ 1981 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਲ ਸਮਝੌਤਾ ਥੋਪ ਦਿੱਤਾ ਸੀ ਜੋ ਇਕ ਤਰ੍ਹਾਂ ਨਾਲ ਪੰਜਾਬ ਦੇ ਖਿਲਾਫ ਜਾਂਦਾ ਸੀ। ਹੁਣ ਸੁਪਰੀਮ ਕੋਰਟ ਵਿਚ ਜਿਸ ਮਸਲੇ ਬਾਰੇ ਇਹ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ, ਉਹ ਨਿਰੋਲ ਤਕਨੀਕੀ ਹੈ। ਇਸ ਮਸਲੇ ਬਾਰੇ ਹਰਿਆਣਾ ਨੇ ਇਹ ਨੁਕਤਾ ਜਚਾ ਦਿੱਤਾ ਕਿ ਜਦੋਂ ਪੰਜਾਬ ਉਸ ਤੋਂ ਨਹਿਰ ਉਸਾਰੀ ਲਈ 100 ਕਰੋੜ ਰੁਪਏ ਲੈ ਚੁਕਾ ਹੈ ਤਾਂ ਨਹਿਰ ਉਸਾਰੀ ਕਿਉਂ ਨਹੀਂ ਕੀਤੀ ਜਾ ਰਹੀ। ਇਹ ਰਕਮ ਪੰਜਾਬ ਨੇ ਉਸ ਵਕਤ ਲਈ ਸੀ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ।

ਜ਼ਾਹਰ ਹੈ ਕਿ ਰਾਜ ਕਾਂਗਰਸ ਦਾ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ ਦਾ, ਨਹਿਰ ਦਾ ਮਸਲਾ ਅਗਾਂਹ ਤੋਂ ਅਗਾਂਹ ਉਲਝਦਾ ਹੀ ਰਿਹਾ ਹੈ। ਤੱਥ ਇਹ ਵੀ ਹਨ ਕਿ ਪੂਰੇ ਨੌਂ ਸਾਲ ਸ਼੍ਰੋਮਣੀ ਅਕਾਲੀ ਦਲ ਨੇ ਸੁਪਰੀਮ ਕੋਰਟ ਵਿਚ ਢੰਗ ਨਾਲ ਇਸ ਮਸਲੇ ਦੀ ਪੈਰਵੀ ਵੀ ਨਹੀਂ ਕੀਤੀ ਅਤੇ ਜਦੋਂ ਸੁਪਰੀਮ ਕੋਰਟ ਨੇ ਨਵੰਬਰ 2016 ਨੂੰ ਹਦਾਇਤਾਂ ਦੇਣੀਆਂ ਸ਼ੁਰੂ ਕੀਤੀਆਂ ਤਾਂ ਅਕਾਲੀ ਦਲ ਨੇ ਝੱਟਪੱਟ ਵਿਧਾਨ ਸਭਾ ਰਾਹੀਂ ਕਾਨੂੰਨ ਬਣਾ ਕੇ ਕਿਸਾਨਾਂ ਤੋਂ ਐਕਵਾਇਰ ਕੀਤੀ ਜ਼ਮੀਨ ਉਨ੍ਹਾਂ ਨੂੰ ਰਾਤੋ-ਰਾਤ ਮੋੜ ਦਿੱਤੀ। ਪੰਜਾਬ ਭਾਵੇਂ ਵਾਰ ਵਾਰ ਇਹ ਕਹਿ ਰਿਹਾ ਹੈ ਕਿ ਪੰਜਾਬ ਕੋਲ ਹੁਣ ਉਤਨਾ ਪਾਣੀ ਨਹੀਂ ਹੈ ਜਿੰਨਾ ਪਹਿਲਾਂ ਸੀ; ਭਾਵ ਇਹ ਘਟ ਕੇ 17 ਮਿਲੀਅਨ ਏਕੜ ਫੁੱਟ ਦੀ ਥਾਂ ਸਿਰਫ 13 ਮਿਲੀਅਨ ਏਕੜ ਫੁੱਟ ਹੀ ਰਹਿ ਗਿਆ ਹੈ, ਅਤੇ ਇਸ ਸੂਰਤ ਵਿਚ ਪੰਜਾਬ ਕੋਲ ਦੇਣ ਲਈ ਪਾਣੀ ਹੈ ਹੀ ਨਹੀਂ। ਇਸ ਲਈ ਪਹਿਲਾਂ ਤੱਥਾਂ ਦੇ ਆਧਾਰ ਉਤੇ ਪਾਣੀ ਦੀ ਵੰਡ ਕੀਤੀ ਜਾਵੇ, ਜੇ ਲੋੜ ਹੋਵੇ ਤਾਂ ਹੀ ਨਹਿਰ ਉਸਾਰੀ ਦਾ ਮਸਲਾ ਵਿਚਾਰਿਆ ਜਾਵੇ। ਅਦਾਲਤ ਨੇ ਹੁਣ ਸਾਫ ਕਰ ਦਿੱਤਾ ਹੈ ਕਿ ਨਹਿਰ ਉਸਾਰੀ ਬਾਰੇ ਇਸ ਵੱਲੋਂ ਕੀਤਾ ਫੈਸਲਾ ਪਹਿਲਾਂ ਲਾਗੂ ਕੀਤਾ ਜਾਵੇ, ਭਾਵ ਨਹਿਰ ਉਸਾਰੀ ਜਾਵੇ, ਬਾਕੀ ਮਸਲਾ ਬਾਅਦ ਵਿਚ ਵਿਚਾਰਿਆ ਜਾਵੇਗਾ। ਨਾਲ ਹੀ ਹਦਾਇਤ ਕੀਤੀ ਹੈ ਕਿ ਇਸ ਮਸਲੇ 'ਤੇ ਕੋਈ ਵੀ ਧਿਰ ਕੋਈ ਅੰਦੋਲਨ ਵੀ ਨਹੀਂ ਕਰੇਗੀ।

ਅਸਲ ਵਿਚ ਕੇਂਦਰ ਵੱਲੋਂ ਲਗਾਤਾਰ ਹਰਿਆਣਾ ਦਾ ਪੱਖ ਪੂਰਨ ਕਰ ਕੇ ਹੀ ਇਹ ਮਸਲਾ ਇੰਨਾ ਗੁੰਝਲਦਾਰ ਬਣਿਆ ਹੈ। ਹੁਣ ਹਾਲਤ ਇਹ ਹੈ ਕਿ ਕੇਂਦਰ ਅਤੇ ਹਰਿਆਣਾ ਵਿਚ ਇਸ ਵੇਲੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਕੱਲ੍ਹ ਤੱਕ ਪੰਜਾਬ ਵਿਚ ਵੀ ਭਾਰਤੀ ਜਨਤਾ ਪਾਰਟੀ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀ ਹੀ ਸਰਕਾਰ ਸੀ। ਅਜਿਹੇ ਇਤਿਫਾਕ ਪਹਿਲਾਂ ਵੀ ਆਉਂਦੇ ਰਹੇ ਹਨ ਜਦੋਂ ਕੇਂਦਰ ਅਤੇ ਪੰਜਾਬ ਵਿਚ ਕਾਂਗਰਸ ਸੱਤਾ ਵਿਚ ਰਹੀ ਹੈ, ਪਰ ਕਿਸੇ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਹਰ ਧਿਰ ਇਸ ਮਸਲੇ ਨੂੰ ਅਗਾਂਹ ਟਾਲਦੀ ਰਹੀ ਹੈ। ਹੁਣ ਕੇਂਦਰ ਸਰਕਾਰ ਦੇ ਵਕੀਲ ਨੇ ਭਾਵੇਂ ਅਦਾਲਤ ਵਿਚ ਇਹ ਕਿਹਾ ਹੈ ਕਿ ਪ੍ਰਧਾਨ ਮੰਤਰੀ ਇਸ ਮਸਲੇ ਬਾਰੇ ਦੋਹਾਂ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਗੱਲ ਚਲਾ ਰਹੇ ਹਨ, ਪਰ ਜਦੋਂ ਇਸ ਮਸਲੇ 'ਤੇ ਰਾਸ਼ਟਰਪਤੀ ਨੇ ਰਾਏ ਮੰਗੀ ਸੀ ਤਾਂ ਮੋਦੀ ਸਰਕਾਰ ਨੇ ਸਪਸ਼ਟ ਰੂਪ ਵਿਚ ਹਰਿਆਣਾ ਦਾ ਹੀ ਪੱਖ ਪੂਰਿਆ ਸੀ। ਦਰਅਸਲ ਉਦੋਂ ਹਰਿਆਣਾ ਨੇ ਪੰਜਾਬ ਵੱਲੋਂ ਸਾਰੇ ਜਲ ਸਮਝੌਤੇ ਰੱਦ ਕਰਨ ਖਿਲਾਫ ਸੁਪਰੀਮ ਕੋਰਟ ਦਾ ਕੁੰਡਾ ਜਾ ਖੜਕਾਇਆ ਸੀ ਅਤੇ ਸੁਪਰੀਮ ਕੋਰਟ ਨੇ ਇਸ ਸਬੰਧੀ ਰਾਸ਼ਟਰਪਤੀ ਦੀ ਰਾਏ ਮੰਗ ਲਈ ਸੀ। ਹੁਣ ਕੈਪਟਨ ਅਮਰਿੰਦਰ ਸਿੰਘ ਲਈ ਆਉਣ ਵਾਲੇ ਸਮੇਂ ਵਿਚ ਇਹ ਮਸਲਾ ਵੱਡੇ ਮਸਲੇ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਉਨ੍ਹਾਂ ਦੀ ਸਰਕਾਰ ਬਣਿਆਂ ਭਾਵੇਂ ਤਿੰਨ ਮਹੀਨੇ ਲੰਘ ਗਏ ਹਨ, ਪਰ ਅਜੇ ਤੱਕ ਸਰਕਾਰ ਪੱਕੇ ਪੈਰੀਂ ਵੀ ਨਹੀਂ ਹੋਈ ਹੈ। ਵੱਖ ਵੱਖ ਮਸਲਿਆਂ 'ਤੇ ਵੱਖ ਵੱਖ ਵਿਚਾਰ ਨਿੱਤ ਦਿਨ ਸਾਹਮਣੇ ਆ ਰਹੇ ਹਨ। ਕਾਂਗਰਸ ਹਾਈ ਕਮਾਂਡ ਵੱਲੋਂ ਕੈਪਟਨ ਉਤੇ ਥੋਪੇ ਦੋ ਲੀਡਰਾਂ-ਮਨਪ੍ਰੀਤ ਸਿੰਘ ਬਾਦਲ ਤੇ ਨਵਜੋਤ ਸਿੰਘ ਸਿੱਧੂ ਨਾਲ ਅਜੇ ਤੱਕ ਉਨ੍ਹਾਂ ਦਾ ਤਾਲਮੇਲ ਨਹੀਂ ਬੈਠਿਆ ਹੈ। ਇਸ ਦਾ ਸਿੱਧਾ ਅਸਰ ਕੈਪਟਨ ਅਤੇ ਸਰਕਾਰ ਦੇ ਅਕਸ ਉਤੇ ਪੈ ਰਿਹਾ ਹੈ। ਪਿਛਲੇ ਦਸ ਸਾਲਾਂ ਦੌਰਾਨ ਅਕਾਲੀ ਦਲ ਨੇ ਬਿਊਰੋਕਰੇਸੀ ਨੂੰ ਅਜਿਹਾ ਹੱਥ ਉਤੇ ਲਿਆ ਹੈ ਕਿ ਸਰਕਾਰ ਨੂੰ ਪ੍ਰਸ਼ਾਸਨ ਚਲਾਉਣ ਵਿਚ ਵੀ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੀ ਸੂਰਤ ਵਿਚ ਕੈਪਟਨ ਅਮਰਿੰਦਰ ਸਿੰਘ ਅਦਾਲਤ ਵਿਚ ਪੰਜਾਬ ਖਿਲਾਫ ਭੁਗਤ ਰਹੇ ਫੈਸਲੇ ਦੇ ਮੱਦੇਨਜ਼ਰ ਕਿਸ ਢੰਗ ਨਾਲ ਪੰਜਾਬ ਦੇ ਹੱਕਾਂ ਦੀ ਪੈਰਵੀ ਕਰ ਸਕਣਗੇ, ਇਹ ਵਿਚਾਰਨ ਵਾਲਾ ਮਸਲਾ ਹੈ। ਉਂਜ ਹੁਣ ਚਾਹੀਦਾ ਇਹ ਹੈ ਕਿ ਇਸ ਮਸਲੇ ਉਤੇ ਪਾਰਟੀ ਪੱਧਰ ਦੀ ਸਿਆਸਤ ਕਰਨ ਦੀ ਥਾਂ ਕੋਈ ਸਾਰਥਕ ਚਾਰਾਜੋਈ ਕੀਤੀ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਡਾਰੂਆਂ ਦਾ ਅਪਮਾਨ?*

ਕਲਾ ਲਿਖਣ ਦੀ ਜਾਣਨੇ ਵਾਲਿਓ ਜੀ, ਕਾਲੇ ਲਿਖ ਨਾ ਬੈਠਿਓ ਲੇਖ ਯਾਰੋ।
ਕੌੜੇ ਸ਼ਬਦਾਂ ਦੀ ਪੀੜ ਮਹਿਸੂਸ ਹੋਵੇ, ਜਿਵੇਂ ਵੱਜਦੀ ਸੀਨੇ ਵਿਚ ਮੇਖ ਯਾਰੋ।
ਚੱਲੇ ਕਲਮ ਮਨੁੱਖਤਾ ਵਾਸਤੇ ਹੀ, ਹੋਵੇ ਬਾਹਰਲਾ ਕੈਸਾ ਵੀ ਭੇਖ ਯਾਰੋ।
ਕਿਸਦੇ ਵਾਸਤੇ ਕੀ ਮੈਂ ਲਿਖਣ ਲੱਗਾਂ, ਸਿਆਣਾ ਲੇਖਕ ਇਹ ਲੈਂਦਾ ਏ ਦੇਖ ਯਾਰੋ।
ਜਾਂਦਾ ਨੇੜੇ ਅਨਜਾਣ ਨਾ ਪਾਣੀਆਂ ਦੇ, ਡਰ ਡੁੱਬਣ ਦਾ ਹੁੰਦਾ ਏ ਤਾਰੂਆਂ ਦਾ।
ਸਮਝੋ ਡੁੱਬਿਆ ਉਹ ਵੀ ਹੰਕਾਰ ਅੰਦਰ, ਜਿਹੜਾ ਕਰੇ ਅਪਮਾਨ ਵਡਾਰੂਆਂ ਦਾ!

# ਪੰਜਾਬੀ ਸਭਿਅਤਾ ਦਾ ਭਵਿਖ

*ਵਿਦਵਾਨਾਂ ਨੇ ਸਭਿਆਤਾਵਾਂ ਦੇ ਖਾਤਮੇ ਦੇ ਕਾਰਨਾਂ ਦੀ ਪੁਣ-ਛਾਣ ਕਰਦਿਆਂ ਇਹ ਤੱਥ ਨਿਤਾਰੇ ਹਨ ਕਿ ਮੌਸਮ ਵਿਚ ਤਬਦੀਲੀ, ਲੜਾਈਆਂ, ਕਮਾਈ ਲਈ ਇਕ ਤੋਂ ਦੂਜੀ ਥਾਂ ਵੱਲ ਹਿਜਰਤ ਅਤੇ ਫਿਰ ਉਥੇ ਹੀ ਵਸੇਬਾ ਕਰਨ ਕਰ ਕੇ ਸਭਿਆਤਾਵਾਂ ਹੌਲੀ ਹੌਲੀ ਮਰ-ਮੁੱਕ ਗਈਆਂ। ਇਸ ਪ੍ਰਸੰਗ ਵਿਚ ਜੇ ਪੰਜਾਬ ਬਾਰੇ ਸੋਚੀਏ ਤਾਂ ਤੱਥ ਫਿਕਰਾਂ ਵਿਚ ਪਾਉਣ ਵਾਲੇ ਹਨ। ਇਨ੍ਹਾਂ ਫਿਕਰਾਂ ਦੀ ਚਰਚਾ ਡਾ. ਹਰਸ਼ਿੰਦਰ ਕੌਰ ਨੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*



**ਡਾ. ਹਰਸ਼ਿੰਦਰ ਕੌਰ**
**ਫੋਨ: 0175-2216783**

ਖ਼ਤਮ ਹੋ ਚੁੱਕੀਆਂ ਕੁਝ ਸਭਿਅਤਾਵਾਂ ਵੱਲ ਝਾਤ ਮਾਰੀਏ ਤਾਂ ਬਹੁਤ ਕੁਝ ਪਤਾ ਲੱਗਦਾ ਹੈ। ਨਾਲ ਹੀ ਇਹ ਜਾਣਕਾਰੀ ਮਿਲਦੀ ਹੈ ਕਿ ਉਨ੍ਹਾਂ ਦਾ ਅੰਤ ਕਿਉਂ ਤੇ ਕਿਵੇਂ ਹੋਇਆ। ਪਹਿਲਾਂ ਗੱਲ ਕਰੀਏ ਮਾਇਆ ਸਭਿਅਤਾ ਦੀ। ਮੈਕਸਿਕੋ ਤੋਂ ਗੁਟਮਲਾ ਤਕ ਫੈਲੇ ਕਮਾਲ ਦੇ ਪੱਕੇ ਪਿਰਾਮਿਡ ਬਣਾਉਣ ਵਾਲੇ, ਉਸ ਸਮੇਂ ਤੇ ਹਿਸਾਬ ਦੇ ਚੋਟੀ ਦੇ ਮਾਹਿਰ, ਲਿਖਾਰੀ, ਕੈਲੰਡਰ ਬਣਾਉਣ ਵਿਚ ਮਾਹਿਰ, ਪੌੜੀਦਾਰ ਫਾਰਮ ਬਣਾਉਣ ਵਿਚ ਕਮਾਲ ਕਰਨ ਵਾਲੇ, ਸਲੀਕੇ ਨਾਲ ਰਹਿਣ ਸਹਿਣ ਵਾਲੇ ਅਤੇ ਆਪਣੀ ਮਾਤ ਭਾਸ਼ਾ ਨੂੰ ਪਿਆਰ ਕਰਨ ਵਾਲੇ ਆਖ਼ਿਰ ਸਾਲ 900 ਵਿਚ ਪੂਰੀ ਤਰ੍ਹਾਂ ਖਿੰਡ ਪੁੰਡ ਕਿਉਂ ਗਏ? ਉਸ ਸਮੇਂ ਦੀਆਂ ਲਿਖਤਾਂ ਮੌਜੂਦ ਹਨ, ਕਿਉਂਕਿ ਉਸ ਸਮੇਂ ਲੋਕ ਲਿਖਣ ਦਾ ਸ਼ੌਕ ਰੱਖਦੇ ਸਨ। ਗਜ਼ਬ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਬੋਲੀ ਅਜੇ ਤਕ ਕਿਤੇ ਨਾ ਕਿਤੇ ਬੋਲੀ ਜਾ ਰਹੀ ਹੈ ਜਿਸ ਸਦਕਾ ਉਨ੍ਹਾਂ ਬਾਰੇ ਕੁਝ ਨਾ ਕੁਝ ਲੱਭਿਆ ਜਾ ਸਕਦਾ ਹੈ। ਜੋ ਸਭਿਅਤਾ ਦੇ ਮਰ ਮੁੱਕ ਜਾਣ ਦੇ ਅਨੁਮਾਨ ਲਾਏ ਗਏ, ਉਹ ਸਨ: 1. ਮੌਸਮ ਵਿਚ ਬਹੁਤ ਜ਼ਿਆਦਾ ਤਬਦੀਲੀ; 2. ਲੜਾਈਆਂ; 3. ਸੋਕਾ ਅਤੇ 4. ਲੋਕਾਂ ਦਾ ਦੂਜੀ ਥਾਂ ਕਮਾਈ ਲਈ ਚਲੇ ਜਾਣਾ ਤੇ ਉਥੋਂ ਦਾ ਸਭਿਆਚਾਰ ਅਪਣਾ ਕੇ ਉਥੇ ਦਾ ਹੀ ਬਣ ਕੇ ਰਹਿ ਜਾਣਾ।

ਬਹੁਤੇ ਇਤਿਹਾਸਕਾਰ ਇਸ ਤੱਥ ਨਾਲ ਸਹਿਮਤ ਹਨ ਕਿ ਏਨੀ ਅਗਾਂਹ-ਵਧੂ ਸਭਿਅਤਾ ਜੋ ਸੋਕਿਆਂ ਨਾਲ ਲੜੀ, ਖ਼ੁਰਾਕ ਦੀ ਕਮੀ ਕਾਰਨ ਬਹੁਤੇ ਲੋਕਾਂ ਦੇ ਹੋਰ ਥਾਂਵਾਂ ਵਲ ਚਲੇ ਜਾਣ ਦੇ ਰੁਝਾਨ ਨੂੰ ਵੀ ਬਰਦਾਸ਼ਤ ਕਰਦੀ ਰਹੀ, ਅਖ਼ੀਰ ਲੜਾਈ-ਝਗੜਿਆਂ ਤੋਂ ਔਖੀ ਹੋ ਕੇ ਪੂਰਨ ਰੂਪ ਵਿਚ ਉਸ ਥਾਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਈ। ਇਕ ਗੱਲ ਜੋ ਖਿੱਚ ਪਾਉਂਦੀ ਹੈ, ਉਹ ਹੈ ਇੰਨੀਆਂ ਸਦੀਆਂ ਬਾਅਦ ਵੀ ਜ਼ੁਬਾਨ ਦਾ ਬਚੇ ਰਹਿਣਾ। ਕਾਰਨ ਸੀ- ਬਹੁਗਿਣਤੀ ਲੋਕ ਆਪਣੀ ਜ਼ੁਬਾਨ ਲਿਖਣ ਤੇ ਪੜ੍ਹਨ ਨੂੰ ਤਰਜੀਹ ਦਿੰਦੇ ਰਹੇ। ਪਿੰਡਾਂ ਵਿਚ ਇਹ ਜ਼ੁਬਾਨ ਬੋਲਣ ਵਾਲੇ ਬਚੇ ਰਹਿ ਗਏ। ਸ਼ਹਿਰੀ ਤਾਂ ਦੂਜੀਆਂ ਜ਼ੁਬਾਨਾਂ ਵਿਚ ਰਚ ਮਿਚ ਗਏ।

ਸਿੰਧ ਘਾਟੀ ਦੀ ਸੱਭਿਅਤਾ ਦੀ ਗੱਲ। ਹਜ਼ਾਰਾਂ ਸਾਲ ਪਹਿਲਾਂ ਹੜੱਪਾ ਸਭਿਅਤਾ ਨਾਲ ਜੁੜੇ 50 ਲੱਖ ਬੰਦੇ ਜੋ ਮੌਜੂਦਾ ਭਾਰਤ, ਪਾਕਿਸਤਾਨ, ਇਰਾਨ ਤੇ ਅਫ਼ਗਾਨਿਸਤਾਨ ਜਿੰਨੀ ਥਾਂ ਉਤੇ ਫੈਲੇ ਹੋਏ ਸਨ, ਉਸ ਸਮੇਂ ਦੇ ਕਮਾਲ ਦੇ ਘਰ-ਬਾਰ ਬਣਾ ਕੇ ਅਤੇ ਵੱਡੀਆਂ ਦੁਕਾਨਾਂ ਦੀ ਉਸਾਰੀ ਤੋਂ ਇਲਾਵਾ ਪਾਣੀ ਦੀ ਨਿਕਾਸੀ ਦੇ ਵਧੀਆ ਪ੍ਰਬੰਧ ਕਰਨ ਦੇ ਬਾਵਜੂਦ ਲਗਭਗ 3000 ਸਾਲ ਪਹਿਲਾਂ ਸੋਕੇ ਕਾਰਨ ਢਿੱਡ ਭਰਨ ਤੋਂ ਔਖੇ, ਹੋਰ ਥਾਂਵਾਂ ਵੱਲ ਤੁਰ ਜਾਣ ਨੂੰ ਮਜਬੂਰ ਹੋ ਗਏ। ਖੇਤੀਬਾੜੀ ਵਿਚ ਕਈ ਹੋਰ ਚੀਜ਼ਾਂ ਸ਼ਾਮਿਲ ਕੀਤੀਆਂ ਗਈਆਂ ਜਿਨ੍ਹਾਂ ਲਈ ਘੱਟ ਪਾਣੀ ਲੋੜੀਂਦਾ ਸੀ, ਪਰ ਫਿਰ ਵੀ ਮਿੱਟੀ ਦੇ ਸੈਂਪਲ ਦੱਸਦੇ ਹਨ ਕਿ ਪਾਣੀ ਦੀ ਘਾਟ ਹੀ ਅਖ਼ੀਰ ਏਨੀ ਵੱਡੀ ਸਭਿਅਤਾ ਨੂੰ ਖ਼ਾਤਮੇ ਵੱਲ ਲੈ ਗਈ। ਜਦੋਂ ਹੇਠਲੀ ਪੱਧਰ ਦੇ ਲੋਕ ਨਿਕਲੇ ਤਾਂ ਵੱਡੇ ਵਪਾਰੀ ਵੀ ਖਾਣ ਪੀਣ ਨੂੰ ਤਰਸਦੇ ਮਹਿੰਗਾਈ ਤੇ ਸੋਕੇ ਨੂੰ ਵੇਖਦੇ ਉਹ ਥਾਂ ਛੱਡ ਗਏ। ਫਿਰ ਰਾਜੇ ਕਿਨ੍ਹਾਂ ਉਤੇ ਰਾਜ ਕਰਦੇ? ਅਮੀਰ ਤਬਕਾ ਵੀ ਹੌਲੀ ਹੌਲੀ ਇਹ ਥਾਂ ਤਿਆਗ ਗਿਆ।

ਈਸਟਰ ਸਭਿਅਤਾ ਵੀ 700 ਤੋਂ 1200 ਸਾਲ ਤਕ ਵਧਦੀ ਫੁਲਦੀ ਰਹੀ ਤੇ ਅਖ਼ੀਰ ਸਾਰੇ ਦਰੱਖ਼ਤ ਵੱਢਣ, ਪਾਣੀ ਦਾ ਸੋਮਾ ਮੁਕਾਉਣ ਤੇ ਖੇਤੀਬਾੜੀ ਵਿਚ ਪਾਣੀ ਦੀ ਘਾਟ ਕਾਰਨ ਹੌਲੀ ਹੌਲੀ ਅੰਨਦਾਤਿਆਂ ਵੱਲੋਂ ਇਸ ਥਾਂ ਨੂੰ ਤਿਆਗਣ ਸਦਕਾ ਇਹ ਸਭਿਅਤਾ ਵੀ ਹੌਲੀ ਹੌਲੀ ਖ਼ਤਮ ਹੋ ਗਈ। ਤੁਰਕੀ ਵਿਚ ਵੀ 9000 ਸਾਲ ਪਹਿਲਾਂ ਦੀ ਸਭਿਅਤਾ ਅਜਿਹੇ ਕਾਰਨਾਂ ਕਰ ਕੇ ਖ਼ਤਮ ਹੋ ਗਈ। ਇਲੀਨੋਇ ਵਿਚਲੇ ਮਿਸੀਸਿਪੀ ਵੀ ਬਹੁਤ ਵਧੀਆ ਕਾਰੀਗਰ ਸਨ। ਖੇਤੀਬਾੜੀ ਤੋਂ ਇਲਾਵਾ ਭਾਂਡੇ, ਘਰ-ਬਾਰ ਤੇ ਵੱਡੇ ਮਕਾਨ ਵੀ ਸਾਲ 600 ਤੋਂ 1400 ਈਸਵੀ ਤਕ ਉਨ੍ਹਾਂ ਨੇ ਸਾਂਭੀ ਰੱਖੇ; ਪਰ ਅਖ਼ੀਰ ਕੰਮ ਕਾਰ ਦੀ ਤਲਾਸ਼ ਵਾਸਤੇ ਨੌਜਵਾਨ ਤਬਕਾ ਹੋਰ ਥਾਂਈਂ ਨਿਕਲ ਗਿਆ। ਪਾਣੀ ਦੀ ਘਾਟ ਤੇ ਬਿਮਾਰੀਆਂ ਕਰ ਕੇ 40,000 ਲੋਕਾਂ ਨੂੰ ਇਹ ਥਾਂ ਹਮੇਸ਼ਾ ਲਈ ਛੱਡਣ ਉਤੇ ਮਜਬੂਰ ਕਰ ਗਈ।

ਇਨ੍ਹਾਂ ਤੋਂ ਇਲਾਵਾ ਵੀ ਬਹੁਤ ਹੋਰ ਸਭਿਅਤਾਵਾਂ ਹਨ ਜੋ ਖ਼ਤਮ ਹੋਈਆਂ, ਉਨ੍ਹਾਂ ਦੇ ਵੱਡੇ ਕਾਰਨ ਇਹੋ ਲੱਭੇ ਗਏ ਹਨ: ਸੋਕਾ ਤੇ ਧਰਤੀ ਹੇਠਲੇ ਪਾਣੀ ਦੀ ਕਮੀ; ਬਿਮਾਰੀਆਂ; ਹੋਰ ਥਾਂਵਾਂ ਵੱਲ ਕੰਮ ਕਾਰ ਦੀ ਭਾਲ ਵਾਸਤੇ ਚਲੇ ਜਾਣਾ; ਮੌਸਮ ਦੀ ਤਬਦੀਲੀ ਤੇ ਕੁਦਰਤੀ ਕਹਿਰ।

ਧਿਆਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਸਿਰਫ਼ ਉਸ ਸਭਿਅਤਾ ਦੀ ਜ਼ੁਬਾਨ ਬਚੀ ਹੈ ਜਿਸ ਵਿਚ ਹੇਠਲੇ ਪੱਧਰ ਦੇ ਲੋਕ, ਕਾਰੀਗਰ ਜਾਂ ਖੇਤੀਬਾੜੀ ਨਾਲ ਜੁੜੇ ਲੋਕਾਂ ਨੇ ਇਸ ਜ਼ੁਬਾਨ ਨੂੰ ਬੋਲਣਾ ਜਾਰੀ ਰੱਖਿਆ ਅਤੇ ਥਾਂ ਬਦਲਣ ਤੋਂ ਬਾਅਦ ਵੀ ਇਕ ਗੁੱਟ ਵਿਚ ਜੁੜੇ ਰਹਿ ਕੇ ਆਪਸੀ ਸਾਂਝ ਬਣਾਈ ਰੱਖੀ; ਯਾਨੀ ਰਹਿਣ ਸਹਿਣ ਬਦਲਣ ਬਾਅਦ ਵੀ ਬੱਚਿਆਂ ਨਾਲ ਤੇ ਰਿਸ਼ਤੇਦਾਰੀ ਨਾਲ ਸਭਿਆਚਾਰ ਤੇ ਜ਼ੁਬਾਨ ਦੀ ਸਾਂਝ ਦੀ ਤੰਦ ਟੁੱਟਣ ਨਾ ਦਿੱਤੀ। ਅਮੀਰ ਤਬਕਾ ਤੇ ਪੜ੍ਹੇ ਲਿਖੇ ਨੌਜਵਾਨ ਆਪਣੀ ਮਾਂ ਬੋਲੀ ਨੂੰ ਤਿਲਾਂਜਲੀ ਦੇ ਕੇ ਹਮੇਸ਼ਾ ਲਈ ਕਿਸੇ ਹੋਰ ਸਭਿਅਤਾ ਵਿਚ ਗੁੰਮ ਹੋ ਗਏ।

ਬਾਕੀ ਸਾਰੀਆਂ ਸਭਿਅਤਾਵਾਂ ਥਾਂ ਦੀ ਤਬਦੀਲੀ ਨਾਲ ਰਹਿਣ ਸਹਿਣ ਦਾ ਢੰਗ ਬਦਲ ਕੇ ਦੂਜੀ ਸਭਿਅਤਾ ਨੂੰ ਪੂਰੀ ਤਰ੍ਹਾਂ ਅਪਣਾ ਕੇ,




ਆਪਣਾ ਅਸਲ ਰੂਪ, ਜ਼ੁਬਾਨ ਤੇ ਸਭਿਆਚਾਰ ਦਾ ਭੋਗ ਪਾ ਗਈਆਂ। ਉਨ੍ਹਾਂ ਸਾਰੇ ਥਾਂ ਤਬਦੀਲ ਕਰ ਕੇ ਜਾਣ ਵਾਲਿਆਂ ਨੇ ਦੂਜਾ ਸਭਿਆਚਾਰ ਤੇ ਜ਼ੁਬਾਨ ਅਪਣਾਈ ਅਤੇ ਉਨ੍ਹਾਂ ਦੇ ਬੱਚਿਆਂ ਨੇ ਅਗਿਓਂ ਆਪਣੀ ਮਾਂ ਬੋਲੀ ਦੇ ਅੱਧੇ ਸ਼ਬਦ ਛੱਡ ਕੇ ਦੂਜੀ ਸਭਿਅਤਾ ਦੇ ਸ਼ਾਮਲ ਕੀਤੇ ਤੇ ਤੀਜੀ ਪੁਸ਼ਤ ਤਕ ਜ਼ੁਬਾਨ ਹੌਲੀ ਹੌਲੀ ਦਫ਼ਨ ਹੋ ਗਈ। ਉਸ ਵਿਚ ਨਾ ਤਾਂ ਅਗਾਂਹ ਸਾਹਿਤ ਰਚਿਆ ਗਿਆ ਤੇ ਨਾ ਹੀ ਕੋਈ ਪੜ੍ਹਨ ਵਾਲਾ ਬਚਿਆ। ਉਨ੍ਹਾਂ ਦੀ ਜ਼ੁਬਾਨ ਬੋਲਣ ਵਾਲਿਆਂ ਦਾ ਖੁਰਾ ਖੋਜ ਹੁਣ ਇਸ ਧਰਤੀ ਉਤੇ ਨਹੀਂ ਮਿਲਦਾ। ਸਿਰਫ਼ ਖੰਡਰ ਹੀ ਬਚੇ ਹਨ।

ਪੰਜਾਬ ਅੰਦਰ ਝਾਤ ਮਾਰੀਏ ਤਾਂ ਪੁਰਾਣੇ ਸਮੇਂ ਤੋਂ ਹੁਣ ਤਕ ਇਸ ਦੇ ਇੰਨੇ ਟੋਟੇ ਹੋ ਚੁੱਕੇ ਹਨ ਕਿ ਆਕਾਰ ਵਜੋਂ ਇਹ ਬਹੁਤ ਛੋਟਾ ਰਹਿ ਗਿਆ ਹੈ। ਇਸ ਦੀ ਸਭਿਅਤਾ ਉਤੇ ਅਸਰ ਪਿਆ ਗੁਰੂਆਂ, ਪੀਰਾਂ, ਪੈਗੰਬਰਾਂ ਦੀਆਂ ਸਿੱਖਿਆਵਾਂ ਦਾ। ਮਨੁੱਖ ਨੂੰ ਉਚਾ ਆਚਰਨ ਰੱਖ ਕੇ, ਹੱਕ ਹਲਾਲ ਦੀ ਕਮਾਈ ਕਰਨ, ਦੂਜਿਆਂ ਦਾ ਹੱਕ ਨਾ ਮਾਰਨ, ਪਿਆਰ ਮੁਹੱਬਤ ਦੀਆਂ ਧੁਨਾਂ, ਔਰਤ ਦਾ ਸਤਿਕਾਰ, ਬੱਚਿਆਂ ਦਾ ਮਾਪਿਆਂ ਦੇ ਆਖੇ ਲੱਗਣਾ, ਖੁੱਲ੍ਹਾ-ਡੁੱਲ੍ਹਾ ਸੁਭਾਅ, ਮਹਿਮਾਨ ਦਾ ਸਤਿਕਾਰ, ਖੁੱਲ੍ਹਾ ਖਾਣਾ, ਵੰਡ ਕੇ ਖਾਣਾ ਤੇ ਕਿਸੇ ਇਕ ਦੇ ਘਰ ਦੇ ਵਿਆਹ ਵੇਲੇ ਪੂਰੇ ਪਿੰਡ ਵੱਲੋਂ ਜਸ਼ਨ ਮਨਾਉਣਾ ਆਦਿ ਅੰਗ ਪੰਜਾਬੀ ਸਭਿਅਤਾ ਦੇ ਅਹਿਮ ਅੰਸ਼ ਰਹੇ ਹਨ, ਪਰ ਹੁਣ ਪੰਜਾਬੀ ਸਭਿਆਚਾਰ ਵਿਚਲੀਆਂ ਤਬਦੀਲੀਆਂ ਕਿਸ ਪਾਸੇ ਵੱਲ ਇਸ਼ਾਰਾ ਕਰ ਰਹੀਆਂ ਹਨ ਤੇ ਕਿਸ ਤਰ੍ਹਾਂ ਦਾ ਨਿਘਾਰ ਪ੍ਰਤੱਖ ਦਿਸਣ ਲੱਗ ਪਿਆ ਹੈ, ਉਸ ਵੱਲ ਧਿਆਨ ਕਰੀਏ: 1. ਪੰਜਾਬ ਦੇ ਅੰਦਰ ਵਸੇ ਪੰਜਾਬੀਆਂ ਨਾਲੋਂ ਪੰਜਾਬੋਂ ਬਾਹਰ ਰੋਜ਼ੀ ਰੋਟੀ ਕਮਾਉਣ ਲਈ ਵੱਧ ਪੰਜਾਬੀ ਵਸ ਚੁੱਕੇ ਹਨ; 2. ਪੰਜਾਬ ਦੀ ਧਰਤੀ ਹੇਠਲਾ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਚੁੱਕਾ ਹੈ; 3. ਅੰਨਦਾਤੇ ਖ਼ੁਦਕੁਸ਼ੀਆਂ ਕਰਨ ਲੱਗ ਪਏ ਹਨ; 4. ਪਿਤਾ ਆਪਣੀਆਂ ਧੀਆਂ ਦਾ ਬਲਾਤਕਾਰ ਕਰਨ ਲੱਗ ਪਏ ਹਨ। ਭਰਾ ਆਪਣੀਆਂ ਭੈਣਾਂ ਨੂੰ ਚੱਬ ਰਹੇ ਹਨ; 5. ਬਾਜ਼ਾਰ ਵਿਚ ਪਤੀ ਪਤਨੀ ਸੈਰ ਲਈ ਨਿਕਲਦੇ ਹਨ ਤਾਂ ਕੋਈ ਵੀ ਮਨਚਲਾ ਸ਼ਰਤ ਲਾ ਕੇ ਔਰਤ ਨੂੰ ਸੜਕ ਉਤੇ ਨਿਰਵਸਤਰ ਕਰ ਦਿੰਦਾ ਹੈ ਤੇ ਪੁਲਿਸ ਕੇਸ ਦਰਜ ਕਰਨ ਦੀ ਥਾਂ ਗੱਲ ਰਫਾ-ਦਫਾ ਕਰਨ ਨੂੰ ਕਹਿੰਦੀ ਹੈ; 6. ਪਿਤਾ ਆਪਣੇ ਜਵਾਈ ਤੇ ਧੀ ਨੂੰ ਕਤਲ ਕਰ ਦਿੰਦਾ ਹੈ, ਕਿਉਂਕਿ ਧੀ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ; 7. ਕੋਈ ਵੀ ਬੰਦਾ ਗਰਭਵਤੀ ਔਰਤ ਤਕ ਦਾ ਬਲਾਤਕਾਰ ਕਰ ਕੇ, ਉਸ ਨੂੰ ਮਾਰ ਕੁੱਟ ਕੇ ਜਾਂ ਕਤਲ ਕਰ ਕੇ, ਆਪਣਾ ਅਸਰ ਰਸੂਖ਼ ਵਰਤ ਕੇ ਬਚ ਜਾਂਦਾ ਹੈ; 8. ਇਕਤਰਫ਼ਾ ਪਿਆਰ ਦਾ ਜਵਾਬੀ ਹੁੰਗਾਰਾ ਨਾ ਮਿਲਣ ਉਤੇ ਚਲਦੀ ਸੜਕ ਉਤੇ ਮਨਚਲਾ ਆਸ਼ਿਕ ਕੁੜੀ ਉਤੇ ਤੇਜ਼ਾਬ ਸੁੱਟ ਦਿੰਦਾ ਹੈ ਜਾਂ ਉਸ ਦਾ ਕਤਲ ਕਰ ਦਿੰਦਾ ਹੈ ਤੇ ਰਾਹ ਚੱਲਦੇ ਬਾਕੀ ਲੋਕ ਪਾਸਾ ਵੱਟ ਕੇ ਲੰਘ ਜਾਂਦੇ ਹਨ; 9. ਨਾਬਾਲਗ ਬੱਚੀਆਂ ਦੇ ਸਮੂਹਿਕ ਬਲਾਤਕਾਰ ਆਮ ਗੱਲ ਬਣ ਕੇ ਰਹਿ ਗਏ ਹਨ; 10. ਗੀਤ ਸੰਗੀਤ ਵਿਚ ਲੱਚਰਤਾ ਪਰੋਸੀ ਜਾ ਰਹੀ ਹੈ। ਕਾਮ ਉਕਸਾਊ ਸਾਹਿਤ ਦੀ ਵਿਕਰੀ ਜ਼ੋਰਾਂ ਉਤੇ ਹੈ; 11. ਸਾਹਿਤਕਾਰਾਂ ਨੂੰ ਅਣਗੌਲਿਆ ਜਾ ਰਿਹਾ ਹੈ ਤੇ ਪੰਜਾਬੀ ਵਿਚ ਰਚੇ ਵਧੀਆ ਸਾਹਿਤ ਨੂੰ ਉਤਸ਼ਾਹਿਤ ਨਹੀਂ ਕੀਤਾ ਜਾ ਰਿਹਾ; 12. ਜ਼ੁਬਾਨ ਰੋਜ਼ੀ ਰੋਟੀ ਕਮਾਉਣ ਯੋਗ ਨਹੀਂ ਰਹੀ ਤੇ ਇਸ ਜ਼ੁਬਾਨ ਨੂੰ ਤਿਲਾਂਜਲੀ ਦੇਣ ਵਾਲੇ ਅਨੇਕ ਤਿਆਰ ਹੋ ਚੁੱਕੇ ਹਨ; 13. ਹੋਰਨਾਂ ਸੂਬਿਆਂ ਵਿਚੋਂ ਹੌਲੀ ਹੌਲੀ ਏਨੇ ਲੋਕ ਇਥੇ ਆ ਕੇ ਵੱਸ ਚੁੱਕੇ ਹਨ ਕਿ ਉਨ੍ਹਾਂ ਦੀ ਜ਼ੁਬਾਨ ਤੇ ਸਭਿਆਚਾਰ ਮੌਜੂਦਾ ਵਸਨੀਕਾਂ ਉਤੇ ਹਾਵੀ ਹੋਣ ਲੱਗ ਪਿਆ ਹੈ ਅਤੇ 14. ਬਾਹਰੋਂ ਖ਼ਰੀਦ ਕੇ ਲਿਆਈਆਂ ਜਾ ਰਹੀਆਂ ਨੂੰਹਾਂ ਸਦਕਾ ਅਗਾਂਹ ਜੰਮ ਰਹੇ ਬੱਚਿਆਂ ਵਿਚਲਾ ਪੰਜਾਬੀ ਜੁੱਸਾ ਤੇ ਨੁਹਾਰ ਵੀ ਤਬਦੀਲ ਹੋ ਰਹੇ ਹਨ।

ਕੀ ਇਹ ਸਾਰੇ ਤੱਤ ਪੰਜਾਬੀ ਸਭਿਅਤਾ ਦੇ ਵਿਗਾੜ ਤੇ ਵਿਨਾਸ਼ ਵੱਲ ਇਸ਼ਾਰਾ ਨਹੀਂ ਕਰ ਰਹੇ? ਇਹੋ ਜਿਹੀਆਂ ਅਨੇਕ ਤਬਦੀਲੀਆਂ ਜੋ ਕਾਫ਼ੀ ਸਮੇਂ ਤੋਂ ਲਗਾਤਾਰ ਦਿਸ ਰਹੀਆਂ ਹਨ, ਇਹ ਸਪਸ਼ਟ ਕਰ ਰਹੀਆਂ ਹਨ ਕਿ ਪੰਜਾਬੀ ਸਭਿਅਤਾ ਨੂੰ ਸੰਭਾਲ ਦੇ ਰੱਖਣ ਵਾਲੇ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਜੇ ਇਹੀ ਹਾਲ ਰਿਹਾ ਤਾਂ ਪੰਜਾਬੀਆਂ ਦੀ ਗਿਣਤੀ ਪੰਜਾਬ ਅੰਦਰੋਂ ਘੱਟ ਕੇ ਹੋਰ ਮੁਲਕਾਂ ਵਿਚ ਵੱਧ ਹੋ ਜਾਵੇਗੀ ਤੇ ਪਾਣੀ ਵਿਹੂਣਾ, ਕੈਂਸਰ ਪੀੜਤ, ਨਸ਼ੇ ਦੀ ਮਾਰ ਝੱਲਦਾ ਪੰਜਾਬ ਆਪਣੀ ਮਾਤ ਭਾਸ਼ਾ ਨੂੰ ਤਿਲ ਤਿਲ ਮਰਦਾ ਵੇਖ ਹੌਲੀ ਹੌਲੀ ਇਸ ਨਾਲ ਜੁੜੀ ਸਭਿਅਤਾ ਦਾ ਅੰਤ ਵੀ ਵੇਖ ਲਵੇਗਾ, ਕਿਉਂਕਿ ਕੁੱਖਾਂ ਖ਼ਤਮ ਕਰ ਕੇ ਪੰਜਾਬੀਆਂ ਦਾ ਜੀਨ ਵੀ ਸਾਬਤ ਨਹੀਂ ਬਚਣ ਲੱਗਿਆ।

ਉਹ ਸਭਿਆਤਾਵਾਂ ਜੋ ਖ਼ਤਮ ਹੋ ਗਈਆਂ, ਵਿਚੋਂ ਲੱਭੇ ਕਾਰਨ ਅੱਜ ਸਾਨੂੰ ਅਗਾਊਂ ਖ਼ਤਰਿਆਂ ਬਾਰੇ ਸਪਸ਼ਟ ਕਰ ਰਹੇ ਹਨ। ਮੌਜੂਦਾ ਵਿਗੜੇ ਹਾਲਾਤ ਜੇ ਵੇਲੇ ਸਿਰ ਨਾ ਸੰਭਾਲੇ ਗਏ ਤਾਂ ਅਗਲੇ 50 ਸਾਲ ਪੰਜਾਬੀ ਸਭਿਅਤਾ ਤੇ ਜ਼ੁਬਾਨ ਉਤੇ ਭਾਰੇ ਸਾਬਤ ਹੋਣਗੇ। ਜੀਨ ਨੂੰ ਸਾਬਤ ਸੂਰਤ ਅਗਲੀ ਪੁਸ਼ਤ ਤਕ ਪਹੁੰਚਾਉਣ ਵਾਲੀ ਔਰਤ ਤਾਂ ਸਿਰਫ਼ ਖਿਡੌਣਾ ਬਣਾ ਕੇ ਰੱਖ ਦਿੱਤੀ ਗਈ ਹੈ ਤੇ ਜ਼ੁਬਾਨ...? ਪੰਜਾਬ ਦੀ ਧਰਤੀ ਛੱਡ ਚੁੱਕਿਆਂ ਦੀ ਦੂਜੀ ਪੁਸ਼ਤ ਵਿਚੋਂ ਕਿੰਨੇ ਪੰਜਾਬੀ ਵਿਚ ਸਾਹਿਤ ਰਚ ਰਹੇ ਹਨ ਤੇ ਕਿੰਨੇ ਕੁ ਪੰਜਾਬੀ ਪੜ੍ਹ ਸਕਦੇ ਹਨ, ਇਨ੍ਹਾਂ ਸਵਾਲਾਂ ਦਾ ਜਵਾਬ ਅਗਲੇ ਆਉਣ ਵਾਲੇ ਪੰਜਾਹ ਸਾਲਾਂ ਦੇ ਹਾਲਾਤ ਸਪਸ਼ਟ ਕਰ ਦੇਵੇਗਾ।

# ਚੀਨ ਨਾਲ ਬੇਸਮਝੀ ਵਾਲੀ ਦੁਸ਼ਮਣੀ

*ਪਿਛਲੇ ਦਿਨਾਂ ਤੋਂ ਹਿੰਦੁਸਤਾਨ-ਚੀਨ ਸਰਹੱਦੀ ਝਗੜੇ ਦੇ ਸਵਾਲ ਉਪਰ ਦੋਹਾਂ ਮੁਲਕਾਂ ਦਰਮਿਆਨ ਤਣਾਓ ਵਾਲੇ ਹਾਲਾਤ ਬਣੇ ਹੋਏ ਹਨ। ਮੋਦੀ ਸਰਕਾਰ ਨੇ ਭੂਟਾਨ ਟ੍ਰਾਈਜੰਕਸ਼ਨ ਨੇੜੇ ਆਪਣੀ ਫ਼ੌਜ ਲਾ ਦਿੱਤੀ ਹੈ। ਮਸ਼ਹੂਰ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' (ਈ.ਪੀ.ਡਬਲਿਊ.) ਨੇ ਆਪਣੇ 8 ਜੁਲਾਈ 2017 ਦੇ ਅੰਕ ਦੇ ਸੰਪਾਦਕੀ ਵਿਚ ਦੋਹਾਂ ਮੁਲਕਾਂ ਦਰਮਿਆਨ ਸਰਹੱਦੀ ਝਗੜੇ ਨੂੰ ਲੈ ਕੇ ਪੈਦਾ ਹੋਏ ਇਸ ਤਣਾਓ ਦੀ ਆਲਮੀ ਪ੍ਰਸੰਗ ਤਹਿਤ ਭੂਗੋਲਿਕ-ਯੁੱਧਨੀਤਕ ਸਮੀਕਰਨਾਂ ਵਿਚ ਆ ਰਹੀਆਂ ਤਬਦੀਲੀਆਂ ਦੀ ਪੁਣ-ਛਾਣ ਕੀਤੀ ਹੈ। ਇਸ ਲਿਖਤ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ ਜੋ ਅਸੀਂ ਪਾਠਕਾਂ ਦੀ ਜਾਣਕਾਰੀ ਲਈ ਸਾਂਝਾ ਕਰ ਰਹੇ ਹਾਂ। -ਸੰਪਾਦਕ*

ਜਿਸ ਦਿਨ (26 ਜੂਨ) ਨੂੰ ਹਿੰਦੁਸਤਾਨੀ ਫ਼ੌਜਾਂ ਡੋਕਲਾਮ ਜਾਂ ਡੋਂਗਲਾਂਗ ਪਠਾਰ ਅੰਦਰ ਚੀਨ ਵਾਲੇ ਪਾਸੇ ਸੜਕ ਬਣਾਏ ਜਾਣ ਨੂੰ ਰੋਕਣ ਲਈ ਚੀਨ ਨਾਲ ਲੱਗਦੀ ਹਿੰਦੁਸਤਾਨ ਦੀ ਸਰਹੱਦ ਦੇ ਸਿੱਕਮ ਵਾਲੇ ਹਿੱਸੇ ਤੋਂ ਸਰਹੱਦ ਦੇ ਦੂਜੇ ਪਾਸੇ ਘੁਸ ਗਈਆਂ, ਉਸੇ ਦਿਨ ਵਾਸ਼ਿੰਗਟਨ ਡੀ.ਸੀ. ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੀਆਂ "ਅਮਰੀਕਾ ਤਰਜੀਹਾਂ" ਦੀਆਂ ਨੀਤੀਆਂ ਉਪਰ ਡੋਨਲਡ ਟਰੰਪ ਨਾਲ ਨਵੀਂ ਦਿੱਲੀ ਦੇ ਮਤਭੇਦਾਂ ਨੂੰ ਘਟਾਉਣ ਲਈ ਬੇਚੈਨੀ ਨਾਲ ਮਸਰੂਫ਼ ਸੀ। ਕੇਵਲ ਮੋਦੀ ਅਤੇ ਉਸ ਦਾ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਹੀ ਨਹੀਂ, ਸਗੋਂ ਲਗਦਾ ਸੀ ਕਿ ਹਿੰਦੁਸਤਾਨ ਦਾ ਵੱਡਾ ਮੀਡੀਆ ਵੀ ਹਿੰਦ-ਅਮਰੀਕਾ ਯੁੱਧਨੀਤਕ ਗੱਠਜੋੜ ਦੀ ਵੁਕਤ ਘਟ ਜਾਣ ਦੀ ਸੰਭਾਵਨਾ ਨੂੰ ਲੈ ਕੇ ਤਣਾਓ ਵਿਚ ਸੀ। ਇਹ ਦੋਨਾਂ ਮੁਲਕਾਂ ਦਰਮਿਆਨ ਇਕ "ਆਲਮੀ ਯੁੱਧਨੀਤਕ ਭਾਈਵਾਲੀ" ਜਿਸ ਨੂੰ ਹਿੰਦੁਸਤਾਨੀ ਹੁਕਮਰਾਨ ਕੁਲੀਨ ਵਰਗ ਹਿੰਦੁਸਤਾਨ ਦੀਆਂ "ਮਹਾਂ ਸ਼ਕਤੀ" ਬਣਨ ਦੀਆਂ ਅਭਿਲਾਸ਼ਾਵਾਂ ਨੂੰ ਪੂਰਾ ਕਰਨ ਦੇ ਅਮਲ ਲਈ ਅਹਿਮ ਸਮਝਦਾ ਹੈ। ਚੀਨ ਨਾਲ ਲੱਗਦੀ ਸਰਹੱਦ ਉਪਰ ਝਗੜੇ ਦਾ ਤੀਜਾ ਮੁੱਦਾ ਖੜ੍ਹਾ ਕਰਨ ਦੀ ਸਕੀਮ ਪ੍ਰਧਾਨ ਮੰਤਰੀ ਦੀ ਸੱਜੀ ਬਾਂਹ ਹਿੰਦੂਤਵਵਾਦੀਆਂ ਦੇ ਦਿਮਾਗ ਦੀ ਕਾਢ ਹੈ। ਪਹਿਲੇ ਦੋ ਮੁੱਦੇ ਉਤਰ-ਪੂਰਬ ਵਿਚ ਮੈਕਮੋਹਨ ਲਾਈਨ ਅਤੇ ਉਤਰ ਪੱਛਮ ਵਿਚ ਅਕਸਾਈ ਚਿੰਨ ਖੇਤਰ ਉਪਰ ਹਿੰਦੁਸਤਾਨ ਦੇ ਦਾਅਵੇ ਨਾਲ ਸਬੰਧਤ ਮੁੱਦੇ ਹਨ। ਇਹ ਸਕੀਮ ਸ਼ਾਇਦ ਅਮਰੀਕੀ ਸਾਮਰਾਜਵਾਦ ਨਾਲ ਚੀਨ ਵਿਰੋਧੀ ਗੱਠਜੋੜ ਨੂੰ ਪੱਕਾ ਕਰਨ ਲਈ ਘੜੀ ਗਈ ਹੈ, ਪਰ ਕੀ ਇਹ ਚਾਲਬਾਜ਼ ਕਾਰਵਾਈ ਕਾਰਆਮਦ ਸਾਬਤ ਹੋਵੇਗੀ?

2014 ਦੇ ਅੱਧ ਤੋਂ ਲੈ ਕੇ, ਜਦੋਂ ਮੋਦੀ ਸਰਕਾਰ ਸੱਤਾਧਾਰੀ ਹੋਈ, ਬਰਾਕ ਓਬਾਮਾ ਸਰਕਾਰ ਨੇ ਨਵੀਂ ਦਿੱਲੀ ਨੂੰ ਸ਼ਿਸ਼ਕੇਰਨ ਲਈ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਬਖੇੜੇ ਖੜ੍ਹੇ ਕਰਨ ਦੀ ਭੈੜੀ ਵਿਚਾਰਧਾਰਕ ਬਾਣ ਦਾ ਪੂਰਾ ਲਾਹਾ ਲਿਆ ਤਾਂ ਜੋ ਇਹ ਚੀਨ ਨਾਲ ਅਮਰੀਕਾ ਦੇ ਟਕਰਾਓ ਵਿਚ "ਮੋਹਰੀ ਕਤਾਰ ਵਿਚ ਲੜਨ ਵਾਲੇ" ਸਟੇਟ ਦੀ ਭੂਮਿਕਾ ਨਿਭਾਏ। ਖ਼ਾਸ ਕਰ ਕੇ, ਇਸ ਵਲੋਂ ਹਿੰਦੁਸਤਾਨ ਨੂੰ "ਵੱਡਾ ਡਿਫੈਂਸ ਭਾਈਵਾਲ" ਦਾ ਰੁਤਬਾ ਬਖ਼ਸ਼ੇ ਜਾਣ ਨੇ ਵਾਸ਼ਿੰਗਟਨ ਨੂੰ ਇਸ ਯੋਗ ਬਣਾਇਆ ਕਿ ਇਹ ਹਿੰਦੁਸਤਾਨ ਨੂੰ ਆਪਣੇ ਜਾਲ ਵਿਚ ਫਾਹ ਸਕੇ। ਇਹ ਰੁਤਬਾ ਇਸ ਨੂੰ ਲਾਜਿਸਟਿਕਸ ਅਦਾਨ-ਪ੍ਰਦਾਨ ਦੇ ਇਕਰਾਰਨਾਮੇ ਬਦਲੇ ਇਸ ਨੂੰ ਡਿਫੈਂਸ ਤਕਨਾਲੋਜੀ ਸਾਂਝੀ ਕਰਨ ਦਾ ਅਧਿਕਾਰ ਦਿੰਦਾ ਹੈ ਜੋ ਅਧਿਕਾਰ "ਅਮਰੀਕਾ ਦੇ ਸਭ ਤੋਂ ਗੂੜ੍ਹੇ ਸੰਗੀਆਂ ਅਤੇ ਭਾਈਵਾਲਾਂ" ਨੂੰ ਹੀ ਹੈ। ਇਸ ਇਕਰਾਰਨਾਮੇ ਤਹਿਤ ਅਮਰੀਕੀ ਫ਼ੌਜ



ਹਿੰਦੁਸਤਾਨੀ ਫ਼ੌਜੀ ਅੱਡਿਆਂ ਉਪਰ "ਅਗਲੇਰੀ ਫ਼ੌਜੀ ਤਾਇਨਾਤੀ" ਕਰ ਸਕਦੀ ਹੈ। ਦਰਅਸਲ, ਜਦੋਂ ਦਸੰਬਰ 2016 ਦੇ ਸ਼ੁਰੂ ਵਿਚ ਚੁਣੇ ਜਾ ਰਹੇ ਰਾਸ਼ਟਰਪਤੀ ਟਰੰਪ ਨੇ ਸੰਕੇਤ ਦਿੱਤਾ ਕਿ ਉਹ ਅਮਰੀਕਾ ਦੀ "ਚੀਨ ਨੀਤੀ" ਦਾ ਪਾਬੰਦ ਨਹੀਂ ਹੋਵੇਗਾ, ਜੋ ਬੀਜਿੰਗ ਨੂੰ ਸਮੁੱਚੇ ਚੀਨ ਦੀ ਇਕੋ-ਇਕ ਜਾਇਜ਼ ਸਰਕਾਰ ਵਜੋਂ ਮਾਨਤਾ ਦਿੰਦੀ ਹੈ, ਤੇ ਜੋ ਪਿਛਲੇ 45 ਸਾਲਾਂ ਤੋਂ ਚੀਨੀ-ਅਮਰੀਕੀ ਕੂਟਨੀਤੀ ਦੀ ਬੁਨਿਆਦ ਚਲੀ ਆ ਰਹੀ ਹੈ, ਤੇ ਜਦੋਂ ਉਸ ਨੇ ਇਹ ਇਸ਼ਾਰਾ ਵੀ ਕੀਤਾ ਕਿ ਉਸ ਵਲੋਂ ਇਸ ਮਰਿਯਾਦਾ ਦਾ ਪਾਲਣ ਕਰਨਾ ਬਾਕੀ ਦੇ ਸਾਰੇ ਦੁਵੱਲੇ ਮੁੱਦਿਆਂ ਉਪਰ ਚੀਨ ਸਰਕਾਰ ਦੇ ਝੁਕਣ 'ਤੇ ਮੁਨੱਸਰ ਕਰੇਗਾ; ਉਦੋਂ ਮੋਦੀ ਦੇ ਸਲਾਹਕਾਰਾਂ ਨੂੰ ਯਕੀਨ ਹੋ ਗਿਆ ਜਾਪਦਾ ਸੀ ਕਿ ਟਰੰਪ ਪ੍ਰਸ਼ਾਸਨ ਚੀਨ ਨਾਲ ਹਿੰਦੁਸਤਾਨ ਦੇ ਤਮਾਮ ਖੇਤਰੀ ਦਾਅਵਿਆਂ ਦੀ ਹਮਾਇਤ ਕਰਨ ਲਈ ਤਿਆਰ ਹੋਵੇਗਾ।

ਨਵੀਂ ਦਿੱਲੀ ਵਲੋਂ ਭਾਵੇਂ ਦੋ ਸਰਹੱਦੀ ਝਗੜਿਆਂ ਉਪਰ ਚੀਨ ਨਾਲ "ਗੱਲਬਾਤ" ਜਾਰੀ ਰੱਖੀ ਜਾ ਰਹੀ ਹੈ, ਪਰ ਇਹ ਐਸਾ ਕੁਝ ਕਰਨ ਤੋਂ ਇਨਕਾਰੀ ਹੈ ਜਿਸ ਵਿਚ ਇਸ ਨੂੰ ਅਕਸਾਈ ਚਿਨ ਉਪਰ ਆਪਣੇ ਵਿਆਪਕ ਦਾਅਵੇ ਅਤੇ ਮੈਕਮੋਹਨ ਰੇਖਾ ਦੀ ਕਾਨੂੰਨੀ ਵਾਜਬੀਅਤ ਦੀ ਆਪਣੀ ਘੁਮੰਡੀ ਹੱਕ-ਜਤਾਈ ਤੋਂ ਪਿੱਛੇ ਹਟਣਾ ਪਵੇ। ਇਹ ਸਭ ਉਦੋਂ ਕੀਤਾ ਜਾ ਰਿਹਾ ਹੈ ਜਦੋਂ ਭੂਟਾਨ ਨੂੰ ਛੱਡ ਕੇ (ਕਿਉਂਕਿ ਇਹ ਤਾਂ ਅਸਲੀਅਤ ਵਿਚ ਹਿੰਦੁਸਤਾਨ ਦਾ ਅਧੀਨ ਰਾਜ ਹੀ ਹੈ) ਚੀਨ ਨਾਲ ਲੱਗਦੇ ਬਾਕੀ ਗੁਆਂਢੀ ਮੁਲਕਾਂ ਨੇ ਚੀਨ ਨਾਲ ਸਰਹੱਦੀ ਝਗੜਿਆਂ ਨੂੰ ਸਦਭਾਵਨਾਪੂਰਨ ਤੌਰ 'ਤੇ ਕਾਮਯਾਬੀ ਨਾਲ ਨਿਬੇੜ ਲਿਆ ਹੈ (ਚੀਨ 14 ਗੁਆਂਢੀ ਮੁਲਕਾਂ ਵਿਚੋਂ 12 ਨਾਲ ਆਪਣੇ ਸਰਹੱਦੀ ਝਗੜੇ ਗੱਲਬਾਤ ਰਾਹੀਂ ਹੱਲ ਕਰਨ ਵਿਚ ਕਾਮਯਾਬ ਹੋਇਆ ਹੈ ਜਿਨ੍ਹਾਂ ਵਿਚ ਮਿਆਂਮਾਰ, ਨੇਪਾਲ, ਅਫ਼ਗਾਨਿਸਤਾਨ ਤੇ ਵੀਅਤਨਾਮ ਸ਼ਾਮਲ ਹਨ - ਅਨੁਵਾਦਕ)। ਦਰਅਸਲ ਚੀਨ, ਤਕਰੀਬਨ ਉਨ੍ਹਾਂ ਸਰਹੱਦੀ ਰੇਖਾਵਾਂ ਨੂੰ ਸਵੀਕਾਰ ਕਰਨ ਲਈ ਤਿਆਰ ਹੈ ਜੋ ਇਤਿਹਾਸ ਉਨ੍ਹਾਂ ਲਈ ਛੱਡ ਗਿਆ ਹੈ। ਲਿਹਾਜ਼ਾ, ਗੱਲਬਾਤ ਰਾਹੀਂ ਕਿਸੇ ਵੀ ਲੈ-ਦੇ ਵਿਚ, ਅਖੌਤੀ ਮੈਕਮੋਹਨ ਰੇਖਾ ਤਕ ਦਾ ਖੇਤਰ ਹਿੰਦੁਸਤਾਨ ਕੋਲ ਰਹੇਗਾ, ਹਾਲਾਂਕਿ ਚੀਨ ਜਾਣਦਾ ਹੈ ਕਿ ਜੋ ਜ਼ਿਆਦਾ ਹਿੱਸਾ ਉਸ ਦੇ ਹੱਥੋਂ ਖੁੱਸ ਗਿਆ ਹੈ, ਇਹ ਉਹ ਖੇਤਰ ਹੈ ਜੋ ਬਰਤਾਨਵੀ ਬਸਤੀਵਾਦੀ ਤਾਕਤ ਵਲੋਂ ਆਪਣੇ ਫ਼ੈਲਾਵਵਾਦੀ ਪਸਾਰਵਾਦੀ ਦੌਰ ਵਿਚ ਕਬਜ਼ੇ ਵਿਚ ਲਿਆ ਗਿਆ ਸੀ।

ਫਿਰ ਕਿਉਂ ਹਿੰਦੁਸਤਾਨ ਜ਼ਾਹਰਾ ਤੌਰ 'ਤੇ ਦੁਸ਼ਮਣੀਆਂ ਭੜਕਾ ਕੇ ਖ਼ੁਦ ਨੂੰ ਚੀਨ ਦਾ ਦੁਸ਼ਮਣ ਬਣਾਉਣ 'ਤੇ ਤੁਲਿਆ ਹੋਇਆ ਹੈ? ਫ਼ੌਜ ਦੇ ਮੁਖੀ ਜਨਰਲ ਬਿਪਨ ਰਾਵਤ ਨੇ ਗ਼ੈਰਜ਼ਿੰਮੇਵਾਰਾਨਾ ਤੌਰ 'ਤੇ ਸ਼ੇਖੀ ਮਾਰੀ ਹੈ ਕਿ ਹਿੰਦੁਸਤਾਨ ਚੀਨ, ਪਾਕਿਸਤਾਨ ਅਤੇ ਹਿੰਦੁਸਤਾਨ ਵਿਚਲੇ ਬਾਗ਼ੀਆਂ ਵਿਰੁਧ ਇਕੋ ਸਮੇਂ ਢਾਈ-ਮੁਹਾਜ਼ੀ ਜੰਗ ਲੜਨ ਲਈ ਤਿਆਰ ਹੈ। ਦੱਖਣੀ ਬਲਾਕ, ਹਿੰਦੁਸਤਾਨੀ ਵੱਡਾ ਮੀਡੀਆ ਅਤੇ ਜ਼ਿਆਦਾਤਰ ਸਵੈ-ਸਜੇ ਸੁਰੱਖਿਆ ਸਲਾਹਕਾਰ, ਦੋਨੋਂ ਇਹੀ ਦਿਖਾ ਰਹੇ ਹਨ ਕਿ ਚੀਨ ਨੇ ਚੀਨੀ-ਹਿੰਦੁਸਤਾਨੀ-ਭੂਟਾਨੀ ਸਰਹੱਦ ਨੂੰ ਹੋਰ ਦੱਖਣ ਵੱਲ (ਭਾਵ ਹਿੰਦੁਸਤਾਨ ਵੱਲ) ਧੱਕਣ ਦੀ ਠਾਣ ਰੱਖੀ ਹੈ ਤਾਂ ਜੋ ਜੰਗ ਦੀ ਸੂਰਤ ਵਿਚ ਇਹ ਸਿਲੀਗੁੜੀ ਲਾਂਘੇ ਨੂੰ "ਹੜੱਪਣ" ਦੀ ਬਿਹਤਰ ਸਥਿਤੀ ਵਿਚ ਹੋਵੇ, ਅਖੌਤੀ "ਚੂਚੇ ਦੀ ਗਰਦਨ" ਜੋ ਪੱਛਮੀ ਬੰਗਾਲ ਤੇ ਬਾਕੀ ਹਿੰਦੁਸਤਾਨ ਨੂੰ ਸੱਤ ਉਤਰ-ਪੂਰਬੀ ਰਿਆਸਤਾਂ ਰਾਜਾਂ ਨਾਲ ਜੋੜਦੀ ਹੈ, ਤੇ ਉਦੋਂ ਇਹ ਉਨ੍ਹਾਂ ਰਾਜਾਂ ਨਾਲ ਜੋੜਨ ਵਾਲੇ ਮੁਲਕ ਅੰਦਰਲੇ ਇਕੋ-ਇਕ ਜ਼ਮੀਨੀ ਰਸਤੇ ਨੂੰ ਕੱਟ ਸਕੇ। ਇਹ ਦੂਰ ਦੀ ਸੰਭਾਵਨਾ ਉਸ ਇਲਾਕੇ ਵਿਚ ਘੁਸਣ ਨੂੰ ਜਾਇਜ਼ ਠਹਿਰਾਉਂਦੀ ਹੈ ਜਿਸ ਉਪਰ ਚੀਨ ਆਪਣਾ ਦਾਅਵਾ ਜਤਾਉਂਦਾ ਹੈ, ਤੇ ਜੋ ਚੀਨ ਦੇ ਕੰਟਰੋਲ ਹੇਠ ਹੈ, ਇਸ ਤੋਂ ਪਤਾ ਚਲਦਾ ਹੈ ਕਿ ਪਿਛਲੇ ਤਿੰਨ ਸਾਲ ਤੋਂ ਚੀਨ ਪ੍ਰਤੀ ਕਿਸ ਕਦਰ ਦੁਸ਼ਮਣੀ ਭੜਕਾਈ ਜਾ ਰਹੀ ਹੈ। ਇਹ ਉਸ "ਯੁੱਧਨੀਤਕ ਖ਼ੁਦਮੁਖ਼ਤਿਆਰੀ" ਨੂੰ ਤਿਲਾਂਜਲੀ ਦਿੱਤੇ ਜਾਣ ਨੂੰ ਵੀ ਦਰਸਾਉਂਦਾ ਹੈ ਜਿਸ ਨੂੰ ਲੈ ਕੇ ਨਵੀਂ ਦਿੱਲੀ ਦਾ ਦਾਅਵਾ ਹੈ ਕਿ ਇਸ ਵਲੋਂ ਵਾਸ਼ਿੰਗਟਨ ਨਾਲ ਆਪਣੀ "ਆਲਮੀ ਯੁੱਧਨੀਤਕ ਭਾਈਵਾਲੀ" ਵਿਚ ਇਸ ਖ਼ੁਦਮੁਖ਼ਤਿਆਰੀ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ।

ਪਰ ਮੋਦੀ ਦੇ ਸਲਾਹਕਾਰਾਂ ਨੂੰ ਬੇਚੈਨ ਕਰਨ ਵਾਲੀ ਗੱਲ ਇਹ ਹੈ ਕਿ ਜਾਪਦਾ ਹੈ ਕਿ ਟਰੰਪ ਵਲੋਂ ਚੀਨ ਬਾਰੇ ਜੋ ਲਾਈਨ ਅਖ਼ਤਿਆਰ ਕੀਤੀ ਜਾ ਰਹੀ ਹੈ, ਉਸ ਵਿਚ ਚੀਨ ਨੂੰ ਹੋਰ ਵਧੇਰੇ ਥਾਂ ਦਿੱਤੀ ਜਾ ਰਹੀ ਹੈ ਤਾਂ ਜੋ ਅਮਰੀਕਾ ਨਾਲ ਉਸ ਦੀ ਜੋ ਬਹੁਤ ਵੱਡੀ ਵਪਾਰਕ ਵਾਫ਼ਰ ਹੈ, ਉਸ ਨੂੰ ਘਟਾਇਆ ਜਾ ਸਕੇ ਅਤੇ ਪਿਓਂਗਯਾਂਗ (ਉਤਰੀ ਕੋਰੀਆ) ਉਪਰ ਬੀਜਿੰਗ ਕੋਲੋਂ ਇਹ ਦਬਾਅ ਪਵਾਇਆ ਜਾ ਸਕੇ ਕਿ ਉਹ ਉਤਰੀ ਕੋਰੀਆ ਦੇ ਪਰਮਾਣੂ ਹਥਿਆਰਾਂ ਅਤੇ ਮਿਜ਼ਾਈਲਾਂ ਬਾਰੇ ਵਾਸ਼ਿੰਗਟਨ ਦੀਆਂ ਮੰਗਾਂ ਮੰਨ ਲਵੇ। ਮਹੱਤਵਪੂਰਨ ਗੱਲ ਇਹ ਹੈ ਕਿ ਘੱਟੋ-ਘੱਟ ਅਜੇ ਤਕ ਕੋਈ ਵੀ ਨਵੀਂ ਦਿੱਲੀ ਵਲੋਂ ਖੜ੍ਹੇ ਕੀਤੇ ਝਗੜੇ ਦੇ ਤਾਜ਼ਾ ਮੁੱਦੇ ਦੀ ਸਰੇਆਮ ਹਮਾਇਤ ਵਿਚ ਅੱਗੇ ਨਹੀਂ ਆਇਆ, ਨਾ ਵਾਸ਼ਿੰਗਟਨ ਅਤੇ ਨਾ ਟੋਕੀਓ। ਵਾਸ਼ਿੰਗਟਨ ਵਲੋਂ ਮਦਦ ਦੀ ਬਹੁਤ ਘੱਟ ਉਮੀਦ ਦੀ ਸੂਰਤ ਵਿਚ, ਕੀ ਫਿਰ ਇਸ ਦਾ ਭਾਵ ਇਹ ਹੈ ਕਿ ਮੋਦੀ ਡੋਕਲਾਮ ਵਿਚਲੇ ਚੀਨੀ ਕੰਟਰੋਲ ਵਾਲੇ ਖੇਤਰ ਵਿਚੋਂ ਹਿੰਦੁਸਤਾਨੀ ਫ਼ੌਜਾਂ ਨੂੰ ਚੁੱਪ-ਚੁਪੀਤੇ ਵਾਪਸ ਬੁਲਾ ਲਵੇਗਾ?

# ਪਾਕਿਸਤਾਨ ਵਿਚ ਵਿਤਕਰੇ ਦੀ ਮਾਰ

ਜਿਸ ਤਰ੍ਹਾਂ ਦਾ ਖ਼ਾਸ ਵਿਹਾਰ ਸੂਬਾਈ ਅਸੈਂਬਲੀ ਦੇ ਉਸ ਮੈਂਬਰ ਨਾਲ ਕੀਤਾ ਗਿਆ ਜਿਸ ਦੀ ਪਾਰਟੀ ਬਲੋਚਿਸਤਾਨ ਵਿਚ ਸੱਤਾਧਾਰੀ ਪਾਰਟੀ ਦੀ ਭਾਈਵਾਲ ਹੈ, ਉਹ ਕੌਮੀ ਅਸੈਂਬਲੀ ਦੇ ਵਿਰੋਧੀ ਧਿਰ ਨਾਲ ਸਬੰਧਤ ਮੈਂਬਰ ਨਾਲ ਕੀਤੇ ਗਏ ਵਿਹਾਰ ਤੋਂ ਪੂਰੀ ਤਰ੍ਹਾਂ ਉਲਟ ਹੈ। ਇਸ ਮੈਂਬਰ (ਜੋ ਸਰਕਾਰ ਦਾ ਮੁੱਖ ਵਿਰੋਧੀ ਹੈ) 'ਤੇ ਪੁਲਿਸ ਹਿਰਾਸਤ ਵਿਚ ਦੁਰਵਿਹਾਰ ਅਤੇ ਮਾਨਸਿਕ ਤਸ਼ੱਦਦ ਕੀਤਾ ਗਿਆ।

ਦੂਜੇ ਪਾਸੇ ਪਖ਼ਤੂਨਖ਼ਵਾ ਅਵਾਮੀ ਪਾਰਟੀ ਨਾਲ ਸਬੰਧਤ ਅਬਦੁਲ ਮਜੀਦ ਅਚਕਜ਼ਾਈ ਦਾ ਮਾਮਲਾ ਹੈ ਜੋ ਪਾਰਟੀ ਦੇ ਮੁਖੀ ਮਹਿਮੂਦ ਖਾਨ ਅਚਕਜ਼ਾਈ ਦਾ ਨੇੜਲਾ ਰਿਸ਼ਤੇਦਾਰ ਹੈ। ਅਬਦੁਲ

ਆਰਿਫ ਨਿਜ਼ਾਮੀ

ਮਜੀਦ ਨੇ ਕੋਇਟਾ ਦੀ ਸੜਕ 'ਤੇ ਟ੍ਰੈਫ਼ਿਕ ਪੁਲਿਸ ਕਰਮੀ ਨੂੰ ਆਪਣੀ ਐਸ.ਯੂ.ਵੀ. ਹੇਠ ਦਰੜ ਦਿੱਤਾ। ਘਟਨਾ ਸੋਸ਼ਲ ਮੀਡੀਆ 'ਤੇ ਫੈਲ ਗਈ ਜਿਸ ਤੋਂ ਬਾਅਦ ਬਿਜਲਈ ਮੀਡੀਆ ਨੇ ਮਾਮਲੇ ਨੂੰ ਚੁੱਕ ਦਿੱਤਾ। ਉਸ ਨੇ ਸ਼ੁਰੂ ਵਿਚ ਦੋਸ਼ ਆਪਣੇ ਡਰਾਈਵਰ ਸਿਰ ਮੜ੍ਹ ਦਿੱਤਾ, ਪਰ ਜਦੋਂ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਤਾਂ ਪੁਲਿਸ ਕੋਲ ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਬਚਿਆ। ਸੁਪਰੀਮ ਕੋਰਟ ਵੱਲੋਂ ਮਾਮਲੇ ਦਾ ਖ਼ੁਦ ਨੋਟਿਸ ਲੈਣ ਦੇ ਬਾਵਜੂਦ ਸੂਬਾਈ ਅਸੈਂਬਲੀ ਦੇ ਇਸ ਮੈਂਬਰ ਨਾਲ ਜੇਲ੍ਹ ਵਿਚ ਵੀ.ਆਈ.ਪੀ. ਵਰਗਾ ਵਿਹਾਰ ਕੀਤਾ ਗਿਆ। ਉਸ ਦੇ ਘੁਮੰਡ ਦੀ ਸਿਖ਼ਰ ਵੇਖੋ, ਜਦੋਂ ਉਸ ਨੂੰ ਅਤਿਵਾਦ-ਵਿਰੋਧੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਸ ਨੇ ਖੁੱਲ੍ਹੇਆਮ ਮੀਡੀਆ 'ਤੇ ਤਨਜ਼ ਕੱਸੇ ਅਤੇ ਬੁਰਾ-ਭਲਾ ਕਿਹਾ। ਸਵਾਲ ਹੈ ਕਿ ਅਬਦੁਲ ਮਜੀਦ ਵਿਚ ਏਨਾ ਘੁਮੰਡ ਕਿਉਂ ਹੈ ਅਤੇ ਉਸ ਨੂੰ ਇਹ ਯਕੀਨ ਕਿਵੇਂ ਹੈ ਕਿ ਕਤਲ ਵਰਗਾ ਅਪਰਾਧ ਕਰਨ ਦੇ ਬਾਵਜੂਦ ਉਸ ਦਾ ਵਾਲ ਵਿੰਗਾ ਨਹੀਂ ਹੋਵੇਗਾ? ਕਾਰਨ ਸ਼ਾਇਦ ਇਹ ਹੈ ਕਿ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦਾ ਭਾਈਵਾਲ ਹੋਣ ਦੇ ਨਾਲ-ਨਾਲ ਅਚਕਜ਼ਾਈ ਪਰਿਵਾਰ ਦਾ ਬਲੋਚਿਸਤਾਨ ਵਿਚ ਉਂਜ ਵੀ ਰਸੂਖ ਹੈ।

ਮਹਿਮੂਦ ਖਾਨ ਪਾਰਟੀ ਦਾ ਮੁਖੀ ਹੈ, ਉਸ ਦਾ ਭਰਾ ਅਹਿਮਦ ਖਾਨ ਸੂਬਾਈ ਗਵਰਨਰ ਹੈ ਅਤੇ ਇਕ ਹੋਰ ਭਰਾ ਹਮੀਦ ਖਾਨ ਸੂਬੇ ਵਿਚ ਮੰਤਰੀ ਹੈ। ਗੱਲ ਇਥੇ ਹੀ ਖ਼ਤਮ ਨਹੀਂ ਹੁੰਦੀ, ਉਸ ਦਾ ਪੁੱਤਰ ਸਲਾਹਕਾਰ ਹੈ, ਪਤਨੀ ਦੀ ਭੈਣ ਵੀ ਸੂਬਾਈ ਅਸੈਂਬਲੀ ਦੀ ਮੈਂਬਰ ਹੈ। ਛੇ ਹੋਰ ਨੇੜਲੇ ਰਿਸ਼ਤੇਦਾਰ ਵੀ ਸੂਬੇ ਵਿਚ ਅਹਿਮ ਅਹੁਦਿਆਂ 'ਤੇ ਹਨ, ਪਰ ਇਹ ਤਾਂ ਸਮੱਸਿਆ ਦਾ ਸਿਰਫ਼ ਇਕ ਪੱਖ ਹੈ। ਅਸਲ ਵਿਚ ਬਲੋਚਿਸਤਾਨ ਦਾ ਆਮ ਲੋਕਾਚਾਰ ਹੀ ਸਮਾਨਤਾਵਾਦ ਦੇ ਖ਼ਿਲਾਫ਼ ਹੈ। ਉਥੇ ਦੀ ਸਰਕਾਰ ਆਪਣੇ-ਆਪ ਵਿਚ ਹੀ ਕਾਨੂੰਨ ਹੈ। ਸੂਬੇ ਵਿਚ ਮਾਮੂਲੀ ਜਿਹਾ ਮੱਧਵਰਗ ਹੈ। ਉਥੇ ਜਾਂ ਤਾਂ ਸਰਕਾਰਾਂ ਦੇ ਮੁਜਾਰੇ ਹਨ ਜਾਂ ਫਿਰ ਆਮ ਬਲੋਚ ਲੋਕ ਹਨ ਜੋ ਘੋਰ ਗ਼ਰੀਬੀ ਵਿਚ ਆਪਣੇ ਦਿਨ ਕੱਟ ਰਹੇ ਹਨ।

ਇਸ ਪਿਛੋਕੜ ਦੇ ਮੱਦੇਨਜ਼ਰ ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮਜੀਦ ਅਚਕਜ਼ਾਈ ਨੇ ਬਲੋਚਿਸਤਾਨ ਦੇ ਸੀਨੀਅਰ ਅਧਿਕਾਰੀ ਨੂੰ ਕਤਲ ਹੋਏ ਟ੍ਰੈਫ਼ਿਕ ਪੁਲਿਸ ਕਰਮੀ ਦੇ ਪਰਿਵਾਰ ਕੋਲ ਭੇਜਿਆ ਅਤੇ 'ਦਿਆਤ' (ਬਲੱਡ ਮਨੀ) ਤਹਿਤ ਮੁਆਵਜ਼ਾ ਦੇਣ ਦੀ ਪੇਸ਼ਕਸ਼ ਕੀਤੀ। 'ਦਿਆਤ' ਦੇ ਇਸਲਾਮਿਕ ਕਾਨੂੰਨ ਹੇਠ ਹੀ ਸੀ.ਆਈ.ਏ. ਦੇ ਠੇਕੇਦਾਰ ਰੇਅਮੰਡ ਡੇਵਿਸ ਨੂੰ ਬਚਾਇਆ ਗਿਆ ਸੀ ਜਿਸ ਨੇ 2011 ਵਿਚ ਦੋ ਜਣਿਆਂ ਨੂੰ ਕਤਲ ਕਰ ਦਿੱਤਾ ਸੀ। ਪੀੜਤਾਂ ਦੇ ਪਰਿਵਾਰਾਂ ਨੂੰ ਭਾਰੀ ਮੁਆਵਜ਼ਾ ਦੇ ਕੇ ਡੇਵਿਸ ਪਾਕਿਸਤਾਨ ਵਿਚੋਂ ਬਚ ਨਿਕਲਿਆ ਸੀ।



ਹਾਲ ਦੀ ਘੜੀ ਤਾਂ ਪੀੜਤ ਪੁਲਿਸ ਕਰਮੀ ਦੇ ਪਰਿਵਾਰ ਨੇ ਅਜਿਹੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਅਤੇ ਮੁਆਵਜ਼ੇ ਤੋਂ ਇਨਕਾਰ ਕੀਤਾ ਹੈ ਅਤੇ ਕੇਸ ਨੂੰ ਅੰਜਾਮ ਤੱਕ ਲਿਜਾਣ ਦੀ ਗੱਲ ਕਹੀ ਹੈ, ਪਰ ਜਿਸ ਤਰ੍ਹਾਂ ਦਾ ਸੂਬੇ ਵਿਚ ਮਾਹੌਲ ਹੈ, ਉਸ ਵਿਚ ਪਰਿਵਾਰ ਕੋਲ ਅੰਤ ਨੂੰ ਸ਼ਾਇਦ ਸੌਦੇਬਾਜ਼ੀ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚੇਗਾ।

ਬਦਕਿਸਮਤੀ ਨਾਲ ਪਾਕਿਸਤਾਨ ਦੀ ਇਹੀ ਹਕੀਕਤ ਹੈ। ਕਿਸੇ 'ਸਰਦਾਰ' ਜਾਂ 'ਵਡੇਰੇ' ਦੇ ਮੁਕਾਬਲੇ ਆਮ ਲੋਕਾਂ ਦੀ ਕੋਈ ਵੁਕਤ ਨਹੀਂ, ਖ਼ਾਸ ਕਰ ਕੇ ਜਦੋਂ ਅਜਿਹੇ ਸਰਦਾਰ ਸੱਤਾਧਾਰੀ ਪਾਰਟੀ ਨਾਲ ਸਬੰਧਤ ਹੋਣ। ਮੀਡੀਆ ਦੀ ਸਰਗਰਮੀ ਸਦਕਾ ਹਾਲਾਤ ਸ਼ਾਇਦ ਕੁਝ ਬਦਲੇ ਹਨ, ਪਰ ਸਭਿਅਕ ਰਾਸ਼ਟਰ ਅਖਵਾਉਣ ਲਈ ਲੰਮਾ ਸਫ਼ਰ ਤੈਅ ਕਰਨਾ ਪਵੇਗਾ।

ਇਸ ਸਭ ਦੇ ਐਨ ਉਲਟ ਜਮਸ਼ੇਦ ਦਸਤੀ ਦਾ ਮਾਮਲਾ ਹੈ ਜੋ ਕੌਮੀ ਅਸੈਂਬਲੀ ਦਾ ਮੱਧ ਵਰਗ ਨਾਲ ਸਬੰਧਤ ਮੈਂਬਰ ਹੈ। ਉਹ ਆਮ ਜਿਹਾ ਬੱਸ ਓਪਰੇਟਰ ਹੈ। ਉਸ ਦਾ 'ਅਪਰਾਧ' ਸਿਰਫ਼ ਏਨਾ ਹੈ ਕਿ ਸੰਸਦ ਦੇ ਪਿਛਲੇ ਇਜਲਾਸ ਦੌਰਾਨ ਉਸ ਨੇ ਸਰਕਾਰ ਦੀ ਕਾਫ਼ੀ ਤਿੱਖੀ ਆਲੋਚਨਾ ਕੀਤੀ ਸੀ। ਉਸ ਵਲੋਂ ਉਚੀ ਆਵਾਜ਼ ਵਿਚ ਲਾਏ 'ਗੋ ਨਵਾਜ਼ ਗੋ' ਦੇ ਨਾਅਰੇ ਸੱਤਾਧਾਰੀਆਂ ਨੂੰ ਹਜ਼ਮ ਨਹੀਂ ਹੋਏ। ਇਸ ਲਈ ਉਨ੍ਹਾਂ ਨੇ ਉਸ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕੀਤਾ। ਦਸਤੀ ਖ਼ਿਲਾਫ਼ ਗ਼ੈਰਕਾਨੂੰਨੀ ਢੰਗ ਨਾਲ ਨਹਿਰ ਤੋੜਨ ਦਾ ਕੇਸ ਦਰਜ ਕੀਤਾ ਗਿਆ ਹੈ। ਦਸਤੀ ਦੇ ਕਸੂਰ (ਜੇ ਉਨ੍ਹਾਂ ਕੀਤਾ ਹੋਵੇ) ਦੀ ਕਾਨੂੰਨ ਅਨੁਸਾਰ ਬਣਦੀ ਸਜ਼ਾ ਮਿਲਣੀ ਚਾਹੀਦੀ ਹੈ, ਪਰ ਉਨ੍ਹਾਂ ਨੇ ਅਬਦੁਲ ਮਜੀਦ ਅਚਕਜ਼ਾਈ ਵਾਂਗ ਕਿਸੇ ਦਾ ਕਤਲ ਤਾਂ ਨਹੀਂ ਕੀਤਾ। ਅਦਾਲਤ ਵਿਚ ਪੇਸ਼ੀ ਲਈ ਲਿਆਂਦੇ ਜਾਣ ਸਮੇਂ ਦਸਤੀ ਨੇ ਪੱਤਰਕਾਰਾਂ ਨਾਲ ਪੁਲਿਸ ਵੈਨ ਵਿਚੋਂ ਹੀ ਗੱਲ ਕੀਤੀ। ਉਸ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਦੱਸਿਆ ਕਿ ਉਸ ਉਤੇ ਜੇਲ੍ਹ ਵਿਚ ਤਸ਼ੱਦਦ ਹੋਇਆ ਹੈ। ਉਸ ਮੁਤਾਬਕ ਪੁਲਿਸ ਵੱਲੋਂ ਉਸ 'ਤੇ ਚੂਹੇ ਅਤੇ ਬਿੱਛੂ ਛੱਡੇ ਗਏ। ਉਸ ਨੂੰ ਪਿਛਲੇ ਅੱਠ ਦਿਨਾਂ ਤੋਂ ਨੀਂਦ ਤੋਂ ਵਾਂਝਾ ਰੱਖਿਆ ਗਿਆ ਹੈ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਉਸ ਨੂੰ ਨਾ-ਖਾਣਯੋਗ ਖਾਣਾ ਦਿੱਤਾ ਗਿਆ ਹੈ।

ਚੰਗੀ ਗੱਲ ਹੈ ਕਿ ਲਾਹੌਰ ਹਾਈ ਕੋਰਟ ਦੇ ਚੀਫ਼ ਜਸਟਿਸ ਮਨਸੂਰ ਅਲੀ ਸ਼ਾਹ ਨੇ ਖ਼ੁਦ ਮਾਮਲੇ ਦਾ ਨੋਟਿਸ ਲੈਂਦਿਆਂ ਸਰਗੋਧਾ ਦੇ ਸੈਸ਼ਨ ਜੱਜ ਅਤੇ ਅਤਿਵਾਦ-ਵਿਰੋਧੀ ਅਦਾਲਤ ਦੇ ਜੱਜ ਨੂੰ ਨਿਰਦੇਸ਼ ਦਿੱਤੇ ਕਿ ਉਹ ਜੇਲ੍ਹ ਵਿਚ ਜਾ ਕੇ ਪੜਤਾਲ ਕਰਨ ਕਿ ਦਸਤੀ ਨੂੰ ਕਿਸ ਤਰ੍ਹਾਂ ਦੇ ਹਾਲਾਤ ਵਿਚ ਰੱਖਿਆ ਜਾ ਰਿਹਾ ਹੈ। ਜੋ ਵੀ ਹੋਵੇ, ਦਸਤੀ ਨਾਲ ਹੋਇਆ ਮਾੜਾ ਵਿਹਾਰ ਅਚਕਜ਼ਾਈ ਨਾਲ ਹੋਏ ਵਿਹਾਰ ਤੋਂ ਬਿਲਕੁਲ ਉਲਟ ਹੈ।

ਵਿਵਾਦ ਦਾ ਵਿਸ਼ਾ ਬਣਿਆ ਦੂਜਾ ਮਾਮਲਾ ਪਾਰਾਚਿਨਾਰ ਅਤਿਵਾਦੀ ਹਮਲੇ ਦੇ ਪੀੜਤਾਂ ਅਤੇ ਬਹਾਵਲਪੁਰ ਟੱਰਕ ਹਾਦਸੇ ਦੇ ਪੀੜਤਾਂ ਲਈ ਐਲਾਨੇ ਗਏ ਮੁਆਵਜ਼ੇ ਦੇ ਫ਼ਰਕ ਦਾ ਹੈ। ਪਾਰਾਚਿਨਾਰ ਹਮਲੇ 'ਚ ਜਾਨਾਂ ਗੁਆਉਣ ਵਾਲੇ 75 ਲੋਕਾਂ ਦੇ ਪਰਿਵਾਰਾਂ ਲਈ ਪ੍ਰਤੀ ਆਦਮੀ 10 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਗਿਆ, ਜਦੋਂ ਬਹਾਵਲਪੁਰ ਵਿਚ ਤੇਲ ਟੈਂਕਰ ਨੂੰ ਅੱਗ ਲੱਗਣ ਕਾਰਨ ਮਾਰੇ ਗਏ 175 ਲੋਕਾਂ ਦੇ ਪਰਿਵਾਰਾਂ ਨੂੰ ਪ੍ਰਤੀ ਆਦਮੀ 20 ਲੱਖ ਰੁਪਏ ਦੇਣ ਦਾ ਐਲਾਨ ਹੋਇਆ। ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਮੁਆਵਜ਼ੇ ਦਾ ਇਹ ਫ਼ਰਕ ਇਸ ਕਰ ਕੇ ਹੈ ਕਿ ਪਾਰਾਚਿਨਾਰ ਸੱਤਾਧਾਰੀ ਪਾਰਟੀ ਦੇ ਪ੍ਰਭਾਵ ਵਾਲਾ ਖੇਤਰ ਨਹੀਂ ਹੈ, ਜਦੋਂ ਕਿ ਦੱਖਣੀ ਪੰਜਾਬ ਵਿਚ ਪੈਂਦਾ ਬਹਾਵਲਪੁਰ ਪਾਰਟੀ ਦਾ ਗੜ੍ਹ ਹੈ; ਪਰ ਕੀ ਦੂਜੇ ਲੋਕ ਪਾਕਿਸਤਾਨ ਦੇ ਨਾਗਰਿਕ ਨਹੀਂ ਹਨ?

ਅਸਲ ਵਿਚ ਫ਼ੈਸਲੇ ਮਨੁੱਖੀ ਆਧਾਰਾਂ ਨਾਲੋਂ ਸਿਆਸੀ ਗਿਣਤੀਆਂ-ਮਿਣਤੀਆਂ ਦੇ ਆਧਾਰ 'ਤੇ ਵਧੇਰੇ ਲਏ ਜਾਂਦੇ ਹਨ। ਇਸੇ ਕਰ ਕੇ ਇਕ ਦੇਸ਼ ਦੇ ਨਾਗਰਿਕਾਂ ਨਾਲ ਵੱਖੋ-ਵੱਖਰਾ ਅਤੇ ਵਿਤਕਰੇ ਭਰਿਆ ਵਿਹਾਰ ਹੁੰਦਾ ਹੈ।

# ਕਿਸਾਨ ਜਥੇਬੰਦੀਆਂ ਵੱਲੋਂ ਕੈਪਟਨ ਸਰਕਾਰ ਖਿਲਾਫ ਐਲਾਨ-ਏ-ਜੰਗ

**ਜਲੰਧਰ:** ਸੱਤ ਕਿਸਾਨ ਜਥੇਬੰਦੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਵਿਚ ਸਾਂਝੀ ਕਨਵੈਨਸ਼ਨ ਦੌਰਾਨ ਕਿਸਾਨੀ ਕਰਜ਼ੇ 'ਤੇ ਲੀਕ ਫਿਰਵਾਉਣ ਲਈ 22 ਅਗਸਤ ਨੂੰ ਬਰਨਾਲਾ ਵਿਚ ਮਹਾਂ ਰੈਲੀ ਕਰਨ ਦਾ ਐਲਾਨ ਕੀਤਾ ਹੈ।

ਇਸ ਦੌਰਾਨ ਕਿਸਾਨ ਜਥੇਬੰਦੀਆਂ ਨੇ ਇਕਜੁੱਟ ਹੁੰਦਿਆਂ ਕੈਪਟਨ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਵਾਅਦੇ ਮੁਤਾਬਕ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰੇ, ਨਾ ਕਿ ਇਸ ਨੂੰ ਫਸਲੀ ਕਰਜ਼ਾ ਦੱਸ ਕੇ ਉਲ਼ਝਾਏ। ਜਥੇਬੰਦੀਆਂ ਨੇ ਇਹ ਮੰਗ ਵੀ ਕੀਤੀ ਕਿ ਪੰਜ ਏਕੜ ਵਾਲੇ ਕਿਸਾਨਾਂ ਦੇ ਮੁਆਫ ਕੀਤੇ ਦੋ ਲੱਖ ਰੁਪਏ ਦੇ ਕਰਜ਼ੇ ਦਾ ਨੋਟੀਫਿਕੇਸ਼ਨ ਤੁਰਤ ਜਾਰੀ ਕੀਤਾ ਜਾਵੇ।

ਇਸ ਮੌਕੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬਰਨਾਲਾ ਵਿਚ ਕੀਤੀ ਜਾਣ ਵਾਲੀ ਮਹਾਂ ਰੈਲੀ ਦੌਰਾਨ ਜਿਥੇ ਕਰਜ਼ਾ ਮੁਕਤੀ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ, ਉਥੇ ਤਿੱਖੇ ਸੰਘਰਸ਼ ਦਾ ਐਲਾਨ ਵੀ ਕੀਤਾ ਜਾਵੇਗਾ। ਕਨਵੈਨਸ਼ਨ ਵਿਚ ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਕਿ ਖਾਦਾਂ, ਕੀਟਨਾਸ਼ਕਾਂ ਤੇ ਖੇਤੀ ਸੰਦਾਂ ਸਣੇ ਖੇਤੀ ਲਾਗਤਾਂ ਉਤੇ ਲਾਇਆ ਜੀ.ਐਸ.ਟੀ. ਤੁਰਤ ਖਤਮ ਕੀਤਾ ਜਾਵੇ। ਉਨ੍ਹਾਂ ਕੈਪਟਨ ਸਰਕਾਰ ਤੋਂ ਮੰਗ ਕੀਤੀ ਕਿ ਉਹ ਫਸਲੀ ਕਰਜ਼ੇ ਦੀ ਮੁਆਫੀ ਦਾ ਰੌਲਾ ਪਾ ਕੇ ਕਿਸਾਨਾਂ ਨੂੰ ਗੁੰਮਰਾਹ ਨਾ ਕਰਨ ਸਗੋਂ ਸਮੁੱਚੇ ਕਰਜ਼ੇ ਨੂੰ ਆਪਣੇ ਵਾਅਦੇ ਮੁਤਾਬਕ ਮੁਆਫ ਕਰਨ।

ਆਗੂਆਂ ਨੇ ਕਿਹਾ ਕਿ ਸਵਾਮੀਨਾਥਨ ਰਿਪੋਰਟ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ ਤੇ ਜਿਣਸਾਂ ਦੇ ਲਾਹੇਵੰਦ ਭਾਅ ਮਿੱਥੇ ਜਾਣ, ਸ਼ਾਹੂਕਾਰਾਂ ਦੇ ਸਾਰੇ ਦਸਤਾਵੇਜ਼ ਅਤੇ ਵਹੀ-ਖਾਤਿਆਂ ਦੀ ਕਾਨੂੰਨੀ ਮਾਨਤਾ ਰੱਦ ਕੀਤੀ ਜਾਵੇ, ਅਦਾਲਤਾਂ ਵਿਚ ਕਿਸਾਨਾਂ ਵਿਰੁੱਧ ਚੱਲ ਰਹੇ ਕੇਸ ਵਾਪਸ ਲਏ ਜਾਣ ਤੇ ਜਬਰੀ ਕਰਜ਼ਾ ਵਸੂਲਣ ਲਈ ਕੁਰਕੀਆਂ ਅਤੇ ਨਿਲਾਮੀਆਂ ਤੇ ਗ੍ਰਿਫਤਾਰੀਆਂ ਬੰਦ ਕੀਤੀਆਂ ਜਾਣ। ਉਨ੍ਹਾਂ ਖੁਦਕੁਸ਼ੀ ਪੀੜਤ ਕਿਸਾਨਾਂ ਦੇ ਪਰਿਵਾਰਾਂ ਨੂੰ 10-10 ਲੱਖ ਦਾ ਮੁਆਵਜ਼ਾ, ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਤੇ ਸਾਰੇ ਕਰਜ਼ੇ 'ਤੇ ਬਿਨਾਂ ਦੇਰੀ ਲੀਕ ਫੇਰਨ ਦੀ ਮੰਗ ਕੀਤੀ।

### ਮਹਾਂ ਰੈਲੀ ਕਰ ਕੇ ਸਰਕਾਰ ਨੂੰ ਘੇਰਨ ਦੀ ਤਿਆਰੀ



### ਸੁਪਰੀਮ ਕੋਰਟ ਵੱਲੋਂ ਕਰਜ਼ ਮੁਆਫੀ ਬਾਰੇ ਸਵਾਲ

**ਨਵੀਂ ਦਿੱਲੀ:** ਕਿਸਾਨ ਖੁਦਕੁਸ਼ੀਆਂ ਦੀਆਂ ਵਧ ਰਹੀਆਂ ਘਟਨਾਵਾਂ 'ਤੇ ਤਿੱਖਾ ਪ੍ਰਤੀਕ੍ਰਮ ਦਿੰਦਿਆਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸਰਕਾਰ ਦੀਆਂ ਭਲਾਈ ਸਕੀਮ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਨਹੀਂ ਰਹਿਣੀਆਂ ਚਾਹੀਦੀਆਂ ਅਤੇ ਮੁਆਵਜ਼ਾ ਪੇਂਡੂ ਕਰਜ਼ਈਪੁਣੇ ਦੀ ਸਮੱਸਿਆ ਨਾਲ ਸਿੱਝਣ ਦਾ ਕੋਈ ਹੱਲ ਨਹੀਂ ਹੈ। ਸਰਕਾਰ ਦੀ ਦਲੀਲ, ਕਿ ਇਹ ਸਮੱਸਿਆ ਇਕ ਦਿਨ ਵਿਚ ਹੱਲ ਨਹੀਂ ਹੋ ਸਕਦੀ, ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਭਲਾਈ ਸਕੀਮਾਂ ਨੂੰ ਹੱਲਾਸ਼ੇਰੀ ਦੇਣ ਤੇ ਸਰਕਾਰ ਦੀ ਅਸਰਦਾਰ ਨਤੀਜਿਆਂ ਲਈ ਇਕ ਵਰ੍ਹੇ ਦਾ ਸਮਾਂ ਮੰਗਣ ਦੀ ਬੇਨਤੀ ਮੰਨ ਲਈ।

# ਸਤਿਸੰਗ ਸੁਣਨ ਜਾ ਰਹੇ ਤਿੰਨ ਬੱਚੇ ਸੜਕ ਹਾਦਸੇ ਦਾ ਸ਼ਿਕਾਰ

**ਖਰੜ:** ਖਰੜ-ਕੁਰਾਲੀ ਸੜਕ 'ਤੇ ਖਾਨਪੁਰ ਨੇੜੇ ਵਾਪਰੇ ਇਕ ਸੜਕ ਹਾਦਸੇ ਵਿਚ ਤਿੰਨ ਬੱਚਿਆਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿਚ ਸਕੇ ਭੈਣ-ਭਰਾ ਅਤੇ ਗੁਆਂਢੀ ਪਰਿਵਾਰ ਦਾ ਇਕ ਬੱਚਾ ਸ਼ਾਮਲ ਹੈ। ਪਿੰਡ ਭੁਖੜੀ ਵਾਸੀ ਗੁਰਪ੍ਰੀਤ ਦੀ ਪਤਨੀ ਅਤੇ ਤਿੰਨ ਬੱਚੇ ਅਤੇ ਉਨ੍ਹਾਂ ਦੇ ਗੁਆਂਢੀ ਸਮਰਜੀਤ ਕੁਮਾਰ ਦੀ ਪਤਨੀ ਅਤੇ ਦੋ ਬੱਚੇ ਮੁੰਡੀ ਖਰੜ ਵਿਚ ਨਿਰੰਕਾਰੀ ਭਵਨ ਵਿਚ ਹੋ ਰਹੇ ਸਤਿਸੰਗ ਵਿਚ ਜਾਣ ਲਈ ਘਰੋਂ ਚੱਲੇ ਸਨ। ਉਹ ਸੜਕ ਪਾਰ ਕਰਨ ਲੱਗੇ ਸਨ ਕਿ ਕੁਰਾਲੀ ਪਾਸਿਉਂ ਆ ਰਹੀ ਇਕ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਮਨਵੀਰ (7) ਤੇ ਉਸ ਦੀ ਭੈਣ ਰੀਤੂ (12) ਤੇ ਉਨ੍ਹਾਂ ਦੇ ਗੁਆਂਢੀ ਨਿਖਲ (10) ਦੀ ਵੀ ਮੌਤ ਹੋ ਗਈ। ਇਸ ਘਟਨਾ ਵਿਚ ਦੋਵਾਂ ਮਾਵਾਂ ਅਤੇ ਦੂਜੀਆਂ ਲੜਕੀਆਂ ਦਾ ਬਚਾਅ ਹੋ ਗਿਆ।

# ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਲਈ ਕੋਸ਼ਿਸ਼ਾਂ ਤੇਜ਼

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਸੂਬੇ ਦੇ ਖੁਦਕੁਸ਼ੀ ਪੀੜਤ ਕਿਸਾਨ ਤੇ ਮਜ਼ਦੂਰ ਪਰਿਵਾਰਾਂ ਦੀ ਦਸ਼ਾ ਜਾਣਨ, ਖੁਦਕੁਸ਼ੀ ਦੇ ਕਾਰਨਾਂ ਅਤੇ ਇਸ ਦਾ ਹੱਲ ਲੱਭਣ ਲਈ ਪੰਜ ਮੈਂਬਰੀ ਵਿਧਾਨ ਸਭਾ ਕਮੇਟੀ ਕਾਇਮ ਕੀਤੀ ਹੈ ਜਿਸ ਵਿਚ 3 ਕਾਂਗਰਸੀਆਂ ਤੋਂ ਇਲਾਵਾ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਦਾ ਇਕ ਇਕ ਵਿਧਾਇਕ ਸ਼ਾਮਲ ਹੈ।

ਗੌਰਤਲਬ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਖੁਦਕੁਸ਼ੀ ਪੀੜਤ ਕਿਸਾਨ ਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਬਾਰੇ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਹੈ। ਵਿਧਾਨ ਸਭਾ ਦੀ ਸਕੱਤਰ ਸਸ਼ੀ ਲਖਨਪਾਲ ਨੇ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਕਾਂਗਰਸ ਦੇ ਰਾਜਾਸਾਂਸੀ ਤੋਂ ਵਿਧਾਇਕ ਸੁਖਬਿੰਦਰ ਸਿੰਘ ਉਰਫ ਸੁੱਖ ਸਰਕਾਰੀਆ ਕਰਨਗੇ। ਚਾਰ ਹੋਰ ਮੈਂਬਰਾਂ ਵਿਚ ਕਾਂਗਰਸ ਦੇ ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ, ਬੱਲੂਆਣਾ ਤੋਂ ਵਿਧਾਇਕ ਨੱਥੂ ਰਾਮ, ਆਮ ਆਦਮੀ ਪਾਰਟੀ ਦੇ ਮਾਨਸਾ ਤੋਂ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਅਤੇ ਅਕਾਲੀ ਦਲ ਦੇ ਸਨੌਰ ਤੋਂ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਸ਼ਾਮਲ ਹਨ। ਕਮੇਟੀ ਨੂੰ ਤਿੰਨ ਮਹੀਨਿਆਂ ਅੰਦਰ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਕਮੇਟੀ ਮੈਂਬਰ ਖੁਦਕੁਸ਼ੀਆਂ ਰੋਕਣ ਲਈ ਸੁਝਾਅ ਤੇ ਸਿਫਾਰਸ਼ਾਂ ਵਾਲੀ ਇਕ ਵਿਆਪਕ ਰਿਪੋਰਟ ਤਿਆਰ ਕਰੇਗੀ। ਕਮੇਟੀ ਖੇਤ ਮਜ਼ਦੂਰਾਂ ਦੀ ਆਰਥਿਕ ਸਥਿਤੀ ਦੇ ਕਾਰਨਾਂ ਦੀ ਜਾਂਚ ਕਰਦਿਆਂ ਇਸ ਸਭ ਤੋਂ ਕਮਜ਼ੋਰ ਵਰਗ ਨੂੰ ਤੰਗੀ ਤੋਂ ਨਿਜ਼ਾਤ ਦਿਵਾਉਣ ਲਈ ਸੁਝਾਅ ਦੇਵੇਗੀ।

ਗੌਰਤਲਬ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਜਟ ਸੈਸ਼ਨ ਦੌਰਾਨ 19 ਜੂਨ ਨੂੰ ਪੰਜ ਏਕੜ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਕਰਜ਼ਾ ਮੁਆਫ ਕਰਨ, ਢਾਈ ਏਕੜ ਤਕ ਵਾਲਿਆਂ ਦੇ ਸਾਰੇ ਕਰਜ਼ੇ 'ਚੋਂ ਦੋ ਲੱਖ ਰੁਪਏ ਮੁਆਫ ਕਰਨ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ।

### ਸਹਿਕਾਰੀ ਬੈਂਕਾਂ ਤੋਂ ਕਰਜ਼ਾ ਮੁਆਫੀ ਲਈ ਵੇਰਵਾ ਤਲਬ

**ਹੁਸ਼ਿਆਰਪੁਰ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਦੇ ਫਸਲੀ ਕਰਜ਼ੇ ਨੂੰ ਮੁਆਫ ਕਰਨ ਸਬੰਧੀ ਬਕਾਇਦਾ ਤੌਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਸਹਿਕਾਰਤਾ ਵਿਭਾਗ ਨੇ ਪੱਤਰ ਜਾਰੀ ਕਰ ਕੇ ਢਾਈ ਏਕੜ ਤੋਂ 5 ਏਕੜ, 5 ਤੋਂ 7 ਏਕੜ ਅਤੇ ਇਸ ਤੋਂ ਉਪਰ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਦਾ ਵੇਰਵਾ ਮੰਗਿਆ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵਿਚ ਰਾਜ ਦੇ ਲਗਭਗ 8.75 ਲੱਖ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਫਸਲੀ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤਾ ਸੀ। ਪੰਜ ਏਕੜ ਤੱਕ ਜ਼ਮੀਨ ਵਾਲੇ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤਾ ਸੀ। ਕਿਸਾਨਾਂ ਨੂੰ ਕਰਜ਼ਾ ਤੇ ਕੁਰਕੀ ਤੋਂ ਮੁਕਤ ਕਰਨਾ ਕਾਂਗਰਸ ਦਾ ਮੁੱਖ ਚੋਣ ਏਜੰਡਾ ਸੀ। ਸਹਿਕਾਰੀ ਬੈਂਕਾਂ ਤੋਂ ਕਰਜ਼ਈ ਕਿਸਾਨਾਂ ਦਾ ਵੇਰਵਾ ਇਕੱਤਰ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਣ ਨਾਲ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੀ ਉਮੀਦ ਬੱਝ ਗਈ ਹੈ।

### ਅਹਿਮਦਾਬਾਦ ਭਾਰਤ ਦਾ ਪਹਿਲਾ ਵਿਸ਼ਵ ਵਿਰਾਸਤੀ ਸ਼ਹਿਰ ਬਣਿਆ

**ਨਵੀਂ ਦਿੱਲੀ:** ਅਹਿਮਦਾਬਾਦ ਭਾਰਤ ਦਾ ਪਹਿਲਾ ਵਿਸ਼ਵ ਵਿਰਾਸਤੀ ਸ਼ਹਿਰ ਬਣ ਗਿਆ ਹੈ। ਇਹ ਐਲਾਨ ਯੂਨੈਸਕੋ ਦੀ ਵਿਸ਼ਵ ਵਿਰਾਸਤੀ ਕਮੇਟੀ ਵੱਲੋਂ ਕੀਤਾ ਗਿਆ। ਅਹਿਮਦਾਬਾਦ ਸ਼ਹਿਰ ਨੂੰ ਮੁਸਲਮਾਨ, ਹਿੰਦੂ ਤੇ ਜੈਨ ਭਾਈਚਾਰੇ ਦੇ ਲੋਕਾਂ 'ਚ ਆਪਸੀ ਧਾਰਮਿਕ ਸਾਂਝ ਤੇ ਲੱਕੜ ਦੀਆਂ ਹਵੇਲੀਆਂ ਕਾਰਨ ਇਹ ਦਰਜਾ ਮਿਲਿਆ।

ਕਈ ਕੰਧ ਚਿੱਤਰਾਂ ਵਾਲੀਆਂ ਇਮਾਰਤਾਂ ਤੇ ਮਹਾਤਮਾ ਗਾਂਧੀ ਨਾਲ ਸਬੰਧਤ ਕਈ ਮਹੱਤਵਪੂਰਨ ਥਾਵਾਂ ਕਾਰਨ ਅਹਿਮਦਾਬਾਦ ਪੈਰਿਸ, ਕਾਹਿਰਾ ਤੇ ਐਡਨਬਰਗ ਤੋਂ ਬਾਅਦ ਦੁਨੀਆਂ ਦਾ ਪਹਿਲਾ ਵਿਸ਼ਵ ਵਿਰਾਸਤੀ ਸ਼ਹਿਰ ਬਣ ਗਿਆ ਹੈ। ਦੁਨੀਆਂ ਭਰ 'ਚੋਂ ਕਰੀਬ 287 ਸ਼ਹਿਰਾਂ ਦੀ ਸੂਚੀ 'ਚ ਭਾਰਤੀ ਉਪ-ਮਹਾਦੀਪ ਦੇ ਦੋ ਹੋਰ ਸ਼ਹਿਰ ਸ਼ਾਮਲ ਸਨ, ਜਿਨ੍ਹਾਂ 'ਚ ਨੇਪਾਲ ਦਾ ਭਕਤਪੁਰ ਤੇ ਸ੍ਰੀਲੰਕਾ ਦਾ ਗਾਲੇ ਸ਼ਾਮਲ ਸੀ।

# ਤਾਮਿਲ ਲੇਖਿਕਾ ਵਾਸੰਥੀ, ਪੈਰਿਸ, ਮੈਂ ਤੇ ਮੇਰਾ ਚੰਡੀਗੜ੍ਹ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਹਫਤੇ ਚੰਡੀਗੜ੍ਹ ਸਾਹਿਤ ਅਕਾਡਮੀ ਦੇ ਸੱਦੇ ਉਤੇ ਤਾਮਿਲ ਲੇਖਿਕਾ ਤੇ ਪੱਤਰਕਾਰਾ ਵਾਸੰਥੀ ਚੰਡੀਗੜ੍ਹ ਆਈ। ਉਸ ਨੇ ਆਪਣੇ ਪਿਛੋਕੜ ਤੇ ਰਚਨਾਕਾਰੀ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਖਾਸ ਕਰਕੇ 1984 ਦੇ ਪੰਜਾਬ ਉਤੇ ਲਿਖੇ ਆਪਣੇ ਉਸ ਨਾਵਲ ਬਾਰੇ ਜੋ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਚੁਕਾ ਹੈ। ਅੰਗਰੇਜ਼ੀ ਵਿਚ 'ਸਾਈਲੈਂਟ ਸਟਾਰਮ' ਭਾਵ ਸ਼ਾਂਤ ਹਨੇਰੀ ਨਾਂ ਥੱਲੇ। ਉਸ ਨੇ ਦੱਸਿਆ ਕਿ ਉਸ ਦੇ ਬੇਟੇ ਦਾ ਇਕ ਮਿੱਤਰ ਜਸਵਿੰਦਰ ਸਿੰਘ ਕੇਸਧਾਰੀ ਸਿੱਖ ਸੀ। ਪਰ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਸਿੱਖਾਂ ਉਤੇ ਆਈ ਆਫਤ ਸਮੇਂ ਉਸ ਨੂੰ ਕੇਸ ਕਟਾਉਣੇ ਪੈ ਗਏ ਤਾਂ ਉਹ ਵਾਸੰਥੀ ਲਈ ਪਹਿਲਾਂ ਵਾਲਾ ਜਸਵਿੰਦਰ ਨਹੀਂ ਰਿਹਾ। 'ਦਿੱਲੀ ਵਾਲੇ ਮੈਨੂੰ ਦੁਸ਼ਮਨ ਸਮਝਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਮੈਂ ਹੁਣ ਭਾਰਤੀ ਨਹੀਂ ਰਿਹਾ' ਵਾਸੰਥੀ ਨੇ ਉਸ ਦੇ ਬੋਲੇ ਸ਼ਬਦ ਦੁਹਰਾਏ।

ਵਾਸੰਥੀ ਯੂ.ਟੀ. ਗੈਸਟ ਹਾਊਸ ਵਿਚ ਸਰੋਤਿਆਂ ਦੇ ਰੂਬਰੂ ਸੀ। ਉਸ ਨੇ ਪੰਜਾਬ ਬਾਰੇ ਆਪਣਾ ਨਾਵਲ ਰਾਜੀਵ-ਲੌਂਗੋਵਾਲ ਸਮਝੌਤੇ ਉਤੇ ਖਤਮ ਕੀਤਾ ਸੀ। ਪਰ ਵਾਸੰਥੀ ਦੀ ਹੁਣ ਤੱਕ 50 ਹਜ਼ਾਰ ਕਾਪੀਆਂ ਵਿਕਣ ਵਾਲੀ ਪੁਸਤਕ 'ਅੰਮਾ' ਹੈ ਜਿਹੜੀ ਪਿਛਲੇ ਦਿਨਾਂ ਵਿਚ ਤਾਮਿਲਨਾਡੂ ਦੀ ਲੰਮਾ ਸਮਾਂ ਮੁੱਖ ਮੰਤਰੀ ਰਹੀ ਜੈਲਲਿਤਾ ਬਾਰੇ ਹੈ।

ਜੈਲਲਿਤਾ ਦੇ ਕਾਰਜ ਕਾਲ ਦੀ ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਬਾਰੇ ਇੰਡੀਆ ਟੂਡੇ ਦੇ ਤਾਮਿਲ ਐਡੀਸ਼ਨ ਦੀ ਸੰਪਾਦਕ ਹੁੰਦਿਆਂ ਵਾਸੰਥੀ ਨੂੰ ਦਸ ਸਾਲ ਜੈ ਲਲਿਤਾ ਨੇ ਮਿਲਣ ਲਈ ਸਮਾਂ ਨਹੀਂ ਸੀ ਦਿੱਤਾ। ਜਦੋਂ ਜੈਲਲਿਤਾ ਬਾਰੇ ਲਿਖੀ ਉਸ ਦੀ ਪੁਸਤਕ ਦਾ ਵਰਣਨ ਹਿੰਦੁਸਤਾਨ ਟਾਈਮਜ਼ ਵਿਚ ਛਪਿਆਂ ਤਾਂ ਜੈਲਲਿਤਾ ਨੇ ਕਚਹਿਰੀ ਵਲੋਂ ਇਸ ਦੀ ਵਿਕਰੀ ਉਤੇ ਰੋਕ ਲਵਾ ਦਿੱਤੀ। ਹਜ਼ਾਰਾਂ ਦੀ ਗਿਣਤੀ ਵਿਚ ਵਿਕਣ ਵਾਲਾ ਐਡੀਸ਼ਨ 'ਅੰਮਾ' ਸਿਰਲੇਖ ਥੱਲੇ ਛਪਿਆ ਹੈ। ਵਾਸੰਥੀ ਨੇ ਸਰੋਤਿਆਂ ਨੂੰ ਦੱਸਿਆ ਕਿ ਹੁਣ ਉਹ ਆਪਣਾ ਮੂਲ ਤੇ ਅਸਲੀ ਐਡੀਸ਼ਨ ਮੁੜ ਛਪਵਾ ਰਹੀ ਹੈ। ਜਿਸ ਦਾ ਸਿਰਲੇਖ, 'ਅੰਮਾ: ਜੈਲਲਿਤਾ ਦਾ ਫਿਲਮੀ ਅਦਾਕਾਰਾਂ ਤੋਂ ਰਾਜਸੀ ਮਹਾਰਾਣੀ ਦਾ ਸਫਰ' ਹੈ।




*ਤਾਮਿਲ ਲੇਖਿਕਾ ਵਾਸੰਥੀ*

ਇਹ ਪੁੱਛੇ ਜਾਣ 'ਤੇ ਕਿ ਉਹ ਲੇਖਿਕਾ ਕਿਵੇਂ ਬਣੀ, ਉਸ ਨੇ ਗੁਆਂਢ ਵਿਚ ਰਹਿੰਦੀ ਉਸ ਬਾਲ ਵਿਧਵਾ ਦੀ ਕਹਾਣੀ ਦੱਸੀ ਜੋ ਨੌਂ ਗਜ਼ ਦੀ ਸਾਦਾ ਸਾੜ੍ਹੀ ਪਹਿਨਦੀ ਸੀ ਪਰ ਗਹਿਣਾ ਕੋਈ ਨਹੀਂ। ਉਸ ਦਾ ਸਿਰ ਸਦਾ ਮੁੰਨਿਆ ਹੁੰਦਾ ਸੀ। ਉਹ ਵਾਸੰਥੀ ਨੂੰ ਬਹੁਤ ਚੰਗੀ ਲੱਗਦੀ ਸੀ। ਵਾਸੰਥੀ ਦੀ ਪਹਿਲੀ ਰਚਨਾ ਦੇਵਦਾਸੀਆਂ ਦੇ ਜੀਵਨ ਬਾਰੇ ਸੀ, ਜਿਸ ਨੇ ਉਸ ਨੂੰ ਲੇਖਕ ਜਗਤ ਵਿਚ ਲਿਆਂਦਾ। ਉਸ ਨੇ ਇਹ ਵੀ ਦੱਸਿਆ ਕਿ ਉਹ ਕੇਵਲ ਨਾਵਲ ਹੀ ਲਿਖਣੇ ਚਾਹੁੰਦੀ ਸੀ ਪਰ ਸਮੇਂ ਦੀ ਸਿਆਸੀ ਸਥਿਤੀ ਨੇ ਉਸ ਨੂੰ ਪੱਤਰਕਾਰਤਾ ਵਲ ਧੱਕ ਦਿੱਤਾ।

ਅਕਾਦਮੀ ਦੇ ਸੱਦੇ ਉਤੇ ਉਸ ਦੇ ਚੰਡੀਗੜ੍ਹ ਆਉਣ ਦਾ ਮੂਲ ਮੰਤਵ ਉਨ੍ਹਾਂ ਪੰਜਾਬੀਆਂ ਨੂੰ ਮੁੜ ਵੇਖਣਾ ਸੀ, ਜੋ 1984 ਵਿਚ ਭਾਰਤ ਦੇ ਦੁਸ਼ਮਣ ਗਿਣੇ ਗਏ ਸਨ ਤੇ ਜਿਨ੍ਹਾਂ ਬਾਰੇ ਉਸ ਨੇ ਉਦੋਂ ਨਾਵਲ ਲਿਖਿਆ ਸੀ। ਜਦੋਂ ਇਸ ਵਿਸ਼ੇ ਨੂੰ ਕੋਈ ਹੱਥ ਨਹੀਂ ਸੀ ਪਾ ਰਿਹਾ, ਉਸ ਦੇ ਉਸ ਨਾਵਲ ਦਾ ਅੰਗਰੇਜ਼ੀ ਐਡੀਸ਼ਨ, ਵਾਸੰਥੀ ਦੇ ਦੱਸਣ ਅਨੁਸਾਰ ਪ੍ਰਸਿੱਧ ਲੇਖਕ ਤੇ ਪੱਤਰਕਾਰ ਖੁਸ਼ਵੰਤ ਸਿੰਘ ਤੇ ਪੰਜਾਬੀ ਯੂਨੀਵਰਸਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਅਮਰੀਕ ਸਿੰਘ ਨੇ ਪਸੰਦ ਕੀਤਾ ਸੀ।

ਜਿੱਥੋਂ ਤੱਕ ਵਾਸੰਥੀ ਨਾਲ ਮੇਰੀ ਆਪਣੀ ਸਾਂਝ ਦਾ ਸਬੰਧ ਹੈ, ਸਾਨੂੰ ਭਾਰਤ ਦੇ ਮਨੁੱਖੀ ਸਰੋਤ ਮੰਤਰਾਲੇ ਨੇ ਲੇਖਕ ਵਟਾਂਦਰਾ ਪ੍ਰੋਗਰਾਮ ਅਧੀਨ 1983 ਵਿਚ ਦੋ ਹਫਤੇ ਲਈ ਫਰਾਂਸ ਭੇਜਿਆ ਸੀ। ਅਸੀਂ ਦੋਨਾਂ ਨੇ ਸਲਾਹ ਕਰਕੇ ਰਸਤੇ ਵਿਚ ਇਟਲੀ ਦਾ ਰੋਮ, ਵੈਟੀਕਨ ਸਿਟੀ, ਆਸਟਰੀਆ ਤੇ ਸਵਿਟਜ਼ਰਲੈਂਡ ਵੀ ਦੇਖੇ ਤੇ ਫਰਾਂਸ ਜਾ ਕੇ ਉਥੋਂ ਦੀ ਰਾਜਧਾਨੀ ਪੈਰਿਸ ਦੇ ਲੂਵ ਅਜਾਇਬਘਰ ਸਮੇਤ ਹੋਰ ਦੇਖਣ ਵਾਲਿਆਂ ਥਾਂਵਾਂ ਵੀ। ਤੁਸੀਂ ਹੈਰਾਨ ਨਾ ਹੋਣਾ ਜੇ ਮੈਂ ਇਹ ਦੱਸਾਂ ਕਿ ਫਰਾਂਸ ਦੀ ਸਰਕਾਰ ਉਤੇ ਦਬਾਅ ਪਾ ਕੇ ਅਸੀਂ ਪੈਰਿਸ ਤੋਂ ਬਹੁਤ ਦੂਰ ਵੱਸੇ ਨੀਸ ਨਾਂ ਦੇ ਉਸ ਸ਼ਹਿਰ ਵੀ ਗਏ ਜੋ ਸਮੁੰਦਰ ਦੇ ਐਨ ਤੱਟ ਉਤੇ ਵੱਸਿਆ ਹੋਇਆ ਹੈ। ਇਸ ਰਮਣੀਕ ਸ਼ਹਿਰ ਵਿਚ ਉਨ੍ਹੀਂ ਦਿਨੀਂ ਤਿੰਨ ਰੋਜ਼ਾ ਵਿਸ਼ਵ ਲੇਖਕ ਕਾਨਫਰੰਸ ਚੱਲ ਰਹੀ ਸੀ। ਇਸ ਵਿਚ ਦੁਨੀਆਂ ਭਰ ਦੇ ਨਾਵਲਕਾਰ, ਨਾਟਕਕਾਰ, ਕਵੀ ਤੇ ਜੀਵਨੀ ਲੇਖਕ ਸ਼ਿਰਕਤ ਕਰ ਰਹੇ ਸਨ ਤੇ ਪ੍ਰਸਿੱਧ ਫਰਾਂਸੀਸੀ ਬੈਲੇ ਡਾਂਸਰ ਲੁਡਮਿਲਾ ਚੈਰੀਨਾ ਵੀ। ਅਨੇਕਾਂ ਲੇਖਕ ਲੁਡਮਿਲਾ ਵਲੋਂ ਚੁਣੀ ਜਾਂਦੀ ਮੇਜ਼ ਉਤੇ ਬੈਠਣ ਦੀ ਸਬੀਲਾਂ ਬਣਾ ਰਹੇ ਸਨ ਪਰ ਉਹ ਸਭ ਨੂੰ ਠਿੱਬੀ ਦੇ ਕੇ ਮੇਰੀ ਤੇ ਵਾਸੰਥੀ ਵਾਲੀ ਮੇਜ਼ ਉਤੇ ਆ ਬੈਠੀ। ਉਸ ਨੂੰ ਵਾਸੰਥੀ ਦੀਆਂ ਮਨਮੋਹਣੀਆਂ ਅੱਖਾਂ ਤੇ ਮੇਰੇ ਸਿਰ ਦੀ ਪਗੜੀ ਨੇ ਖਿੱਚ ਲਿਆ ਸੀ। ਇਥੇ ਇਹ ਦੱਸਣਾ ਵੀ ਅਯੋਗ ਨਹੀਂ ਕਿ ਜਿਸ ਆਡੀਟੋਰੀਅਮ ਵਿਚ ਇਹ ਕਾਨਫਰੰਸ ਹੋ ਰਹੀ ਸੀ, ਉਹ ਨਵੀਂ ਦਿੱਲੀ ਦੀ ਖੁਲ੍ਹੀ ਰਾਬਿੰਦਰਾ ਰੰਗਸ਼ਾਲਾ ਜਿੰਨਾ ਵਿਸ਼ਾਲ ਸੀ। ਸਾਗਰ ਦੇ ਤੱਟ ਉਤੇ ਦਰਜਨਾਂ ਰੈਸਟੋਰੈਂਟ ਸਨ ਤੇ ਕਾਨਫਰੰਸ ਵਿਚ ਸ਼ਿਰਕਤ ਕਰਨ ਵਾਲਿਆਂ ਨੂੰ ਖੁੱਲ੍ਹ ਸੀ ਕਿ ਉਹ ਜਿੱਥੇ ਚਾਹੁਣ, ਖਾ-ਪੀ ਸਕਦੇ ਸਨ। ਨੀਸ ਦੇ ਮੇਅਰ ਮਾਰਸ਼ਲ ਜੂਲੀਅਨ ਦਾ ਹੁਕਮ ਸੀ ਕਿ ਕਿਸੇ ਵੀ ਡੈਲੀਗੇਟ ਨੂੰ ਕੋਈ ਵੀ ਅਸੁਵਿਧਾ ਹੋਈ ਤਾਂ ਜਿੰਮੇਵਾਰ ਵਿਅਕਤੀ ਵਿਰੁੱਧ ਸਖਤ ਕਾਰਵਾਈ ਹੋਵੇਗੀ।




ਵਾਸੰਥੀ ਦੀ ਚੰਡੀਗੜ੍ਹ ਫੇਰੀ ਨੂੰ ਆਪਾਂ ਨੀਸ ਦੀ ਆਲਮੀ ਲੇਖਕ ਕਾਨਫਰੰਸ ਦੀ ਲੜੀ ਦਾ ਆਖਰੀ ਅੰਗ ਵੀ ਕਹਿ ਸਕਦੇ ਹਨ।


**ਅੰਤਿਕਾ:**

ਸਚ ਬੋਲਨੇ ਕੀ ਖੂ ਨੇ
ਅਮਰ ਕਰ ਦੀਆ ਉਸੇ,
ਸੁਕਰਾਤ ਜਾਨਤਾ ਥਾ
ਪਿਆਲੇ ਮੇਂ ਜ਼ਹਿਰ ਥਾ।

*ਨੋਟ: ਕਵੀ ਦਾ ਨਾਂ ਨਹੀਂ ਪਤਾ। ਖੂ ਦਾ ਭਾਵ ਆਦਤ ਹੈ।*

# ਭਾਰਤ-ਇਸਰਾਈਲ ਸਬੰਧ ਅਤੇ ਮੋਦੀ ਦੇ ਵਿਦੇਸ਼ ਦੌਰੇ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਆਪਣੇ ਦੇਸ਼ ਦੇ ਇੱਕ ਸੌ ਤੀਹ ਕਰੋੜ ਲੋਕਾਂ ਦੇ ਪ੍ਰਤੀਨਿਧ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਹਫਤੇ ਇਸਰਾਈਲ ਗਏ ਸਨ। ਉਥੇ ਉਨ੍ਹਾਂ ਨੇ ਇਹ ਗੱਲ ਠੀਕ ਕਹੀ ਕਿ ਸੱਤਰ ਸਾਲ ਹੋ ਗਏ ਸਨ ਇਹ ਦੇਸ਼ ਬਣਿਆਂ ਨੂੰ ਤੇ ਅੱਜ ਤੱਕ ਭਾਰਤ ਦਾ ਕੋਈ ਪ੍ਰਧਾਨ ਮੰਤਰੀ ਇਥੇ ਨਹੀਂ ਆਇਆ, ਹੁਣ ਮੈਂ ਆਇਆ ਹਾਂ। ਇਹੋ ਜਿਹੀ ਬੇਲੋੜੀ ਤੁਲਨਾ ਦੀ ਉਨ੍ਹਾਂ ਨੂੰ ਖੇਚਲ ਨਹੀਂ ਸੀ ਕਰਨੀ ਚਾਹੀਦੀ ਕਿ ਜਿੱਥੇ ਭਾਰਤ ਦਾ ਕੋਈ ਪ੍ਰਧਾਨ ਮੰਤਰੀ ਨਹੀਂ ਗਿਆ, ਉਥੇ ਹੁਣ ਮੈਂ ਆਇਆ ਹਾਂ। ਮੋਦੀ ਜੀ ਦਾ ਰਿਕਾਰਡ ਇਤਿਹਾਸਕ ਤੁਲਨਾ ਦੇ ਪੱਧਰ ਦਾ ਹੈ। ਇਸਰਾਈਲ ਦੇ ਸੱਤਰ ਸਾਲਾਂ ਦੇ ਸਮੇਂ ਦੀ ਬਜਾਏ ਇਸ ਨਾਲੋਂ ਚਾਰ ਗੁਣਾਂ ਤੋਂ ਵੱਧ ਦੋ ਸੌ ਨੱਬੇ ਸਾਲ ਪੁਰਾਣੇ ਇੱਕ ਯਾਤਰੀ ਕਥਾਨਕ ਨਾਲ ਤੁਲਨਾ ਕਰ ਲੈਣੀ ਵੱਧ ਠੀਕ ਰਹੇਗੀ। ਉਦੋਂ ਜੋਨਾਥਨ ਸਵਿਫਟ ਨੇ 'ਗੁਲੀਵਰ ਦੀਆਂ ਯਾਤਰਾਵਾਂ' ਲਿਖੀਆਂ ਸਨ, ਜਿਨ੍ਹਾਂ ਦਾ ਨਾਇਕ ਹਰ ਵਾਰੀ ਇਹੋ ਜਿਹੇ ਦੇਸ਼ ਵਿਚ ਜਾਂਦਾ ਸੀ, ਜਿੱਥੇ ਕਦੇ ਕੋਈ ਨਹੀਂ ਸੀ ਗਿਆ। ਨਰਿੰਦਰ ਮੋਦੀ ਦੇ ਹਰ ਵਿਦੇਸ਼ ਦੌਰੇ ਦਾ ਪ੍ਰੋਗਰਾਮ ਵੀ ਇਸੇ ਤਰ੍ਹਾਂ ਬਣਾਇਆ ਜਾਂਦਾ ਹੈ ਕਿ ਉਥੇ ਜਾ ਕੇ 'ਮੈਂ ਪਹਿਲਾ' ਜਾਂ ਐਨੇ ਸਾਲਾਂ ਪਿੱਛੋਂ ਇਸ ਦੇਸ਼ ਵਿਚ ਆਉਣ ਵਾਲਾ 'ਮੈਂ ਪਹਿਲਾ' ਕਹਿਣ ਦਾ ਸਬੱਬ ਬਣ ਸਕੇ। ਕੈਨੇਡਾ ਦੇ ਦੌਰੇ ਵੇਲੇ ਜਦੋਂ ਉਨ੍ਹਾਂ ਨੇ ਏਦਾਂ ਦੀ ਗੱਲ ਕਹੀ ਤਾਂ ਉਥੋਂ ਦੇ ਅਖਬਾਰਾਂ ਨੇ ਅਗਲੇ ਦਿਨ ਇਹ ਵੇਰਵਾ ਵੀ ਨਾਲ ਹੀ ਛਾਪ ਦਿੱਤਾ ਸੀ ਕਿ ਚਾਰ ਸਾਲ ਪਹਿਲਾਂ ਭਾਰਤ ਤੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਆਇਆ ਸੀ। ਇਸ ਨਾਲ ਸਥਿਤੀ ਹਾਸੋਹੀਣੀ ਹੋ ਗਈ ਸੀ।

ਦੂਸਰੀ ਗੱਲ ਇਹ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਰ ਵਿਦੇਸ਼ੀ ਹਾਕਮ ਨਾਲ ਨਿਜੀ ਸਾਂਝ ਵਿਖਾਉਣ ਦੀ ਚੁਸਤ ਕੋਸ਼ਿਸ਼ ਕਰਨ ਲੱਗਦੇ ਹਨ। ਬਰਾਕ ਓਬਾਮਾ ਨਾਲ ਵੀ ਬੜੀ ਨਿਜੀ ਸਾਂਝ ਦੱਸੀ ਜਾਂਦੀ ਸੀ, ਪਰ ਜਦੋਂ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਿਲਣੋਂ ਪਹਿਲਾਂ ਹੀ ਮੋਦੀ ਨੂੰ ਆਪਣਾ ਬਹੁਤ ਵਧੀਆ ਦੋਸਤ ਕਹਿ ਦਿੱਤਾ ਤਾਂ ਉਸੇ ਦੇਸ਼ ਵਿਚ ਬੈਠੇ ਬਰਾਕ ਓਬਾਮਾ ਦਾ ਮੋਦੀ ਨੂੰ ਚੇਤਾ ਨਹੀਂ ਸੀ ਰਿਹਾ। ਦੇਸ਼ਾਂ ਦੇ ਮੁਖੀਆਂ ਦੀ ਦੋਸਤੀ ਲਈ ਇਹੋ ਜਿਹੇ ਨਿਜੀ ਰੰਗ ਕੋਈ ਅਰਥ ਨਹੀਂ ਰੱਖਦੇ, ਪਰ ਨਰਿੰਦਰ ਮੋਦੀ ਆਪਣੀ ਭਾਸ਼ਣ ਕਲਾ ਵਿਚ ਇਹ ਰੰਗ ਇਸ ਤਰ੍ਹਾਂ ਭਰਦੇ ਹਨ ਕਿ ਉਨ੍ਹਾਂ ਦੇ ਵਿਰੋਧੀ ਵੀ ਖੜ੍ਹੇ ਪੈਰ ਤਾੜੀਆਂ ਮਾਰ ਸਕਦੇ ਹਨ। ਕੂਟਨੀਤੀ ਵਿਚ ਇਹੋ ਜਿਹਾ ਰੰਗ ਹੰਢਣਸਾਰ ਨਹੀਂ ਹੁੰਦਾ, 'ਅੰਬ ਮੁੱਕ ਗਏ, ਯਾਰਾਨੇ ਟੁੱਟ ਗਏ' ਵਾਂਗ ਮਸਾਂ ਅਗਲੀ ਚੋਣ ਤੱਕ ਨਿਭਦਾ ਹੈ ਅਤੇ ਨਵੀਂ ਚੋਣ ਪਿੱਛੋਂ ਨਵੇਂ ਹਾਕਮਾਂ ਦੇ ਆਉਂਦੇ ਸਾਰ 'ਕੱਲ੍ਹ' ਦਾ ਕਿਸੇ ਨੂੰ ਚੇਤਾ ਨਹੀਂ ਆਉਣਾ ਹੁੰਦਾ।

ਦਿਲਚਸਪ ਗੱਲ ਇਹ ਹੈ ਕਿ ਇਸ ਵਾਰੀ ਜਦੋਂ ਮੋਦੀ ਸਾਹਿਬ ਇਸਰਾਈਲ ਗਏ ਤਾਂ ਬੈਂਜਾਮਿਨ ਨੇਤਾਨਯਾਹੂ ਨਾਲ ਦੋ ਗੱਲਾਂ ਦੀ 'ਵਿਸ਼ੇਸ਼ ਸਾਂਝ' ਦਾ ਜ਼ਿਕਰ ਕਰ ਕੇ ਤਾੜੀਆਂ ਗੂੰਜਣ ਲਾ ਦਿੱਤੀਆਂ। ਇੱਕ ਇਹ ਕਿ ਨੇਤਾਨਯਾਹੂ ਤੇ ਮੈਂ ਦੋਵੇਂ ਆਪੋ ਆਪਣੇ ਦੇਸ਼ ਨੂੰ ਆਜ਼ਾਦੀ ਮਿਲਣ ਪਿੱਛੋਂ ਜਨਮ ਲੈ ਕੇ ਦੇਸ਼ ਦੇ ਮੁਖੀ ਬਣੇ ਹਾਂ। ਦੂਸਰੀ 'ਕਮਾਲ' ਦੀ ਗੱਲ ਇਹ ਕਿ ਇੰਡੀਆ ਅਤੇ ਇਸਰਾਈਲ ਦੋਵੇਂ ਦੇਸ਼ਾਂ ਦਾ ਨਾਂ 'ਆਈ' ਨਾਲ ਸ਼ੁਰੂ ਕੀਤਾ ਜਾਂਦਾ ਹੈ। 'ਆਈ' ਵਾਲੇ ਹੋਰ ਕਿੰਨੇ ਦੇਸ਼ ਹਨ ਅਤੇ ਉਨ੍ਹਾਂ ਨਾਲ ਇਸਰਾਈਲ ਅਤੇ ਭਾਰਤ ਦੋਵਾਂ ਦੇ ਕਿੰਨੇ ਕੁ 'ਨਿੱਘੇ' ਸਬੰਧ ਹਨ, ਦੱਸਣ ਦੀ ਲੋੜ ਨਹੀਂ। ਆਪਣੇ ਦੇਸ਼ ਵਿਚ ਜਿਹੜੇ ਨਰਿੰਦਰ ਮੋਦੀ ਸਾਰੀ ਉਮਰ ਕਿਸੇ ਮਸਜਿਦ ਵੱਲ ਝਾਕੇ ਨਹੀਂ ਸਨ, ਪਿਛਲੇ ਸਾਲ ਜਦੋਂ ਉਹ ਆਬੂ ਧਾਬੀ ਗਏ ਤਾਂ ਉਥੇ ਸ਼ੇਖ ਜ਼ਾਇਦ ਗਰੈਂਡ ਮਸਜਿਦ ਵਿਚ ਵੀ ਇਸ ਲਈ ਪਹੁੰਚ ਗਏ ਕਿ ਉਥੋਂ ਦੇ ਰਾਜ ਕਰਤਿਆਂ ਨਾਲ ਨਿਜੀ ਪੱਧਰ ਦੀ ਨੇੜਤਾ ਦੀ ਝਲਕ ਪੇਸ਼ ਕਰਨੀ ਸੀ। ਉਸ ਮਸਜਿਦ ਵਿਚ ਕੁਝ ਸੈਲਫੀਆਂ ਖਿੱਚਵਾ ਕੇ ਜਿਹੜੀ ਝਲਕ ਉਥੇ ਵਿਖਾਈ ਸੀ, ਇਸਰਾਈਲ ਦੀ ਯਾਤਰਾ ਮਗਰੋਂ ਆਬੂ ਧਾਬੀ ਦੇ ਹਾਕਮਾਂ ਨੂੰ ਮੋਦੀ ਦੀਆਂ ਉਸ ਵੇਲੇ ਦੀਆਂ ਸੈਲਫੀਆਂ ਦਾ ਚੇਤਾ ਕਰਨਾ ਵੀ ਸ਼ਾਇਦ ਚੰਗਾ ਨਹੀਂ ਲੱਗਣਾ।



*ਇਸਰਾਈਲ ਦੌਰੇ ਮੌਕੇ ਨਰਿੰਦਰ ਮੋਦੀ ਇਸਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਾਨਯਾਹੂ ਨਾਲ*

ਇਹੋ ਜਿਹਾ ਤਜਰਬਾ ਨਰਿੰਦਰ ਮੋਦੀ ਦਾ ਪਹਿਲਾ ਨਹੀਂ ਕਿਹਾ ਜਾ ਸਕਦਾ। ਜਦੋਂ ਉਹ ਪ੍ਰਧਾਨ ਮੰਤਰੀ ਬਣੇ ਤਾਂ ਸਿਰਫ ਪੌਣੇ ਚਾਰ ਮਹੀਨੇ ਬਾਅਦ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਭਾਰਤ ਆਏ ਸਨ ਤੇ ਗੁਜਰਾਤ ਵਿਚ ਮੋਦੀ ਉਨ੍ਹਾਂ ਨਾਲ ਪੀਂਘ ਝੂਟਦੇ ਦਿਖਾਈ ਦਿੱਤੇ ਸਨ। ਕੁਝ ਦਿਨ ਬਾਅਦ ਮੋਦੀ ਜਾਪਾਨ ਗਏ ਤਾਂ ਉਥੇ ਬੁੱਧ ਦੀ ਵਿਚਾਰਧਾਰਾ ਦੀ ਚਰਚਾ ਛੇੜ ਕੇ ਕਹਿ ਦਿੱਤਾ ਕਿ ਜਿਹੜੇ ਦੇਸ਼ ਬੁੱਧ ਦੀ ਭਾਵਨਾ ਸਮਝਦੇ ਹਨ, ਉਹ ਜਾਪਾਨ ਵਾਂਗ ਸ਼ਾਂਤੀ ਦੀ ਗੱਲ ਕਰਦੇ ਹਨ ਤੇ ਜਿਹੜੇ ਬੁੱਧ ਨੂੰ ਨਹੀਂ ਮੰਨਦੇ, ਉਹ ਜਾਪਾਨ ਨੇੜੇ ਸਮੁੰਦਰੀ ਪਾਣੀ ਵਿਚ ਛੱਲਾਂ ਪੈਦਾ ਕਰਦੇ ਹਨ। ਇਹ ਮਗਰਲੀ ਗੱਲ ਉਨ੍ਹਾਂ ਨੇ ਉਸੇ ਚੀਨ ਨੂੰ ਚੋਭ ਲਾਉਣ ਲਈ ਆਖੀ ਸੀ, ਜਿਸ ਦੇ ਰਾਸ਼ਟਰਪਤੀ ਜਿਨਪਿੰਗ ਨੂੰ ਕੁਝ ਦਿਨ ਪਹਿਲਾਂ ਗੁਜਰਾਤ ਵਿਚ ਘੁਮਾਉਂਦੇ ਫਿਰਦੇ ਸਨ ਤੇ ਜਿਸ ਚੀਨ ਦਾ ਜਾਪਾਨ ਨਾਲ ਸਮੁੰਦਰੀ ਸਰਹੱਦਾਂ ਦਾ ਵਿਵਾਦ ਚੱਲ ਰਿਹਾ ਸੀ। ਜਾਪਾਨ ਨੂੰ ਨਾਲ ਲੈਣ ਦੇ ਚੱਕਰ ਵਿਚ ਮੋਦੀ ਨੇ ਚੀਨ ਨੂੰ ਉਦੋਂ ਬੇਲੋੜੀ ਚੋਭ ਲਾ ਦਿੱਤੀ ਸੀ।

ਹੁਣ ਨਰਿੰਦਰ ਮੋਦੀ ਜਦੋਂ ਇਸਰਾਈਲ ਗਏ ਤਾਂ ਸਬੰਧਾਂ ਦਾ ਮੋੜਾ ਨਵਾਂ ਨਹੀਂ ਪਿਆ। ਇਸ ਦਾ ਇਤਿਹਾਸ ਵੀ ਇਸਰਾਈਲ ਦੇ ਬਣਨ ਤੋਂ ਸ਼ੁਰੂ ਹੁੰਦਾ ਹੈ। ਜਦੋਂ ਇਹ ਨਵਾਂ ਦੇਸ਼ ਬਣਿਆ ਤਾਂ ਸੰਸਾਰ ਪ੍ਰਸਿੱਧ ਸਾਇੰਟਿਸਟ ਅਲਬਰਟ ਆਈਨਸਟਾਈਨ ਨੇ ਆਪਣੇ ਨਾਲ ਨਿਜੀ ਨੇੜ ਵਾਲੇ ਭਾਰਤੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਇਸ ਦੇਸ਼ ਦਾ ਸਾਥ ਦੇਣ ਵਾਸਤੇ ਮਨਾਉਣ ਦਾ ਯਤਨ ਕੀਤਾ ਸੀ। ਨਹਿਰੂ ਨੇ ਇੱਕ ਮਹੀਨਾ ਸੋਚਣ ਪਿੱਛੋਂ ਜਵਾਬ ਦਿੱਤਾ ਸੀ ਕਿ ਯਹੂਦੀ ਲੋਕਾਂ ਉਤੇ ਬਹੁਤ ਜ਼ੁਲਮ ਹੋਏ ਹਨ ਅਤੇ ਉਨ੍ਹਾਂ ਨਾਲ ਉਸ ਦੀ ਹਮਦਰਦੀ ਹੈ, ਪਰ ਜਿਹੜੇ ਥਾਂ ਇਨ੍ਹਾਂ ਪੀੜਤ ਲੋਕਾਂ ਦਾ ਦੇਸ਼ ਬਣਾਇਆ ਗਿਆ ਹੈ, ਉਥੋਂ ਪੁੱਟੇ ਗਏ ਲੋਕਾਂ ਦੀ ਹਾਲਤ ਵੀ ਅੱਖੋਂ ਪਰੋਖੇ ਕਰਨ ਦੀ ਗੁੰਜਾਇਸ਼ ਨਹੀਂ। ਫਿਰ ਵੀ ਦੋ ਸਾਲਾਂ ਪਿੱਛੋਂ ਭਾਰਤ ਨੇ ਇਸਰਾਈਲ ਨੂੰ ਦੇਸ਼ ਵਜੋਂ ਮਾਨਤਾ ਦੇ ਦਿੱਤੀ ਸੀ। ਬਾਅਦ ਵਿਚ ਭਾਰਤ ਤੇ ਇਸਰਾਈਲ ਦਾ ਏਨਾ ਫਾਸਲਾ ਸੰਤਾਲੀ ਸਾਲ ਕਾਇਮ ਰਿਹਾ ਸੀ। ਮੋੜਾ ਇਸ ਨੀਤੀ ਵਿਚ ਉਸ ਵੇਲੇ ਪਿਆ ਸੀ, ਜਦੋਂ ਮੋਦੀ ਸਾਹਿਬ ਦੀ ਪਾਰਟੀ ਦੇ ਪਹਿਲੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਹੱਥ ਭਾਰਤ ਦੀ ਕਮਾਨ ਆਈ ਤੇ ਉਹ ਆਪਣੀ ਅੱਧੀ ਸਦੀ ਪੁਰਾਣੀ ਸੋਚ ਉਤੇ ਅਮਲ ਕਰਨ ਲਈ ਅੱਗੇ ਵਧੇ ਸਨ।

ਬਹੁਤੇ ਲੋਕਾਂ ਨੂੰ ਇਹ ਗੱਲ ਹੈਰਾਨੀ ਵਾਲੀ ਲੱਗੇਗੀ ਕਿ ਇਸਰਾਈਲ ਜਦੋਂ ਬਣਿਆ ਸੀ ਤਾਂ ਭਾਜਪਾ ਬਣਨ ਤੋਂ ਪਹਿਲਾਂ ਦੇ ਇਸ ਦੇ ਸਿਆਸੀ ਦਲ 'ਜਨ ਸੰਘ' ਅਤੇ ਉਸ ਤੋਂ ਪਹਿਲਾਂ ਇਸੇ ਵਿਚਾਰਧਾਰਾ ਦੀ ਪ੍ਰਤੀਕ ਹਿੰਦੂ ਮਹਾਂਸਭਾ ਨੇ ਉਦੋਂ ਹੀ ਇਸਰਾਈਲ ਦੀ ਕਾਇਮੀ ਦਾ ਸਵਾਗਤ ਕਰ ਦਿੱਤਾ ਸੀ। ਇਹ ਗੱਲ ਵੀ ਹੈਰਾਨ ਕਰਨ ਵਾਲੀ ਲੱਗੇਗੀ ਕਿ ਅਕਾਲੀ ਦਲ ਦੇ ਕੁਝ ਆਗੂਆਂ ਨੇ ਵੀ ਉਦੋਂ ਇਸਰਾਈਲ ਦੇ ਬਣਨ ਦਾ ਸਵਾਗਤ ਕੀਤਾ ਸੀ। ਸਵਾਗਤ ਦੋਵਾਂ ਧਿਰਾਂ ਨੇ ਕੀਤਾ, ਪਰ ਸੋਚਣੀ ਹਿੰਦੂ ਮਹਾਂਸਭਾ ਤੇ ਅਕਾਲੀ ਆਗੂਆਂ ਦੀ ਆਪਸ ਵਿਚ ਟਕਰਾਵੀਂ ਸੀ। ਹਿੰਦੂ ਮਹਾਂਸਭਾ ਸਮਝਦੀ ਸੀ ਕਿ ਇਸਲਾਮੀ ਦੇਸ਼ਾਂ ਮੂਹਰੇ ਸਪੀਡ ਬਰੇਕਰ ਲਈ ਇਸਰਾਈਲ ਦਾ ਬਣਨਾ ਸ਼ੁਭ ਸ਼ਗਨ ਹੈ। ਅਕਾਲੀ ਆਗੂ ਉਸ ਦੌਰ ਵਿਚ ਪੰਜਾਬੀ ਸੂਬੇ ਦੇ ਨਾਂ ਹੇਠ ਸਿਰਫ ਸਿੱਖ ਸੂਬਾ ਮੰਗਦੇ ਸਨ। ਪੰਜਾਬੀ ਬੋਲੀ ਦਾ ਸੂਬਾ ਮੰਗਣ ਵਾਲੀ ਸੁਰ ਬਾਰਾਂ ਸਾਲ ਪਿੱਛੋਂ ਸੰਤ ਫਤਿਹ ਸਿੰਘ ਵੇਲੇ ਸ਼ੁਰੂ ਹੋਈ ਸੀ। ਪਹਿਲਾਂ ਅਕਾਲੀਆਂ ਦੀ ਸੋਚ ਦਾ ਇੱਕ ਸਿਰਾ ਇਸ ਗੱਲ ਉਤੇ ਜ਼ੋਰ ਦਿੰਦਾ ਸੀ ਕਿ ਜਿਵੇਂ ਯਹੂਦੀ ਧਰਮ ਦੇ ਨਾਂ ਉਤੇ ਇਸਰਾਈਲ ਬਣਿਆ ਹੈ, ਸਮਾਂ ਪਾ ਕੇ ਸਿੱਖਾਂ ਦਾ ਇਹੋ ਜਿਹਾ ਵੱਖਰਾ ਦੇਸ਼ ਬਣਾਉਣ ਦੀ ਗੁੰਜਾਇਸ਼ ਰੱਦ ਨਹੀਂ ਕਰਨੀ ਚਾਹੀਦੀ। ਅਕਾਲੀ ਦਲ ਵਿਚ ਇਹ ਸੋਚ ਵਕਤੀ ਬਣ ਕੇ ਰਹਿ ਗਈ ਤੇ ਫਿਰ ਇਸ ਦਾ ਕਦੀ ਜ਼ਿਕਰ ਤੱਕ ਨਹੀਂ ਹੋਇਆ, ਪਰ ਇਸ ਤੋਂ ਉਲਟ ਹਿੰਦੂਤਵ ਦੀ ਸੋਚਣੀ ਨਾਲ ਜੁੜੀਆਂ ਰਾਜਸੀ ਧਿਰਾਂ ਇਸਰਾਈਲ ਨਾਲ ਸਬੰਧ ਜੋੜਨ ਲਈ ਸਦਾ ਤਾਂਘਦੀਆਂ ਰਹੀਆਂ ਸਨ।

ਭਾਰਤ-ਇਸਰਾਈਲ ਸਬੰਧਾਂ ਵਿਚ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਆਏ ਮੋੜੇ ਦੇ ਅਸਰ ਹੇਠ ਉਦੋਂ ਦੇ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਇਸਰਾਈਲ ਦਾ ਦੌਰਾ ਕੀਤਾ ਅਤੇ ਉਹ ਵੀ ਭਾਰਤ ਤੋਂ ਉਸ ਦੇਸ਼ ਵਿਚ ਜਾਣ ਵਾਲੇ ਭਾਰਤ ਦੇ 'ਪਹਿਲੇ ਮੰਤਰੀ' ਹੋਣ ਦਾ ਮਾਣ ਕਰਦੇ ਸਨ। ਫਿਰ ਤਿੰਨ ਸਾਲ ਹੋਰ ਲੰਘਣ ਮਗਰੋਂ ਵਾਜਪਾਈ ਸਰਕਾਰ ਦੇ ਹੁੰਦਿਆਂ ਹੀ ਜਦੋਂ ਏਰੀਅਲ ਸ਼ੇਰੋਨ ਭਾਰਤ ਦੌਰੇ ਲਈ ਆਇਆ ਤਾਂ ਉਸ ਨੂੰ 'ਇਸਰਾਈਲ ਤੋਂ ਆਇਆ ਪਹਿਲਾ ਪ੍ਰਧਾਨ ਮੰਤਰੀ' ਕਹਿ ਕੇ ਵਡਿਆਇਆ ਗਿਆ ਸੀ। ਵਿਚ-ਵਿਚਾਲੇ ਮੰਤਰੀਆਂ ਦੇ ਦੌਰੇ ਹੋ ਜਾਂਦੇ ਰਹੇ, ਪਰ ਉਸ ਦੇਸ਼ ਵਿਚ ਭਾਰਤ ਦਾ ਕੋਈ ਰਾਸ਼ਟਰਪਤੀ ਪਹਿਲੀ ਵਾਰ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣ ਜਾਣ ਦੇ ਇੱਕ ਸਾਲ ਪਿੱਛੋਂ ਗਿਆ ਸੀ ਤੇ ਉਹ ਪ੍ਰਣਬ ਮੁਖਰਜੀ ਸੀ, ਜਿਹੜਾ ਸਿੱਧਾ ਓਧਰ ਜਾਣ ਦੀ ਥਾਂ ਪਹਿਲਾਂ ਫਲਸਤੀਨ ਵਿਚ ਬਰੇਕਾਂ ਲਾ ਕੇ ਪਹੁੰਚਿਆ ਸੀ। ਉਸ ਪਿੱਛੋਂ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੀ ਇਸਰਾਈਲ ਗਈ ਤਾਂ ਫਲਸਤੀਨ ਵਿਚੋਂ ਹੋ ਕੇ ਪਹੁੰਚੀ ਸੀ। ਹੁਣ ਨਰਿੰਦਰ ਮੋਦੀ ਸਿੱਧੇ ਇਸਰਾਈਲ ਗਏ ਤਾਂ ਇਸ ਪੱਖੋਂ ਵੀ ਉਹ 'ਪਹਿਲੇ' ਹਨ ਕਿ ਉਹ ਆਪਣੇ ਦੇਸ਼ ਤੋਂ ਸਿੱਧੇ ਹੀ ਇਸਰਾਈਲ ਤੱਕ ਦਾ ਸਫਰ ਕਰ ਕੇ ਪਹੁੰਚ ਗਏ ਹਨ।

ਪ੍ਰਧਾਨ ਮੰਤਰੀ ਮੋਦੀ ਦੇ ਇਸ ਦੌਰੇ ਨਾਲ ਦੋਵਾਂ ਦੇਸ਼ਾਂ ਦੇ ਸਬੰਧ ਸੁਧਰੇ ਹਨ, ਇਹ ਗੱਲ ਮਾੜੀ ਨਹੀਂ ਕਹੀ ਜਾ ਸਕਦੀ ਤੇ ਅੱਖੋਂ ਪਰੋਖੇ ਕਰਨ ਵਾਲੀ ਵੀ ਨਹੀਂ। ਸਮਝੌਤੇ ਵੀ ਹੋਏ ਹਨ, ਜਿਹੜੇ ਦੋਵਾਂ ਵਾਸਤੇ ਲਾਹੇਵੰਦ ਹੋ ਸਕਦੇ ਹਨ ਅਤੇ ਹੋਣਗੇ ਵੀ। ਇਸ ਪੱਖੋਂ ਪ੍ਰਧਾਨ ਮੰਤਰੀ ਦੇ ਦੌਰੇ ਦਾ ਕੋਈ ਵਿਰੋਧ ਕਰੇ ਵੀ ਤਾਂ ਇਸ ਵਿਰੋਧ ਨੂੰ ਠੀਕ ਨਹੀਂ ਮੰਨਿਆ ਜਾਣਾ। ਬਹੁਤ ਕੁੜਿਤਣ ਦੇ ਦੌਰ ਵਿਚ ਵੀ ਪਾਕਿਸਤਾਨ ਜਾਂ ਚੀਨ ਨਾਲ ਜਦੋਂ ਕਿਸੇ ਤਰ੍ਹਾਂ ਦਾ ਸਮਝੌਤਾ ਹੋ ਜਾਂਦਾ ਹੈ ਤਾਂ ਸਵਾਗਤ ਉਸ ਦਾ ਵੀ ਕੀਤਾ ਜਾਂਦਾ ਹੈ। ਇਸਰਾਈਲ ਨਾਲ ਹੋਏ ਸਮਝੌਤੇ ਵੀ ਇਸ ਪੱਖੋਂ ਵਿਰੋਧ ਦਾ ਮੁੱਦਾ ਨਹੀਂ ਬਣਨਗੇ। ਫਿਰ ਵੀ ਇਸ ਦੌਰੇ ਬਾਰੇ ਕਿੰਤੂ ਉਠਣ ਵਾਲੀ ਗੁੰਜਾਇਸ਼ ਹੈ ਤਾਂ ਇਸ ਦਾ ਕਾਰਨ ਇਹ ਹੈ ਕਿ ਭਾਰਤ ਆਪਣੀ ਗੁੱਟ ਨਿਰਪੱਖ ਲਹਿਰ ਵੇਲੇ ਦੀ ਪੁਰਾਣੀ ਪਹੁੰਚ ਛੱਡ ਕੇ ਇੱਕ ਏਦਾਂ ਦੀ ਲੀਹੇ ਪੈਂਦਾ ਦਿਖਾਈ ਦਿੰਦਾ ਹੈ, ਜਿਹੜੀ ਭਵਿੱਖ ਦੀਆਂ ਪੀੜ੍ਹੀਆਂ ਦੇ ਭਾਰਤ ਲਈ ਸੁਖਾਵੀਂ ਰਹਿਣ ਦੀ ਆਸ ਨਹੀਂ।

ਭਾਰਤ ਨੂੰ ਦਹਿਸ਼ਤਗਰਦੀ ਦੀ ਸਮੱਸਿਆ ਦਾ ਬੜੇ ਚਿਰਾਂ ਤੋਂ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਜਦੋਂ ਦਾ ਇਹ ਇਸ ਔਝੜ ਵਿਚ ਫਸਿਆ ਹੈ, ਸੰਸਾਰ ਦੀਆਂ ਪ੍ਰਮੁੱਖ ਤਾਕਤਾਂ ਨੇ ਇਸ ਦੀ ਕਦੇ ਯੋਗ ਮਦਦ ਨਹੀਂ ਕੀਤੀ। ਹੁਣ ਜਦੋਂ ਕਈ ਹੋਰ ਦੇਸ਼ਾਂ ਵਿਚ ਉਹੋ ਕੁਝ ਹੋਣ ਲੱਗ ਪਿਆ ਹੈ, ਜਿਹੜਾ ਭਾਰਤ ਵਿਚ ਪਿਛਲੇ ਚਾਲੀ ਸਾਲਾਂ ਤੋਂ ਹੁੰਦਾ ਪਿਆ ਸੀ ਤਾਂ ਉਹੀ ਤਾਕਤਾਂ ਦਹਿਸ਼ਤਗਰਦੀ ਦੇ ਵਿਰੋਧ ਵਿਚ ਭਾਰਤ ਦੇ ਪੱਖ ਦੀ ਹਮਾਇਤ ਕਰਨ ਦੇ ਬਹਾਨੇ ਭਾਰਤ ਨੂੰ ਇਸ ਲੜਾਈ ਦਾ ਆਗੂ ਬਣਾ ਕੇ ਇਸ ਲਈ ਪੇਸ਼ ਕਰ ਰਹੀਆਂ ਕਿ ਸਿੱਧੇ ਸਿੰਗ ਫਸਾਉਣ ਨੂੰ ਮੋਹਰਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਇਹ ਮਾਣ ਹੈ ਕਿ ਪਹਿਲੀ ਸੰਸਾਰ ਜੰਗ ਵਿਚ ਭਾਰਤੀ ਫੌਜੀਆਂ ਨੇ ਇਸਰਾਈਲ ਦਾ ਹਾਈਫਾ ਸ਼ਹਿਰ ਛੁਡਾਉਣ ਲਈ ਜਾਨਾਂ ਵਾਰੀਆਂ ਸਨ ਤਾਂ ਉਹ ਇਤਿਹਾਸ ਦੇ ਇੱਕ ਕਾਂਡ ਦੀ ਚਰਚਾ ਹੈ, ਪਰ ਇਹੋ ਜਿਹਾ ਕੋਈ ਨਵਾਂ ਕਾਂਡ ਲਿਖਣ ਲਈ ਫਿਰ ਸੰਸਾਰ ਦੀਆਂ ਤਾਕਤਾਂ ਭਾਰਤ ਨੂੰ ਮੋਹਰਾ ਬਣਾਉਣਾ ਚਾਹੁਣ ਤਾਂ ਭਾਰਤ ਨੂੰ ਇਸ ਤੋਂ ਚੌਕਸ ਰਹਿਣ ਦੀ ਲੋੜ ਹੈ। ਭਾਰਤੀ ਲੋਕ ਆਪਣੇ ਦੇਸ਼ ਲਈ ਹਰ ਮੌਕੇ ਹਰ ਕੁਰਬਾਨੀ ਦੇਣ ਲਈ ਤਿਆਰ ਹਨ, ਪਰ 'ਤਬੇਲੇ ਦੀ ਬਲਾਅ ਵਛੇਰੇ ਦੇ ਗਲ' ਪੈਣ ਦੀ ਕਹਾਣੀ ਨਹੀਂ ਦੁਹਰਾਉਣੀ ਚਾਹੀਦੀ। ਨੀਤੀ ਪੰਡਿਤ ਨਹਿਰੂ ਵਾਲੀ ਠੀਕ ਸੀ ਕਿ ਇਸਰਾਈਲ ਨਾਲ ਸਬੰਧ ਰੱਖਦਿਆਂ ਇਹ ਨਾ ਭੁਲਾਇਆ ਜਾਵੇ ਕਿ ਜ਼ੁਲਮ ਦੇ ਸਤਾਏ ਇਨ੍ਹਾਂ ਲੋਕਾਂ ਲਈ ਨਵਾਂ ਦੇਸ਼ ਇਸਰਾਈਲ ਬਣਾਉਣ ਵੇਲੇ ਉਥੋਂ ਕੁਝ ਹੋਰ ਲੋਕਾਂ ਦਾ ਉਜਾੜਾ ਵੀ ਹੋਇਆ ਸੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਫਰਿਜ਼ਨੋ ਏਰੀਏ ਦੇ ਸਿੱਖਾਂ ਦੀ ਅਮਰੀਕੀ ਮੁੱਖ ਧਾਰਾ ਦੇ ਸਮਾਗਮਾਂ 'ਚ ਸ਼ਮੂਲੀਅਤ

**ਫਰਿਜ਼ਨੋ:** ਪਿਛਲੇ ਸਮੇਂ ਦੌਰਾਨ ਫਰਿਜ਼ਨੋ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਚਾਰ-ਪੰਜ ਸਿੱਖ ਬਜ਼ੁਰਗਾਂ ਨੂੰ ਨਸਲੀ ਨਫਰਤ ਦਾ ਸ਼ਿਕਾਰ ਬਣਾਇਆ ਗਿਆ ਸੀ, ਇਨ੍ਹਾਂ ਘਟਨਾਵਾਂ ਪਿਛੋਂ ਸਿੱਖ ਪਛਾਣ ਨੂੰ ਪੱਕਿਆਂ ਕਰਨ ਦੇ ਮਨੋਰਥ ਨਾਲ ਸਥਾਨਕ ਸਿੱਖ ਸੰਸਥਾਵਾਂ ਵੱਲੋਂ ਕਈ ਪ੍ਰੋਗਰਾਮ ਉਲੀਕੇ ਗਏ ਸਨ ਤਾਂ ਜੋ ਹੋਰ ਮੂਲ ਦੇ ਲੋਕਾਂ ਨੂੰ ਪੰਜਾਬੀ ਪਹਿਰਾਵੇ, ਦਸਤਾਰ ਅਤੇ ਸਿੱਖੀ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਇਆ ਜਾ ਸਕੇ।

ਇਸੇ ਸੰਦਰਭ ਵਿਚ ਸਿੱਖ ਕੈਂਪੇਨ ਨਾਮ ਹੇਠ ਫਰਿਜ਼ਨੋ ਏਰੀਏ ਦੇ ਲੋਕਲ ਇੰਗਲਿਸ਼ ਚੈਨਲਾਂ 'ਤੇ 'ਵੂਈ ਆਰ ਸਿੱਖਸ' ਦੇ ਬੈਨਰ ਹੇਠ ਸਿੱਖ ਪਛਾਣ ਲਈ ਐਡ ਸ਼ੁਰੂ ਕੀਤੀ ਗਈ ਸੀ ਜਿਸ ਨੂੰ ਭਰਵਾਂ ਹੁੰਗਾਰਾ ਮਿਲਣ ਮਗਰੋਂ ਸਿੱਖ ਸੰਸਥਾਵਾਂ ਨੇ ਇਸ ਸਾਲ ਅਮਰੀਕੀ ਆਜ਼ਾਦੀ ਦੇ ਦਿਨ, 4 ਜੁਲਾਈ ਦੇ ਸਮਾਗਮਾਂ ਵਿਚ ਹਿੱਸਾ ਲੈਣ ਦਾ ਫੈਸਲਾ ਲਿਆ। ਪਹਿਲੀ ਵਾਰ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਲੋਕ ਪੰਜਾਬੀ ਸੂਟ ਪਹਿਨ ਕੇ ਅਤੇ ਦਸਤਾਰਾਂ ਸਜਾ ਕੇ ਇਥੇ ਚੱਕਚਾਂਸੀ ਪਾਰਕ ਵਿਚ ਨੈਸ਼ਨਲ ਗੇਮ ਬੇਸਬਾਲ ਵੇਖਣ ਲਈ ਹੁਮ ਹੁਮਾ ਕੇ ਪਹੁੰਚੇ। ਪੂਰਾ ਗਰਿਜ਼ਲੀ ਸਟੇਡੀਅਮ ਖਾਲਸਾਈ ਰੰਗ ਵਿਚ ਰੰਗਿਆ ਪ੍ਰਤੀਤ ਹੋ ਰਿਹਾ ਸੀ।

ਬੇਸਬਾਲ ਗੇਮ ਸ਼ੁਰੂ ਹੋਣ ਤੋਂ ਪਹਿਲਾਂ ਤਕਰੀਬਨ ਪੰਜਾਹ ਸਿੱਖਾਂ ਨੇ ਫਲੈਗ ਮਾਰਚ ਰਸਮ ਵਿਚ ਹਿੱਸਾ ਲਿਆ। ਇਸ ਮੌਕੇ ਗੱਲਬਾਤ ਕਰਦਿਆਂ ਕਰਮਨ ਸਿਟੀ ਦੇ ਸਾਬਕਾ ਕੌਂਸਲਰ ਬਿੱਲ ਨਿੱਝਰ ਨੇ ਕਿਹਾ ਕਿ ਉਨ੍ਹਾਂ ਪੀ.ਸੀ.ਏ. ਅਤੇ ਹੋਰ ਸਿੱਖ ਸੰਸਥਾਵਾਂ ਨਾਲ ਰਲ ਕੇ ਗਰਿਜ਼ਲੀ ਬੇਸਬਾਲ ਦੀਆਂ ਤਿੰਨ ਸੌ ਦੇ ਕਰੀਬ ਟਿਕਟਾਂ ਖਰੀਦ ਲਈਆਂ ਸਨ ਤੇ ਮੁਫਤ ਵਿਚ ਸਿੱਖ ਭਾਈਚਾਰੇ ਨੂੰ ਇਸ ਗੇਮ ਦਾ ਨਜ਼ਾਰਾ ਵੇਖਣ ਲਈ ਸੱਦਾ ਦਿੱਤਾ ਗਿਆ ਸੀ। ਫਰਿਜ਼ਨੋ ਏਰੀਏ ਦੀ ਸਿੱਖਾਂ ਨੇ ਵੱਡੀ ਗਿਣਤੀ ਵਿਚ ਪਹੁੰਚ ਕੇ ਸਾਡਾ ਮਾਣ ਰੱਖਿਆ। ਇਸ ਮੌਕੇ ਬਹੁਤ ਸਾਰੇ ਗੋਰੇ ਲੋਕ ਸਿੱਖਾਂ ਦਾ ਸਵਾਗਤ ਕਰਦੇ ਵੇਖੇ ਗਏ।

ਇਸ ਸ਼ਾਮ ਆਤਿਸ਼ਬਾਜ਼ੀ (ਫਾਇਰ ਵਕਰਸ) ਵੇਖਣਯੋਗ ਸੀ। ਪੀ.ਸੀ.ਏ. ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਜਿਸ ਮਕਸਦ ਲਈ ਅਸੀਂ ਉਪਰਾਲਾ ਅਰੰਭਿਆ ਸੀ, ਉਹ ਕਾਮਯਾਬ ਰਿਹਾ। ਸਹਿਯੋਗ ਲਈ ਉਨ੍ਹਾਂ ਭਾਈਚਾਰੇ ਦਾ ਧੰਨਵਾਦ ਕੀਤਾ।

ਇਸੇ ਤਰ੍ਹਾਂ 4 ਜੁਲਾਈ ਨੂੰ ਮੁੱਖ ਰੱਖ ਕੇ ਵਾਇਸੇਲੀਆ ਸ਼ਹਿਰ ਦਾ ਫਾਇਰ ਵਰਕਸ ਵੀ ਸਿੱਖ ਭਾਈਚਾਰੇ ਵੱਲੋਂ ਸਪਾਂਸਰ ਕੀਤਾ ਗਿਆ ਸੀ। ਪੰਜ ਜੁਲਾਈ ਨੂੰ ਸੈਲਮਾ ਸਿਟੀ ਦੇ ਸਹਿਯੋਗ ਨਾਲ ਸਥਾਨਕ ਪਾਰਕ ਵਿਚ ਸਿੱਖ ਸੰਗਤ ਵੱਲੋਂ ਸਭ ਜਾਤਾਂ-ਧਰਮਾਂ ਲਈ ਸਾਂਝਾ ਲੰਗਰ ਲਾਇਆ ਗਿਆ। ਇਸ ਮੌਕੇ ਅਮਰੀਕਨ, ਇੰਡੀਅਨ ਤੇ ਮੈਕਸੀਕਨ ਫੂਡ ਮੁਫਤ ਵਰਤਾਇਆ ਗਿਆ ਤੇ ਸਿੱਖ ਲਿਟਰੇਚਰ ਵੀ ਵੰਡਿਆ ਗਿਆ। ਸਿੱਖ ਪਛਾਣ ਨੂੰ ਮੁੱਖ ਰੱਖ ਕੇ ਲੋਕ ਦਸਤਾਰਾਂ ਅਤੇ ਦੁਪੱਟੇ ਸਜਾ ਕੇ ਪਹੁੰਚੇ ਹੋਏ ਸਨ।

ਪ੍ਰਬੰਧਕਾਂ-ਜਸਵੰਤ ਸਿੰਘ ਬੱਲ, ਬੇਅੰਤ ਸੰਧੂ (ਹੈਨਫਰਡ), ਨਿੱਕ ਸਹੋਤਾ (ਸੈਲਮਾ), ਸਮਰਵੀਰ ਸਿੰਘ ਵਿਰਕ, ਪ੍ਰਮੋਧ ਲੋਈ, ਸੁਖਬੀਰ ਸਿੰਘ ਭੰਡਾਲ, ਡਾ. ਸ਼ਰਨਜੀਤ ਸਿੰਘ ਪੁਰੇਵਾਲ ਅਤੇ ਅੰਮ੍ਰਿਤਪਾਲ ਸਿੰਘ ਔਲਖ (ਵਾਇਸੇਲੀਆ) ਨੇ ਇਕ ਬਿਆਨ ਵਿਚ ਕਿਹਾ ਕਿ ਸਿੱਖ ਪਛਾਣ ਨੂੰ ਮੁੱਖ ਰੱਖ ਕੇ ਉਲੀਕੇ ਇਹ ਪ੍ਰੋਗਰਾਮ ਬੇਹੱਦ ਸਫਲ ਰਹੇ ਅਤੇ ਸਿੱਖ ਭਾਈਚਾਰਾ ਇਸ ਸ਼ੁਭ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਧਾਈ ਦਾ ਪਾਤਰ ਹੈ।



























ਤਸਵੀਰਾਂ: ਨੀਟਾ ਮਾਛੀਕੇ

Sponsored Page

# ਸਿਆਟਲ ਵਿਚ ਦੋ ਰੋਜ਼ਾ ਕੌਮਾਂਤਰੀ ਸਿੱਖ ਚੇਤਨਾ ਕਾਨਫਰੰਸ 15 ਤੋਂ

## ਦੇਸ਼-ਵਿਦੇਸ਼ ਤੋਂ ਵਿਦਵਾਨ ਲੈਣਗੇ ਹਿੱਸਾ

**ਸਿਆਟਲ (ਬਿਊਰੋ):** ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੈਸੀਆਂ ਸਿੱਖ ਪੰਥ ਦੀਆਂ ਕੇਂਦਰੀ ਸੰਸਥਾਵਾਂ ਬੇਸ਼ੱਕ ਬਾਦਲ ਪਰਿਵਾਰ ਅਤੇ ਕੁਝ ਸੰਪਰਦਾਈ ਡੇਰੇਦਾਰਾਂ ਦੇ ਸਿਆਸੀ ਮੰਤਵਾਂ ਵਾਲੇ ਗਠਜੋੜ ਦੀ ਜਕੜ 'ਚ ਹੋਣ ਕਰ ਕੇ ਸਿੱਖ ਸਿਧਾਂਤ ਤੇ ਸਿੱਖ ਪਛਾਣ ਦੀ ਵਿਲੱਖਣਤਾ 'ਤੇ ਪਹਿਰਾ ਦੇਣ ਦੀ ਥਾਂ ਇਨ੍ਹਾਂ ਨੂੰ ਗੰਧਲਾ ਕਰਨ ਦੇ ਰਾਹ ਪਈਆਂ ਹੋਈਆਂ ਹਨ, ਪਰ ਪਰਵਾਸੀ ਸਿੱਖਾਂ ਵਿਚ ਉਕਤ ਅਧੋਗਤੀ ਖਿਲਾਫ ਜਾਗਰੂਕਤਾ ਅਤੇ ਧਰਮ ਪ੍ਰਤੀ ਚੇਤਨਾ ਦਾ ਜੋਸ਼ ਠਾਠਾਂ ਮਾਰਦਾ ਦਿਖਾਈ ਦਿੰਦਾ ਹੈ। ਸਿਆਸੀ ਗਿਣਤੀਆਂ-ਮਿਣਤੀਆਂ ਦੀ ਲੋੜ ਮੁਤਾਬਕ ਜਦੋਂ ਤੋਂ ਬਾਦਲ ਪਰਿਵਾਰ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਦਾ ਖਾਤਮਾ ਕਰਵਾਇਆ ਗਿਆ ਹੈ, ਉਦੋਂ ਤੋਂ ਹੀ ਪਰਵਾਸੀ ਸਿੱਖ ਜਥੇਬੰਦੀਆਂ ਰੋਹ ਭਰਪੂਰ ਚਿੰਤਾ ਕਾਰਨ ਕੌਮੀ ਚੇਤਨਾ ਲਈ ਸਰਗਰਮੀਆਂ ਵਧਾ ਰਹੀਆਂ ਹਨ।

ਇਸੇ ਭਾਵਨਾ ਤਹਿਤ ਹੁਣ ਸਿਆਟਲ ਦੇ ਕੈਂਟ ਇਲਾਕੇ ਵਿਚ ਦੋ ਰੋਜ਼ਾ ਕੌਮਾਂਤਰੀ ਸਿੱਖ ਚੇਤਨਾ ਕਾਨਫਰੰਸ 15 ਅਤੇ 16 ਜੁਲਾਈ (ਸ਼ਨਿਚਰ ਤੇ ਐਤਵਾਰ) ਨੂੰ ਕਰਵਾਈ ਜਾ ਰਹੀ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ, ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦੀ ਰਖਵਾਲੀ, ਤੱਤ-ਗੁਰਮਤਿ ਪ੍ਰਚਾਰ-ਪ੍ਰਸਾਰ ਨੂੰ ਡੇਰਾਵਾਦ ਦੀਆਂ ਚੁਣੌਤੀਆਂ, ਪੰਥ ਦੀਆਂ ਕੇਂਦਰੀ ਸੰਸਥਾਵਾਂ-ਜਥੇਬੰਦੀਆਂ ਨੂੰ ਸਿਆਸੀ ਗੁਲਾਮੀ ਤੋਂ ਮੁਕਤ ਕਰਾਉਣ, ਮੂਲ ਨਾਨਕਸ਼ਾਹੀ ਕੈਲੰਡਰ ਦੀ ਬਹਾਲੀ ਅਤੇ ਪਰਵਾਸੀ ਸਿੱਖਾਂ ਦੇ ਕੁਝ ਸਥਾਨਕ ਧਾਰਮਿਕ-ਸਮਾਜਿਕ ਮਸਲਿਆਂ ਬਾਬਤ ਵਿਚਾਰ ਗੋਸ਼ਟੀਆਂ ਹੋਣਗੀਆਂ।

ਗੁਰਦੁਆਰਾ ਸੱਚਾ ਮਾਰਗ ਦੀ ਪ੍ਰਬੰਧਕ ਕਮੇਟੀ ਅਤੇ ਯੂਨਾਈਟਿਡ ਸਿੱਖ ਨੇਸ਼ਨ ਦੇ ਸੇਵਾਦਾਰਾਂ ਨੇ ਦੱਸਿਆ ਕਿ ਪਹਿਲੇ ਦਿਨ, 15 ਜੁਲਾਈ ਨੂੰ ਕੈਂਟ ਕਾਨਫਰੰਸ ਸੈਂਟਰ ਵਿਚ ਸਵੇਰੇ 9 ਤੋਂ ਸ਼ਾਮ 6 ਵਜੇ ਤੱਕ ਮੁੱਖ ਸੈਮੀਨਾਰ ਹੋਵੇਗਾ ਅਤੇ 16 ਜੁਲਾਈ, ਐਤਵਾਰ ਦਾ ਸਮਾਗਮ ਉਕਤ ਗੁਰਦੁਆਰੇ ਦੇ ਦੀਵਾਨ ਹਾਲ ਵਿਚ ਸਵੇਰੇ 11 ਤੋਂ ਬਾਅਦ ਦੁਪਹਿਰ 2 ਵਜੇ ਤੱਕ ਹੋਵੇਗਾ। ਇਨ੍ਹਾਂ ਸਮਾਗਮਾਂ ਵਿਚ ਹੋਰਨਾਂ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਨਾਨਕਸ਼ਾਹੀ ਕੈਲੰਡਰ ਦੇ ਰਚਨਾਕਾਰ ਪਾਲ ਸਿੰਘ ਪੁਰੇਵਾਲ, 'ਖਬਰਦਾਰ' ਮੈਗਜ਼ੀਨ ਦੇ ਸੰਪਾਦਕ ਗੁਰਦੇਵ ਸਿੰਘ ਸੱਧੇਵਾਲੀਆ, ਬੀਬੀ ਜਸਵੀਰ ਕੌਰ (ਓਹਾਇਓ), ਸਾਬਕਾ ਮੈਂਬਰ ਐਸ.ਜੀ.ਪੀ.ਸੀ. ਤਰਲੋਚਨ ਸਿੰਘ ਦੁਪਾਲਪੁਰ, ਕਥਾਵਾਚਕ ਹਰਜਿੰਦਰ ਸਿੰਘ ਸਭਰਾ ਅਤੇ ਸ਼ਿਵਤੇਗ ਸਿੰਘ, ਭੂਗੋਲ ਤੇ ਖਗੋਲ ਸ਼ਾਸਤਰੀ ਸਰਵਜੀਤ ਸਿੰਘ, ਭੀਮ ਰਾਓ ਅੰਬੇਦਕਰ-ਸਿੱਖ ਫਾਉਂਡੇਸ਼ਨ ਵਾਲੇ ਡਾ. ਇੰਦਰਜੀਤ ਸਿੰਘ ਅਤੇ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਭਾਈ ਜਸਵੰਤ ਸਿੰਘ ਹੋਠੀ ਵਿਚਾਰ ਰੱਖਣਗੇ।

ਪ੍ਰਬੰਧਕਾਂ ਅਨੁਸਾਰ ਸਮੁੱਚੇ ਸਮਾਗਮਾਂ ਨੂੰ ਲਾਈਵ ਟੈਲੀਕਾਸਟ ਕਰਨ ਦਾ ਬੰਦੋਬਸਤ ਕੀਤਾ ਜਾ ਰਿਹਾ ਹੈ। ਸਾਰੇ ਪ੍ਰੋਗਰਾਮਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਦੋਵੇਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।




# ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਦੀ ਰੂਪ ਰੇਖਾ ਉਲੀਕੀ

**ਸਟਾਕਟਨ (ਬਿਊਰੋ):** ਆਉਂਦੀ 20 ਅਗਸਤ, ਐਤਵਾਰ ਨੂੰ ਇਥੇ ਕਰਵਾਏ ਜਾ ਰਹੇ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਦੀ ਰੂਪ ਰੇਖਾ ਉਲੀਕਦਿਆਂ ਜਿੰਮੇਵਾਰੀਆਂ ਲਾਈਆਂ ਗਈਆਂ। ਸੰਮੇਲਨ ਤਿੰਨ ਸਾਹਿਤਕ ਜਥੇਬੰਦੀਆਂ-ਪੰਜਾਬੀ ਸਾਹਿਤ ਸਭਾ ਸਟਾਕਟਨ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ ਏਰੀਆ) ਅਤੇ ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਦੇ ਸਾਂਝੇ ਉਦਮ ਨਾਲ ਕਰਵਾਇਆ ਜਾ ਰਿਹਾ ਹੈ।



ਇਸ ਸਬੰਧੀ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਮੈਂਬਰਾਂ ਦੀ ਇਕ ਮੀਟਿੰਗ ਲੈਥਰੋਪ ਦੇ ਸੇਵਾ ਸਦਨ ਹਾਲ ਵਿਚ ਹੋਈ ਜਿਸ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਤ੍ਰਿਪਤ ਸਿੰਘ ਭੱਟੀ, ਮਨਦੀਪ ਗੋਰਾ, ਗੁਰਪ੍ਰੀਤ ਕੌਰ, ਮਨਜੀਤ ਕੌਰ ਸੰਧੂ, ਹਰਨੇਕ ਸਿੰਘ, ਤਾਰਾ ਸਾਗਰ ਅਤੇ ਅਸ਼ੋਕ ਤਾਂਗੜੀ ਨੇ ਹਿੱਸਾ ਲਿਆ। ਰਾਇਲ ਇੰਡੀਅਨ ਕੁਜ਼ੀਨ (7610 ਪੈਸੇਫਿਕ ਐਵਨਿਊ, ਸਟਾਕਟਨ) ਵਿਚ ਕਰਵਾਇਆ ਜਾ ਰਿਹਾ ਇਹ ਸੰਮੇਲਨ ਕ੍ਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਅਤੇ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਲਾਲ ਸਿੰਘ ਦਿਲ ਦੀ ਸਾਹਿਤਕ ਘਾਲਣਾ ਤੇ ਕਾਵਿਕ ਦੇਣ ਬਾਰੇ ਸੁਖਵਿੰਦਰ ਕੰਬੋਜ ਅਤੇ ਗੁਰਦਾਸ ਰਾਮ ਆਲਮ ਦੇ ਸਾਹਿਤਕ ਯੋਗਦਾਨ ਤੇ ਇਤਿਹਾਸਕ ਮਹੱਤਵ ਬਾਰੇ ਕੁਲਵਿੰਦਰ ਆਪਣੇ ਵਿਚਾਰ ਪੇਸ਼ ਕਰਨਗੇ।

ਸੰਮੇਲਨ ਦੇ ਪਹਿਲੇ ਸੈਸ਼ਨ ਵਿਚ ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਤੇ ਅਜ਼ੀਮ ਸ਼ੇਖਰ ਵੱਲੋਂ ਸੰਪਾਦਿਤ ਪਰਵਾਸੀ ਪੰਜਾਬੀ ਕਾਵਿ-ਸੰਗ੍ਰਿਹ 'ਵਰਤਮਾਨ ਦੇ ਆਰ-ਪਾਰ' ਅਤੇ ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ 'ਰੂਹ 'ਤੇ ਉਕਰੇ ਚਿੱਤਰ' ਰਿਲੀਜ਼ ਕੀਤੀਆਂ ਜਾਣਗੀਆਂ। ਡਾ. ਜਸਵਿੰਦਰ ਸਿੰਘ ਕਾਵਿ-ਸੰਗ੍ਰਿਹ 'ਵਰਤਮਾਨ ਦੇ ਆਰ-ਪਾਰ' ਬਾਰੇ ਖੋਜ ਪੇਪਰ 'ਪਰਵਾਸੀ ਪੰਜਾਬੀ ਕਾਵਿ ਦੇ ਉਭਰਦੇ ਸੁਰ' ਅਤੇ ਡਾ. ਧਨਵੰਤ ਕੌਰ ਕਹਾਣੀ-ਸੰਗ੍ਰਿਹ 'ਰੂਹ 'ਤੇ ਉਕਰੇ ਚਿੱਤਰ' ਬਾਰੇ ਖੋਜ ਪੇਪਰ 'ਬਹੁ-ਸਭਿਆਚਾਰਕ ਸਮਾਜ ਦਾ ਬਿਰਤਾਂਤ' ਪੇਸ਼ ਕਰਨਗੇ। ਇਨ੍ਹਾਂ ਪੇਪਰਾਂ ਬਾਰੇ ਸਵਾਲਾਂ-ਜਵਾਬਾਂ ਰਾਹੀਂ ਖੁੱਲ੍ਹਾ ਵਿਚਾਰ-ਵਟਾਂਦਰਾ ਹੋਵੇਗਾ।

ਕਹਾਣੀ ਦਰਬਾਰ ਵਿਚ ਮਹਿਮਾਨ ਕਹਾਣੀਕਾਰ ਅਮਰਜੀਤ ਚਾਹਲ, ਗੁਰਮੀਤ ਪਨਾਗ ਤੇ ਹੋਰ ਹਾਜ਼ਰ ਕਹਾਣੀਕਾਰ ਆਪਣੀਆਂ ਅਣਛਪੀਆਂ ਕਹਾਣੀਆਂ ਦਾ ਪਾਠ ਕਰਨਗੇ ਅਤੇ ਕਵੀ ਦਰਬਾਰ ਵਿਚ ਹਾਜ਼ਰ ਸ਼ਾਇਰ ਆਪਣੀਆਂ ਤਾਜ਼ਾ ਤਰੀਨ ਰਚਨਾਵਾਂ ਦਾ ਪਾਠ ਕਰਨਗੇ।

ਗਾਇਕ ਸੁਖਦੇਵ ਸਾਹਲ ਕੁਲਵਿੰਦਰ ਦੀ ਗਜ਼ਲ ਐਲਬਮ 'ਸੰਦਲੀ ਆਥਣ' ਦੀਆਂ ਕੁਝ ਗਜ਼ਲਾਂ ਦਾ ਗਾਇਨ ਕਰੇਗਾ। ਮੁੱਖ ਮਹਿਮਾਨ ਸ਼ਾਇਰ ਦਰਸ਼ਨ ਬੁਲੰਦਵੀ ਹੋਣਗੇ ਅਤੇ ਸੰਮੇਲਨ ਸਵੇਰੇ 10 ਤੋਂ ਸ਼ਾਮ 6 ਵਜੇ ਤੱਕ ਚੱਲੇਗਾ। ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਸੇਲ ਲਗਾਈ ਜਾਵੇਗੀ। ਚਾਹ-ਪਾਣੀ ਅਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਮੇਜ਼ਬਾਨ ਯੂਨਿਟ ਵੱਲੋਂ ਹੋਵੇਗਾ। ਹੋਰ ਜਾਣਕਾਰੀ ਲਈ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਅਤੇ ਹਰਜਿੰਦਰ ਪੰਧੇਰ (ਫੋਨ: 209-610-5055) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਨਜੀਤ ਕੌਰ ਗਿੱਲ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਨਵੇਂ ਪ੍ਰਧਾਨ ਬਣੇ

**ਸਿਆਟਲ (ਬਿਊਰੋ):** ਮਨਜੀਤ ਕੌਰ ਗਿੱਲ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ। ਸਰਬਸੰਮਤੀ ਨਾਲ ਹੋਈ ਇਸ ਚੋਣ ਵਿਚ ਸਾਲ 2017 - 2019 ਲਈ ਡਾ. ਜੇ.ਬੀ. (ਜੰਗ ਬਹਾਦਰ) ਸਿੰਘ ਮੀਤ ਪ੍ਰਧਾਨ, ਅਮਰਜੀਤ ਸਿੰਘ ਤਰਸਿੱਕਾ ਜਨਰਲ ਸਕੱਤਰ, ਬਲਿਹਾਰ



ਲਹਿਲ ਮੀਤ ਸਕੱਤਰ ਅਤੇ ਪ੍ਰਿਤਪਾਲ ਸਿੰਘ ਟੀਵਾਣਾ ਕੈਸ਼ੀਅਰ ਬਣਾਏ ਗਏ। ਨਵੀਂ ਕਮੇਟੀ ਐਤਵਾਰ 13 ਅਗਸਤ 2017 ਨੂੰ ਚਾਰਜ ਸੰਭਾਲੇਗੀ।

ਇਸ ਮੌਕੇ ਅਵਤਾਰ ਸਿੰਘ ਆਦਮਪੁਰੀ, ਹਰਭਜਨ ਸਿੰਘ ਬੈਂਸ, ਵਾਸਦੇਵ ਸਿੰਘ ਪਰਹਾਰ, ਕਰਨੈਲ ਕੈਲ, ਜੰਗਪਾਲ ਸਿੰਘ, ਈਸ਼ਰ ਸਿੰਘ ਗਰਚਾ, ਸਾਧੂ ਸਿੰਘ ਝੱਜ, ਮਹਿੰਦਰ ਚੀਮਾ, ਹਰਨਾਮ ਸਿੰਘ, ਕਵੀਸ਼ਰ ਹਰਜੋਤ ਸਿੰਘ, ਭਗੀਰਥ ਸਿੰਘ ਅਤੇ ਕੁੱਝ ਸਰੋਤੇ ਵੀ ਹਾਜ਼ਰ ਸਨ।

ਇਸ ਮੀਟਿੰਗ ਵਿਚ ਨਾਟਕ ਅਤੇ ਕਹਾਣੀਕਾਰ ਅਜਮੇਰ ਸਿੰਘ ਔਲਖ ਤੇ ਇਕਬਾਲ ਸਿੰਘ ਰਾਮੂਵਾਲੀਆ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਹੋਰ ਜਾਣਕਾਰੀ ਲਈ ਅਵਤਾਰ ਸਿੰਘ ਆਦਮਪੁਰੀ ਫੋਨ: 253-335-6062 ਜਾਂ ਹਰਪਾਲ ਸਿੰਘ ਸਿੱਧੂ ਫੋਨ: 206-992-8265 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਸੰਦਲੀ ਆਥਣ' 16 ਜੁਲਾਈ ਨੂੰ

**ਨਿਊਆਰਕ, ਕੈਲੀਫੋਰਨੀਆ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਬੇ ਏਰੀਆ ਵਲੋਂ ਇਕ ਨਿਵੇਕਲੀ ਸ਼ਾਮ 'ਸੰਦਲੀ ਆਥਣ' 16 ਜੁਲਾਈ, ਐਤਵਾਰ ਨੂੰ ਮਹਿਰਾਨ ਰੈਸਟੋਰੈਂਟ (5774 Mowry School Rd, Newark, CA) ਵਿਖੇ ਹੋਵੇਗੀ। ਇਸ ਸ਼ਾਮ ਸ਼ਾਇਰ ਕੁਲਵਿੰਦਰ ਦੇ ਸਾਹਿਤਕ ਸਫਰ ਅਤੇ ਉਸ ਦੀ ਗਜ਼ਲ ਚੇਤਨਾ ਨਾਲ ਸੰਵਾਦ ਰਚਾਇਆ ਜਾਵੇਗਾ।

ਪ੍ਰਧਾਨ ਸੁਖਵਿੰਦਰ ਕੰਬੋਜ ਨੇ ਦੱਸਿਆ ਕਿ ਇਸ ਮੌਕੇ ਕੁਲਵਿੰਦਰ ਦੀ ਗਜ਼ਲ ਐਲਬਮ 'ਸੰਦਲੀ ਆਥਣ' ਜਿਸ ਨੂੰ ਨਾਮੀ ਗਾਇਕ ਸੁਖਦੇਵ ਸਾਹਿਲ ਨੇ ਸੁਰੀਲੀ ਆਵਾਜ਼ ਦਿੱਤੀ ਹੈ, ਲੋਕ ਅਰਪਿਤ ਕੀਤੀ ਜਾਵੇਗੀ।






# ਖੂਬ ਭਰਵਾਂ ਰਿਹਾ ਪੰਜਾਬ ਸਪੋਰਟਸ ਕਲੱਬ ਦਾ ਪਰਿਵਾਰਕ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਦੁਪਹਿਰ ਦੋ ਵਜੇ ਤੱਕ ਐਲਕ ਗਰੂਵ ਵਿਲੇਜ ਵਿਚ ਮੇਲੇ ਵਾਲੀ ਥਾਂ ਦੀ ਪਾਰਕਿੰਗ ਨੱਕੋ ਨੱਕ ਭਰੀ ਹੋਈ ਸੀ, ਪੁਲਿਸ ਹੋਰ ਆ ਰਹੀਆਂ ਗੱਡੀਆਂ ਨੂੰ ਬਾਹਰ ਹੀ ਪਾਰਕ ਕਰਨ ਲਈ ਆਖ ਰਹੀ ਸੀ, ਖਾਣੇ ਲਈ ਲੰਮੀ ਲਾਈਨ ਲੱਗੀ ਹੋਈ ਸੀ, ਇਕ ਸਟਾਲ 'ਤੇ ਬੀਬੀਆਂ ਫਰੀ ਮਹਿੰਦੀ ਲੁਆਉਣ ਲਈ ਭੀੜ ਜਮਾਈ ਬੈਠੀਆਂ ਸਨ, ਖੇਡ ਮੈਦਾਨ ਦੇ ਦੁਆਲੇ ਰੁੱਖਾਂ ਹੇਠ ਮੇਲੀ ਤੇ ਖਾਸ




ਕਰ ਬੀਬੀਆਂ ਕੁਰਸੀਆਂ ਮੱਲੀ ਬੈਠੀਆਂ ਸਨ ਤੇ ਉਥੇ ਤਿਲ ਧਰਨ ਦੀ ਥਾਂ ਬਾਕੀ ਨਹੀਂ ਸੀ, ਸਟੇਜ 'ਤੋਂ ਮੇਲੇ ਦੇ ਸਪਾਂਸਰਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਨਾਂ ਮੁੜ ਮੁੜ ਲਿਆ ਜਾ ਰਿਹਾ ਸੀ, ਮੇਲਾ



*ਜੈਸਮੀਨ ਸੈਂਡਲਸ ਦਾ ਇਕ ਅੰਦਾਜ਼*

ਭਰਵਾਂ ਹੋਣ ਕਰਕੇ ਪ੍ਰਧਾਨ ਅਮਰੀਕ ਸਿੰਘ ਦੀ ਪੂਰੀ ਬੱਲੇ ਬੱਲੇ ਹੋਈ ਪਈ ਸੀ। ਇਹ ਨਜ਼ਾਰਾ ਸੀ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਲੰਘੀ 2 ਜੁਲਾਈ ਨੂੰ ਕਰਵਾਏ ਗਏ ਖੇਡ ਤੇ ਸਭਿਆਚਾਰਕ ਮੇਲੇ ਦਾ।



ਮੇਲੇ ਦਾ ਅਰੰਭ ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਰਾਗੀ ਭਾਈ ਅਮਰੀਕ ਸਿੰਘ ਵਲੋਂ ਗੁਰੂ ਚਰਨਾਂ ਵਿਚ ਅਰਦਾਸ ਕੀਤੇ ਜਾਣ ਨਾਲ ਹੋਇਆ। ਉਪਰੰਤ ਰਸਮੀ ਤੌਰ 'ਤੇ ਅਸਮਾਨ ਵਿਚ ਗੁਬਾਰੇ ਛੱਡੇ ਗਏ।

ਕਬੱਡੀ ਮੁਕਾਬਲਿਆਂ ਵਿਚ ਸਿਆਟਲ ਸਪੋਰਟਸ ਕਲੱਬ ਦੀ ਟੀਮ ਯੂਬਾ ਸਿਟੀ ਸਪੋਰਟਸ ਕਲੱਬ ਨੂੰ 23 ਦੇ ਮੁਕਾਬਲੇ 35 ਅੰਕਾਂ ਨਾਲ ਹਰਾ ਕੇ ਜੇਤੂ ਰਹੀ ਅਤੇ ਇੰਜ ਪਹਿਲੇ ਇਨਾਮ ਦੀ ਹੱਕਦਾਰ ਬਣੀ। ਸੁਲਤਾਨ ਬੈਸਟ ਰੇਡਰ ਤੇ ਪਾਲਾ ਜਲਾਲਪੁਰੀਆ ਬੈਸਟ ਸਟਾਪਰ ਐਲਾਨੇ ਗਏ।

ਕਬੱਡੀ ਮੁਕਾਬਲਿਆਂ ਵਿਚ ਤਿੰਨ ਟੀਮਾਂ-ਮਿਡਵੈਸਟ ਸਪੋਰਟਸ ਕਲੱਬ ਸ਼ਿਕਾਗੋ, ਸਿਆਟਲ ਸਪੋਰਟਸ ਕਲੱਬ ਤੇ ਯੂਬਾ ਸਿਟੀ ਸਪੋਰਟਸ ਕਲੱਬ ਮੈਦਾਨ ਵਿਚ ਨਿੱਤਰੀਆਂ। ਕਬੱਡੀ ਦੇ ਪਹਿਲੇ ਇਨਾਮ ਦੇ ਸਪਾਂਸਰ ਮਿਲਵਾਕੀ ਤੋਂ ਬਿਜਸਨਸਮੈਨ ਦਰਸ਼ਨ ਸਿੰਘ ਧਾਲੀਵਾਲ ਸਨ ਜਿਨ੍ਹਾਂ ਆਪਣੇ ਪਿਤਾ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਇਹ ਇਨਾਮ ਦਿੱਤਾ। ਦੂਜੇ ਇਨਾਮ ਦੇ ਸਪਾਂਸਰ ਇੰਡੀਆਨਾ ਤੋਂ ਘੁਮਾਣ ਭਰਾ-ਹੈਰੀ ਘੁਮਾਣ ਤੇ ਅਮਰਵੀਰ ਘੁਮਾਣ ਸਨ। ਫਾਈਨਲ ਮੈਚ ਵਿਚ ਜੱਸੇ ਤੇ ਜਿੰਦਰ ਦਾ ਕਈ ਵਾਰੀ ਪੰਜਾ ਫਸਿਆ ਪਰ ਜਿੰਦਰ ਬਾਜ਼ੀ ਮਾਰਨ ਵਿਚ ਕਾਮਯਾਬ ਰਿਹਾ। ਸੰਦੀਪ ਤੇ ਨਵੀ ਜੌਹਲ ਵਿਚ ਜੋਰ ਅਜਮਾਈ ਹੋਈ ਪਰ ਨਵੀ ਜੌਹਲ ਦੀ ਝੰਡੀ ਰਹੀ। ਸੁਲਤਾਨ, ਗੁਰਪ੍ਰੀਤ ਸਿੰਘ, ਪਾਲਾ ਜਲਾਲਪੁਰੀਆ, ਗੋਰੀ, ਡਿੰਪੀ ਨੇ ਵਧੀਆ ਖੇਡ ਦਿਖਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ।

ਆਪਣੇ ਨਿਵੇਕਲੇ ਅੰਦਾਜ਼ ਵਿਚ ਕਬੱਡੀ ਕੁਮੈਂਟਰੀ ਕਰ ਕੇ ਮੱਖਣ ਅਲੀ ਨੇ ਕਬੱਡੀ ਦੇਖਣ ਦਾ ਸਵਾਦ ਕਈ ਗੁਣਾ ਵਧਾਈ ਰੱਖਿਆ। ਜਦੋਂ ਕੋਈ ਜਾਫੀ ਚੰਗਾ ਜੱਫਾ ਲਾਉਂਦਾ ਜਾਂ ਧਾਵੀ ਜਾਫੀ ਹੱਥੋਂ ਨਿਕਲਣ ਲਈ ਹੰਭਲਾ ਮਾਰਦਾ ਤਾਂ ਖਿਡਾਰੀ ਤੋਂ ਵੱਧ ਮੱਖਣ ਅਲੀ ਦਾ ਜੋਰ ਵੱਧ ਲੱਗਦਾ ਮਹਿਸੂਸ ਹੁੰਦਾ। ਰੈਫਰੀ ਰਾਜਾ ਤੱਲਣ ਤੇ ਰਾਣਾ ਭੰਡਾਲ ਸਨ ਜਦਕਿ ਮੈਚ ਦੇ ਅੰਕ ਲਿਖਣ ਦੀ ਸੇਵਾ ਰਘਵਿੰਦਰ ਸਿੰਘ ਮਾਹਲ ਨੇ ਨਿਭਾਈ।

ਵਾਲੀਬਾਲ ਦੇ ਮੁਕਾਬਲਿਆਂ ਵਿਚ ਕੁਲ 5 ਟੀਮਾਂ ਭਿੜੀਆਂ। ਫਾਈਨਲ ਮੈਚ ਵਿਚ ਸ਼ਹੀਦ ਭਗਤ ਸਿੰਘ ਕਲੱਬ-1 ਨੇ ਸ਼ਹੀਦ ਭਗਤ ਸਿੰਘ ਕਲੱਬ-2 ਨੂੰ ਹਰਾ ਕੇ ਟਰਾਫੀ ਜਿੱਤੀ। ਵਾਲੀਬਾਲ ਟੀਮ ਦੇ ਕੋਚ, ਕਪਤਾਨ ਤੇ ਖਿਡਾਰੀ ਟੋਨੀ ਸੰਘੇੜਾ ਨੇ ਆਪਣੀ ਟਰਾਫੀ ਸਟੇਜ 'ਤੇ ਹੀ ਮੇਲੇ ਵਿਚ ਸ਼ਾਮਿਲ ਸਾਬਕਾ ਵੈਟਰਨ ਵਾਲੀਬਾਲ ਖਿਡਾਰੀ ਸੰਤੋਖ ਸਿੰਘ ਨੂੰ ਸਮਰਪਿਤ ਕਰ ਦਿੱਤੀ। ਵਾਲੀਬਾਲ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ ਸੀ।

ਜੇਤੂ ਟੀਮਾਂ ਨੂੰ ਟਰਾਫੀਆਂ ਦਰਸ਼ਨ ਸਿੰਘ ਧਾਲੀਵਾਲ, ਡਾ. ਭੁਪਿੰਦਰ ਸਿੰਘ ਸੈਣੀ ਤੇ ਬਲਦੇਵ ਸਿੰਘ ਸੱਲਾਂ ਨੇ ਵੰਡੀਆਂ।

ਡੇਅਟਨ, ਓਹਾਇਓ ਤੋਂ ਆਏ ਅਵਤਾਰ ਸਿੰਘ ਸਪਰਿੰਗਫੀਲਡ ਨੇ ਸਿਰ ਪਰਨੇ ਹੋ ਕੇ ਆਪਣੀ ਕਲਾ ਦੇ ਜੌਹਰ ਦਿਖਾਏ। ਜਦੋਂ ਸਿਰ ਹੇਠਾਂ ਅਤੇ ਪੈਰ ਅਸਮਾਨ ਵੱਲ ਕਰਕੇ ਉਹ ਕਿੰਨਾ ਚਿਰ ਇਸੇ ਤਰ੍ਹਾਂ ਖੜ੍ਹਾ ਰਿਹਾ ਤਾਂ ਇਉਂ ਜਾਪਿਆ ਜਿਵੇਂ ਅਸਮਾਨ ਨੂੰ ਸਿਰ 'ਤੇ ਨਹੀਂ, ਪੈਰਾਂ 'ਤੇ ਠੱਲ੍ਹਣ ਦਾ ਯਤਨ ਕਰ ਰਿਹਾ ਹੋਵੇ।

ਅੱਜ ਤੱਕ ਸ਼ਿਕਾਗੋ ਵਿਚ ਹੋਏ ਮੇਲਿਆਂ ਵਿਚ ਇਹ ਸ਼ਾਇਦ ਪਹਿਲੀ ਵਾਰ ਸੀ ਕਿ ਮੇਲੇ ਵਿਚ ਦਰਜਨ ਤੋਂ ਵੱਧ ਵੀ.ਆਈ.ਪੀ. ਸ਼ਾਮਿਲ ਹੋਏ ਜਿਨ੍ਹਾਂ ਵਿਚ ਰਾਜ ਗਾਇਕ ਹੰਸ ਰਾਜ ਹੰਸ, ਸਮਾਜ ਸੇਵੀ ਐਸ.ਪੀ. ਸਿੰਘ ਉਬਰਾਏ, ਮਿਲਵਾਕੀ ਤੋਂ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ, ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਨੀਤਾ ਭੂਸ਼ਣ, ਡਾ. ਭੁਪਿੰਦਰ ਸਿੰਘ ਸੈਣੀ, ਮਨਜੀਤ ਸਿੰਘ ਰਾਜਪੁਰ ਭਾਈਆਂ (ਕੈਨੇਡਾ), ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ, ਜਥੇਦਾਰ ਤਾਰਾ ਸਿੰਘ ਸੱਲਾਂ, ਢੀਂਡਸਾ ਭਰਾ-ਅਮਰਜੀਤ ਸਿੰਘ ਤੇ ਲਖਵੀਰ ਸਿੰਘ, ਹਰਵਿੰਦਰ ਸਿੰਘ



ਵਾਲੀਆ, ਬਲਦੇਵ ਸਿੰਘ ਸੱਲਾਂ, ਪਾਲ ਖਲੀਲ, ਮਿਸ਼ੀਗਨ ਦੇ ਸਿਆਸੀ ਹਲਕਿਆਂ ਵਿਚ ਸਰਗਰਮ ਸੰਨੀ ਧੂੜ, ਹੈਰੀ ਘੁਮਾਣ ਤੇ ਅਮਰਵੀਰ ਘੁਮਾਣ, ਜੀ.ਪੀ.ਐਸ. ਖਹਿਰਾ, ਅਟਾਰਨੀ ਜਸਪ੍ਰੀਤ ਸਿੰਘ, ਜਗੀਰ ਸਿੰਘ ਸਬਜ਼ੀ ਮੰਡੀ (ਨਿਊ ਯਾਰਕ), ਵਰਿੰਦਰਪਾਲ ਸਿੰਘ (ਐਰੀਜ਼ੋਨਾ) ਅਤੇ ਸੁਖਨਿੰਦਰ ਸਿੰਘ ਨੀਟੂ ਵਡਿਆਲ (ਫਰਿਜ਼ਨੋ) ਸ਼ਾਮਲ ਸਨ।

ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਨੀਤਾ ਭੂਸ਼ਨ ਨੇ ਕਿਹਾ ਕਿ ਮੈਨੂੰ ਇਥੇ ਆ ਕੇ ਚੰਗਾ ਲੱਗਾ ਹੈ। ਮੇਲੇ ਦੀ ਤਾਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਇਥੇ ਪਰਿਵਾਰਕ ਫੰਕਸ਼ਨ ਵਰਗਾ ਮਾਹੌਲ ਹੈ। ਸ਼ਿਕਾਗੋ ਤੋਂ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਆਪਣੀ ਜਿੱਤ ਲਈ ਭਾਈਚਾਰੇ ਦਾ ਸਹਿਯੋਗ ਲਈ ਧੰਨਵਾਦ



ਕੀਤਾ। ਪੰਜਾਬੀ ਭਾਈਚਾਰੇ ਵਲੋਂ ਕੀਤੀ ਤਰੱਕੀ ਅਤੇ ਅਮਰੀਕੀ ਤਰੱਕੀ ਵਿਚ ਪਾਏ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਤੇ ਕਿਸੇ ਵੀ ਕੰਮ ਲਈ ਮਿਲਣ ਦਾ ਖੁੱਲ੍ਹਾ ਸੱਦਾ ਦਿੱਤਾ। ਜੋਸ਼ ਵਿਚ ਆਇਆਂ ਕ੍ਰਿਸ਼ਨਾਮੂਰਤੀ ਨੇ ਕਿਹਾ, ਅੱਜ ਤਾਂ ਮੈਨੂੰ ਵੀ




ਰਾਜਾ ਸਿੰਘ ਕਿਹਾ ਜਾਵੇ ਤਾਂ ਵਧੀਆ ਰਹੇਗਾ।

ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਰਾਜ ਗਾਇਕ ਹੰਸ ਰਾਜ ਹੰਸ ਨੇ ਪੰਜਾਬ ਸਪੋਰਟਸ ਕਲੱਬ ਨੂੰ ਇਹ ਮੇਲਾ ਕਰਾਉਣ ਲਈ ਵਧਾਈ ਦਿੱਤੀ, ਜਿਥੇ ਪੰਜਾਬੀ ਭਾਈਚਾਰਾ ਆਪਣੇ ਸਭਿਆਚਾਰ ਨੂੰ ਪ੍ਰਫੁਲਿਤ ਕਰ ਰਿਹਾ ਹੈ। ਕਲੱਬ ਦੇ ਚੇਅਰਮੈਨ ਬਲਦੇਵ ਸਿੰਘ ਸੱਲਾਂ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ। ਵਿਸ਼ੇਸ਼ ਮਹਿਮਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਵਧੀਆ ਮੇਲਾ ਕਰਾਉਣ ਲਈ ਦਰਸ਼ਕਾਂ ਤੇ ਕਲੱਬ ਨੂੰ ਵਧਾਈ ਦਿੱਤੀ।

ਇੰਡੀਆਨਾ, ਮਿਸ਼ੀਗਨ, ਓਹਾਇਓ, ਆਇਓਵਾ, ਵਿਸਕਾਨਸਿਨ ਅਤੇ ਹੋਰਨਾਂ ਸਟੇਟਾਂ ਤੋਂ ਬਹੁਤ ਸਾਰੀਆਂ ਖੇਡ ਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਮੇਲਾ ਦੇਖਣ ਪਹੁੰਚੇ ਹੋਏ ਸਨ। ਸਿਨਸਿਨੈਟੀ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਨੁਮਾਇੰਦੇ ਸੁਰਜੀਤ ਮਾਵੀ ਦੀ ਅਗਵਾਈ ਹੇਠ ਮੇਲੇ 'ਚ ਮੇਲ੍ਹਦੇ ਫਿਰਦੇ ਸਨ। ਡਿਟਰਾਇਟ ਤੋਂ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਮਿਸ਼ੀਗਨ ਦੇ ਮੈਂਬਰ ਰਾਜ ਜਾਮਾਰਾਏ ਦੀ ਅਗਵਾਈ ਹੇਠ ਹਾਜ਼ਰੀ ਲੁਆ ਰਹੇ ਸਨ। ਸ਼ਿਕਾਗੋ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਪੰਜਾਬੀ ਕਲਚਰਲ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ, ਮਿਡਵੈਸਟ ਸਪੋਰਟਸ ਕਲੱਬ ਅਤੇ ਹੋਰ ਸੰਸਥਾਵਾਂ ਦੇ ਮੈਂਬਰ ਵੀ ਮੇਲੇ ਦਾ ਅਨੰਦ ਮਾਣ ਰਹੇ ਸਨ।

ਮੇਲੇ ਦਾ ਦੂਜਾ ਹਿੱਸਾ ਗਾਇਕੀ ਦਾ ਖੁੱਲ੍ਹਾ ਅਖਾੜਾ ਸੀ ਜਿਸ ਵਿਚ ਪੌਪ ਗਾਇਕਾ ਜੈਸਮੀਨ ਸੈਂਡਲਸ ਤੋਂ ਇਲਾਵਾ ਰੁਪਿੰਦਰ ਹਾਂਡਾ ਅਤੇ ਸ਼ੈਰੀ ਮਾਨ ਨੇ ਸਰੋਤਿਆਂ ਦਾ ਮਨੋਰੰਜਨ ਕੀਤਾ। ਸਥਾਨਕ ਗਾਇਕ ਤਾਰਾ ਮੁਲਤਾਨੀ ਨੇ ਗੁਰਦਾਸ ਮਾਨ ਦਾ ਗੀਤ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ' ਸਰੋਤਿਆਂ ਦੀ ਨਜ਼ਰ ਕੀਤਾ ਜਦੋਂਕਿ ਜਗਮੀਤ ਸਿੰਘ ਨੇ ਗੀਤ 'ਤੇਰੀ ਕਿਥੇ ਜਾਂਦੀ ਤਨਖਾਹ ਵੇ ਕੈਨੇਡਾ ਵਾਲਿਆ' ਗਾ ਕੇ ਹਾਜ਼ਰੀ ਲੁਆਈ।

*(ਬਾਕੀ ਅਗਲੇ ਸਫੇ 'ਤੇ)*





# ਕਬੱਡੀ ਮੇਲਾ

ਸਿਨਸਿਨੈਟੀ, ਓਹਾਇਓ ਤੋਂ ਪਹੁੰਚੇ ਨਿੰਮਾ ਡੱਲੇਵਾਲ ਨੇ ਗੀਤ 'ਬਣਦੇ ਕੱਬਡੀ ਦੀ ਸ਼ਾਨ ਗੱਭਰੂ' ਪੇਸ਼ ਕੀਤਾ।



ਤਾਰਾ ਮੁਲਤਾਨੀ



ਨਿੰਮਾ ਡੱਲੇਵਾਲ



ਜਗਮੀਤ ਸਿੰਘ

ਜੈਸਮੀਨ ਸੈਂਡਲਸ ਨੇ ਆਪਣੇ ਪੌਪ ਮਿਊਜ਼ਿਕ ਸਟਾਈਲ ਵਿਚ 'ਭਾਵੇਂ ਸਾਰੀ ਦੁਨੀਆਂ 'ਚ ਜਾ ਕੇ ਵੇਖ ਲਉ, ਹੁਸਨ ਮੁਕਾਬਲਾ ਕਰਾ ਕੇ ਵੇਖ ਲਉ', 'ਖੁੱਲਮ ਖੁਲ੍ਹਾ ਪਿਆਰ ਕਰੇਂਗੇ', 'ਲੱਡੂ ਦੂਜੇ ਦੇ ਹੱਥਾਂ 'ਚ ਚੰਗਾ ਲੱਗਦਾ, ਜੇ ਆਪ ਖਾਈਏ ਤੰਗ ਕਰਦਾ', 'ਇਕ ਤੇਰੀ ਅੱਖ ਕਾਸ਼ਨੀ, ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ', 'ਜੋਗੀਆਂ ਦੇ ਕੰਨਾਂ ਵਿਚ ਕੱਚ ਦੀਆਂ ਮੁੰਦਰਾਂ, 'ਘਰ ਆ ਜਾ ਸੋਹਣਿਆ', 'ਤੂੰ ਵੀ ਜੱਟਾ ਬੰਬ, ਹੱਥ ਮੇਰਾ ਮੰਗ ਵੇ', 'ਦਿਲ ਹੁਆ ਬੇਸ਼ਰਮ, ਬੇਬੀ ਬੇਸ਼ਰਮ, ਕਰਨੇ ਲਗਾ ਬਦਮਾਸ਼ੀਆਂ' ਅਤੇ ਹਿੰਦੀ ਫਿਲਮ 'ਕਿੱਕ' ਦਾ ਹਿੱਟ ਗੀਤ 'ਜੇ ਯਾਰ ਨਾ ਮਿਲੇ ਤਾਂ ਮਰ ਜਾਂਵਾਂ' ਆਦਿ ਗੀਤ ਪੇਸ਼ ਕੀਤੇ।

ਐਮ.ਐਚ. 1 ਮੁਕਾਬਲੇ ਦੀ ਜੇਤੂ, ਐਮ.ਫਿਲ ਮਿਊਜ਼ਿਕ ਰੁਪਿੰਦਰ ਹਾਂਡਾ ਨੇ ਗੀਤ 'ਅੱਜ ਨੱਚਣਾ', 'ਘੈਂਟ ਸਰਦਾਰ ਮੇਰਾ' ਤੇ 'ਸੂਹੇ ਚੀਰੇ ਵਾਲਿਆ' ਗਾਇਆ। ਫਿਰ ਉਸ ਨੇ ਪਹਿਲੀ ਕਤਾਰ ਵਿਚ ਬੈਠੀਆਂ ਪੰਜਾਬੀ ਮੁਟਿਆਰਾਂ ਦੀ ਫਰਮਾਇਸ਼ 'ਤੇ ਗੀਤ 'ਤੂੰ ਸੂਟ ਵਿਚ ਚੰਗੀ ਲੱਗਦੀ, ਨਾ ਪਾਇਆ ਕਰ ਜੀਨ ਕੁੜੀਏ' ਪੇਸ਼ ਕੀਤਾ।

ਇਸ ਤੋਂ ਇਲਾਵਾ ਰੁਪਿੰਦਰ ਨੇ 'ਪੰਜਾਬਣੇ ਸ਼ੌਕੀਨ ਕੁੜੀਏ', 'ਥਰ ਥਰ ਕੰਬਦੇ ਜੱਟੀ ਤੋਂ", 'ਥਾਂ ਥਾਂ ਗੱਲਾਂ ਹੁੰਦੀਆਂ ਅੱਜ ਮੇਰੇ ਸਰਦਾਰ ਦੀਆਂ', 'ਮੇਰੇ ਪਿੰਡ ਦੇ ਗੇੜੇ ਮਾਰਦਾ' ਗਾਉਣ ਪਿਛੋਂ ਬੋਲੀਆਂ 'ਤੇ ਗਿੱਧਾ ਪਾਇਆ ਤੇ ਪੁਆਇਆ। ਜੇ ਜੈਸਮੀਨ ਦਾ ਸਟਾਈਲ ਪੌਪ ਮਿਊਜ਼ਿਕ ਵਾਲਾ ਸੀ ਤਾਂ ਰੁਪਿੰਦਰ ਦਾ ਪੰਜਾਬੀ ਲੋਕ ਗਾਇਕੀ ਦੇ ਨੇੜੇ ਦਾ।





ਸ਼ੈਰੀ ਮਾਨ ਨੇ ਉਦੋਂ ਸਰੋਤਿਆਂ, ਖਾਸ ਕਰ ਪੰਜਾਹਵਿਆਂ ਤੋਂ ਉਪਰਲੇ ਸਰੋਤਿਆਂ ਦੇ ਦਿਲ ਉਦੋਂ ਜਿੱਤ ਲਏ ਜਦੋਂ ਉਸ ਸਟੇਜ 'ਤੇ ਆਉਂਦਿਆਂ ਹੀ ਮਾਂਵਾਂ ਨੂੰ ਸਮਰਪਿਤ ਗੀਤ 'ਆਟੇ ਦੀ ਚਿੜੀ' ਪੇਸ਼ ਕੀਤਾ। ਫਿਰ ਉਸ ਨੇ ਪਰਦੇਸੀਆਂ ਲਈ ਗੀਤ 'ਦਿਨ ਢਲਦੇ ਨੂੰ ਕੰਮ ਤੋਂ ਜਦ ਆਂਵਾਂ ਮੈਂ, ਖੰਭ ਸੋਚ ਦੇ ਲਾ ਕੇ ਪਿੰਡ ਉਡ ਜਾਂਵਾਂ ਮੈਂ" ਗਾਇਆ। ਸ਼ੈਰੀ ਨੇ ਆਪਣੇ ਮਕਬੂਲ ਗੀਤ 'ਯਾਰ ਅਣਮੁੱਲੇ', 'ਮੋਗੇ ਵਾਲੇ', 'ਲਾ ਕੇ ਤਿੰਨ ਪੈਗ ਬੱਲੀਏ', 'ਤੇਰੇ ਟਿੱਲੇ ਤੋਂ" ਅਤੇ 'ਹੋਸਟਲ ਵਾਲਾ ਕਮਰਾ' ਗਾ ਕੇ ਮੰਡੀਰ ਨੂੰ ਖੁਸ਼ ਕੀਤਾ ਅਤੇ ਨਾਲ ਹੀ ਕਈਆਂ ਨੂੰ ਆਪਣੀ ਜਵਾਨੀ ਦੇ ਦਿਨ ਚੇਤੇ ਕਰਵਾਏ। 'ਯਾਰਾਂ ਵਾਲੀ ਢਾਣੀ' ਗੀਤ ਗਾ ਕੇ ਟਰੱਕਾਂ ਵਾਲੇ ਵੀਰ ਵੀ ਖੁਸ਼ ਕੀਤੇ।

ਕਿਸੇ ਨੂੰ ਜੈਸਮੀਨ ਚੰਗੀ ਲੱਗੀ, ਕਿਸੇ ਨੇ ਰੁਪਿੰਦਰ ਨੂੰ ਪਸੰਦ ਕੀਤਾ ਤੇ ਕਿਸੇ ਨੂੰ ਸ਼ੈਰੀ ਦੇ ਰੰਗ ਦਾ ਅਨੰਦ ਆਇਆ। ਕੁਲ ਮਿਲਾ ਕੇ ਮਨੋਰੰਜਨ ਪੱਖੋਂ ਸਰੋਤਿਆਂ ਨੂੰ ਪ੍ਰੋਗਰਾਮ ਚੰਗਾ ਹੀ ਲੱਗਾ।

ਮੇਲੇ ਦੇ ਅੰਤ ਵਿਚ ਸੰਸਥਾ ਦੇ ਪ੍ਰਧਾਨ ਅਮਰੀਕ ਸਿੰਘ ਨੇ ਆਏ ਦਰਸ਼ਕਾਂ ਦਾ ਮੇਲੇ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਅਗਲੇ ਸਾਲ ਲਈ ਕਲੱਬ ਦੇ ਪ੍ਰਧਾਨ ਦੀ ਜਿੰਮੇਵਾਰੀ ਗੁਰਮੀਤ ਸਿੰਘ ਭੋਲਾ ਨਿਭਾਉਣਗੇ।

ਮੇਲੇ ਨੂੰ ਕਾਮਯਾਬ ਕਰਨ ਲਈ ਪ੍ਰਧਾਨ ਅਮਰੀਕ ਸਿੰਘ ਤੋਂ ਇਲਾਵਾ ਜਸਕਰਨ ਸਿੰਘ ਧਾਲੀਵਾਲ, ਹੈਪੀ ਸਿੰਘ ਹੀਰ, ਨਰਿੰਦਰ ਸਿੰਘ ਸਰਾਂ, ਲਵਦੀਪ ਦੁੱਲਤ, ਹਰਵਿੰਦਰ ਸਿੰਘ ਬਿੱਲਾ, ਅੰਮ੍ਰਿਤਪਾਲ ਸਿੰਘ ਸੰਘਾ, ਗੁਰਮੀਤ ਸਿੰਘ ਭੋਲਾ, ਰਾਜਿੰਦਰ ਸਿੰਘ ਦਿਆਲ, ਲੱਕੀ ਸਹੋਤਾ, ਹਰਦੀਪ ਸਿੰਘ ਗਿੱਲ, ਮਨਮਿੰਦਰ ਸਿੰਘ ਹੀਰ ਅਤੇ ਗੁਰਪ੍ਰੀਤ ਸਿੰਘ ਗਿੱਲ ਨੇ ਦਿਨ ਰਾਤ ਇਕ ਕਰੀ ਰੱਖਿਆ।

## ਕਬੱਡੀ ਖਿਡਾਰੀ ਦੇਵ ਖੈੜਾ ਦਾ ਸਨਮਾਨ

**ਸ਼ਿਕਾਗੋ:** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦੇ ਕਬੱਡੀ ਕੱਪ ਮੇਲੇ 'ਤੇ ਪ੍ਰਸਿਧ ਕਬੱਡੀ ਖਿਡਾਰੀ ਦੇਵ ਖੈੜਾ ਦਾ ਐਨ ਆਰ ਆਈ ਇੰਟਰਨੈਸ਼ਨਲ ਕਬੱਡੀ ਖਿਡਾਰੀ ਰਾਣਾ ਭੰਡਾਲ, ਅਮਰਜੀਤ ਸਿੰਘ ਚਾਹਲ, ਲੱਖਾ ਤੋਗਾਂ ਵਾਲਾ, ਰਾਜਾ ਤਲਣ, ਬੀਕਾ ਖੈੜਾ, ਲਖਵਿੰਦਰ ਬਿਹਾਰੀਪੁਰ, ਕਾਲਾ ਪੱਡਾ, ਜਗਦੇਵ ਖੈੜਾ, ਰਾਜੂ ਢੋਟ ਅਤੇ ਜਸਕਰਨ ਸਿੰਘ ਧਾਲੀਵਾਲ, ਆਗਿਆਪਾਲ ਚਾਹਲ ਤੇ ਰਵੀ ਹੰਝਰਾ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਸਬੰਧੀ ਰਾਣਾ ਭੰਡਾਲ ਨੇ ਕਿਹਾ ਕਿ ਮਾਂ ਖੇਡ ਕਬੱਡੀ ਦਾ ਨਾਂ ਰੌਸ਼ਨ ਕਰਨ ਵਾਲਿਆਂ ਦਾ ਸਾਨੂੰ ਮਾਣ ਸਨਮਾਨ ਕਰਨਾ ਚਾਹੀਦਾ ਹੈ ਜਿਸ ਕਰਕੇ ਅਸੀਂ ਵਿਦੇਸ਼ਾਂ ਵਿਚ ਵੀ ਮਾਣ ਮਹਿਸੂਸ ਕਰਦੇ ਹਾਂ। ਅਜਿਹੇ ਕਬੱਡੀ ਖਿਡਾਰੀਆਂ ਦੇ ਉਦਮ ਸਦਕਾ ਹੀ ਕਬੱਡੀ ਅੱਜ ਪੂਰੇ ਵਿਸ਼ਵ ਵਿਚ ਪ੍ਰਸਿਧ ਹੈ। ਮਾਣ ਸਨਮਾਨ ਕਰਨ ਵਾਲੀਆਂ ਹਸਤੀਆਂ ਨੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

## ਝਲਕੀਆਂ

ਜੈਸਮੀਨ ਸੈਂਡਲਸ ਨੇ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਪੌਪ ਸੰਗੀਤ ਦੀ ਧੁਨ 'ਤੇ ਐਂਟਰੀ ਕੀਤੀ। ਇਹ ਸ਼ਿਕਾਗੋ ਦੇ ਮੇਲੇ ਵਿਚ ਪਹਿਲੀ ਵਾਰ ਸੀ ਕਿ ਕੋਈ ਪੰਜਾਬੀ ਰੈਪਰ ਕੁੜੀ ਖੁੱਲ੍ਹੇ ਅਖਾੜੇ ਵਿਚ ਦਰਸ਼ਕਾਂ ਅੱਗੇ ਪ੍ਰੋਗਰਾਮ ਪੇਸ਼ ਕਰ ਰਹੀ ਸੀ। ਆਮ ਤੌਰ 'ਤੇ ਪੰਜਾਬੀ ਗਾਇਕ ਪੰਜਾਬੀ ਸੂਟ ਵਿਚ ਸਟੇਜ 'ਤੇ ਆਉਂਦੇ ਹਨ ਪਰ ਜੈਸਮੀਨ ਨੇ ਵੈਸਟਰਨ ਪੌਪ ਸਿੰਗਰ ਮੈਡੋਨਾ, ਬਾਇਨੋਸ, ਕ੍ਰਿਸੀਟੀਨਾ, ਜੈਨੀਫਰ ਲੋਪੇਜ, ਲੇਡੀ ਗਾਗਾ ਵਾਂਗ ਕੱਪੜੇ ਟਾਈਟ ਕਾਲੀ ਸਿਲੈਕਸ, ਕਾਲਾ ਬਲਾਊਜ਼, ਉਪਰ ਪਾਰਦਰਸ਼ੀ ਕਾਲੇ ਨੈਟ ਦਾ ਛੋਟਾ ਕੁੜਤਾ ਤੇ ਸਿਰ 'ਸੈਂਡਲਸ' ਨਾਂ ਦੀ ਕਾਲੀ ਟੋਪੀ, ਗਲੇ ਵਿਚ ਮੈਚ ਕਰਦੀ ਮਾਲਾ ਤੇ ਪੈਰਾਂ ਵਿਚ ਸਿਲਵਰ ਰੰਗ ਦੇ ਚਮਕੀਲੇ ਬੂਟ ਪਾਏ ਹੋਏ ਸਨ। ਉਸ ਨੇ ਆਪਣੇ ਵਾਲ ਵੈਸਟਰਨ ਪੌਪ ਗਾਇਕਾਂ ਦੀ ਤਰ੍ਹਾਂ ਲਾਲ ਰੰਗ ਦੇ ਰੰਗੇ ਹੋਏ ਸਨ। ਉਸ ਦੇ ਡਾਂਸ ਦੇ ਸਟੈਪ ਵੀ ਵੈਸਟਰਨ ਗਾਇਕਾਂ ਦੀ ਤਰ੍ਹਾਂ ਕੁਝ 'ਮਸਤ ਮਸਤ' ਅੰਦਾਜ਼ ਵਿਚ ਬੇਪਰਵਾਹ ਸਟਾਈਲ ਨਾਲ ਸਟੇਜ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਚੱਕਰ ਲਾਉਣ ਵਰਗੇ ਸਨ।




---

ਦਰਸ਼ਕਾਂ ਨਾਲ ਰਾਬਤਾ ਬਣਾਉਣ ਵਾਲੇ ਜੈਸਮੀਨ ਦੇ ਬੋਲ ਵੀ ਖੁੱਲ੍ਹੇ ਸਨ, "ਕੀ ਤੁਸੀ ਆਸ਼ਕੀ ਕੀਤੀ ਹੈ? ਮੈਂ ਕੀਤੀ, ਪਰ ਮੇਰਾ ਬੁਆਏ ਫਰੈਂਡ ਮੈਨੂੰ ਛੱਡ ਕੇ ਚਲਾ ਗਿਆ। ਮੈਂ ਫਿਰ ਇਹ ਗੀਤ ਲਿਖਿਆ, ਲਿਖਿਆ ਹੀ ਨਹੀਂ, ਟੁੱਟੇ ਦਿਲ ਨਾਲ ਕੰਪੋਜ਼ ਵੀ ਕੀਤਾ ਤੇ ਹਿੱਟ ਵੀ ਹੋਇਆ। ਇਹ ਲਓ ਸੁਣੋ, ਨੱਚੋ ਤੇ ਦਗੜ ਦਗੜ ਕਰ ਦਿਓ।"

ਟੀਨ ਏਜ ਤਾਂ ਪਹਿਲਾਂ ਹੀ ਉਸ ਦੇ ਪ੍ਰਸ਼ੰਸਕ ਸਨ ਪਰ ਉਹ ਆਪਣੇ ਇਸ ਐਨਰਜੀ ਭਰੇ ਖੁੱਲ੍ਹੇ ਅੰਦਾਜ਼ ਨਾਲ ਬਾਕੀ ਸਰੋਤਿਆਂ ਨਾਲ ਰਾਬਤਾ ਕਾਇਮ ਕਰਨ ਵਿਚ ਵੀ ਉਹ ਕਾਫੀ ਹੱਦ ਤੱਕ ਕਾਮਯਾਬ ਰਹੀ। ਉਸ ਨੇ ਦਰਸ਼ਕਾਂ ਨੂੰ ਨਚਾਇਆ ਵੀ ਤੇ ਸਟੇਜ ਤੋਂ ਥੱਲੇ ਆ ਕੇ ਉਨ੍ਹਾਂ ਨਾਲ ਫੋਟੋਆਂ ਵੀ ਖਿਚਵਾਈਆਂ।

---

ਸੈਂਡਲਸ ਨੇ ਸ਼ਿਵ ਕੁਮਾਰ ਬਟਾਲਵੀ ਤੇ ਗਾਇਕਾ ਸੁਰਿੰਦਰ ਕੌਰ ਨੂੰ ਸ਼ਰਧਾਂਜਲੀ ਦਿੰਦਿਆਂ ਗੀਤ 'ਇਕ ਮੇਰੀ ਅੱਖ ਕਾਸ਼ਨੀ' ਗਾਇਆ ਪਰ ਸਾਵਧਾਨੀ ਵਰਤਦਿਆਂ ਇਸ ਗੀਤ ਨੂੰ ਜ਼ਿਆਦਾ ਪੌਪ ਸੰਗੀਤ ਦੇ ਸ਼ੋਰ ਵਿਚ ਨਹੀਂ ਗਾਇਆ ਤਾਂ ਕਿ ਮਹਾਨ ਸ਼ਾਇਰ ਸ਼ਿਵ ਦੇ ਸ਼ਬਦਾਂ ਦੀ ਖੁਸ਼ਬੂ ਬਣੀ ਰਹੇ। ਵੈਸੇ ਵੀ ਸੈਂਡਲਸ ਆਪਣੇ ਦੂਜੇ ਗੀਤਾਂ ਨੂੰ ਵੀ ਪੌਪ ਸਾਜ਼ਾਂ ਦੇ ਸੰਗੀਤ ਦੇ ਸ਼ੋਰ ਵਿਚ ਪੂਰੀ ਤਰ੍ਹਾਂ ਨਹੀਂ ਡੁੱਬਣ ਦਿੰਦੀ। ਉਸ ਨੇ ਵਿਚਕਾਰਲਾ ਰਸਤਾ ਅਪਨਾਇਆ ਹੈ ਤਾਂ ਕਿ ਉਸ ਦੇ ਗੀਤਾਂ ਦੇ ਬੋਲ ਵੀ ਦਰਸ਼ਕਾਂ ਨੂੰ ਚੰਗੀ ਤਰ੍ਹਾਂ ਸਮਝ ਆ ਸਕਣ।

---

ਸੈਂਡਲਸ ਆਪਣੇ ਪ੍ਰਸ਼ੰਸਕਾਂ ਨਾਲ ਤਸਵੀਰਾਂ ਖਿਚਵਾਉਣ ਲਈ ਸਟੇਜ ਤੋਂ ਥੱਲੇ ਉਤਰ ਆਈ ਤੇ ਮੁੜ ਬੋਲੀ, 'ਮੈਨੂੰ ਉਪਰ ਕੌਣ ਚੜ੍ਹਾਊ?' ਤਾਂ ਮਨਚਲਿਆਂ ਨੇ ਹਾਕਾਂ ਲਾਈਆਂ, 'ਸਾਨੂੰ ਮੌਕਾ ਦੇਹ...।' ਜੈਸਮੀਨ ਬੜੀ ਚੁਸਤੀ ਨਾਲ ਸੀ.ਡੀ. ਉਤੇ ਗਾ ਕੇ ਸਰੋਤਿਆਂ ਨੂੰ ਭੁਲੇਖਾ ਪਾਉਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਉਹ ਮਾਈਕ 'ਤੇ ਸਿੱਧਾ ਗਾ ਰਹੀ ਹੈ ਪਰ ਜ਼ਰਾ ਕੁ ਸਾਵਧਾਨ ਸਰੋਤੇ ਭਾਂਪ ਗਏ ਸਨ ਕਿ ਉਹ ਕੀ ਕਰ ਰਹੀ ਹੈ!

---

ਜਿਥੇ ਜੈਸਮੀਨ ਸੈਂਡਲਸ ਨੇ ਸੀ.ਡੀ. 'ਤੇ ਰੈਪ ਸੰਗੀਤ ਦੀ ਧੁਨ 'ਤੇ ਐਂਟਰੀ ਕੀਤੀ, ਉਥੇ ਰੁਪਿੰਦਰ ਹਾਂਡਾ ਨੇ ਪੰਜਾਬੀ ਸੂਟ, ਸਿਰ 'ਤੇ ਚੁੰਨੀ ਨਾਲ ਢੋਲ ਦੇ ਡੱਗੇ 'ਤੇ ਐਂਟਰੀ ਕੀਤੀ। ਉਸ ਨੇ ਸਟੇਜ 'ਤੇ ਆਉਂਦਿਆਂ ਹੀ ਦਰਸ਼ਕਾਂ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੁਲਾਈ। ਗੀਤ ਦੀ ਸ਼ੁਰੂਆਤ ਹਾਂਡਾ ਨੇ ਰਵਾਇਤੀ ਲੰਬੀ ਹੇਕ ਨਾਲ ਕੀਤੀ।

---

ਜਦੋਂ ਰੁਪਿੰਦਰ ਹਾਂਡਾ ਗਾ ਰਹੀ ਸੀ ਤਾਂ ਗਾਣੇ ਦੌਰਾਨ ਹੀ ਢੋਲੀ ਦਾ ਢੋਲ ਪਾਟ ਗਿਆ ਤਾਂ ਰੁਪਿੰਦਰ ਬੋਲੀ, "ਲੈ ਸਾਡੀ ਪਹਿਲੀ ਵਾਲੀ ਭੈਣ ਤਾਂ ਸੀ.ਡੀ. 'ਤੇ ਗਾ ਗਈ ਤੇ ਹੁਣ ਢੋਲ ਹੀ ਪਾਟ ਗਿਆ ਪਰ ਤੁਹਾਡੀਆਂ ਤਾੜੀਆਂ ਹੀ ਹੁਣ ਮੇਰਾ ਢੋਲ ਬਣਨਗੀਆਂ।' ਤੇ ਗਾਣਾ ਚਾਲੂ ਰੱਖਿਆ ਅਤੇ ਅੰਤ ਤਕ ਇਸੇ ਤਰ੍ਹਾਂ ਹੀ ਗਾਇਆ। ਵੈਸੇ ਸਾਜ਼ੀਆਂ ਨਾਲ ਕੁਝ ਤਾਲ-ਮੇਲ ਦੀ ਕਮੀ ਵੀ ਨਜ਼ਰ ਆਉਂਦੀ ਸੀ।

---

ਮੇਲੇ ਦੇ ਬਾਅਦ ਵੀ ਮੇਲਾ ਚਲਦਾ ਰਿਹਾ ਕਿਉਂਕਿ ਫਾਰੈਸਟ ਪ੍ਰਿਜ਼ਰਵ ਬੰਦ ਕਰਨ ਦਾ ਸਮਾਂ ਸੰਨ ਸੈਟ ਯਾਨਿ 8 ਵਜੇ ਤੱਕ ਦਾ ਸੀ, ਸੋ ਕਾਫੀ ਗਿਣਤੀ ਵਿਚ ਮੇਲੀ ਮੇਲੇ ਤੋਂ ਬਾਅਦ ਵੀ ਆਪਣੀਆਂ ਕਾਰਾਂ ਦੇ ਸਪੀਕਰਾਂ 'ਤੇ ਗਾਣੇ ਲਾ ਕੇ ਅਨੰਦ ਮਾਣਦੇ ਨੱਚਦੇ-ਟੱਪਦੇ ਰਹੇ। ਅਖੀਰ ਉਹ ਪੁਲਿਸ ਵਲੋਂ ਮਾਈਕ 'ਤੇ ਸਮਾਂ ਖਤਮ ਹੋਣ ਦਾ ਐਲਾਨ ਕਰਨ ਪਿਛੋਂ ਘਰਾਂ ਨੂੰ ਗਏ।

---

ਵਾਲੀਬਾਲ ਕੋਰਟ ਦੇ ਨਾਲ ਹੀ ਇਕ ਸਪੈਸਲ ਟੈਂਟ ਖਾਸ ਮਹਿਮਾਨਾਂ ਲਈ ਲਾਇਆ ਗਿਆ ਸੀ ਜਿਸ ਵਿਚ ਮੀਟ-ਮੁਰਗਾ, ਮੱਛੀ, ਖਾਣ-ਪੀਣ ਅਤੇ ਹਵਾ ਪਿਆਜ਼ੀ ਹੋਣ ਦਾ ਸਿਲਸਿਲਾ ਚਲਦਾ ਰਿਹਾ। ਪਿਛਲੀ ਵਾਰੀ ਇਹ ਸਟੇਜ ਦੇ ਲਾਗੇ ਸੀ ਪਰ ਇਸ ਵਾਰ ਪ੍ਰਬੰਧਕਾਂ ਨੇ ਸਾਵਧਾਨੀਆਂ ਵਰਤਦਿਆਂ ਕੁਝ ਹਟਵਾਂ ਲਾਇਆ।

---

ਪ੍ਰਬੰਧਕਾਂ ਵਲੋਂ ਖਾਣਾ ਇਕ ਹੀ ਜਗ੍ਹਾ 'ਤੇ ਰਖਿਆ ਗਿਆ ਸੀ, ਸੋ ਖਾਣਾ ਲੈਣ ਲਈ ਮੇਲੀਆਂ ਦੀ ਲੰਬੀ ਲਾਈਨ ਲੱਗੀ ਰਹੀ, ਪਰ ਸਾਰੇ ਹੀ ਠਰੰਮੇ ਨਾਲ ਆਪਣੀ ਵਾਰੀ ਦੀ ਉਡੀਕ ਕਰਦੇ ਰਹੇ। ਕਈ ਲਾਈਨ ਵਿਚ ਲੱਗਣ ਤੋਂ ਡਰਦੇ ਆਪਣੇ ਸਾਥੀ ਮੇਲੀ ਦੀ ਭਰੀ ਪਲੇਟ ਵਿਚੋਂ ਹੀ ਖਾਣੇ ਦਾ ਸਵਾਦ ਚੱਖ ਰਹੇ ਸਨ। ਮੇਲੀਆਂ ਨੇ ਪਕੌੜਿਆਂ ਨਾਲ ਮੂੰਹ ਸਲੂਣਾ ਕਰਨ ਤੋਂ ਬਾਅਦ ਮੂੰਹ ਮਿੱਠੇ ਲਈ ਤਾਜ਼ੀਆਂ ਜਲੇਬੀਆਂ ਦਾ ਅਨੰਦ ਵੀ ਮਾਣਿਆ। ਖਾਣੇ ਦਾ ਪ੍ਰਬੰਧ ਕੇ.ਕੇ. ਪੰਮਾ ਅਤੇ ਸਾਥੀਆਂ ਵਲੋਂ ਸੀ।

---

ਮੇਲਾ ਹਾਜ਼ਰੀ ਪੱਖੋਂ ਸੱਚ ਮੁੱਚ ਹੀ ਨੰਬਰ ਲੈ ਗਿਆ। ਮਾਹੌਲ ਪਰਿਵਾਰਕ ਸੀ ਤੇ ਇਸ ਵਿਚ ਆਦਮੀਆਂ ਨਾਲੋਂ ਬੀਬੀਆਂ ਦੀ ਗਿਣਤੀ ਜ਼ਿਆਦਾ ਸੀ। ਪਾਰਕਿੰਗ ਲਾਟ ਫੁੱਲ ਸਨ। ਕਈ ਆਪਣੇ ਪਾਲਤੂ ਕੁੱਤਿਆਂ ਨੂੰ ਨਾਲ ਲੈ ਕੇ ਮੇਲਾ ਦੇਖਣ ਆਏ ਸਨ। ਆਮ ਕਰਕੇ ਅਜਿਹੇ ਮੇਲਿਆਂ ਵਿਚ ਬਹੁਤੀ ਭੀੜ ਕਬੱਡੀ ਦੁਆਲੇ ਹੁੰਦੀ ਹੈ ਪਰ ਇਸ ਮੇਲੇ ਵਿਚ ਅਜਿਹਾ ਨਹੀਂ ਸੀ, ਸ਼ਾਇਦ ਕਿਸੇ ਹੱਦ ਤੱਕ ਗਰਮੀ ਕਰਕੇ। ਬਹੁਤੇ ਦਰਸ਼ਕ ਦਰਖਤਾਂ ਜਾਂ ਤੰਬੂਆਂ ਹੇਠਾਂ ਹੀ ਦੜੇ ਰਹੇ।

---

ਹੰਸ ਰਾਜ ਹੰਸ ਕੋਟ-ਪੈਂਟ, ਟਾਈ, ਸੂਟ-ਬੂਟ ਨਾਲ ਮੇਲੇ ਵਿਚ ਸ਼ਾਮਿਲ ਹੋਇਆ। ਜਿਨ੍ਹਾਂ ਪਹਿਲੀ ਵਾਰੀ ਹੰਸ ਨੂੰ ਇਸ ਡਰੈਸ ਵਿਚ ਵੇਖਿਆ, ਉਨ੍ਹਾਂ ਵਿਚੋਂ ਕਿਸੇ ਦੀ ਟਿਪਣੀ ਸੀ, "ਬਈ ਹੰਸ ਤਾਂ ਡੇਰੇ ਦਾ ਗੱਦੀ ਨਸ਼ੀਨ ਹੈ ਅਤੇ ਅੱਜ ਇਹ...।" ਦੂਜਾ ਝੱਟ ਬੋਲਿਆ, "ਉਹ ਗੱਦੀ ਇੰਡੀਆ ਵਿਚ ਹੈ, ਇਹ ਤਾਂ ਅਮਰੀਕਾ ਹੈ ਅਮਰੀਕਾ-ਜੈਸਾ ਦੇਸ਼, ਵੈਸਾ ਭੇਸ।"

---

ਇਕ ਸਾਬਕਾ ਕੱਬਡੀ ਕੋਚ ਨੇ ਦੱਸਿਆ ਕਿ ਸਿਆਟਲ ਦੀ ਟੀਮ ਨੂੰ ਖਾਸ ਤੌਰ 'ਤੇ ਅਮਰੀਕਾ ਭਰ ਦੇ ਕਬੱਡੀ ਮੇਲਿਆਂ ਵਿਚ ਹਿੱਸਾ ਲੈਣ ਲਈ ਤਿਆਰ ਕੀਤਾ ਗਿਆ ਹੈ ਜਿਸ ਵਿਚ ਇੰਡੀਆ ਤੇ ਪੰਜਾਬ ਦੇ ਨਾਮੀ ਕਬੱਡੀ ਖਿਡਾਰੀ ਸ਼ਾਮਲ ਹਨ।

---

ਗਰਮੀ ਦਾ ਖਿਆਲ ਕਰਦਿਆਂ ਪ੍ਰਬੰਧਕਾਂ ਨੇ ਪਾਣੀ ਦੀਆਂ ਬੋਤਲਾਂ, ਕੋਕ ਦੇ ਕੈਨ ਫਰੀ ਦੇਣ ਦਾ ਵਾਹਵਾ ਪ੍ਰਬੰਧ ਕੀਤਾ ਹੋਇਆ ਸੀ ਪਰ ਇਕ ਕੁਲਫੀ ਵਾਲੇ ਦੀ ਦੇਸੀ ਕੁਲਫੀ ਵੀ ਚੰਗੀ ਵਿਕੀ। ਗੁਬਾਰੇ ਤੇ ਖਿਡੌਣੇ ਵਾਲੇ ਨੇ ਵੀ ਚੰਗੀ ਕਮਾਈ ਕੀਤੀ। ਉਂਜ ਹਰ ਸਾਲ ਦੀ ਤਰ੍ਹਾਂ ਕੁਝ ਮੇਲੀਆਂ ਨੇ ਆਪਣਾ ਵੱਖਰਾ ਚੁੱਲ੍ਹਾ ਬਾਲ ਕੇ ਆਪਣੀ ਪਸੰਦ ਦਾ ਖਾਣਾ ਬਣਾ ਕੇ ਮੇਲੇ ਦਾ ਪੂਰਾ ਅਨੰਦ ਲਿਆ।

---

ਕਈ ਕਬੱਡੀ ਖਿਡਾਰੀਆਂ ਨੇ ਆਪਣੇ ਡੌਲਿਆਂ ਅਤੇ ਪਿੱਠ ਉਤੇ ਖੰਡੇ ਦੇ ਨਿਸ਼ਾਨ ਬਣਾਏ ਹੋਏ ਸਨ।

---

ਕਿਸੇ ਵੀ ਆਮ ਪੰਜਾਬੀ ਮੇਲੇ ਵਾਂਗ ਇਥੇ ਵੀ ਦਰਸ਼ਕਾਂ ਨੇ ਕੂੜਾ ਰੱਖੇ ਗਏ ਕੂੜੇ ਦਾਨਾਂ ਵਿਚ ਪਾਉਣ ਦੀ ਥਾਂ ਚਾਰ-ਚੁਫੇਰੇ ਖਿਲਾਰਿਆ ਹੋਇਆ ਸੀ। ਜਿਧਰ ਦੇਖੋ ਪਾਣੀ ਦੀਆਂ ਖਾਲੀ ਬੋਤਲਾਂ, ਖਾਣੇ ਵਾਲੀਆਂ ਪਲੇਟਾਂ ਅਤੇ ਕੁਲਫੀਆਂ ਦੇ ਖਾਲੀ ਲਿਫਾਫੇ ਜਮੀਨ 'ਤੇ ਪਏ ਨਜ਼ਰ ਆਉਂਦੇ ਸਨ। ਸ਼ਾਇਦ ਪੰਜਾਬੀਆਂ ਨੂੰ ਕੂੜਾ ਖਿਲਾਰੇ ਬਿਨਾ ਮੇਲੇ ਦਾ ਸਵਾਦ ਹੀ ਨਹੀਂ ਆਉਂਦਾ।



---

ਮੇਲੇ ਵਿਚ ਵ੍ਹੀਟਨ ਗੁਰੂਘਰ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਤੇ ਪੈਲਾਟਾਈਨ ਗੁਰੂਘਰ ਦੇ ਹੈਡ ਗ੍ਰੰਥੀ ਪਰਮਿੰਦਰਜੀਤ ਸਿੰਘ ਵੀ ਸ਼ਾਮਲ ਹੋਏ।

# ਦਮਾ ਦਮ ਮਸਤ ਕਲੰਦਰ

## 'ਪਾਰਟੀਸ਼ਨ 1947' ਵਾਲੀਆਂ ਸੰਗੀਤ-ਸੁਰਾਂ



### ਕਲਾ ਪਰਿਕਰਮਾ

ਪਰਮਪਾਲ ਸਿੰਘ ਔਲਖ

ਫਿਲਮਸਾਜ਼ ਗੁਰਿੰਦਰ ਚੱਢਾ ਨੇ ਆਪਣੀ ਨਵੀਂ ਫ਼ਿਲਮ 'ਪਾਰਟੀਸ਼ਨ 1947' (ਇਸ ਫਿਲਮ ਦਾ ਨਾਂ ਪਹਿਲਾਂ 'ਦਿ ਹਾਊਸ ਆਫ਼ ਵਾਇਸਰਾਏ' ਰੱਖਿਆ ਗਿਆ ਸੀ) ਵਿਚ ਮਸ਼ਹੂਰ ਗੀਤ 'ਦਮਾ ਦਮ ਮਸਤ ਕਲੰਦਰ' ਸ਼ਾਮਲ ਕੀਤਾ ਹੈ। ਇਹ ਗੀਤ ਉਘੇ ਗਾਇਕ ਹੰਸ ਰਾਜ ਹੰਸ ਨੇ ਗਾਇਆ ਹੈ। ਇਸ ਫਿਲਮ ਲਈ ਸੰਗੀਤ ਏ.ਆਰ. ਰਹਿਮਾਨ ਨੇ ਦਿੱਤਾ ਹੈ। ਗੁਰਿੰਦਰ ਚੱਢਾ ਨੇ ਇਸ ਗੀਤ ਲਈ ਕਾਫੀ ਮਿਹਨਤ ਕੀਤੀ ਅਤੇ ਕਰਵਾਈ ਹੈ। ਉਂਜ, ਸੰਗੀਤਕਾਰ ਏ.ਆਰ. ਰਹਿਮਾਨ ਨੇ ਇਸ ਗੀਤ ਨੂੰ ਪਾਕਿਸਤਾਨੀ ਸੰਗੀਤਕਾਰ ਮਾਸਟਰ ਆਸ਼ਿਕ ਹੁਸੈਨ ਵਾਲੀ ਤਰਜ਼ ਦੇ ਹੀ ਨੇੜੇ-ਤੇੜੇ ਰੱਖਿਆ ਹੈ। ਰਹਿਮਾਨ ਦੱਸਦਾ ਹੈ ਕਿ ਇਸ ਗੀਤ ਬਾਰੇ ਸਾਰੀ ਦੀ ਸਾਰੀ ਖੋਜ ਇਕੱਲੀ ਗੁਰਿੰਦਰ ਚੱਢਾ ਨੇ ਹੀ ਕੀਤੀ ਹੈ। ਇਸ ਗੀਤ ਨੂੰ ਹੰਸ ਰਾਜ ਹੰਸ ਨੇ ਰੂਹ ਨਾਲ ਗਾਇਆ ਹੈ, ਪਰ ਕੁਝ ਸੰਗੀਤ ਪ੍ਰੇਮੀਆਂ ਦਾ ਕਹਿਣਾ ਹੈ ਕਿ ਇਹ ਪੇਸ਼ਕਾਰੀ ਪਿਛਲੀਆਂ ਵੰਨਗੀਆਂ ਤੋਂ ਅਗਾਂਹ ਨਹੀਂ ਜਾ ਸਕੀ। ਦਰਅਸਲ, ਇਸ ਗੀਤ ਲਈ ਸੰਗੀਤ ਤਿਆਰ ਕਰਨ ਵੇਲੇ ਏ.ਆਰ. ਰਹਿਮਾਨ ਇਸ ਨੂੰ ਆਪਣਾ ਨਿਵੇਕਲਾ 'ਟੱਚ' ਦੇਣ ਤੋਂ ਖੁੰਝ ਗਿਆ ਹੈ। ਉਸ ਨੇ ਇਸ ਗੀਤ ਲਈ ਕੋਈ ਨਵਾਂ ਤਜਰਬਾ ਨਹੀਂ ਕੀਤਾ। ਹੋ ਸਕਦਾ ਹੈ, ਇਹ ਗੁਰਿੰਦਰ ਦੀ ਹੀ ਮੰਗ ਹੋਵੇ!

ਯਾਦ ਰਹੇ ਕਿ ਇਹ ਗੀਤ ਸਿੰਧ ਸੂਬੇ ਦੇ ਨਿੱਕੇ ਜਿਹੇ ਕਸਬੇ ਸਹਿਵਾਨ ਵਿਚ ਸਥਿਤ ਲਾਲ ਸ਼ਾਹਬਾਜ਼ ਕਲੰਦਰ (1178-1274) ਨਾਲ ਸਬੰਧਤ ਹੈ। ਸ਼ਾਹਬਾਜ਼ ਕਲੰਦਰ ਸੂਫ਼ੀਆਂ ਦੀ ਉਸ ਧਾਰਾ ਨਾਲ ਸਬੰਧਤ ਹੈ ਜੋ ਬਹੁਲਵਾਦੀ ਸਮਾਜ ਦੀ ਪੈਰਵੀ ਕਰਦੇ ਹਨ। ਸ਼ਾਹਬਾਜ਼ ਦੀ ਇਸ ਮਜ਼ਾਰ 'ਤੇ ਹਰ ਸਾਲ ਉਰਸ ਭਰਦਾ ਹੈ ਅਤੇ ਇਸ ਵਿਚ ਮੁਸਲਮਾਨ ਤੇ ਗੈਰ ਮੁਸਲਮਾਨ, ਸਭ ਵਧ-ਚੜ੍ਹ ਕੇ ਹਾਜ਼ਰੀ ਭਰਦੇ ਹਨ। ਲਾਲ ਸ਼ਾਹਬਾਜ਼ ਕਲੰਦਰ ਦਾ ਅਸਲ ਨਾਂ ਸੱਯਦ ਉਸਮਾਨ ਸ਼ਾਹ ਮਾਰਵੰਡੀ ਸੀ, ਪਰ ਉਸ ਦੇ ਨਾਂ ਨਾਲ ਸਦਾ ਸਦਾ ਲਈ 'ਲਾਲ' ਜੁੜ ਗਿਆ, ਕਿਉਂਕਿ ਉਹ ਲਾਲ ਲਿਬਾਸ ਪਹਿਨਦਾ ਸੀ।

ਇਤਿਹਾਸ ਮੁਤਾਬਕ, ਇਹ ਗੀਤ ਪਹਿਲਾਂ ਅਮੀਰ ਖੁਸਰੋ (1253-1325) ਨੇ ਲਿਖਿਆ ਸੀ ਅਤੇ ਬਾਅਦ ਵਿਚ ਬਾਬਾ ਬੁੱਲ੍ਹੇਸ਼ਾਹ (1680-1757) ਨੇ ਇਸ ਗੀਤ ਵਿਚ ਕੁਝ ਕੁ ਸੋਧ-ਸੁਧਾਈ ਕੀਤੀ। ਮਗਰੋਂ ਕਿਤੇ ਜਾ ਕੇ ਮਾਸਟਰ ਆਸ਼ਿਕ ਹੁਸੈਨ ਨੇ ਇਸ ਗੀਤ ਦਾ ਸੰਗੀਤ ਤਿਆਰ ਕੀਤਾ ਅਤੇ ਫਿਰ ਇਸ ਗੀਤ ਨੂੰ ਪਾਕਿਸਤਾਨ ਤੇ ਬੰਲਗਾਦੇਸ਼ ਦੇ ਕਈ ਉਘੇ ਫਨਕਾਰਾਂ ਨੇ ਆਵਾਜ਼ ਦਿੱਤੀ। ਇਨ੍ਹਾਂ ਵਿਚ ਨੂਰ ਜਹਾਂ, ਰੂਣਾਂ ਲੈਲਾ, ਨੁਸਰਤ ਫਤਿਹ ਅਲੀ ਖਾਨ, ਆਬਿਦਾ ਪਰਵੀਨ, ਸਾਬਰੀ ਭਰਾ, ਰੇਸ਼ਮਾ, ਕੋਮਲ ਰਿਜ਼ਵੀ ਅਤੇ ਜਨੂੰਨ (ਸੰਗੀਤ ਗਰੁਪ) ਸ਼ਾਮਲ ਹਨ। ਭਾਰਤੀ ਕਲਾਕਾਰਾਂ ਵਿਚੋਂ ਇਹ ਗੀਤ ਗਾਉਣ ਵਾਲੀਆਂ ਵਿਚ ਬਡਾਲੀ ਭਰਾ, ਮੀਕਾ ਸਿੰਘ ਅਤੇ ਹੁਣ ਹੰਸ ਰਾਜ ਹੰਸ ਦੇ ਨਾਂ ਜੁੜੇ ਹੋਏ ਹਨ। ਪਿਛੇ ਜਿਹੇ ਲੰਡਨ ਵਸਦੇ ਇਰਾਨੀ ਗੱਭਰੂ ਸਾਮੀ ਯੂਸਫ਼ ਨੇ ਵੀ ਇਹ ਗੀਤ ਗਾਇਆ ਹੈ।

ਗੁਰਿੰਦਰ ਚੱਢਾ ਨੇ ਪਹਿਲਾਂ ਇਹ ਸਾਰੇ ਗੀਤ ਸੁਣੇ ਅਤੇ ਫਿਰ ਸੰਗੀਤਕਾਰ ਰਹਿਮਾਨ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਆਸ਼ਿਕ ਹੁਸੈਨ ਵਾਲੀ ਤਰਜ਼ ਕਾਇਮ ਰੱਖਣ ਦਾ ਫੈਸਲਾ ਕੀਤਾ। ਗੁਰਿੰਦਰ ਦੀ ਇਹ ਫਿਲਮ ਇਸੇ ਸਾਲ 18 ਅਗਸਤ ਨੂੰ ਰਿਲੀਜ਼ ਹੋਣੀ ਹੈ ਅਤੇ ਇਸ ਦਾ ਸੰਗੀਤ ਹੁਣੇ ਹੀ ਕਲਾ ਜਗਤ ਵਿਚ ਧੁੰਮਾਂ ਪਾ ਰਿਹਾ ਹੈ। ਇਸ ਫਿਲਮ ਵਿਚ 'ਦਮਾ ਦਮ ਮਸਤ ਕਲੰਦਰ' ਤੋਂ ਇਲਾਵਾ ਸ਼੍ਰੇਆ ਘੋਸ਼ਾਲ, ਹਰੀਹਰਨ ਵੱਲੋਂ ਗਾਏ ਗੀਤਾਂ ਦੀ ਵੀ ਖੂਬ ਤਾਰੀਫ ਹੋ ਰਹੀ ਹੈ। ਫਿਲਮ ਵਿਚ ਓਮ ਪੁਰੀ, ਹੁਮਾ ਕੁਰੈਸ਼ੀ, ਗਿਲੀਅਨ ਐਂਡਰਸ਼ਨ, ਹਿਊ ਗੌਣਗਿਲੇ ਆਦਿ ਕਲਾਕਾਰ ਵੱਖ ਵੱਖ ਕਿਰਦਾਰ ਨਿਭਾਅ ਰਹੇ ਹਨ।




*ਫਿਲਮ 'ਪਾਰਟੀਸ਼ਨ 1947' ਦਾ ਸੰਗੀਤ ਜਾਰੀ ਕਰਦੇ ਹੋਏ (ਖੱਬਿਓਂ) ਏ.ਆਰ. ਰਹਿਮਾਨ, ਗੁਰਿੰਦਰ ਚੱਢਾ ਅਤੇ ਹੁਮਾ ਕੁਰੈਸ਼ੀ।*



### ਜਦੋਂ ਓਮ ਪੁਰੀ ਨੱਚਣ ਲੱਗਿਆ...

*ਹੰਸ ਰਾਜ ਹੰਸ ਵੱਲੋਂ ਗਾਏ 'ਦਮਾ ਦਮ ਮਸਤ ਕਲੰਦਰ' ਗੀਤ ਦੀ ਸ਼ੂਟਿੰਗ ਕੀਤੀ ਜਾ ਰਹੀ ਸੀ ਤਾਂ ਉਘਾ ਅਦਾਕਾਰ ਓਮ ਪੁਰੀ ਆਪਣੇ ਆਪ 'ਤੇ ਕਾਬੂ ਨਹੀਂ ਰੱਖ ਸਕਿਆ। ਉਸ ਨੇ ਨੱਚਣਾ ਸ਼ੁਰੂ ਕਰ ਦਿੱਤਾ। ਸਾਰੇ ਜਣੇ ਉਸ ਦਾ ਇਹ ਰੂਪ ਦੇਖ ਕੇ ਹੈਰਾਨ ਹੋ ਗਏ। ਯਾਦ ਰਹੇ ਕਿ ਓਮ ਪੁਰੀ ਦਾ ਇਸੇ ਸਾਲ 6 ਜਨਵਰੀ ਨੂੰ ਦੇਹਾਂਤ ਹੋ ਗਿਆ ਅਤੇ ਇਹ ਉਸ ਦੀ ਆਖਰੀ ਫਿਲਮ ਮੰਨੀ ਜਾ ਰਹੀ ਹੈ। ਇਸ ਫਿਲਮ ਵਿਚ ਉਸ ਨੇ ਹੁਮਾ ਕਰੈਸ਼ੀ ਦੇ ਬਾਪ ਦਾ ਕਿਰਦਾਰ ਨਿਭਾਇਆ ਹੈ। ਗੀਤ ਸੁਣਨ ਤੋਂ ਬਾਅਦ ਓਮ ਪੁਰੀ ਦਾ ਕਹਿਣਾ ਸੀ ਕਿ ਇਹ ਉਸ ਦਾ ਪਸੰਦੀਦਾ ਗੀਤ ਹੈ ਅਤੇ ਜਦੋਂ ਵੀ ਉਹ ਕਿਤੇ ਇਹ ਗੀਤ ਸੁਣਦਾ ਹੈ, ਉਸ ਦਾ ਹਾਲ ਇਸ ਤਰ੍ਹਾਂ ਦਾ ਹੀ ਹੁੰਦਾ ਹੈ। ਗੁਰਿੰਦਰ ਚੱਢਾ ਖੁਸ਼ ਹੈ ਕਿ ਹੰਸ ਰਾਜ ਇਸ ਗੀਤ ਲਈ ਪੂਰਾ ਨਿਭਿਆ ਹੈ ਅਤੇ ਇਸ ਗੀਤ ਨਾਲ ਫਿਲਮ ਦੀ ਚਰਚਾ ਦੂਣ-ਸਵਾਈ ਹੋਈ ਹੈ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਜੁਲਾਈ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-282



*ਪੱਗਾਂ ਲਾਹੁੰਦੇ ਰਹਿਣ ਪੁਲਸੀਏ ਪਰ ਸਿਜਦਾ ਇਸ ਬੇਲੀ ਨੂੰ।*
*ਫੋਟੋ ਦੇਖ ਕੇ ਕਹਿਣਾ ਪਊਗਾ, ਉਲਟੇ ਬਾਂਸ ਬਰੇਲੀ ਨੂੰ।*

## ਕੈਪਸ਼ਨ ਮੁਕਾਬਲਾ-280



ਤੱਕ ਘਰ ਮੁੰਡਾ ਵਿਹਲਾ ਬੈਠਾ
ਸੁਨੇਹਾ ਬਾਪੂ ਨੇ ਖੇਤਾਂ ਤੋਂ ਘੱਲਿਆ।
ਮੱਥੇ ਪਾ ਤਿਊੜੀ ਪੈਦਲ ਜਾਣ ਤੋਂ
ਲੈ ਲੈਪਟਾਪ ਆ ਗੱਡਾ ਮੱਲਿਆ।
ਗੁਆਚ ਗਿਆ ਫਿਰ ਇੰਟਰਨੈਟ 'ਤੇ
ਖਵਰੇ ਰਾਸਤਾ ਖੇਤਾਂ ਦਾ ਭੁੱਲਿਆ।
ਪਾ ਕੇ ਡਾਇਰੈਕਸ਼ਨਾਂ ਗੂਗਲ ਉਤੇ
ਜਾਪੇ ਆਪ ਯੂ-ਟਿਊਬ 'ਤੇ ਡੁੱਲ੍ਹਿਆ।
ਵਿਗਿਆਨ ਨੇ ਕੀਤੀ ਬੜੀ ਤਰੱਕੀ
ਮਾਣਦੀ ਜਿਸ ਨੂੰ ਨਵੀਂ ਜਵਾਨੀ।
ਦਿਮਾਗ ਦਾ ਪੱਤਾ ਸਾਫ ਕਰੇ ਇਹ
ਅੱਖਾਂ-ਅੰਗਾਂ ਦੀ ਵੀ ਕਰਦੀ ਹਾਨੀ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਭਰੋਸਾ ਬਹੁਤਾ ਨਹੀਂ ਏਸ 'ਤੇ
'ਮਰੀਕਣ ਇਹ ਕਹਿਲਾਵੇ।
ਜੀ.ਪੀ.ਐਸ. ਲਾ ਕੇ ਵੇਖਾਂ
ਕਿਹੜਾ ਰਾਹ ਖੇਤ ਨੂੰ ਜਾਵੇ।

***-ਜਗਮੀਤ ਸਿੰਘ ਪੰਧੇਰ***

---

ਨਵਾਂ ਜਮਾਨਾ, ਨਵੇਂ ਹੀ ਰੰਗ,
ਇੰਟਰਨੈਟ ਨੇ ਲਿਆ ਹੈ ਟੰਗ।
ਰੱਸਾ ਖਿੱਚ ਕੇ ਵੱਛਾ ਫੜਿਆ,
ਫੇਸਬੁੱਕ, ਵਟਸ-ਐਪ 'ਤੇ ਚੜ੍ਹਿਆ।
ਕੰਮੀ ਮੁੰਡਾ ਹੁਕਮ ਉਡੀਕੇ,
ਰੇੜ੍ਹੇ 'ਤੇ ਪੱਠੇ ਲੱਦਣ ਦਾ ਕੰਮ ਅੜਿਆ।
ਜੇ ਨਾ ਸਮੇਂ ਦੀ ਨਬਜ਼ ਪਛਾਣੀ,
ਕਰਜਾ ਸਦਾ ਰਹੇਗਾ ਚੜ੍ਹਿਆ।

***-ਦਵਿੰਦਰ ਕੌਰ***

---

ਰੁਕ ਜਾਹ ਛੋਟੇ, ਚੈਕ ਕਰਨ ਦੇ ਨੈਟ
ਲੱਗਦਾ ਏਥੇ ਨੈਟ ਦਾ ਸਿਗਨਲ ਆਵੇ।
ਵੱਡਾ ਭਰਾ ਵਿਦੇਸ਼ੋਂ ਆਇਆ
ਲੈਪਟਾਪ ਨਾਲ ਲਿਆਇਆ
ਵੱਛੇ ਦੀ ਖਿੱਚ ਕੇ ਰੱਸੀ
ਗੱਡੇ ਦੀਆਂ ਬਰੇਕਾਂ ਲਾਵੇ।
ਖੋਲ੍ਹ ਕੇ ਵੱਟਸ ਐਪ ਚਲਾਓ
ਪਿੰਡ ਦਾ ਹਾਲ ਵਿਦੇਸ਼ ਦਿਖਾਓ।
ਸ਼ਹਿਰਾਂ ਕਰ ਲਈ ਤਰੱਕੀ
ਪਿੰਡਾਂ ਦਾ ਓਹੀ ਹਾਲ।
ਗੂਗਲ ਬਾਬਾ ਸਾਰੇ ਪਾਸੇ
ਕਰੀ ਜਾਂਦਾ ਕਮਾਲ।

***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਹੋਛੇ ਜੱਟ ਨੂੰ ਕਟੋਰਾ ਲੱਭਿਆ
ਪਾਣੀ ਪੀਂਦਾ ਵਾਰ ਵਾਰ।
ਮੰਗਵੀਂ ਚੀਜ਼ ਨੂੰ ਖੂਬ ਵਰਤਣਾ
ਇਹ ਹੈ ਜੱਟਕਾ ਸਭਿਆਚਾਰ।
ਨਵੀਂ ਦੁਨੀਆਂ ਨਾਲ ਜੁੜਨ ਦਾ ਚਾਓ
ਬਾਪੂ ਭਾਵੇਂ ਫਾਹੇ ਲੱਗੇ ਹੋ ਕਰਜਦਾਰ।

***-ਅਮਰਜੀਤ ਸਿੰਘ ਤੂਰ***

---

ਸ਼ਹਿਰੀ ਬੱਚੇ ਕੀ ਜਾਣਨ
ਪੇਂਡੂਆਂ ਦੀ ਗੱਡਾ-ਰੇੜ੍ਹੀ
ਪੇਂਡੂ ਮੁੰਡਿਆਂ ਦੀ ਸੈਰ ਸਫਾਰੀ।
ਪੱਠੇ ਵੱਢ ਕੇ ਲਿਆਉਣ,
ਨਾਲੇ ਲਾਉਂਦੇ ਗੇੜੀ।
ਗੂਗਲ ਬਾਬੇ ਨਾਲ ਸਰਦਾਰੀ
ਬੱਚਿਆਂ ਦੇ ਸ਼ੁਗਲਾਂ ਨਾਲ
ਬਾਪੂ ਦੇ ਕਰਜੇ ਦੀ ਪੰਡ ਹੋ'ਗੀ ਭਾਰੀ।

***-ਗਿਆਨੀ ਜਗਜੀਤ ਕੌਰ ਚੰਡੀਗੜ੍ਹ***


---

ਯੁਗ ਹੈ ਵਿਗਿਆਨ ਦਾ, ਬਟਨ ਦੱਬੋ ਸਿਰਫ
ਲੋੜ ਨਹੀਂ ਘੋਂਚਲਨ ਦੀ
ਸਾਰੀ ਤਸਵੀਰ ਹਕੀਕਤ ਸਾਹਵੇਂ।
ਜਰੂਰੀ ਨਹੀਂ,
ਹਵਾਈ ਜਹਾਜ਼ ਤੋਂ ਲਓ ਤਸਵੀਰਾਂ,
ਬਹਿ ਛਕੜੇ 'ਤੇ ਵੀ
ਬਣਾ ਸਕਦੇ ਹੋ ਗੂਗਲ ਸਹਾਰੇ
ਜ਼ਿੰਦਗੀ ਤੁਰਦੀ ਫਿਰਦੀ।
ਪੇਂਡੂ ਹਰਿਆਈਆਂ ਚਾਰੇ ਪਾਸੇ
ਜਾਂ ਫਿਰ ਝੁਲਸੇ ਹੋਏ ਖੇਤ
ਪਾ ਕੀਟਨਾਸਕ, ਕੈਮੀਕਲ
ਤਬਾਹ ਕਰ ਦਿੱਤੀਆਂ ਫਸਲਾਂ।

***-ਦਰਸ਼ਨਪਾਲ ਦੋਸਾਂਝ***

# ਭਾਈਚਾਰੇ ਦਾ ਨਾਂ ਚਮਕਾਉਣ ਵਾਲਾ-ਗੁਰਬਖਸ਼ ਸਿੰਘ ਸਿੱਧੂ

ਅਮਰੀਕਾ ਦੀ ਖੂਬਸੂਰਤ ਸਟੇਟ ਕੈਲੇਫੋਰਨੀਆਂ ਦੀਆਂ ਵਾਦੀਆਂ ਵਿਚ ਵਸਿਆ ਸੋਹਣਾ ਸ਼ਹਿਰ ਫਰਿਜ਼ਨੋ, ਜਿਸ ਨੂੰ ਪੰਜਾਬੀਆਂ ਦੀ ਸੰਘਣੀ ਵਸੋਂ ਕਰਕੇ ਮਿੰਨੀ ਪੰਜਾਬ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸੇ ਸ਼ਹਿਰ ਦਾ 63 ਸਾਲਾ ਸਿੱਖ ਸਰਦਾਰ ਗੁਰਬਖਸ਼ ਸਿੰਘ ਸਿੱਧੂ ਜਿਥੇ ਪੰਜਾਬੀਅਤ ਦਾ ਨਾਮ ਖੇਡਾਂ ਜ਼ਰੀਏ ਪੂਰੀ



**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ**
**ਫੋਨ: (559)-333-5776**

ਦੁਨੀਆਂ ਵਿਚ ਰੌਸ਼ਨ ਕਰ ਰਿਹਾ ਹੈ, ਉਥੇ ਸਿੱਖ ਪਹਿਚਾਣ ਲਈ ਵੀ ਮੀਲ ਪੱਥਰ ਸਾਬਤ ਹੋ ਰਿਹਾ ਹੈ। ਫਰਿਜ਼ਨੋ ਏਰੀਏ ਦੇ ਕਬੱਡੀ ਮੇਲਿਆਂ ਵਿਚ ਸਾਊ ਸੁਭਾਅ ਦਾ ਮਾਲਕ ਸਾਢੇ ਛੇ ਫੁਟ ਉਚਾ ਸੁਡੌਲ ਸਰੀਰ ਦਾ ਸ. ਗੁਰਬਖਸ਼ ਸਿੰਘ ਸਿੱਧੂ ਅਕਸਰ ਘੁੰਮਦਾ ਮਿਲ ਜਾਂਦਾ ਹੈ।

ਗੁਰਬਖਸ਼ ਸਿੰਘ ਸਿੱਧੂ ਬਚਪਨ ਤੋਂ ਹੀ ਖੇਡ ਜਗਤ ਨਾਲ ਜੁੜਿਆ ਰਿਹਾ ਹੈ। ਆਪਣੀ ਜਵਾਨੀ ਵੇਲੇ ਗੁਰਬਖਸ਼ ਨੇ ਪੰਜਾਬ ਰਹਿੰਦਿਆਂ ਖੇਡਾਂ ਵਿਚ ਵੱਡੀਆਂ ਮੱਲਾਂ ਮਾਰੀਆਂ ਤੇ ਆਪਣੇ ਇਲਾਕੇ ਦਾ ਨਾਂ ਖੂਬ ਰੌਸ਼ਨ ਕੀਤਾ। ਗੁਰਬਖਸ਼ ਸਿੰਘ ਸਿੱਧੂ ਦਾ ਪਿਛਲਾ ਪਿੰਡ ਚੰਗਾਲ, ਜਿਲ੍ਹਾ ਸੰਗਰੂਰ ਵਿਚ ਪੈਂਦਾ ਹੈ। ਉਸ ਦਾ ਜਨਮ 15 ਜੂਨ 1955 ਨੂੰ ਪਿਤਾ ਬਚਨ ਸਿੰਘ ਦੇ ਘਰ ਮਾਤਾ ਹਰਦੇਵ ਕੌਰ ਦੀ ਕੁੱਖੋਂ ਨਾਨਕੇ ਪਿੰਡ ਨੰਦਗੜ੍ਹ ਵਿਖੇ ਹੋਇਆ। 1970 ਵਿਚ ਗੁਰੂ ਨਾਨਕ ਸਕੂਲ ਸੰਗਰੂਰ ਤੋਂ ਦਸਵੀਂ ਕਰਨ ਉਪਰੰਤ ਗੁਰਬਖਸ਼ ਸਿੰਘ ਨੇ ਰਣਬੀਰ ਕਾਲਜ ਸੰਗਰੂਰ ਵਿਚ ਜਾ ਦਾਖਲਾ ਲਿਆ ਤੇ 1975 ਵਿਚ ਗ੍ਰੈਜੂਏਸ਼ਨ ਕੀਤੀ। ਇਸ ਪਿੱਛੋਂ ਉਸ ਨੇ ਮਹਿੰਦਰਾ ਕਾਲਜ ਪਟਿਆਲੇ ਤੋਂ ਐਮ.ਏ. ਹਿਸਟਰੀ ਕੀਤੀ।

ਪੜ੍ਹਾਈ ਦੇ ਨਾਲ ਨਾਲ ਗੁਰਬਖਸ਼ ਸਿੰਘ ਨੇ ਸਕੂਲ ਅਤੇ ਕਾਲਜ ਸਮੇਂ ਦੌਰਾਨ ਡਿਸਕਸ ਥਰੋ, ਸ਼ਾਟ-ਪੁਟ ਤੇ ਹੈਮਰ ਥਰੋ ਵਿਚ ਚੰਗਾ ਨਾਮਣਾ ਖੱਟਿਆ। ਉਹ ਕਾਲਜ ਵਿਚ ਦੋ ਸਾਲ ਫੁਟਬਾਲ ਟੀਮ ਦਾ ਵੀ ਵਧੀਆ ਖਿਡਾਰੀ ਰਿਹਾ। ਸਿੱਧੂ ਨੇ ਉਜੈਨ ਵਿਖੇ 1979 ਵਿਚ ਕੁਲ ਹਿੰਦ ਇੰਟਰ ਵਰਸਿਟੀ ਅਥਲੈਟਿਕ ਚੈਪੀਅਨਸ਼ਿਪ ਵਿਚ ਵੀ ਹਿੱਸਾ ਲਿਆ।



1979 ਵਿਚ ਵਿਆਹ ਦੇ ਬੰਧਨ ਵਿਚ ਬੱਝਣ ਪਿਛੋਂ ਸਿੱਧੂ ਅਮਰੀਕਾ ਆਣ ਵਸੇ ਤੇ ਇਥੇ ਆ ਕੇ ਵੀ ਕੰਮ ਦੇ ਨਾਲ ਨਾਲ ਖੇਡਾਂ ਦੇ ਸ਼ੌਕ ਨੂੰ ਜਿਉਂਦਾ ਰੱਖਿਆ ਅਤੇ ਖੇਡ ਜਗਤ ਵਿਚ ਆਪਣੀ ਇੱਕ ਵੱਖਰੀ ਪਛਾਣ ਬਣਾਈ। ਸਿੱਧੂ ਨੇ ਸਮੇਂ ਸਮੇਂ ਤੇ ਵੱਖੋ-ਵੱਖਰੀਆਂ ਖੇਡਾਂ ਵਿਚ ਕਈ ਵਾਰੀ ਕੈਲੀਫੋਰਨੀਆ ਸਟੇਟ ਦੀ ਪ੍ਰਤੀਨਿਧਤਾ ਕੀਤੀ। ਇਸ ਤੋਂ ਇਲਾਵਾ ਇੰਡੀਅਨ ਐਸੋਸੀਏਸ਼ਨ ਵੱਲੋਂ ਯੂ.ਐਸ.ਏ. ਦੇ ਵੱਖ ਵੱਖ ਕਲੱਬਾਂ ਦੇ ਮੁਕਾਬਲਿਆਂ ਵਿਚ ਲਗਾਤਾਰ 16 ਸਾਲ ਸ਼ਿਰਕਤ ਕੀਤੀ। ਜਦੋਂ ਵੀ ਕੰਮ ਤੋਂ ਵਿਹਲ ਮਿਲਦੀ ਹੈ, ਗੁਰਬਖਸ਼ ਸਿੰਘ ਜਿਮ ਜਾਂ ਲੋਕਲ ਟਰੈਕ ਵਿਚ ਕਸਰਤ ਕਰਨ ਪਹੁੰਚ ਜਾਂਦਾ ਹੈ। ਆਪਣੀ ਮਿਹਨਤ ਅਤੇ ਲਗਨ ਸਦਕਾ ਹੀ ਉਸ ਦਾ ਨਾਂ ਅਮਰੀਕਾ ਦੇ ਸੀਨੀਅਰ ਖਿਡਾਰੀਆਂ ਵਿਚ ਗਿਣਿਆ ਜਾਂਦਾ ਹੈ। ਬਰਮਿੰਘਮ ਵਿਚ ਹੋਈਆਂ ਪਿਛਲੀਆਂ ਅਮੈਰਿਕਨ ਨੈਸ਼ਨਲ ਖੇਡਾਂ ਵਿਚ 60-64 ਸਾਲ ਉਮਰ ਵਰਗ ਵਿਚ ਹਿੱਸਾ ਲੈਂਦਿਆਂ ਗੁਰਬਖਸ਼ ਸਿੰਘ ਸਿੱਧੂ ਨੇ 43.45 ਮੀਟਰ ਹੈਮਰ ਥਰੋ ਵਿਚ ਚਾਂਦੀ ਦਾ ਤਮਗਾ ਜਿੱਤ ਕੇ ਆਪਣੀ ਤਾਕਤ ਦਾ ਲੋਹਾ ਮੰਨਵਾਇਆ।





ਇਨ੍ਹਾਂ ਖੇਡਾਂ ਵਿਚ ਯੂ.ਐਸ.ਏ. ਦੀਆਂ 50 ਸਟੇਟਾਂ ਦੇ ਖਿਡਾਰੀਆਂ ਨੇ ਵੱਖ ਵੱਖ ਮੁਕਾਬਲਿਆਂ ਵਿਚ ਹਿੱਸਾ ਲਿਆ ਸੀ। ਹੈਮਰ ਥਰੋ ਵਿਚ ਟੈਕਸਸ ਸਟੇਟ ਦੇ ਡੇਵਿਡ ਬੋਲਿਸ ਨੇ 46.32 ਮੀਟਰ ਤੇ ਟੈਨੇਸੀ ਸਟੇਟ ਦੇ ਜਾਨ ਮੈਕਰੇਸੀ ਨੇ 43.16 ਮੀਟਰ ਹੈਮਰ ਥਰੋ ਕੀਤਾ। ਗੁਰਬਖਸ਼ ਸਿੰਘ ਨੇ ਛੇਵੇਂ ਥਰੋ ਵਿਚ ਜਾਨ ਮੈਕਰੇਸੀ ਨੂੰ ਪਛਾੜ ਕੇ ਦੂਜਾ ਸਥਾਨ ਹਾਸਲ ਕੀਤਾ।

ਹੈਮਰ ਥਰੋ ਵਰਗੀ ਤਕਨੀਕੀ ਖੇਡ ਵਿਚ ਨਾਮਣਾ ਖੱਟਣਾ ਕਿਸੇ ਐਰੇ-ਗੈਰੇ ਦਾ ਕੰਮ ਨਹੀਂ ਬਲਕਿ ਸਖਤ ਮਿਹਨਤ ਦੇ ਨਾਲ ਨਾਲ ਖੇਡ ਵਿਗਿਆਨ ਦੀ ਭਰਪੂਰ ਜਾਣਕਾਰੀ ਵੀ ਹੋਣੀ ਚਾਹੀਦੀ ਹੈ। ਕੰਮ ਕਾਰ ਅਤੇ ਪਰਿਵਾਰਕ ਜਿੰਮੇਵਾਰੀਆਂ 'ਚੋਂ ਟਾਈਮ ਕੱਢ ਕੇ ਅਮਰੀਕੀ ਲੋਕਾਂ ਨਾਲ ਖੇਡ ਮੈਦਾਨ ਵਿਚ ਦੋ ਦੋ ਹੱਥ ਕਰਨੇ ਕਿਸੇ ਭਗਤੀ ਨਾਲੋਂ ਘੱਟ ਨਹੀਂ। ਅਮਰੀਕੀ ਖੇਡ ਮੈਦਾਨਾਂ ਵਿਚ ਮੈਡਲ ਜਿੱਤ ਕੇ ਜਿਥੇ ਗੁਰਬਖਸ਼ ਸਿੰਘ ਸਿੱਧੂ ਆਪਣੇ ਇਲਾਕੇ ਅਤੇ ਪਿੰਡ ਦਾ ਨਾਂ ਰੌਸ਼ਨ ਕਰ ਰਿਹਾ ਹੈ, ਉਥੇ ਦਸਤਾਰ ਸਜਾ ਕੇ ਜਦੋਂ ਕੈਲੀਫਰਨੀਆ ਦਾ ਝੰਡਾ ਚੁੱਕ ਕੇ ਖੇਡ ਮੈਦਾਨਾਂ ਦਾ ਸ਼ਿੰਗਾਰ ਬਣਦਾ ਹੈ ਤਾਂ ਪੂਰੀ ਸਿੱਖ ਕੌਮ ਦਾ ਸਿਰ ਵੀ ਫਖਰ ਨਾਲ ਉਚਾ ਕਰਦਾ ਹੈ। ਸਾਡੀਆਂ ਸੁਭ ਇੱਛਾਵਾਂ ਗੁਰਬਖਸ਼ ਸਿੰਘ ਸਿੱਧੂ ਦੀ ਚੜਦੀ ਕਲਾ ਲਈ।

# ਪਾਕਿਸਤਾਨੀ ਸਿੱਖਾਂ ਦਾ ਮੋਦੀ ਸਰਕਾਰ ਖਿਲਾਫ ਰੋਹ

**ਲਾਹੌਰ:** ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਜਥੇ ਨੂੰ ਭਾਰਤ ਸਰਕਾਰ ਵੱਲੋਂ ਇਜਾਜ਼ਤ ਨਾ ਦੇਣ ਦੇ ਵਿਰੋਧ ਵਿਚ ਪਾਕਿਸਤਾਨ ਦੇ ਸਿੱਖਾਂ ਨੇ ਲਾਹੌਰ ਵਿਚ ਮੋਦੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਇਨ੍ਹਾਂ ਲੋਕਾਂ ਵੱਲੋਂ ਭਾਰਤ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ ਤੇ ਖਾਲਿਸਤਾਨੀ ਪੱਖੀ ਨਾਅਰੇ ਵੀ ਲਾਏ ਗਏ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਦੀ ਅਗਵਾਈ ਵਿਚ ਕੀਤੇ ਪ੍ਰਦਰਸ਼ਨ ਵਿਚ ਭਾਰਤੀ ਸਿੱਖ ਜਥਿਆਂ ਨੂੰ ਅਟਾਰੀ ਰੇਲਵੇ ਸਟੇਸ਼ਨ 'ਤੇ ਰੋਕੇ ਜਾਣ ਦਾ ਵਿਰੋਧ ਕੀਤਾ ਗਿਆ। ਇਸ ਮੌਕੇ ਬਿਸ਼ਨ ਸਿੰਘ ਨੇ 8 ਜੂਨ ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ 28 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਵਾਲੇ ਜਥੇ ਨੂੰ ਵਿਸ਼ੇਸ਼ ਰੇਲ ਗੱਡੀ ਰਾਹੀਂ ਪਾਕਿਸਤਾਨ ਨਾ ਜਾਣ ਦੇਣ ਦੇ ਭਾਰਤ ਸਰਕਾਰ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਅਟਾਰੀ ਰੇਲਵੇ ਸਟੇਸ਼ਨ ਦੇ ਰੋਕ ਦਿੱਤਾ ਗਿਆ ਜਦਕਿ ਪਾਕਿਸਤਾਨ ਵੱਲੋਂ ਭੇਜੀ ਗਈ ਸਪੈਸ਼ਲ ਰੇਲ ਗੱਡੀ ਸ਼ਾਮ ਤੱਕ ਜ਼ੀਰੋ ਲਾਈਨ 'ਤੇ ਇੰਤਜ਼ਾਰ ਕਰਦੀ ਰਹੀ।

ਉਨ੍ਹਾਂ ਕਿਹਾ ਕਿ ਹਰ ਸਿੱਖ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਹਰ ਰੋਜ਼ ਅਰਦਾਸ ਕਰਦਾ ਹੈ। ਇਸ ਲਈ ਭਾਰਤ ਸਰਕਾਰ ਨੂੰ ਜਥੇ ਰੋਕਣ ਦੀ ਥਾਂ ਭਾਰਤੀ ਸਿੱਖਾਂ ਦੇ ਜਥਿਆਂ ਨੂੰ ਹੋਰ ਵਧੇਰੇ ਸੁਚੱਜੇ ਢੰਗ ਨਾਲ ਪਾਕਿਸਤਾਨ ਭੇਜੇ ਜਾਣ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ।





ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

# ਸੁਖਬੀਰ ਦੇ ਸੁਪਨਈ ਪ੍ਰਾਜੈਕਟਾਂ ਨੂੰ ਲੱਗੀਆਂ ਬਰੇਕਾਂ

## ਜ਼ਿਆਦਾਤਰ ਪ੍ਰਾਜੈਕਟਾਂ ਲਈ ਜਾਰੀ ਰਕਮ ਵੀ ਵਾਪਸ ਮੰਗਵਾਈ

**ਅੰਮ੍ਰਿਤਸਰ:** ਪੰਜਾਬ ਵਿਚ ਸੱਤਾ ਬਦਲਣ ਮਗਰੋਂ ਪੁਰਾਣੀ ਸਰਕਾਰ ਦੀਆਂ ਯੋਜਨਾਵਾਂ ਨੂੰ ਬਰੇਕਾਂ ਲੱਗ ਗਈਆਂ ਹਨ। ਕਾਂਗਰਸ ਨੇ ਪਿਛਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਦੀਆਂ ਚੱਲ ਰਹੀਆਂ ਕਈ ਯੋਜਨਾਵਾਂ ਨੂੰ ਜਾਂ ਤਾਂ ਠੱਪ ਕਰ ਦਿੱਤਾ ਹੈ ਜਾਂ ਠੱਪ ਕਰਨ ਦੀ ਤਿਆਰੀ ਹੈ। ਕਈ ਯੋਜਨਾਵਾਂ ਵਾਸਤੇ ਜਾਰੀ ਰਕਮ ਵਾਪਸ ਮੰਗਵਾ ਲਈ ਹੈ।

ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਅੰਮ੍ਰਿਤਸਰ ਵਿਚ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਸਨ, ਜਿਨ੍ਹਾਂ ਵਿਚ ਹਰੀਕੇ ਜਲਗਾਹ ਵਿਚ ਜਲ ਬੱਸ ਚਲਾਉਣਾ ਵੀ ਸ਼ਾਮਲ ਸੀ। ਲਗਭਗ 11 ਕਰੋੜ ਰੁਪਏ ਦੀ ਲਾਗਤ ਵਾਲੀ ਜਲ ਬੱਸ ਯੋਜਨਾ ਦਸੰਬਰ 2016 ਵਿਚ ਸ਼ੁਰੂ ਹੋਈ ਸੀ। ਸਰਕਾਰ ਨੇ ਜਲ ਬੱਸ ਵਿਦੇਸ਼ ਤੋਂ ਤਿਆਰ ਕਰਵਾਈ ਸੀ ਤੇ ਬੱਸ ਵਾਸਤੇ ਵਿਸ਼ੇਸ਼ ਟਰਮੀਨਲ ਬਣਾਇਆ ਸੀ ਪਰ ਕਾਂਗਰਸ ਸਰਕਾਰ ਨੇ ਜਲ ਬੱਸ ਨੂੰ ਬਰੇਕ ਲਾ ਦਿੱਤੀ। ਇਸ ਤਰ੍ਹਾਂ ਅੰਮ੍ਰਿਤਸਰ ਵਿਚ ਲਗਭਗ 65 ਵਾਰਡਾਂ ਦੇ ਵਿਕਾਸ ਕਾਰਜਾਂ ਵਾਸਤੇ ਸਰਕਾਰ ਵੱਲੋਂ ਤਕਰੀਬਨ 800 ਕਰੋੜ ਰੁਪਏ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿਚੋਂ 400 ਕਰੋੜ ਰੁਪਏ ਖਰਚ ਹੋ ਚੁੱਕੇ ਹਨ। ਨਵੀਂ ਸਰਕਾਰ ਨੇ ਵਾਰਡਾਂ ਵਿਚ ਵਿਕਾਸ ਕਾਰਜਾਂ ਲਈ ਆਈ ਬਾਕੀ ਰਕਮ ਵਾਪਸ ਮੰਗਵਾ ਲਈ ਹੈ। ਨਗਰ ਨਿਗਮ ਦੇ ਮੇਅਰ ਬਖ਼ਸ਼ੀ ਰਾਮ ਅਰੋੜਾ ਦਾ ਕਹਿਣਾ ਹੈ ਕਿ ਸੱਤਾ ਤਬਦੀਲੀ ਮਗਰੋਂ ਪਹਿਲਾਂ ਇਕ ਪੱਤਰ ਆਇਆ ਸੀ, ਜਿਸ ਰਾਹੀਂ ਸਰਕਾਰ ਨੇ ਸਾਰੀ ਬਕਾਇਆ ਰਾਸ਼ੀ ਵਾਪਸ ਮੰਗਵਾ ਲਈ ਸੀ ਪਰ ਮਗਰੋਂ ਸਰਕਾਰ ਨੂੰ ਜਾਣੂ ਕਰਵਾਇਆ ਗਿਆ ਕਿ ਸਾਰੀ ਰਕਮ ਵਾਪਸ ਮੰਗਵਾਉਣ ਨਾਲ ਵਿਕਾਸ ਕਾਰਜ ਰੁਕ ਗਏ ਹਨ। ਹੁਣ ਸਰਕਾਰ



ਨੇ ਵਿਕਾਸ ਕਾਰਜ ਮੁਕੰਮਲ ਕਰਵਾਉਣ ਦੇ ਆਦੇਸ਼ ਦਿੱਤੇ ਹਨ ਪਰ ਨਵੇਂ ਵਿਕਾਸ ਕਾਰਜ ਵਿੱਢਣ 'ਤੇ ਰੋਕ ਲਾ ਦਿੱਤੀ ਹੈ।

ਇਹੀ ਸਥਿਤੀ ਬਹੁ-ਕਰੋੜੀ ਬੱਸ ਰੈਪਿਡ ਟਰਾਂਜ਼ਿਟ ਸਿਸਟਮ (ਬੀ.ਆਰ.ਟੀ.ਐਸ.) ਦੀ ਹੈ। ਇਹ ਯੋਜਨਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਅਹਿਮ ਯੋਜਨਾਵਾਂ ਵਿਚੋਂ ਇਕ ਸੀ। ਇਸ ਯੋਜਨਾ ਦਾ ਵੱਡਾ ਹਿੱਸਾ ਮੁਕੰਮਲ ਹੋ ਚੁੱਕਾ ਹੈ। ਇਸ ਦੇ ਪਹਿਲੇ ਪੜਾਅ ਦਾ ਪਿਛਲੀ ਸਰਕਾਰ ਵੱਲੋਂ ਦਸੰਬਰ 2016 ਵਿਚ ਉਦਘਾਟਨ ਵੀ ਕਰ ਦਿੱਤਾ ਗਿਆ ਸੀ।

ਇਸ ਯੋਜਨਾ ਦੇ ਸਾਰੇ ਪੜਾਅ ਫਰਵਰੀ 2017 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਸੀ, ਹੁਣ ਚਾਰ ਮਹੀਨੇ ਉਤੇ ਹੋ ਗਏ ਹਨ ਪਰ ਯੋਜਨਾ ਮੁਕੰਮਲ ਨਹੀਂ ਹੋਈ। ਇਸ ਯੋਜਨਾ ਉਤੇ ਹੁਣ ਤੱਕ ਕਈ ਕਰੋੜ ਰੁਪਏ ਖਰਚ ਹੋ ਚੁੱਕੇ ਹਨ। ਇਸ ਲਈ ਯੋਜਨਾ ਨੂੰ ਚਾਲੂ ਰੱਖਣ ਦਾ ਫੈਸਲਾ ਕੀਤਾ ਗਿਆ ਪਰ ਇਸ ਦੀ ਉਸਾਰੀ ਕੀੜੀ ਚਾਲ ਚੱਲ ਰਹੀ ਹੈ। ਹਰਿਮੰਦਰ ਸਾਹਿਬ ਨੇੜੇ ਬਣਾਈ ਵਿਰਾਸਤੀ ਸਟਰੀਟ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਬਜਟ ਰੱਖਣ ਲਈ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ। ਇਸ ਯੋਜਨਾ 'ਤੇ ਕਰੋੜਾਂ ਰੁਪਏ ਖਰਚ ਹੋਏ ਹਨ। ਇਸ ਤੋਂ ਇਲਾਵਾ ਦਰਬਾਰ ਸਾਹਿਬ ਵਿਚ ਅਤਿ ਆਧੁਨਿਕ ਵਿਆਖਿਆ ਕੇਂਦਰ ਵੀ ਬਣਾਇਆ ਗਿਆ ਹੈ। ਵਿਰਾਸਤੀ ਮਾਰਗ ਦੀ ਦੇਖਭਾਲ ਸਮੇਤ ਹੋਰ ਕਾਰਜਾਂ ਵਾਸਤੇ ਲਗਭਗ 150 ਕਰਮਚਾਰੀ ਵੀ ਰੱਖੇ ਗਏ ਹਨ ਪਰ ਇਸ ਵਾਸਤੇ ਵਿਸ਼ੇਸ਼ ਫੰਡਾਂ ਦਾ ਬੰਦੋਬਸਤ ਨਹੀਂ ਕੀਤਾ ਗਿਆ।

### ਬਾਦਲਾਂ ਦੇ ਹਲਕਿਆਂ ਵਿਚ ਫੰਡਾਂ ਦਾ ਸੋਕਾ

**ਬਠਿੰਡਾ:** ਹਕੂਮਤ ਬਦਲਣ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਤੋਂ ਇਲਾਵਾ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਦੇ ਸੰਸਦੀ ਹਲਕੇ ਵਿਚ ਫੰਡਾਂ ਦਾ ਸੋਕਾ ਪੈ ਗਿਆ ਹੈ। ਨਵੀਂ ਸਰਕਾਰ ਨੇ ਮੁਕਤਸਰ ਜ਼ਿਲ੍ਹੇ ਵਿਚੋਂ ਕਰੀਬ ਚਾਰ ਕਰੋੜ ਰੁਪਏ ਵਾਪਸ ਲੈ ਲਏ ਹਨ, ਜਿਸ ਵਿਚੋਂ ਢਾਈ ਕਰੋੜ ਰੁਪਏ ਇਕੱਲੇ ਹਲਕਾ ਲੰਬੀ ਦੇ ਸਨ। ਸੱਤਾ ਬਦਲਣ ਮਗਰੋਂ ਬਠਿੰਡਾ ਤੇ ਮਾਨਸਾ ਵਿਚ ਵੀ ਫੰਡਾਂ ਦੀ ਵੱਡੀ ਤੋਟ ਆਈ ਹੈ। ਮੁਕਤਸਰ ਜ਼ਿਲ੍ਹੇ ਵਿਚ ਪੀ.ਆਈ.ਡੀ.ਬੀ. ਵੱਲੋਂ ਜੋ ਵਿਕਾਸ ਕਾਰਜ ਕਰਾਏ ਗਏ ਸਨ, ਉਨ੍ਹਾਂ ਦੇ 20 ਫੀਸਦੀ ਫੰਡ ਜੋ ਕਰੀਬ 15 ਕਰੋੜ ਦੇ ਹਨ, ਰੁਕ ਗਏ ਹਨ।

## 'ਆਪ' ਦੇ 3 ਵਿਧਾਇਕਾਂ ਖਿਲਾਫ ਕੇਸ ਦਰਜ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਇਕ ਔਰਤ ਨਾਲ ਦਿੱਲੀ ਵਿਧਾਨ ਸਭਾ ਕੈਂਪਸ ਵਿਚ ਦੁਰਵਿਹਾਰ ਦੇ ਦੋਸ਼ ਹੇਠ 'ਆਪ' ਤਿੰਨ ਵਿਧਾਇਕਾਂ ਖਿਲਾਫ਼ ਕੇਸ ਦਰਜ ਕੀਤਾ ਹੈ। ਸ਼ਿਕਾਇਤਕਰਤਾ ਔਰਤ ਨੇ ਦੋਸ਼ ਲਾਇਆ ਸੀ ਕਿ ਓਖਲਾ ਤੋਂ ਵਿਧਾਇਕ ਅਮਾਨਤਉਲ੍ਹਾ ਖ਼ਾਂ, ਮਾਲਵੀਆ ਨਗਰ ਤੋਂ ਵਿਧਾਇਕ ਸੋਮਨਾਥ ਭਾਰਤੀ ਤੇ ਤਿਲਕ ਨਗਰ ਤੋਂ ਵਿਧਾਇਕ ਜਰਨੈਲ ਸਿੰਘ ਵੱਲੋਂ ਉਸ ਨਾਲ ਵਿਧਾਨ ਸਭਾ ਕੈਂਪਸ ਵਿਚ 28 ਜੂਨ ਨੂੰ ਦੁਰਵਿਹਾਰ ਤੇ ਧੱਕਾਮੁੱਕੀ ਕੀਤੀ ਸੀ। ਇਹ ਉਹੀ ਔਰਤ ਦੱਸੀ ਜਾ ਰਹੀ ਹੈ ਜਿਸ ਵੱਲੋਂ ਸੰਜੇ ਸਿੰਘ ਉਪਰ ਰਾਜੌਰੀ ਗਾਰਡਨ ਵਿਚ ਹਮਲਾ ਕੀਤਾ ਗਿਆ ਸੀ।

## ਟੈਂਡਰ ਘਪਲਾ: ਚਾਰ ਇੰਜੀਨੀਅਰ ਮੁਅੱਤਲ

**ਚੰਡੀਗੜ੍ਹ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੱਧੂ ਨੇ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਵਿਚ ਅਕਾਲੀ-ਭਾਜਪਾ ਸਰਕਾਰ ਸਮੇਂ ਦੌਰਾਨ ਟੈਂਡਰਾਂ ਦੀ ਅਲਾਟਮੈਂਟ 'ਚ ਬੇਨੇਮੀਆਂ ਦੇ ਦੋਸ਼ ਹੇਠ ਚਾਰ ਨਿਗਰਾਨ ਇੰਜੀਨੀਅਰਾਂ ਨੂੰ ਮੁਅੱਤਲ ਕਰ ਦਿੱਤਾ ਹੈ। ਬਠਿੰਡਾ ਇੰਪਰੂਵਮੈਂਟ ਟਰੱਸਟ ਘੁਟਾਲੇ ਵਿਚ ਵਿਭਾਗ ਦੇ 7 ਅਫਸਰ ਪਹਿਲਾਂ ਮੁਅੱਤਲ ਹੋ ਚੁੱਕੇ ਹਨ।

# ਕੁੱਤਿਆਂ ਦੀ ਵੀ ਹੋਵੇਗੀ ਰਜਿਸਟਰੇਸ਼ਨ

**ਅੰਮ੍ਰਿਤਸਰ:** ਗੁਰੂ ਕੀ ਨਗਰੀ ਵਿਚ ਅਵਾਰਾ ਕੁੱਤਿਆਂ ਦੀ ਵਧ ਰਹੀ ਗਿਣਤੀ ਨੂੰ ਕਾਬੂ ਕਰਨ ਲਈ ਅੰਮ੍ਰਿਤਸਰ ਨਗਰ ਨਿਗਮ ਨੇ ਨਵੀਂ ਯੋਜਨਾ ਸ਼ੁਰੂ ਕੀਤੀ ਹੈ ਜਿਸ ਤਹਿਤ ਪਾਲਤੂ ਕੁੱਤਿਆਂ ਦੀ ਰਜਿਸਟਰੇਸ਼ਨ ਕਰ ਕੇ ਉਨ੍ਹਾਂ ਦੇ ਗਲੇ ਵਿਚ ਨੰਬਰੀ ਟੋਕਨ ਲਟਕਾਏ ਜਾਣਗੇ। ਨਿਗਮ ਵੱਲੋਂ ਕੁੱਤਿਆਂ ਦੀ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।



ਨਗਰ ਨਿਗਮ ਪਾਲਤੂ ਕੁੱਤਿਆਂ ਦੀ ਰਜਿਸਟਰੇਸ਼ਨ ਤੋਂ ਹੋਣ ਵਾਲੀ ਕਮਾਈ ਨਾਲ ਅਵਾਰਾ ਕੁੱਤਿਆਂ 'ਤੇ ਨਕੇਲ ਕੱਸਣ ਦੀ ਤਿਆਰੀ ਵਿਚ ਹੈ। ਨਿਗਮ ਵੱਲੋਂ ਪਾਲਤੂ ਕੁੱਤਿਆਂ ਦੀ ਰਜਿਸਟਰੇਸ਼ਨ ਕਰ ਕੇ ਉਨ੍ਹਾਂ ਦੀ ਵੈਕਸੀਨੇਸ਼ਨ ਕਰਨ ਅਤੇ ਉਨ੍ਹਾਂ ਦੇ ਗਲੇ 'ਚ ਟੈਗ ਲਗਾਉਣ ਤੋਂ ਇਲਾਵਾ ਕਾਰਡ ਬਣਾਉਣ ਦਾ ਕੰਮ ਸ਼ੁਰੂ ਕੀਤਾ ਹੈ। ਅੰਮ੍ਰਿਤਸਰ ਦੇ ਮੇਅਰ ਬਖਸ਼ੀ ਰਾਮ ਅਰੋੜਾ ਦਾ ਕਹਿਣਾ ਹੈ ਕਿ ਸ਼ਹਿਰ ਵਾਸੀਆਂ ਨੂੰ ਅਵਾਰਾ ਕੁੱਤਿਆਂ ਤੋਂ ਨਿਜਾਤ ਦਿਵਾਉਣ ਲਈ ਨਗਰ ਨਿਗਮ ਲੰਮੇ ਸਮੇਂ ਤੋਂ ਕੰਮ ਕਰ ਰਿਹਾ ਹੈ। ਇਸ ਕੰਮ ਲਈ ਜਾਰੀ ਕੀਤੇ ਜਾਣ ਵਾਲੇ ਫੰਡਾਂ ਵਿਚ ਵੀ ਕੋਈ ਦੇਰੀ ਨਹੀਂ ਕੀਤੀ ਜਾਂਦੀ। ਸ਼ਹਿਰ ਵਿਚ ਪਾਲਤੂ ਕੁੱਤਿਆ ਦੀ ਗਿਣਤੀ 9690 ਹੈ ਅਤੇ ਅਵਾਰਾ ਕੁੱਤੇ 19598 ਹਨ। ਕੁਝ ਸਮਾਂ ਪਹਿਲਾ ਕੁੱਤਿਆਂ ਦੀ ਨਸਬੰਦੀ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਪਰ ਉਸ 'ਚ ਕੁਝ ਰੁਕਾਵਟਾਂ ਪੈਦਾ ਹੋਣ ਨਾਲ ਉਸ ਕੰਮ ਨੂੰ ਰੋਕਣਾ ਪਿਆ।

# ਆਲ ਇੰਡੀਆ ਰੇਡੀਓ ਫਿਰ ਸ਼ੁਰੂ ਕਰੇਗਾ ਪੰਜਾਬੀ ਪ੍ਰਸਾਰਣ ਸੇਵਾ

**ਨਵੀਂ ਦਿੱਲੀ:** ਆਲ ਇੰਡੀਆ ਰੇਡੀਓ (ਏ.ਆਈ.ਆਰ.) ਸਰਹੱਦ ਦੇ ਦੋਵੇਂ ਪਾਸੇ ਪੰਜਾਬੀ ਬੋਲਣ ਵਾਲੇ ਖੇਤਰਾਂ ਤੱਕ ਆਪਣੀ ਪਹੁੰਚ ਵਧਾਉਣ ਲਈ ਪੰਜਾਬੀ ਪ੍ਰਸਾਰਣ ਸੇਵਾ ਨੂੰ ਫਿਰ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਮੌਜੂਦਾ ਸਮੇਂ ਏ.ਆਈ.ਆਰ. ਆਪਣੇ ਜਲੰਧਰ ਕੇਂਦਰ ਤੋਂ ਛੋਟੀਆਂ ਅਤੇ ਮੱਧਮ ਤਰੰਗਾਂ ਦੇ ਟ੍ਰਾਂਸਮੀਟਰਾਂ ਨਾਲ ਪੰਜਾਬੀ ਭਾਸ਼ਾ ਵਿਚ ਪ੍ਰੋਗਰਾਮ ਪ੍ਰਸਾਰਿਤ ਕਰਦਾ ਹੈ, ਜਿਸ ਨਾਲ ਵਧੀਆ ਆਵਾਜ਼ ਨਹੀਂ ਆਉਂਦੀ ਅਤੇ ਇਸ ਲਈ ਰੇਡੀਓ ਸੁਣਨ ਵਾਲੇ ਪਾਕਿਸਤਾਨੀ ਚੈਨਲਾਂ ਵੱਲ ਜਾ ਰਹੇ ਹਨ। ਦੂਜੇ ਪਾਸੇ ਪਾਕਿਸਤਾਨ ਵਿਚ ਦਰਜਨਾਂ ਪੰਜਾਬੀ ਚੈਨਲ ਹਨ ਜੋ ਭਾਰਤ ਦੇ ਪੰਜਾਬ ਤੋਂ ਵੀ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ। ਅਧਿਕਾਰੀ ਨੇ ਕਿਹਾ ਕਿ ਸਾਨੂੰ ਇਸ ਦਾ ਜਵਾਬ ਲੱਭਣ ਦੀ ਜ਼ਰੂਰਤ ਹੈ। ਜਲੰਧਰ ਤੋਂ ਇਲਾਵਾ ਅੰਮ੍ਰਿਤਸਰ ਵਿਚ ਲੱਗੇ ਐਫ.ਐਮ. ਟ੍ਰਾਂਸਮੀਟਰ 'ਤੇ ਵੀ ਪੰਜਾਬੀ ਸੇਵਾ ਸ਼ੁਰੂ ਹੋਵੇਗੀ ਜਿਸ ਨਾਲ ਇਹ ਨਿਸ਼ਚਤ ਕੀਤਾ ਜਾਵੇਗਾ ਕਿ ਸਰਹੱਦ ਤੋਂ 70 ਕਿਲੋਮੀਟਰ ਦੂਰ ਪਾਕਿਸਤਾਨ ਵਿਚ ਵਧੀਆ ਆਵਾਜ਼ ਸੁਣਾਈ ਦੇਵੇ।

ਅੰਮ੍ਰਿਤਸਰ 'ਚ ਨਵੇਂ ਐਫ.ਐਮ. ਟ੍ਰਾਂਸਮੀਟਰ ਦੀ ਰੇਂਜ ਲਾਹੌਰ, ਗੁਜਰਾਂਵਾਲਾ ਅਤੇ ਸਿਆਲਕੋਟ ਇਲਾਕਿਆਂ ਤੱਕ ਜਾ ਸਕਦੀ ਹੈ ਜੋ ਪੰਜਾਬੀ ਭਾਸ਼ਾ ਵਾਲੇ ਇਲਾਕੇ ਹਨ। ਪਾਕਿਸਤਾਨੀ ਪੰਜਾਬੀਆਂ ਨੂੰ ਭਾਸ਼ਾ ਦੀ ਗਲਵਕੜੀ ਰਾਹੀਂ ਕੋਲ ਲਿਆਉਣ ਦੀ ਕਵਾਇਦ ਆਲ ਇੰਡੀਆ ਰੇਡੀਓ ਵੱਲੋਂ ਕੀਤੀ ਜਾ ਰਹੀ ਹੈ। ਭਾਰਤ ਦੇ ਰਾਸ਼ਟਰੀ ਪ੍ਰਸਾਰਨਕਰਤਾ ਆਲ ਇੰਡੀਆ ਰੇਡੀਓ ਵੱਲੋਂ ਸੱਭਿਆਚਾਰਕ ਸਾਂਝ ਦਾ ਸੁਨੇਹਾ ਦਿੰਦੀ 'ਦੇਸ਼ ਪੰਜਾਬ' ਰੇਡੀਓ ਸੇਵਾ ਲਾਗੂ ਕੀਤੀ ਜਾਵੇਗੀ।

## ਚੈੱਕ ਬਾਊਂਸ: ਅਦਾਕਾਰਾ ਅਲਕਾ ਕੌਸ਼ਲ ਤੇ ਮਾਂ ਨੂੰ ਦੋ ਸਾਲ ਜੇਲ੍ਹ

**ਸੰਗਰੂਰ:** ਅਦਾਲਤ ਨੇ ਚੈਕ ਬਾਊਂਸ ਮਾਮਲੇ ਵਿਚ ਫਿਲਮ ਤੇ ਟੀ.ਵੀ. ਅਦਾਕਾਰਾ ਅਲਕਾ ਕੌਸ਼ਲ ਅਤੇ ਉਸ ਦੀ ਮਾਂ ਦੀ ਅਪੀਲ ਖਾਰਜ ਕਰਦਿਆਂ ਹੇਠਲੀ ਅਦਾਲਤ ਵੱਲੋਂ ਸੁਣਾਈ ਦੋ-ਦੋ ਸਾਲ ਦੀ ਸਜ਼ਾ ਬਰਕਰਾਰ ਰੱਖਦਿਆਂ ਦੋਵਾਂ ਨੂੰ ਸੰਗਰੂਰ ਜੇਲ੍ਹ ਭੇਜ ਦਿੱਤਾ। ਅਲਕਾ ਕੌਸ਼ਲ ਵੱਲੋਂ ਸਲਮਾਨ ਖਾਨ ਦੀ ਸੁਪਰਹਿੱਟ ਫਿਲਮ ਬਜਰੰਗੀ ਭਾਈਜਾਨ ਵਿਚ ਅਦਾਕਾਰਾ ਕਰੀਨਾ ਕਪੂਰ ਦੀ ਮਾਂ ਦੀ ਭੂਮਿਕਾ ਨਿਭਾਈ ਸੀ ਅਤੇ ਉਸ ਨੇ ਹੋਰ ਵੀ ਕਈ ਟੀ.ਵੀ. ਸੀਰੀਅਲਾਂ ਵਿਚ



ਕੰਮ ਕੀਤਾ ਹੈ।

ਅਦਾਲਤੀ ਫੈਸਲੇ ਤੋਂ ਬਾਅਦ ਮੁੱਦਈ ਦੇ ਵਕੀਲ ਸੁਖਬੀਰ ਸਿੰਘ ਪੂਨੀਆ ਨੇ ਦੱਸਿਆ ਕਿ ਫੁੱਲਾਂ ਦੀ ਖੇਤੀ ਕਰਨ ਵਾਲੇ ਕਿਸਾਨ ਅਵਤਾਰ ਸਿੰਘ ਪਿੰਡ ਲਾਂਗੜੀਆਂ ਦੀ ਫਿਲਮ ਤੇ ਟੀ.ਵੀ. ਅਦਾਕਾਰ ਅਲਕਾ ਕੌਸ਼ਲ ਨਾਲ ਜਾਣ ਪਛਾਣ ਸੀ। ਇਕ ਟੀ.ਵੀ. ਸੀਰੀਅਲ ਬਣਾਉਣ ਵਾਸਤੇ ਅਵਤਾਰ ਸਿੰਘ ਲਾਂਗੜੀਆਂ ਪਾਸੋਂ ਅਲਕਾ ਕੌਸ਼ਲ ਵੱਲੋਂ ਪੈਸੇ ਉਧਾਰ ਲਏ ਸਨ, ਜਦੋਂ ਅਵਤਾਰ ਸਿੰਘ ਨੇ ਅਲਕਾ ਕੌਸ਼ਲ ਪਾਸੋਂ ਆਪਣੇ ਪੈਸੇ ਵਾਪਸ ਮੰਗੇ ਤਾਂ ਅਲਕਾ ਅਤੇ ਉਸ ਦੀ ਮਾਂ ਸੁਸ਼ੀਲਾ ਬਡੋਲਾ ਵੱਲੋਂ ਅਵਤਾਰ ਸਿੰਘ ਨੂੰ 25-25 ਲੱਖ ਰੁਪਏ ਦੇ ਦੋ ਚੈਕ ਦੇ ਦਿੱਤੇ ਗਏ। ਜਦੋਂ ਅਵਤਾਰ ਸਿੰਘ ਵੱਲੋਂ ਬੈਂਕ ਵਿਚ ਚੈਕ ਅਦਾਇਗੀ ਲਈ ਲਗਾਏ ਗਏ ਤਾਂ ਇਹ ਚੈਕ ਬਾਊਂਸ ਹੋ ਗਏ।

# ਪੁਲਿਸ ਨੂੰ ਸਿਆਸੀ ਸ਼ਿਕੰਜੇ 'ਚੋਂ ਕੱਢਣ ਲਈ ਨਵੀਂ ਰਣਨੀਤੀ

**ਜਲੰਧਰ:** ਅਕਾਲੀ-ਭਾਜਪਾ ਸਰਕਾਰ ਸਮੇਂ ਪੁਲਿਸ ਨੂੰ ਸਿਆਸੀ ਸ਼ਿਕੰਜੇ ਵਿਚ ਕੱਸਣ ਲਈ ਪੁਲਿਸ ਦੀ ਤਾਇਨਾਤੀ ਨੂੰ ਡੀ.ਐਸ.ਪੀ. ਪੱਧਰ ਉਤੇ ਮਾਲੀਆ ਸਬ-ਡਵੀਜ਼ਨ ਦੀ ਬਜਾਏ ਵਿਧਾਨ ਸਭਾ ਹਲਕਾਵਾਰ ਕਰ ਦਿੱਤਾ ਸੀ ਤੇ ਹਰ ਵਿਧਾਨ ਸਭਾ ਦਾ ਡੀ.ਐਸ.ਪੀ. ਤੇ ਥਾਣਾ ਮੁਖੀ ਹੁਕਮਰਾਨ ਪਾਰਟੀ ਦੇ ਵਿਧਾਇਕ ਜਾਂ ਹਲਕਾ ਇੰਚਾਰਜ ਦੀ ਮਰਜ਼ੀ ਅਨੁਸਾਰ ਹੀ ਲਗਾਏ ਜਾਣ ਲੱਗੇ ਸਨ। ਪੁਲਿਸ ਅੰਦਰ ਅਜਿਹੀ ਸਿੱਧੀ ਸਿਆਸੀ ਦਖਲ ਅੰਦਾਜ਼ੀ ਖ਼ਿਲਾਫ ਆਵਾਜ਼ਾਂ ਉਠਣ ਲੱਗੀਆਂ ਸਨ, ਪਰ 2014 ਦੀ ਲੋਕ ਸਭਾ ਚੋਣ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਦੀ ਨਮੋਸ਼ੀ ਭਰੀ ਹਾਰ ਲਈ ਹਲਕਾ ਇੰਚਾਰਜਾਂ ਦੀਆਂ ਵਧੀਕੀਆਂ ਤੇ ਮਨਮਾਨੀਆਂ ਨੂੰ ਵਧੇਰੇ ਨਿਸ਼ਾਨਾ ਬਣਾਇਆ ਜਾਣ ਲੱਗਾ ਸੀ।

ਕਾਂਗਰਸ ਨੇ ਵਿਧਾਨ ਸਭਾ ਚੋਣਾਂ ਵਿਚ ਪੁਲਿਸ ਦਾ ਸਿਆਸੀਕਰਨ ਰੋਕਣ ਤੇ ਪੁਲਿਸ ਹਲਕਾਬੰਦੀ ਖਤਮ ਕਰਨ ਦਾ ਵਾਅਦਾ ਵੀ ਕੀਤਾ ਸੀ। ਪੰਜਾਬ ਵਜ਼ਾਰਤ ਨੇ ਪਿਛਲੇ ਡੇਢ-ਦੋ ਮਹੀਨੇ ਦੀ ਮੁਸ਼ੱਕਤ ਨਾਲ ਸਾਰੇ ਜ਼ਿਲ੍ਹਿਆਂ ਤੋਂ ਲਏ ਸਲਾਹ-ਮਸ਼ਵਰੇ ਤੇ ਪੁਲਿਸ ਵਿਭਾਗ ਵੱਲੋਂ ਤਿਆਰ ਕੀਤੇ ਨਵੇਂ ਪੁਲਿਸ ਸਬ-ਡਵੀਜ਼ਨ ਨੂੰ ਪ੍ਰਵਾਨਗੀ ਦਿੱਤੀ ਹੈ। ਹੁਣ ਪੁਲਿਸ ਦੇ 120 ਨਵੇਂ ਪੁਲਿਸ ਸਬ-ਡਵੀਜ਼ਨ ਬਣਾਏ ਗਏ ਹਨ ਤੇ ਇਨ੍ਹਾਂ ਸਬ-ਡਵੀਜ਼ਨਾਂ ਵਿਚ ਇਕ-ਇਕ ਡੀ.ਐਸ.ਪੀ. ਜਾਂ ਕਮਿਸ਼ਨ ਰੇਟ 'ਚ ਏ.ਸੀ.ਪੀ. ਤਾਇਨਾਤ ਹੋਵੇਗਾ। ਅੰਗਰੇਜ਼ਾਂ ਦੇ ਰਾਜ ਤੋਂ ਹੀ ਮਾਲੀ ਤਹਿਸੀਲਾਂ ਵਿਚ ਡੀ.ਐਸ.ਪੀ. ਰੈਂਕ ਦਾ ਅਧਿਕਾਰੀ ਲਗਾਏ ਜਾਣ ਦੀ ਪ੍ਰਥਾ ਤੁਰੀ ਆ ਰਹੀ ਸੀ ਤੇ ਪਿਛਲੀ ਸਰਕਾਰ ਨੇ ਇਹ ਪ੍ਰਥਾ ਤੋੜ ਕੇ ਵਿਧਾਨ ਸਭਾ ਹਲਕਾਵਾਰ ਡੀ.ਐਸ.ਪੀ. ਦਾ ਹੈੱਡਕੁਆਰਟਰ ਬਣਾ ਦਿੱਤਾ ਸੀ ਪਰ ਨਵੇਂ ਫੈਸਲੇ 'ਚ ਹੁਣ ਮਾਲੀਆ ਤਹਿਸੀਲ ਤੇ ਵਿਧਾਨ ਸਭਾ ਹਲਕਾ ਦੋਵਾਂ ਨੂੰ ਹੀ ਆਧਾਰ ਨਹੀਂ ਬਣਾਇਆ ਗਿਆ, ਸਗੋਂ ਪੁਲਿਸ ਦੇ ਪ੍ਰਬੰਧ ਅਤੇ ਲੋਕਾਂ ਦੀ ਸਹੂਲਤ ਨੂੰ ਧਿਆਨ 'ਚ ਰੱਖਦਿਆਂ ਨਵੀਂ ਪੁਲਿਸ ਸਬ-ਡਵੀਜ਼ਨ ਹੱਦਬੰਦੀ ਤੈਅ ਕੀਤੀ ਗਈ ਹੈ।



ਅਕਾਲੀਆਂ ਵੇਲੇ ਬਣੀ ਪੁਲਿਸ ਦੀ ਹਲਕਾਬੰਦੀ ਦਾ ਪਿਆ ਭੋਗ

ਪੁਲਿਸ ਪ੍ਰਬੰਧ 'ਚ ਸੁਧਾਰ ਲਈ ਪੰਜਾਬ ਵਜ਼ਾਰਤ ਨੇ ਪੰਜਾਬ ਅੰਦਰ ਚੱਲ ਰਹੀਆਂ 7 ਡੀ.ਆਈ.ਜੀ. ਰੇਂਜਾਂ ਨੂੰ ਵੀ ਖਤਮ ਕਰਨ ਦਾ ਫੈਸਲਾ ਕੀਤਾ ਹੈ ਤੇ ਇਨ੍ਹਾਂ ਦੀ ਜਗ੍ਹਾ ਹੁਣ ਰਾਜ ਅੰਦਰਲੀਆਂ ਚਾਰ ਆਈ.ਜੀ. ਰੇਂਜਾਂ ਨੂੰ ਵਧਾ ਕੇ 7 ਕਰ ਦਿੱਤਾ ਹੈ। ਇਸ ਵੇਲੇ ਜਲੰਧਰ, ਪਟਿਆਲਾ, ਬਠਿੰਡਾ ਤੇ ਸਰਹੱਦੀ ਆਈ. ਜੀ. ਰੇਂਜਾਂ ਸਨ, ਪਰ ਹੁਣ ਤਿੰਨ ਹੋਰ ਵਧ ਜਾਣਗੀਆਂ।

ਸਰਕਾਰ ਦਾ ਕਹਿਣਾ ਹੈ ਕਿ ਡੀ.ਆਈ.ਜੀ. ਤੇ ਆਈ.ਜੀ. ਦਫਤਰਾਂ ਦੇ ਕੰਮਕਾਜ 'ਚ ਤਾਂ ਕੋਈ ਫਰਕ ਨਹੀਂ, ਫਿਰ ਇਹ ਦੂਹਰੇ ਦਫਤਰ ਬੋਝ ਦਾ ਹੀ ਕਾਰਨ ਬਣ ਰਹੇ ਹਨ। ਆਈ.ਜੀ. ਰੇਂਜਾਂ ਵਧਣ ਨਾਲ ਆਈ. ਜੀ. ਰੈਂਕਾਂ ਲਈ ਤਾਂ ਫੀਲਡ ਦਾ ਕੰਮ ਮਿਲ ਗਿਆ, ਪਰ ਡੀ.ਆਈ.ਜੀ. ਰੈਂਕ ਵਾਲੇ ਅਧਿਕਾਰੀ ਹੁਣ ਫੀਲਡ ਤੋਂ ਵਾਂਝੇ ਹੋ ਗਏ।

ਨਵੇਂ ਫੈਸਲੇ ਮੁਤਾਬਕ ਹਰ ਪੁਲਿਸ ਸਬ-ਡਵੀਜ਼ਨ ਵਿਚ ਘੱਟੋ-ਘੱਟ ਦੋ ਵਿਧਾਨ ਸਭਾ ਹਲਕਿਆਂ ਦਾ ਖੇਤਰ ਘਟੇਗਾ। ਇਹ ਫੈਸਲਾ ਪੁਲਿਸ ਉਪਰ ਸਿਆਸੀ ਦਬਾਅ ਨਾ ਪੈਣ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਪਿਛਲੀ ਸਰਕਾਰ ਸਮੇਂ ਵਿਧਾਨ ਸਭਾ ਹਲਕਿਆਂ ਅਨੁਸਾਰ 117 ਡੀ.ਐਸ.ਪੀ. ਸਬ ਡਵੀਜ਼ਨਾਂ ਸਨ, ਪਰ ਹੁਣ ਕੁਝ ਕਮਿਸ਼ਨਰੇਟਾਂ 'ਚ ਪੁਲਿਸ ਸਬ-ਡਵੀਜ਼ਨਾਂ ਦੀ ਗਿਣਤੀ ਵਧ ਗਈ ਹੈ। ਇਸ ਕਰ ਕੇ ਕੁੱਲ 120 ਪੁਲਿਸ ਸਬ-ਡਵੀਜ਼ਨਾਂ ਬਣਾਈਆਂ ਗਈਆਂ ਹਨ। ਉਂਝ ਪੰਜਾਬ ਵਿਚ ਇਸ ਵੇਲੇ ਮਾਲੀਆ ਸਬ-ਡਵੀਜ਼ਨਾਂ 87 ਹੀ ਹਨ।

# ਭਾਰਤ ਤੇ ਪਾਕਿਸਤਾਨ ਵੱਲੋਂ ਰਿਹਾਇਸ਼ੀ ਇਲਾਕਿਆਂ 'ਤੇ ਗੋਲਾਬਾਰੀ

**ਜੰਮੂ:** ਭਾਰਤ ਤੇ ਪਾਕਿਸਤਾਨੀ ਦੀ ਫੌਜ ਵੱਲੋਂ ਇਕ ਦੂਜੇ ਦੇ ਰਿਹਾਇਸ਼ੀ ਇਲਾਕਿਆਂ ਵਿਚ ਗੋਲਾਬਾਰੀ ਸ਼ੁਰੂ ਕਰ ਦਿੱਤੀ ਹੈ। ਦੋਵਾਂ ਦੇਸ਼ਾਂ ਨੇ ਇਕ-ਦੂਜੇ ਉਤੇ ਪਹਿਲ ਕਰਨ ਦੇ ਦੋਸ਼ ਲਾਉਂਦੇ ਹੋਏ ਆਮ ਲੋਕਾਂ ਦਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋਣ ਦਾ ਦਾਅਵਾ ਕੀਤਾ ਹੈ।

ਜੰਮੂ ਕਸ਼ਮੀਰ ਦੇ ਜ਼ਿਲ੍ਹੇ ਪੁਣਛ ਵਿਚ ਸਰਹੱਦੀ ਚੌਕੀਆਂ ਤੇ ਪਿੰਡਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗੋਲੀਬਾਰੀ ਵਿਚ ਇਕ ਫੌਜੀ ਤੇ ਉਸ ਦੀ ਪਤਨੀ ਮਾਰੇ ਗਏ ਅਤੇ ਉਨ੍ਹਾਂ ਦੀਆਂ ਤਿੰਨ ਧੀਆਂ ਜ਼ਖ਼ਮੀ ਹੋ ਗਈਆਂ। ਇਹ ਫੌਜੀ ਛੁੱਟੀ 'ਤੇ ਘਰ ਆਇਆ ਹੋਇਆ ਸੀ। ਗੋਲੀਬੰਦੀ ਦੀ ਉਲੰਘਣਾ ਕਰਦਿਆਂ ਪਾਕਿਸਤਾਨ ਨੇ ਭਾਰਤੀ ਚੌਕੀਆਂ ਉਪਰ ਛੋਟੇ ਤੇ ਆਟੋਮੈਟਿਕ ਹਥਿਆਰਾਂ ਨਾਲ ਅੰਨ੍ਹੇਵਾਹ ਗੋਲੀਬਾਰੀ ਕੀਤੀ ਅਤੇ ਮੋਰਟਾਰ ਦਾਗੇ।

ਭਾਰਤੀ ਜਵਾਨਾਂ ਨੇ ਇਸ ਦਾ ਸਖਤੀ ਨਾਲ ਜਵਾਬ ਦਿੱਤਾ। ਪਾਕਿ ਸੈਨਿਕਾਂ ਨੇ ਪਿੰਡਾਂ ਨੂੰ ਨਿਸ਼ਾਨਾ ਬਣਾ ਕੇ ਭਾਰੀ ਗੋਲੀਬਾਰੀ ਕੀਤੀ ਅਤੇ ਖਾਦੀ, ਕਰਮਾੜਾ ਅਤੇ ਗੁਪਲੁਰ ਵਰਗੇ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ। ਇਸ ਦੌਰਾਨ ਕਸ਼ਮੀਰ ਦੇ ਜ਼ਿਲ੍ਹੇ ਬਾਂਦੀਪੋਰਾ ਵਿਚ ਫੌਜ ਦੀ ਟੁਕੜੀ ਉਤੇ ਅਤਿਵਾਦੀਆਂ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਕੈਪਟਨ ਸਣੇ ਤਿੰਨ ਜਵਾਨ ਜ਼ਖ਼ਮੀ ਹੋ ਗਏ। ਭਾਰਤ ਵੱਲੋਂ ਕੀਤੀ ਜਵਾਬੀ ਕਾਰਵਾਈ ਵਿਚ 2 ਪਾਕਿਸਤਾਨੀ ਜਵਾਨਾਂ ਸਮੇਤ 7 ਲੋਕਾਂ ਦੀ ਮੌਤ ਹੋ ਗਈ। ਪਾਕਿਸਤਾਨ ਦੀ 24 ਫਰੰਟੀਅਰ ਯੂਨਿਟ ਦੀ ਮੈੱਸ ਵੀ ਤਬਾਹ ਹੋ ਗਈ। ਭਾਰਤੀ ਫੌਜ ਨੇ ਮਕਬੂਜ਼ਾ ਕਸ਼ਮੀਰ 'ਚ ਪਾਕਿਸਤਾਨ ਦੀਆਂ ਚੌਕੀਆਂ ਨੂੰ ਨਿਸ਼ਾਨਾ ਬਣਾਇਆ।

ਪਾਕਿਸਤਾਨ ਨੇ ਗੋਲੀਬੰਦੀ ਦੀ ਉਲੰਘਣਾ ਦੇ ਮੁੱਦੇ ਉਤੇ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਜੇ.ਪੀ. ਸਿੰਘ ਨੂੰ ਤਲਬ ਕੀਤਾ। ਇਸ ਦੌਰਾਨ ਭਾਰਤੀ ਡਿਪਲੋਮੈਟ ਨੇ ਪਾਕਿ ਫੌਜੀਆਂ ਦੀ ਗੋਲੀਬਾਰੀ ਵਿਚ ਦੋ ਨਾਗਰਿਕਾਂ ਦੀ ਮੌਤ ਹੋਣ ਬਾਰੇ ਵਿਰੋਧ ਦਰਜ ਕਰਵਾਇਆ। ਭਾਰਤੀ ਡਿਪਲੋਮੈਟ ਨੇ ਪਾਕਿਸਤਾਨ ਨੂੰ ਇਹ ਵੀ ਦੱਸਿਆ ਕਿ ਇਸ ਸਾਲ 223 ਦਫਾ ਗੋਲੀਬੰਦੀ ਦੀ ਉਲੰਘਣਾ ਹੋਈ ਤੇ ਘੁਸਪੈਠ ਦੀਆਂ ਤਕਰੀਬਨ 50 ਕੋਸ਼ਿਸ਼ਾਂ ਹੋਈਆਂ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨਫ਼ੀਸ ਜ਼ਕਾਰੀਆ ਨੇ ਇਕ ਬਿਆਨ ਵਿਚ ਕਿਹਾ ਕਿ ਭਾਰਤੀ ਡਿਪਟੀ ਹਾਈ ਕਮਿਸ਼ਨਰ ਨੂੰ ਚਿਰੀਕੋਟ ਅਤੇ ਸਤਵਾਲ ਸੈਕਟਰਾਂ ਵਿਚ ਭਾਰਤੀ ਦਸਤਿਆਂ ਵੱਲੋਂ ਕੀਤੀ ਗੋਲੀਬਾਰੀ ਕਾਰਨ ਤਲਬ ਕੀਤਾ ਗਿਆ ਸੀ।

### ਦੋਵਾਂ ਦੇਸ਼ਾਂ ਵੱਲੋਂ ਜਾਨੀ ਤੇ ਮਾਲੀ ਨੁਕਸਾਨ ਦਾ ਦਾਅਵਾ



### ਅਮਰਨਾਥ ਯਾਤਰਾ ਉਤੇ ਹਮਲਾ, 7 ਮੌਤਾਂ



**ਅਨੰਤਨਾਗ:** ਜੰਮੂ ਕਸ਼ਮੀਰ ਦੇ ਜ਼ਿਲ੍ਹੇ ਅਨੰਤਨਾਗ ਵਿਚ ਅਤਿਵਾਦੀਆਂ ਤੇ ਪੁਲਿਸ ਵਿਚਾਲੇ ਮੁਕਾਬਲੇ ਦੀ ਲਪੇਟ ਵਿਚ ਅਮਰਨਾਥ ਯਾਤਰੀਆਂ ਦੀ ਬੱਸ ਆ ਜਾਣ ਕਾਰਨ ਸੱਤ ਸ਼ਰਧਾਲੂ ਮਾਰੇ ਗਏ ਅਤੇ 12 ਹੋਰ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿਚ ਪੰਜ ਔਰਤਾਂ ਸ਼ਾਮਲ ਹਨ। ਜ਼ਖ਼ਮੀਆਂ ਵਿਚ ਇਕ ਪੁਲਿਸ ਮੁਲਾਜ਼ਮ ਸ਼ਾਮਲ ਹੈ। ਬੱਸ ਸਵਾਰ ਯਾਤਰੀ ਅਮਰਨਾਥ ਗੁਫਾ ਦੇ ਦਰਸ਼ਨ ਕਰਨ ਮਗਰੋਂ ਬਾਲਟਾਲ ਤੋਂ ਪਰਤ ਰਹੇ ਸਨ। ਇਹ ਹਮਲਾ ਅਜਿਹੇ ਸਮੇਂ ਹੋਇਆ, ਜਦੋਂ ਕੁਝ ਘੰਟੇ ਪਹਿਲਾਂ ਹੀ ਜੰਮੂ ਕਸ਼ਮੀਰ ਪੁਲਿਸ ਨੇ ਲਸ਼ਕਰ-ਏ-ਤੋਇਬਾ ਦੇ ਇਕ ਢਾਂਚੇ ਨੂੰ ਤੋੜਨ ਦਾ ਦਾਅਵਾ ਕਰਦਿਆਂ ਮੁਜ਼ੱਫਰਨਗਰ (ਉਤਰ ਪ੍ਰਦੇਸ਼) ਦੇ ਵਾਸੀ ਸੰਦੀਪ ਕੁਮਾਰ ਸ਼ਰਮਾ ਉਰਫ ਆਦਿਲ ਸਣੇ ਦੋ ਜਣਿਆਂ ਨੂੰ ਕਾਬੂ ਕੀਤਾ ਸੀ। ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਿਹਾ ਕਿ ਇਸ ਹਮਲੇ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਨੀ ਘੱਟ ਹੈ।

### ਭਾਰਤ ਦੀ ਪਾਕਿਸਤਾਨ ਨੂੰ ਸਲਾਹ...

**ਨਵੀਂ ਦਿੱਲੀ:** ਹਿਜ਼ਬੁਲ ਮੁਜਾਹਿਦੀਨ ਦੇ ਕਮਾਂਡਰ ਬੁਰਹਾਨ ਵਾਨੀ, ਜੋ ਪਿਛਲੇ ਸਾਲ ਭਾਰਤੀ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਮਾਰਿਆ ਗਿਆ ਸੀ, ਨੂੰ ਮਸੀਹਾ ਬਣਾਏ ਜਾਣ 'ਤੇ ਪਾਕਿਸਤਾਨ 'ਤੇ ਹੱਲਾ ਬੋਲਦਿਆਂ ਭਾਰਤ ਨੇ ਕਿਹਾ ਕਿ ਇਸਲਾਮਾਬਾਦ ਵੱਲੋਂ ਅਤਿਵਾਦ ਨੂੰ ਸਮਰਥਨ ਤੇ ਸ਼ਹਿ ਦੀ 'ਇਕ ਵਾਦਿਓਂ ਸਾਰਿਆਂ' ਨੂੰ ਨਿੰਦਾ ਕਰਨ ਦੀ ਲੋੜ ਹੈ। ਇਸ ਦੌਰਾਨ ਕੰਟਰੋਲ ਰੇਖਾ 'ਤੇ ਗੋਲੀਬੰਦੀ ਦੀ ਉਲੰਘਣਾ ਦੇ ਦੋਸ਼ 'ਚ ਪਾਕਿਸਤਾਨ ਨੇ ਲਗਾਤਾਰ ਦੂਜੇ ਦਿਨ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਨੂੰ ਮੁੜ ਤਲਬ ਕਰ ਲਿਆ। ਪਾਕਿ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤੀ ਸੁਰੱਖਿਆ ਬਲਾਂ ਵੱਲੋਂ ਹੋਰ ਆਮ ਨਾਗਰਿਕ ਮਾਰੇ ਹਨ।

## ਇਸਲਾਮਿਕ ਸਟੇਟ ਤੋਂ ਮੋਸੂਲ ਖੁੱਸਿਆ

**ਮੋਸੂਲ:** ਇਰਾਕ ਦੇ ਸ਼ਹਿਰ ਮੋਸੂਲ ਤੋਂ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.) ਦਾ ਸਫਾਇਆ ਹੋ ਗਿਆ ਹੈ। ਇਰਾਕ ਦੇ ਪ੍ਰਧਾਨ ਮੰਤਰੀ ਹੈਦਰ ਅਲ-ਆਬਦੀ ਨੇ ਆਈ.ਐਸ. ਉਤੇ ਜਿੱਤ ਦਾ ਐਲਾਨ ਕੀਤਾ। ਹੈਦਰ ਅਲ-ਆਬਦੀ ਆਜ਼ਾਦ ਕਰਾਏ ਮੋਸੂਲ ਸ਼ਹਿਰ ਪਹੁੰਚੇ ਤੇ ਉਨ੍ਹਾਂ ਨੇ ਬਹਾਦਰ ਲੜਾਕੂਆਂ ਤੇ ਇਰਾਕੀ ਜਨਤਾ ਨੂੰ ਇਸ ਮਹਾਨ ਜਿੱਤ ਦੀ ਵਧਾਈ ਦਿੱਤੀ।



ਇਸ ਤੋਂ ਪਹਿਲਾਂ ਇਰਾਕ ਦੇ ਸਰਕਾਰੀ ਟੀ.ਵੀ. ਨੇ ਰਿਪੋਰਟ ਦਿੱਤੀ ਸੀ ਕਿ ਸੁਰੱਖਿਆ ਬਲ ਟਿਗਰਿਸ ਨਦੀ ਦੇ ਕੰਢੇ ਪਹੁੰਚ ਗਏ ਹਨ ਤੇ ਉਥੇ ਇਰਾਕੀ ਝੰਡਾ ਲਹਿਰਾ ਦਿੱਤਾ ਗਿਆ ਹੈ। ਮੋਸੂਲ ਦਾ ਆਜ਼ਾਦ ਹੋਣਾ ਆਈ.ਐਸ. ਤੇ ਉਸ ਦੇ ਸਰਗਨਾ ਅਬੂ ਬਕਰ ਬਗਦਾਦੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਹਾਰ ਹੈ। ਤਿੰਨ ਸਾਲ ਪਹਿਲਾਂ ਇਸਲਾਮਿਕ ਸਟੇਟ ਨੇ ਇਸ ਸ਼ਹਿਰ 'ਤੇ ਕਬਜ਼ਾ ਕਰ ਲਿਆ ਸੀ।

ਪਿਛਲੇ ਸਾਲ ਅਕਤੂਬਰ 'ਚ ਇਰਾਕੀ ਫੌਜ ਨੇ ਅਮਰੀਕਾ ਦੀ ਅਗਵਾਈ ਵਾਲੀ ਗੱਠਜੋੜ ਸੈਨਾ ਨਾਲ ਮਿਲ ਕੇ ਮੋਸੂਲ ਦੀ ਜੰਗ ਛੇੜੀ ਸੀ। ਇਸ ਜੰਗ 'ਚ ਹਾਲਾਂਕਿ ਮੋਸੂਲ ਨੂੰ ਭਾਰੀ ਤਬਾਹੀ ਝੱਲਣੀ ਪਈ ਹੈ। ਇਸ ਪ੍ਰਾਚੀਨ ਸ਼ਹਿਰ ਦੇ ਕਈ ਹਿੱਸੇ ਪੂਰੀ ਤਰ੍ਹਾਂ ਬਰਬਾਦ ਹੋ ਗਏ, ਹਜ਼ਾਰਾਂ ਨਾਗਰਿਕ ਮਾਰੇ ਗਏ ਤੇ 10 ਲੱਖ ਲੋਕਾਂ ਨੂੰ ਇਹ ਇਲਾਕਾ ਛੱਡਣਾ ਪਿਆ ਸੀ।

## ਗੋਰਖਾਲੈਂਡ ਲਈ ਸੰਘਰਸ਼ ਦਿੱਲੀ ਤੱਕ ਪੁੱਜਿਆ

**ਨਵੀਂ ਦਿੱਲੀ:** ਗੋਰਖਾਲੈਂਡ ਸਮਰਥਕਾਂ ਨੇ ਆਪਣੇ ਸੰਘਰਸ਼ ਦਾ ਘੇਰਾ ਵਧਾਉਂਦੇ ਹੋਏ 110 ਮੀਟਰ ਲੰਮੇ ਕੌਮੀ ਝੰਡੇ ਨਾਲ ਦਿੱਲੀ ਵਿਚ ਮਾਰਚ ਕੀਤਾ। ਉਹ ਵੱਖਰੇ ਗੋਰਖਾਲੈਂਡ ਦੇ ਨਾਲ-ਨਾਲ ਪੱਛਮੀ ਬੰਗਾਲ ਵਿਚ ਰਾਸ਼ਟਰਪਤੀ ਰਾਜ ਲਾਉਣ ਦੀ ਮੰਗ ਕਰ ਰਹੇ ਸੀ। ਗੋਰਖਾ ਸੰਯੁਕਤ ਸੰਘਰਸ਼ ਸਮਿਤੀ (ਜੀ.ਐਸ.ਐਸ.ਐਸ.) ਦੇ ਕਾਰਕੁਨਾਂ ਨੇ ਨੀਮ ਫੌਜੀ ਬਲਾਂ ਨੂੰ ਛੇਤੀ ਹਟਾਏ ਜਾਣ ਲਈ ਕੇਂਦਰ ਤੋਂ ਦਖ਼ਲ ਦੀ ਮੰਗ ਕੀਤੀ। ਸੰਘਰਸ਼ ਸਮਿਤੀ ਦੇ ਪ੍ਰਧਾਨ ਕਿਰਨ ਬੀ.ਕੇ. ਦਾ ਕਹਿਣਾ ਹੈ ਕਿ ਪੱਛਮੀ ਬੰਗਾਲ ਸਰਕਾਰ ਆਮ ਲੋਕਾਂ ਨਾਲ ਅਤਿਵਾਦੀਆਂ ਵਰਗਾ ਵਿਹਾਰ ਕਰ ਰਹੀ ਅਤੇ ਉਨ੍ਹਾਂ ਨੂੰ ਮਾਰ ਰਹੀ ਹੈ। ਕੇਂਦਰ ਸਰਕਾਰ ਨੂੰ ਨੀਮ ਫੌਜੀ ਬਲਾਂ ਨੂੰ ਹਟਾ ਲੈਣਾ ਚਾਹੀਦਾ ਹੈ ਅਤੇ ਡੀ.ਜੀ.ਪੀ. ਦੀਆਂ ਸੇਵਾਵਾਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ।

ਅੰਦੋਲਨਕਾਰੀਆਂ ਨੇ 110 ਸਾਲਾਂ ਤੋਂ ਵੱਖਰੇ ਸੂਬੇ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਦਰਸਾਉਂਦਿਆਂ ਰਾਜਘਾਟ ਤੋਂ ਜੰਤਰ ਮੰਤਰ ਤੱਕ ਮਾਰਚ ਕੀਤਾ। ਇਹ ਮਾਰਚ ਜੰਤਰ ਮੰਤਰ 'ਤੇ ਤਿੰਨ ਹਫਤਿਆਂ ਤੋਂ ਸੰਘਰਸ਼ ਕਰ ਰਹੇ ਸਮਰਥਕਾਂ ਕੋਲ ਪੁੱਜ ਕੇ ਸਮਾਪਤ ਹੋਇਆ। ਦਾਰਜੀਲਿੰਗ ਦੇ ਸਤੁਤੀ ਥਾਮੀ ਨੇ ਕਿਹਾ ਕਿ ਜਿਸ ਤਰ੍ਹਾਂ ਬੰਗਾਲੀਆਂ ਦੇ ਸ਼ਨਾਖਤੀ ਕਾਰਡ ਹਨ, ਉਸੇ ਤਰ੍ਹਾਂ ਉਹ ਆਪਣੇ ਕਾਰਡਾਂ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕੇਂਦਰ ਤੋਂ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਮੰਗ ਕੀਤੀ। ਉਸ ਨੇ ਕਿਹਾ ਕਿ ਉਹ ਮਰਨ ਲਈ ਤਿਆਰ ਹੈ ਪਰ ਪੱਛਮੀ ਬੰਗਾਲ ਦੀ ਸਰਕਾਰ ਅਧੀਨ ਰਹਿਣ ਨੂੰ ਤਿਆਰ ਨਹੀਂ। ਮਾਰਚ ਦੌਰਾਨ ਕੁਝ ਮੁਜ਼ਾਹਰਾਕਾਰੀਆਂ ਦੇ ਹੱਥਾਂ ਵਿਚ ਤਖਤੀਆਂ ਸਨ ਜਿਸ 'ਤੇ ਭਾਜਪਾ ਦੀ ਆਲੋਚਨਾ ਕੀਤੀ ਹੋਈ ਸੀ।




## ਗਊ ਰੱਖਿਅਕਾਂ ਵੱਲੋਂ ਛੇ ਲੋਕਾਂ ਦੀ ਕੁੱਟਮਾਰ

**ਨਵੀਂ ਦਿੱਲੀ:** ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਗਊ-ਰੱਖਿਅਕਾਂ ਵੱਲੋਂ ਕੀਤੀ ਜਾ ਰਹੀ ਹਿੰਸਾ ਦਾ ਨਮੂਨਾ ਦਿੱਲੀ ਵਿਚ ਵੀ ਦੇਖਣ ਨੂੰ ਮਿਲਿਆ। ਇਕ ਭੀੜ ਵੱਲੋਂ ਟਰੱਕ ਵਿਚ ਮੱਝਾਂ ਲਿਜਾ ਰਹੇ ਛੇ ਲੋਕਾਂ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਇਹ ਘਟਨਾ ਦਿੱਲੀ ਦੇ ਬਾਹਰੀ ਇਲਾਕੇ ਬਾਬਾ ਹਰਦਾਸ ਨਗਰ ਦੀ ਹੈ ਜਿਥੇ ਤੜਕੇ ਕੁਝ ਲੋਕ ਮਿੰਨੀ ਟਰੱਕਾਂ ਅੰਦਰ 80 ਤੋਂ ਵਧ ਮੱਝਾਂ ਭਰ ਕੇ ਲਿਜਾ ਰਹੇ ਸਨ। ਇਸ ਦਾ ਪਤਾ ਲੱਗਣ 'ਤੇ ਗਊ-ਰੱਖਿਅਕਾਂ ਨੇ ਉਨ੍ਹਾਂ ਨੂੰ ਰੋਕ ਲਿਆ ਤੇ 6 ਲੋਕਾਂ ਦੀ ਕੁੱਟਮਾਰ ਕੀਤੀ। ਭੜਕੀ ਭੀੜ ਦਾ ਕਹਿਣਾ ਸੀ ਕਿ ਇਹ ਮੱਝਾਂ ਗੈਰ-ਕਾਨੂੰਨੀ ਤਰੀਕੇ ਨਾਲ ਲਿਜਾਈਆਂ ਜਾ ਰਹੀਆਂ ਸਨ। ਭੀੜ ਵੱਲੋਂ ਗੱਡੀਆਂ ਦੀ ਵੀ ਭੰਨ ਤੋੜ ਕੀਤੀ ਗਈ।

ਸੂਚਨਾ ਮਿਲਣ 'ਤੇ ਪੁਲੀਸ ਮੌਕੇ ਉਤੇ ਪੁੱਜੀ ਤੇ ਜ਼ਖ਼ਮੀਆਂ ਨੂੰ ਚੁੱਕ ਕੇ ਹਸਪਤਾਲ ਭਰਤੀ ਕਰਵਾਇਆ। ਪੀੜਤਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਮੱਝਾਂ ਲਿਜਾਣ ਦੇ ਸਹੀ ਦਸਤਾਵੇਜ਼ ਸਨ।

### ਗਊ ਰੱਖਿਆ ਦੇ ਨਾਂ 'ਤੇ ਗਲਤੀਆਂ ਲੁਕਾ ਰਹੀ ਹੈ ਭਾਜਪਾ: ਮਾਇਆਵਤੀ

**ਮੇਰਠ:** ਬਸਪਾ ਮੁਖੀ ਮਾਇਆਵਤੀ ਨੇ ਭਾਜਪਾ ਦੀ ਅਗਵਾਈ ਵਾਲੀਆਂ ਕੇਂਦਰ ਤੇ ਸੂਬਾ ਸਰਕਾਰਾਂ 'ਤੇ ਦੋਸ਼ ਲਾਇਆ ਕਿ ਉਹ 'ਗਊ ਰੱਖਿਆ' ਦੇ ਨਾਂ ਉਤੇ ਆਪਣੀਆਂ ਨਾਕਾਮੀਆਂ ਲੁਕਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਮਾਇਆਵਤੀ ਨੇ ਦਾਅਵਾ ਕੀਤਾ ਕਿ ਆਰ.ਐਸ.ਐਸ. ਜਾਤੀਵਾਦ, ਫਿਰਕੂਵਾਦ ਅਤੇ ਹਿੰਸਕ ਸਿਆਸਤ ਦਾ ਆਪਣਾ ਏਜੰਡਾ ਅੱਗੇ ਵਧਾਉਣ ਲਈ ਸਰਕਾਰ ਦੇ ਅਸਾਸਿਆਂ, ਅਦਾਰਿਆਂ ਅਤੇ ਤਾਕਤ ਦੀ ਖੁੱਲ੍ਹੇਆਮ ਵਰਤੋਂ ਕਰ ਰਿਹਾ ਹੈ।

## ਵਿਕਾਸ ਪੱਖੋਂ ਭਾਰਤ ਨੇ ਚੀਨ ਨੂੰ ਪਿਛਾਂਹ ਧੱਕਿਆ

**ਨਵੀਂ ਦਿੱਲੀ:** ਹਾਰਵਰਡ ਯੂਨੀਵਰਸਿਟੀ ਨੇ ਆਪਣੇ ਇਕ ਨਵੇਂ ਅਧਿਐਨ 'ਚ ਖੁਲਾਸਾ ਕੀਤਾ ਹੈ ਕਿ ਭਾਰਤ ਆਪਣੇ ਗੁਆਂਢੀ ਚੀਨ ਨੂੰ ਪਿਛਾਂਹ ਧੱਕਦਿਆਂ ਆਲਮੀ ਵਿਕਾਸ ਦੇ ਥੰਮ੍ਹਲੇ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਅਧਿਐਨ ਵਿਚ ਅੱਗੇ ਕਿਹਾ ਗਿਆ ਹੈ ਇਹ ਆਸ ਕੀਤੀ ਜਾਂਦੀ ਹੈ ਕਿ ਭਾਰਤ ਇਸ ਬੜ੍ਹਤ ਨੂੰ ਅਗਾਮੀ ਇਕ ਦਹਾਕੇ ਤੋਂ ਵੱਧ ਸਮੇਂ ਤੱਕ ਬਰਕਰਾਰ ਰੱਖੇਗਾ। ਹਾਰਵਰਡ ਯੂਨੀਵਰਸਿਟੀ ਦੇ ਕੌਮਾਂਤਰੀ ਵਿਕਾਸ ਬਾਰੇ ਕੇਂਦਰ (ਸੀ.ਆਈ.ਡੀ.) ਦੀਆਂ ਵਿਕਾਸ ਯੋਜਨਾਵਾਂ ਮੁਤਾਬਕ ਕਈ ਵੱਖ-ਵੱਖ ਕਾਰਨਾਂ ਕਰ ਕੇ ਭਾਰਤ ਤੇਜ਼ੀ ਨਾਲ ਵਿਕਸਤ ਹੁੰਦੇ ਅਰਥਚਾਰਿਆਂ ਦੀ ਸੂਚੀ ਵਿਚ ਸਾਲ 2025 ਤੱਕ ਸਿਖਰਲੇ ਸਥਾਨ 'ਤੇ ਬਰਕਰਾਰ ਰਹੇਗਾ।



ਇਸ ਅਰਸੇ ਦੌਰਾਨ ਭਾਰਤ ਦੀ ਔਸਤਨ ਸਾਲਾਨਾ ਵਿਕਾਸ ਦਰ 7.7 ਫੀਸਦੀ ਰਹੇਗੀ। ਸੀ.ਆਈ.ਡੀ. ਖੋਜ ਮੁਤਾਬਕ ਬੀਤੇ ਕੁਝ ਸਾਲਾਂ 'ਚ ਆਲਮੀ ਵਿਕਾਸ ਦੇ ਅਰਥਚਾਰੇ ਦੇ ਥੰਮ੍ਹ ਦਾ ਰੁਤਬਾ ਚੀਨ ਤੋਂ ਖਿਸਕ ਕੇ ਉਸ ਦੇ ਗੁਆਂਢੀ ਭਾਰਤ ਵੱਲ ਚਲਾ ਗਿਆ ਹੈ ਅਤੇ ਅਗਲੇ ਦਸ ਸਾਲਾਂ 'ਚ ਇਸ ਦੇ ਉਥੇ ਹੀ ਰਹਿਣ ਦੇ ਆਸਾਰ ਹਨ। ਅਧਿਐਨ 'ਚ ਕਿਹਾ ਗਿਆ ਹੈ ਕਿ ਅੱਜ ਦੀ ਤਰੀਕ 'ਚ ਭਾਰਤ ਨੇ ਜਿਹੜੀ ਸਮਰੱਥਾ ਹਾਸਲ ਕੀਤੀ ਹੈ, ਉਸ ਦੇ ਮੱਦੇਨਜ਼ਰ ਵੱਖ ਵੱਖ ਖੇਤਰਾਂ 'ਚ ਹੱਥ ਅਜ਼ਮਾਉਣ ਨੂੰ ਲੈ ਕੇ ਉਸ ਦੀਆਂ ਤੇਜ਼ੀ ਨਾਲ ਵਿਕਸਤ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਰਹਿਣਗੀਆਂ। ਭਾਰਤ ਨੇ ਆਪਣੀਆਂ ਬਰਾਮਦਾਂ 'ਚ ਵੰਨ ਸੁਵੰਨਤਾ ਲਿਆਂਦੀ ਹੈ ਤੇ ਇਸ ਵਿਚ ਰਸਾਇਣ, ਵਾਹਨਾਂ ਤੇ ਕੁਝ ਇਲੈਕਟ੍ਰਾਨਿਕ ਵਸਤਾਂ ਸਮੇਤ ਵਧੇਰੇ ਗੁੰਝਲਦਾਰ ਖੇਤਰਾਂ ਨੂੰ ਸ਼ਾਮਲ ਕੀਤਾ ਹੈ। ਰਿਪੋਰਟ ਮੁਤਾਬਕ ਪ੍ਰਮੁੱਖ ਪੈਟਰੋਲੀਅਮ ਅਰਥਚਾਰੇ ਜਿਥੇ ਇਕੋ ਸਰੋਤ 'ਤੇ ਮੁਨੱਸਰ ਰਹਿਣ ਦਾ ਪ੍ਰਭਾਵ ਝੱਲ ਰਹੇ ਹਨ, ਉਥੇ ਭਾਰਤ, ਇੰਡੋਨੇਸ਼ੀਆ ਤੇ ਵੀਅਤਨਾਮ ਨੇ ਨਵੀਆਂ ਸਮਰੱਥਾਵਾਂ ਹਾਸਲ ਕੀਤੀਆਂ ਹਨ, ਜੋ ਵਧੇਰੇ ਗੁੰਝਲਦਾਰ ਤੇ ਵੰਨ ਸੁਵੰਨ ਉਤਪਾਦਨ ਦੀ ਇਜਾਜ਼ਤ ਦਿੰਦਾ ਹੈ, ਜੋ ਆਉਂਦੇ ਸਾਲਾਂ 'ਚ ਤੇਜ਼ੀ ਨਾਲ ਵਿਕਸਤ ਹੋਣ ਵੱਲ ਇਸ਼ਾਰਾ ਕਰਦਾ ਹੈ।

ਰਿਪੋਰਟ ਮੁਤਾਬਕ ਅਗਲੇ ਇਕ ਦਹਾਕੇ 'ਚ ਜਿਨ੍ਹਾਂ ਮੁਲਕਾਂ ਦੇ ਤੇਜ਼ੀ ਨਾਲ ਵਿਕਸਤ ਹੋਣ ਦੀ ਆਸ ਹੈ, ਉਨ੍ਹਾਂ ਵਿਚ ਭਾਰਤ, ਤੁਰਕੀ, ਇੰਡੋਨੇਸ਼ੀਆ, ਯੁਗਾਂਡਾ ਤੇ ਬੁਲਗਾਰੀਆ ਸ਼ਾਮਲ ਹਨ ਅਤੇ ਇਸ ਉਭਾਰ ਦੀ ਮੁੱਖ ਵਜ੍ਹਾ ਇਹ ਹੈ ਕਿ ਇਹ ਮੁਲਕ ਸਿਆਸੀ, ਸੰਸਥਾਗਤ, ਭੂਗੋਲਿਕ ਤੇ ਆਬਾਦੀ ਪੱਖੋਂ ਵੰਨ ਸੁਵੰਨਤਾ ਰੱਖਦੇ ਹਨ।

## ਯੂ.ਕੇ. ਹਵਾਈ ਅੱਡਿਆਂ 'ਤੇ ਅਮਰੀਕੀ ਗਾਰਡ

**ਲੰਡਨ:** ਅਮਰੀਕਾ ਜਾਣ ਵਾਲੇ ਯਾਤਰੀਆਂ ਦੀ ਸਕਰੀਨਿੰਗ ਲਈ ਬਰਤਾਨਵੀ ਹਵਾਈ ਅੱਡਿਆਂ 'ਤੇ ਅਮਰੀਕੀ ਇਮੀਗਰੇਸ਼ਨ ਚੈਕ ਲਈ ਅਮਰੀਕੀ ਹਥਿਆਰਬੰਦ ਗਾਰਡ ਤਾਇਨਾਤ ਕੀਤੇ ਜਾਣਗੇ। 'ਸੰਡੇ ਟਾਈਮਜ਼' ਦੀ ਰਿਪੋਰਟ ਮੁਤਾਬਕ ਐਡਿਨਬਰਗ ਤੇ ਮਾਨਚੈਸਟਰ ਹਵਾਈ ਅੱਡਿਆਂ ਨੇ ਇਹ ਸਹੂਲਤ ਸ਼ੁਰੂ ਕਰਨ 'ਚ ਦਿਲਚਸਪੀ ਵਿਖਾਈ ਹੈ ਜਦਕਿ ਡਬਲਿਨ ਹਵਾਈ ਅੱਡੇ 'ਤੇ ਇਹ ਸਹੂਲਤ ਪਹਿਲਾਂ ਹੀ ਚੱਲ ਰਹੀ ਹੈ। ਉਂਜ ਇਸ ਸਕੀਮ ਨੂੰ ਯੂ.ਕੇ. ਵਿਚ ਹਰੀ ਝੰਡੀ ਵਿਖਾਉਣ ਤੋਂ ਪਹਿਲਾਂ ਉਸ ਨੂੰ ਅਮਰੀਕੀ ਸਰਕਾਰ ਨਾਲ ਰਸਮੀ ਸਮਝੌਤਾ ਕਰਨਾ ਹੋਵੇਗਾ।

# ਛੋਟਿਆਂ ਲਈ ਲਾਹੇਵੰਦ ਨਹੀਂ ਜੀ.ਐਸ.ਟੀ.

ਮੋਦੀ ਸਰਕਾਰ ਨੇ 30 ਜੂਨ ਦੀ ਅੱਧੀ ਰਾਤ ਨੂੰ ਵਸਤਾਂ ਅਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਲਾਗੂ ਕਰਨ ਦਾ ਸਮਾਰੋਹ ਸ਼ਾਨੋ-ਸ਼ੌਕਤ ਨਾਲ ਮਨਾਇਆ। ਇਸ ਸਮੇਂ ਕਾਂਗਰਸ ਭਾਵੇਂ ਗ਼ੈਰਹਾਜ਼ਰ ਸੀ, ਪਰ ਜੀ.ਐਸ.ਟੀ. ਦਾ ਸਿਹਰਾ ਲੈਣ ਲਈ ਉਹ ਵੀ ਪਿੱਛੇ ਨਹੀਂ। ਕੇਂਦਰ ਤੇ ਸੂਬਾਈ ਸਰਕਾਰਾਂ ਨੇ ਜੀ.ਐਸ.ਟੀ. ਨੂੰ ਦੇਸ਼ 'ਤੇ ਮੜ੍ਹ ਕੇ ਰਾਜਾਂ ਦੇ ਬਚੇ-ਖੁਚੇ ਸੰਘੀ ਢਾਂਚੇ ਨੂੰ ਹੋਰ ਖੋਰਾ ਲਾਇਆ ਹੈ। ਜੀ.ਐਸ.ਟੀ. ਦਰਅਸਲ ਅਸਿੱਧਾ ਅਤੇ ਮੁੱਲ


ਪ੍ਰੋ. ਮੋਹਨ ਸਿੰਘ
ਫੋਨ: 91-78883-27695

ਵਾਧਾ (ਵੈਲਿਊ ਐਡਿਡ) ਟੈਕਸ ਹੈ; ਜਿਵੇਂ ਧਾਗੇ ਤੋਂ ਕੱਪੜਾ ਬੁਣਨ ਸਮੇਂ ਉਸ ਵਿਚ ਲੇਬਰ ਅਤੇ ਹੋਰ ਸਮਾਨ ਖਪਤ ਹੋਣ ਨਾਲ ਉਸ ਦਾ ਮੁੱਲ ਵਧ ਜਾਂਦਾ ਹੈ ਤੇ ਟੈਕਸ ਵਧੇ ਹੋਏ ਮੁੱਲ ਉਪਰ ਲੱਗਦਾ ਹੈ, ਇਸੇ ਤਰ੍ਹਾਂ ਜਦੋਂ ਕੱਪੜੇ ਤੋਂ ਕਮੀਜ਼ ਬਣਦੀ ਹੈ ਤਾਂ ਉਸ ਦੇ ਮੁੱਲ ਵਿਚ ਹੋਰ ਵਾਧਾ ਹੋ ਜਾਂਦਾ ਹੈ। ਪਹਿਲਾਂ ਧਾਗੇ, ਫਿਰ ਕੱਪੜੇ ਅਤੇ ਅੱਗੇ ਫਿਰ ਕਮੀਜ਼ ਉਪਰ ਟੈਕਸ ਲੱਗਦਾ ਹੈ। ਇਉਂ ਮੁੱਲ ਵਧਦਾ ਜਾਂਦਾ ਹੈ, ਉਸ ਦੇ ਹਰ ਪੜਾਅ 'ਤੇ ਲੱਗਣ ਵਾਲੇ ਟੈਕਸ ਨੂੰ ਵੈਲਿਊ ਐਡਿਡ ਟੈਕਸ (ਵੈਟ) ਕਿਹਾ ਜਾਂਦਾ ਹੈ। ਇਸ ਦੇ ਅੰਤਿਮ ਪੜਾਅ 'ਤੇ ਇਸ ਤੋਂ ਪਹਿਲੇ ਪੜਾਵਾਂ ਉਪਰ ਭੁਗਤਾਨ ਕੀਤੇ ਟੈਕਸਾਂ ਨੂੰ ਘਟਾ ਕੇ, ਅੰਤਿਮ ਖਪਤਕਾਰ ਵੱਲੋਂ ਭੁਗਤਾਨ ਕਰਨ ਵਾਲੇ ਇਕੱਠੇ ਟੈਕਸ ਨੂੰ ਜੀ.ਐਸ.ਟੀ. ਕਿਹਾ ਜਾਂਦਾ ਹੈ। ਇਹ ਟੈਕਸ ਉਤਪਾਦਕ ਉਪਰ ਨਹੀਂ, ਸਗੋਂ ਖਪਤਕਾਰ ਉਪਰ ਲੱਗਦਾ ਹੈ। ਇਸ ਕਰ ਕੇ ਇਹ ਬਰਾਮਦ ਕਰਨ ਵਾਲੇ ਦੇਸ਼ ਜਾਂ ਰਾਜ ਉਪਰ ਨਹੀਂ, ਸਗੋਂ ਦਰਾਮਦ ਕਰਨ ਵਾਲੇ 'ਤੇ ਲੱਗਦਾ ਹੈ। ਇਹ ਟੈਕਸ ਉਪਰ ਟੈਕਸ ਨਹੀਂ ਲੱਗਦਾ, ਸਗੋਂ ਇਸ ਵਿਚੋਂ ਪਹਿਲਾਂ ਲੱਗਾ ਹੋਇਆ ਟੈਕਸ ਘਟਾ ਦਿੱਤਾ ਜਾਂਦਾ ਹੈ।

ਜੀ.ਐਸ.ਟੀ. ਦੇ ਚਾਰ ਢਾਂਚੇ ਹਨ। ਪਹਿਲਾ ਰਾਜ ਸਰਕਾਰ ਵੱਲੋਂ ਲਏ ਜਾਣ ਵਾਲੇ ਜੀ.ਐਸ.ਟੀ. ਨੂੰ ਐਸ.ਜੀ.ਐਸ.ਟੀ. ਕਿਹਾ ਜਾਂਦਾ ਹੈ, ਕੇਂਦਰੀ ਸਰਕਾਰ ਵੱਲੋਂ ਲਏ ਜਾਂਦੇ ਜੀ.ਐਸ.ਟੀ. ਨੂੰ ਸੀ.ਜੀ.ਐਸ.ਟੀ. ਕਿਹਾ ਜਾਂਦਾ ਹੈ। ਵੱਖ ਵੱਖ ਰਾਜਾਂ ਵਿਚਕਾਰ ਹੋਣ ਵਾਲੇ ਵਪਾਰ ਨੂੰ ਯੁਕਤ (ਇੰਟੇਗਰੇਟਿਡ) ਜੀ.ਐਸ.ਟੀ. (ਆਈ. ਜੀ.ਐਸ.ਟੀ.) ਅਤੇ ਸਾਰੇ ਜੀ.ਐਸ.ਟੀਆਂ ਦਾ ਹਿਸਾਬ-ਕਿਤਾਬ ਰੱਖਣ ਅਤੇ ਜੋੜਨ ਵਾਲੇ ਨੈਟਵਰਕ ਨੂੰ ਜੀ.ਐਸ.ਟੀ.ਐਨ. ਕਿਹਾ ਜਾਂਦਾ ਹੈ। ਇਸ ਚੌਥੇ ਨੈਟਵਰਕ ਤੋਂ ਹੀ ਜੀ.ਐਸ.ਟੀ. 'ਤੇ ਭੁਗਤਾਨ ਕਰਨ ਵਾਲੇ ਉਦਮੀਆਂ ਨੂੰ ਆਪਣੇ ਨੰਬਰ ਰਜਿਸਟਰਡ ਕਰਾਉਣੇ ਪੈਂਦੇ ਅਤੇ ਰਿਟਰਨਾਂ ਭਰਨੀਆਂ ਪੈਂਦੀਆਂ ਹਨ। ਜਿਥੇ ਵੈਟ ਦੀਆਂ ਹਰ ਤਿੰਨ ਮਹੀਨੇ ਬਾਅਦ ਸਾਲ ਵਿਚ ਚਾਰ ਰਿਟਰਨਾਂ ਭਰਨੀਆਂ ਪੈਂਦੀਆਂ ਸਨ, ਉਥੇ ਜੀ.ਐਸ.ਟੀ. ਦੀਆਂ ਹਰ ਮਹੀਨੇ ਤਿੰਨ ਅਤੇ ਦਸੰਬਰ ਵਿਚ ਚਾਰ (ਇਕ ਸਾਲ ਦਾ ਕੁੱਲ ਹਿਸਾਬ-ਕਿਤਾਬ ਕਰਨ ਵਾਲੀ) ਅਤੇ ਸਾਲ ਵਿਚ ਕੁੱਲ 37 ਰਿਟਰਨਾਂ ਭਰਨੀਆਂ ਪੈਂਦੀਆਂ ਹਨ।

ਜੀ.ਐਸ.ਟੀ. ਟੈਕਸ ਬੋਝ ਤੋਂ ਇਲਾਵਾ ਟੈਕਸ ਦੇ ਭੁਗਤਾਨ ਕਰਨ ਦਾ ਗੋਰਖਧੰਦਾ ਹੈ। ਦਰਮਿਆਨੇ ਅਤੇ ਛੋਟੇ ਉਦਮੀਆਂ ਨੂੰ ਨਾ ਤਾਂ ਇਸ ਗੋਰਖਧੰਦੇ ਦੀ ਸਮਝ ਪੈ ਰਹੀ ਹੈ ਅਤੇ ਨਾ ਹੀ ਉਨ੍ਹਾਂ ਕੋਲ ਐਨੀ ਪੂੰਜੀ ਹੈ ਕਿ ਉਹ ਚਾਰਟਰਡ ਅਕਾਊਂਟੈਂਟਾਂ ਅਤੇ ਵਕੀਲਾਂ ਦੀ ਸੇਵਾ ਲੈ ਸਕਣ। ਉਧਰ ਚਾਰਟਰਡ ਅਕਾਊਂਟੈਂਟਾਂ ਨੇ ਜੀ.ਐਸ.ਟੀ. ਲਾਗੂ ਹੋਣ ਨਾਲ ਵਧਦੀ ਮੰਗ ਕਾਰਨ ਛੋਟੇ ਕਾਰੋਬਾਰੀਆਂ ਲਈ 15 ਪ੍ਰਤੀਸ਼ਤ ਅਤੇ ਵੱਡੇ ਕਾਰੋਬਾਰੀਆਂ ਲਈ 30 ਪ੍ਰਤੀਸ਼ਤ ਫੀਸ ਵਧਾ ਦਿੱਤੀ ਹੈ। ਇਕ ਅੰਦਾਜ਼ੇ ਮੁਤਾਬਿਕ ਉਨ੍ਹਾਂ ਦੀ ਆਮਦਨ ਵਿਚ 2.3 ਅਰਬ ਡਾਲਰ (15,000 ਕਰੋੜ ਰੁਪਏ) ਦਾ ਵਾਧਾ ਹੋਵੇਗਾ। ਇਸ ਤਰ੍ਹਾਂ ਭਾਰਤ ਦੇ ਛੋਟੇ ਅਤੇ ਦਰਮਿਆਨੇ ਉਦਮੀਆਂ ਲਈ ਜੀ.ਐਸ.ਟੀ.ਆਫਤ ਬਣ ਕੇ ਬਹੁੜਿਆ ਹੈ।

ਜੀ.ਐਸ.ਟੀ. ਦਾ ਅਮਲ ਕਿਵੇਂ ਚਲਦਾ ਹੈ? ਇਸ ਰਾਹੀਂ ਇਕ ਵਸਤੂ ਕਈ ਪੜਾਵਾਂ ਵਿਚ ਲੰਘ ਕੇ ਖਪਤਕਾਰ ਕੋਲ ਪਹੁੰਚਦੀ ਹੈ। ਖਪਤ ਕਰਨ ਵਾਲੇ ਰਾਜ ਦੇ ਵਪਾਰੀ ਨੇ ਰਾਜ ਸਰਕਾਰ ਦਾ ਐਸ.ਜੀ.ਐਸ.ਟੀ. ਅਤੇ ਕੇਂਦਰ ਦਾ ਸੀ.ਜੀ.ਐਸ.ਟੀ. ਦੋਵੇਂ ਅੰਤਿਮ ਖ਼ਪਤਕਾਰਾਂ ਤੋਂ ਵਸੂਲਣੇ ਹਨ ਅਤੇ ਟੈਕਸ ਦੀ ਵੰਡ ਰਾਜ ਸਰਕਾਰ ਅਤੇ ਕੇਂਦਰ ਦੋਵਾਂ ਵਿਚਕਾਰ ਕਰਨੀ ਹੈ। ਜੇ ਇਹ ਕਾਰੋਬਾਰ 1.5 ਕਰੋੜ ਰੁਪਏ ਤੋਂ ਘੱਟ ਹੁੰਦਾ ਹੈ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 90:10 ਅਤੇ ਜੇ ਇਹ ਸੌਦਾ 1.5 ਕਰੋੜ ਰੁਪਏ ਤੋਂ ਉਪਰ ਦਾ ਹੋਵੇ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 50:50 ਅਨੁਸਾਰ ਵੰਡਿਆ ਜਾਂਦਾ ਹੈ, ਪਰ ਜਦੋਂ ਇਕ ਰਾਜ ਦਾ ਹੀ ਦੂਜਾ ਖਰੀਦਣ ਵਾਲਾ ਵਪਾਰੀ ਕਿਸੇ ਉਸੇ ਰਾਜ ਦੇ ਵਪਾਰੀ ਨੂੰ ਵੇਚਦਾ ਹੈ ਤਾਂ ਟੈਕਸ ਦੀ ਵੰਡ ਦੀ ਪ੍ਰਕਿਰਿਆ ਗੁੰਝਲਦਾਰ ਹੋ ਜਾਂਦੀ ਹੈ। ਅੱਗੇ ਜੇ ਇਹ ਵਪਾਰ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਵੇਚਣ ਅਤੇ ਖਰੀਦਣ ਵਾਲੇ ਵਪਾਰੀਆਂ ਵਿਚਕਾਰ ਹੁੰਦਾ ਹੈ ਤਾਂ ਜੀ.ਐਸ.ਟੀ. ਨੂੰ ਵੰਡਣ ਦੀ ਪ੍ਰਕਿਰਿਆ ਹੋਰ ਵੀ ਜ਼ਿਆਦਾ ਗੁੰਝਲਦਾਰ ਹੋ ਜਾਂਦੀ ਹੈ। ਇਸ ਨੂੰ ਵੰਡਣ ਲਈ ਸਰਕਾਰ ਵੱਲੋਂ ਆਈ.ਜੀ.ਐਸ.ਟੀ. ਲਈ ਸੌਫਟਵੇਅਰ ਤਿਆਰ ਕਰਵਾਇਆ ਗਿਆ ਹੈ ਜਿਸ ਨਾਲ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਆਪਸੀ ਵਪਾਰ ਸਮੇਂ ਵਸਤਾਂ ਅਤੇ ਸੇਵਾਵਾਂ ਉਤੇ ਲੱਗਣ ਵਾਲੇ ਟੈਕਸ ਨੂੰ ਨਿਯਮਿਤ ਕਰਦਿਆਂ ਇਸ ਦੀ ਵੰਡ




ਕੀਤੀ ਜਾਂਦੀ ਹੈ।

ਜੀ.ਐਸ.ਟੀ. ਦਾ ਇਕ ਮੰਤਵ ਟੈਕਸ ਦੇਣ ਵਾਲਿਆਂ ਦਾ ਘੇਰਾ ਵਧਾਉਣਾ ਹੈ। ਜੀ.ਐਸ.ਟੀ. ਲਾਗੂ ਹੋਣ ਨਾਲ ਭਾਰਤ ਅੰਦਰ ਹੁਣ ਟੈਕਸ ਨੈਟ ਵਿਚ 80 ਲੱਖ ਉਦਮੀ ਹਨ। ਇਨ੍ਹਾਂ ਵਿਚ 70 ਲੱਖ ਛੋਟੇ ਅਤੇ ਦਰਮਿਆਨੇ ਕਾਰੋਬਾਰੀ ਹਨ। ਹੁਣ ਟੈਕਸ ਭਰਨ ਵਾਲਿਆਂ ਦੀ 540 ਲੱਖ ਦੀ ਗਿਣਤੀ ਨੂੰ ਜੀ.ਐਸ.ਟੀ.ਐਨ ਵਿਚ ਨਾਂ ਦਰਜ ਕਰਾਉਣੇ ਪੈਣਗੇ। ਜੀ.ਐਸ.ਟੀ. ਭਰਨ ਵਾਲਿਆਂ ਦੀਆਂ 0, 5, 12, 18 ਅਤੇ 28 ਪੰਜ ਟੈਕਸ ਸਲੈਬਾਂ ਬਣਾਈਆਂ ਗਈਆਂ ਹਨ। ਸਿਫ਼ਰ ਟੈਕਸ ਭਾਵ ਜਿਨ੍ਹਾਂ ਵਸਤਾਂ ਉਪਰ ਟੈਕਸ ਨਹੀਂ ਲੱਗਿਆ, ਉਨ੍ਹਾਂ ਵਿਚ ਤਾਜ਼ਾ ਮੀਟ, ਮੱਛੀ, ਚਿਕਨ, ਅੰਡੇ, ਦੁੱਧ, ਲੱਸੀ, ਦਹੀਂ, ਕੁਦਰਤੀ ਸ਼ਹਿਦ, ਤਾਜ਼ੇ ਫ਼ਲ ਅਤੇ ਸਬਜ਼ੀਆਂ, ਆਟਾ, ਬੇਸਨ, ਬਰੈਡ, ਪ੍ਰਸਾਦ, ਨਮਕ, ਬਿੰਦੀ, ਸਿੰਧੂਰ, ਸਟੈਂਪ, ਕੋਰਟ ਪੇਪਰ, ਕਿਤਾਬਾਂ, ਅਖਬਾਰ, ਵੰਗਾਂ, ਹੈਂਡਲੂਮ ਆਦਿ ਸ਼ਾਮਿਲ ਹਨ। ਬਾਕੀ ਵਸਤਾਂ ਲਈ ਚਾਰ ਟੈਕਸ ਸਲੈਬਾਂ ਹਨ। ਯੂ.ਪੀ.ਏ. ਸਰਕਾਰ ਵੇਲੇ ਜੀ.ਐਸ.ਟੀ. ਦੇ ਮਸੌਦੇ ਵਿਚ ਵੱਧ ਤੋਂ ਵੱਧ ਜੀ.ਐਸ.ਟੀ. ਦੀ ਦਰ 18% ਰੱਖੀ ਜਾ ਰਹੀ ਸੀ, ਪਰ ਉਸ ਸਮੇਂ ਭਾਜਪਾ ਇਸ ਨੂੰ 18 ਪ੍ਰਤੀਸ਼ਤ ਤੋਂ ਵੀ ਹੇਠਾਂ ਲਿਆਉਣ ਲਈ ਬਜ਼ਿਦ ਸੀ। ਹੁਣ ਇਸ ਨੇ ਦੁਨੀਆਂ ਦੀ ਸਭ ਤੋਂ ਉਚੀ 28 ਪ੍ਰਤੀਸ਼ਤ ਦਰ ਰੱਖੀ ਹੈ। ਇਨ੍ਹਾਂ ਟੈਕਸਾਂ ਤੋਂ ਇਲਾਵਾ ਭਾਰਤ ਵਿਚ ਜੀ.ਐਸ.ਟੀ. ਕੌਂਸਲ ਨੂੰ ਅਲੱਗ-ਅਲੱਗ ਸਪਲਾਈ ਉਪਰ ਮੁਆਵਜ਼ਾ ਸੈਸ ਲਾਉਣ ਦਾ ਅਧਿਕਾਰ ਵੀ ਹੈ। ਕੱਚਾ ਤੇਲ, ਪੈਟਰੋਲ, ਡੀਜ਼ਲ, ਕੁਦਰਤੀ ਗੈਸ, ਜੈਟ ਈਂਧਨ, ਰੀਅਲ ਇਸਟੇਟ ਅਤੇ ਬਿਜਲੀ ਅਜੇ ਜੀ.ਐਸ.ਟੀ. ਤੋਂ ਬਾਹਰ ਹਨ। ਸ਼ਰਾਬ ਨੂੰ ਜੀ.ਐਸ.ਟੀ. ਦੇ ਘੇਰੇ ਵਿਚ ਲਿਆਉਣ ਲਈ ਸੰਵਿਧਾਨ ਵਿਚ ਸੋਧ ਕਰਨੀ ਪਵੇਗੀ।

ਸਰਕਾਰ ਨੂੰ ਜੀ.ਐਸ.ਟੀ. ਲਾਗੂ ਕਰਨ ਦੀ ਕਾਹਲ ਕਿਉਂ? ਦਰਅਸਲ ਭਾਰਤ ਨੂੰ ਇਕ ਗੰਭੀਰ ਸੰਕਟ ਦਰਪੇਸ਼ ਹੈ। ਕਿਸਾਨ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਅੱਕ ਕੇ ਉਹ ਵੱਡੇ ਅੰਦੋਲਨਾਂ ਰਾਹੀਂ ਸਰਕਾਰ ਲਈ ਚੁਣੌਤੀ ਬਣ ਰਹੇ ਹਨ। ਸਨਅਤੀ ਸੰਕਟ ਕਾਰਨ ਭਾਰਤ ਦੇ ਵੱਡੇ ਘਰਾਣਿਆਂ ਸਿਰ ਕਰਜ਼ੇ ਵਧ ਰਹੇ ਹਨ। ਇਸ ਨਾਲ ਬੈਂਕਿੰਗ ਖੇਤਰ ਦੇ ਐਨ.ਪੀ.ਏ. ਵਧਣ ਕਰ ਕੇ ਭਾਰਤ ਲਈ ਵਿੱਤੀ ਸੰਕਟ ਖੜ੍ਹਾ ਹੋ ਰਿਹਾ ਹੈ। ਇਸ ਵੱਡੇ ਸੰਕਟ ਨੂੰ ਟਾਲਣ ਲਈ ਮੋਦੀ ਨੇ ਮੇਕ ਇਨ ਇੰਡੀਆ ਅਤੇ ਸਟੈਂਡ ਅੱਪ ਇੰਡੀਆ ਵਰਗੇ ਨਾਅਰੇ ਲਾ ਕੇ ਵਿਦੇਸ਼ੀ ਸਾਮਰਾਜੀ ਕੰਪਨੀਆਂ ਨੂੰ ਭਾਰਤ ਵਿਚ ਪੂੰਜੀ ਨਿਵੇਸ਼ ਲਈ ਸੱਦੇ ਦਿੱਤੇ ਜਾ ਰਹੇ ਹਨ। ਸਾਮਰਾਜੀ ਦੇਸ਼ਾਂ ਨੂੰ ਖੁੱਲ੍ਹਾਂ ਦੇਣ ਲਈ ਉਹ ਜੀ.ਐਸ.ਟੀ. ਨੂੰ ਲਾਗੂ ਕਰ ਕੇ ਦੇਸ਼ ਨੂੰ ਇਕ ਇਕਹਿਰੀ ਮੰਡੀ ਅਤੇ ਇਕ ਕੇਂਦਰੀਕ੍ਰਿਤ ਅਤੇ ਏਕਾਮਿਕ ਢਾਂਚੇ ਵਿਚ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਹਿਲਾਂ ਉਹ ਨੋਟਬੰਦੀ ਨਾਲ ਭ੍ਰਿਸ਼ਟਾਚਾਰ, ਕਾਲੇ ਧਨ, ਜਾਅਲੀ ਕਰੰਸੀ ਅਤੇ ਅਤਿਵਾਦ ਨੂੰ ਖ਼ਤਮ ਕਰਨ ਦੇ ਦਾਅਵੇ ਕਰਦਾ ਸੀ ਅਤੇ ਹੁਣ ਉਹ ਜੀ.ਐਸ.ਟੀ. ਨਾਲ ਕੁੱਲ ਘਰੇਲੂ ਪੈਦਾਵਾਰ ਵਿਚ ਵਾਧਾ ਹੋਣ, ਸਨਅਤੀ ਆਰਥਿਕਤਾ ਵਿਚ ਪਾਰਦਰਸ਼ਤਾ ਆਉਣ, ਸਹਿਕਾਰੀ ਸੰਘਵਾਦ ਹੋਰ ਮਜ਼ਬੂਤ ਕਰਨ, ਟੈਕਸ ਪ੍ਰਬੰਧ ਨੂੰ ਮੁੜ ਢਾਂਚਾਗਤ ਕਰਨ, ਵਪਾਰ ਵਿਚ ਵਾਧਾ ਹੋਣ ਨਾਲ ਸੇਵਾਵਾਂ ਨੂੰ ਹੁਲਾਰਾ ਮਿਲਣ, ਸਿੱਧੇ ਪੂੰਜੀ ਨਿਵੇਸ਼ ਵਿਚ ਵੱਡਾ ਵਾਧਾ ਹੋਣ, ਵਸਤਾਂ ਸਸਤੀਆਂ ਹੋਣ, ਲੋਕਾਂ ਉਪਰ ਟੈਕਸਾਂ ਦਾ ਭਾਰ ਘੱਟ ਹੋਣ ਦੇ ਦਾਅਵੇ ਕਰ ਰਿਹਾ ਹੈ, ਪਰ ਗੱਲ ਇਸ ਦੇ ਉਲਟ ਹੈ। ਜੀ.ਐਸ.ਟੀ. ਲਾਗੂ ਕਰਨ ਲਈ ਵੱਡੇ ਕਾਰਪੋਰੇਟ ਘਰਾਣੇ ਮੋਦੀ ਨਾਲ ਜਸ਼ਨ ਮਨਾ ਰਹੇ ਹਨ। ਦੂਜੇ ਪਾਸੇ ਕੱਪੜਾ ਵਪਾਰੀ ਦੇਸ਼ ਵਿਆਪੀ ਅੰਦੋਲਨ ਕਰ ਰਹੇ ਹਨ। ਹਰਿਆਣੇ ਦੀਆਂ ਪਲਾਈਵੁੱਡ ਸਨਅਤਾਂ ਜੀ.ਐਸ.ਟੀ. ਲੱਗਣ ਨਾਲ ਬੰਦ ਹੋ ਰਹੀਆਂ ਹਨ। ਕੱਚੇ ਚਮੜੇ ਵਾਲੇ ਵਪਾਰੀ ਅਤੇ ਮਜ਼ਦੂਰ ਜੀ.ਐਸ.ਟੀ. ਬੰਦ ਕਰਾਉਣ ਲਈ ਸੰਘਰਸ਼ ਕਰ ਰਹੇ ਹਨ। ਨਰੇਂਦਰ ਮੋਦੀ ਕਹਿ ਰਹੇ ਹਨ ਕਿ ਜੀ.ਐਸ.ਟੀ. ਨਾਲ ਮਹਿੰਗਾਈ ਘਟੇਗੀ, ਪਰ ਉਲਟਾ ਮਹਿੰਗਾਈ ਵਧਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਦਸ ਕਰੋੜ ਰੁਪਏ ਦਾ ਸਾਲਾਨਾ ਹੋਰ ਬੋਝ ਪੈ ਰਿਹਾ ਹੈ। ਪੰਜਾਬ ਦੇ ਲੋਕਾਂ ਉਪਰ ਪੰਜ ਹਜ਼ਾਰ ਕਰੋੜ ਰੁਪਏ ਅਤੇ ਸਮੁੱਚੇ ਦੇਸ਼ ਦੇ ਲੋਕਾਂ ਉਪਰ ਦੋ ਲੱਖ ਕਰੋੜ ਰੁਪਏ ਦੇ ਟੈਕਸਾਂ ਦਾ ਨਵਾਂ ਬੋਝ ਪੈਣ ਦੀ ਸੰਭਾਵਨਾ ਹੈ।

ਜੀ.ਐਸ.ਟੀ. ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ, ਪਰ ਲੋਕਾਂ ਦੀਆਂ ਖਪਤ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਧ ਗਈਆਂ ਹਨ। ਦਰਅਸਲ, ਮੋਦੀ ਦਾ ਜੀ.ਐਸ.ਟੀ. ਰਾਹੀਂ ਇਕ ਦੇਸ਼, ਇਕ ਮੰਡੀ ਅਤੇ ਇਕ ਟੈਕਸ ਬਣਾਉਣ ਦਾ ਉਦੇਸ਼ ਦੇਸ਼ ਦੀ ਮੰਡੀ ਖੋਲ੍ਹ ਕੇ ਵਿਦੇਸ਼ੀ ਕੰਪਨੀਆਂ ਅਤੇ ਵੱਡੇ ਘਰਾਣਿਆਂ ਦੀ ਸਾਂਝ ਪੁਆ ਕੇ ਭਾਰਤੀ ਲੋਕਾਂ ਅਤੇ ਦੇਸ਼ ਦੇ ਸ੍ਰੋਤਾਂ ਦੀ ਹੋਰ ਲੁੱਟ ਕਰਾਉਣੀ ਹੈ, ਪਰ ਇਸ ਨਾਲ ਛੋਟੀ ਅਤੇ ਦਰਮਿਆਨੀ ਸਨਅਤ ਦੀ ਹੋਰ ਤਬਾਹੀ ਹੋਵੇਗੀ, ਜ਼ਰੱਈ ਸੰਕਟ ਹੋਰ ਵਧੇਗਾ ਤੇ ਪਹਿਲਾਂ ਹੀ ਪਿਸੇ ਰਹੇ ਮਜ਼ਦੂਰ, ਕਿਸਾਨ ਅਤੇ ਉਦਮੀ ਹੋਰ ਪਿਸ ਜਾਣਗੇ।

# ਜੀ.ਐਸ.ਟੀ. ਅਤੇ ਵਿਰੋਧੀ ਧਿਰ

ਕੀ ਜੋ ਕੰਮ ਨੋਟਬੰਦੀ ਨਹੀਂ ਕਰ ਸਕਿਆ, ਉਹ ਕੰਮ ਜੀ.ਐਸ.ਟੀ. ਕਰ ਸਕੇਗਾ? ਕਹਿਣ ਦਾ ਭਾਵ, ਸਰਕਾਰ ਦਾ ਜੋ ਰਾਜਨੀਤਕ ਨੁਕਸਾਨ ਨੋਟਬੰਦੀ ਕਾਰਨ ਨਹੀਂ ਹੋ ਸਕਿਆ (ਭਾਜਪਾ ਸਮਰਥਕਾਂ ਦਾ ਦਾਅਵਾ ਤਾਂ ਇਹ ਹੈ ਕਿ ਉਨ੍ਹਾਂ ਨੂੰ ਨੋਟਬੰਦੀ ਤੋਂ ਰਾਜਨੀਤਕ ਮੁਨਾਫ਼ਾ ਹੋਇਆ ਹੈ), ਕੀ ਸਰਕਾਰ ਲਈ ਉਸ ਤਰ੍ਹਾਂ ਦੀਆਂ ਦਿੱਕਤਾਂ ਜੀ.ਐਸ.ਟੀ. ਪੇਸ਼ ਕਰ ਸਕਦਾ ਹੈ? ਵਿਰੋਧੀ ਪੱਖ ਨੂੰ ਉਮੀਦ ਹੈ ਕਿ ਅਜਿਹਾ ਹੋ ਸਕਦਾ ਹੈ। ਚਾਹੇ ਸਰਕਾਰੀ ਅਰਥ ਸ਼ਾਸਤਰੀ ਹੋਣ (ਜਿਵੇਂ ਅਰਵਿੰਦ ਸੁਬਰਾਮਨੀਅਮ) ਜਾਂ ਵਿਰੋਧੀ ਪੱਖ ਦੇ ਅਰਥ ਸ਼ਾਸਤਰੀ (ਜਿਵੇਂ ਮੌਂਟੇਕ ਸਿੰਘ ਆਹਲੂਵਾਲੀਆ), ਸਾਰਿਆਂ ਦਾ ਮੰਨਣਾ ਹੈ ਕਿ ਜੀ.ਐਸ.ਟੀ. ਦਾ ਅਰਥ ਵਿਵਸਥਾ ਨੂੰ ਫਾਇਦਾ ਹੁੰਦਿਆਂ-ਹੁੰਦਿਆਂ ਸਾਲ-ਦੋ ਸਾਲ ਦਾ ਸਮਾਂ ਲੱਗ ਸਕਦਾ ਹੈ। ਇਸ

ਅਭੈ ਕੁਮਾਰ ਦੂਬੇ

ਵਿਚ ਮਹਿੰਗਾਈ ਵਧ ਸਕਦੀ ਹੈ ਅਤੇ ਮਾਲੀ ਅਰਥ-ਵਿਵਸਥਾ 'ਤੇ ਨਵੀਂ ਮੰਦੀ ਦਾ ਦਬਾਅ ਪੈ ਸਕਦਾ ਹੈ।

ਜੇ ਅਜਿਹਾ ਹੋਇਆ ਤਾਂ ਨੋਟਬੰਦੀ ਨਾਲ ਪੈਦਾ ਹੋਈ ਮੰਦੀ ਨਾਲ ਜੁੜ ਕੇ ਜੀ.ਐਸ.ਟੀ. ਦੀ ਮੰਦੀ ਗੂੰਜਣ ਲੱਗੇਗੀ। ਇਸ ਨਾਲ ਸਰਕਾਰ ਖਿਲਾਫ਼ ਭਾਵਨਾਵਾਂ ਭੜਕ ਸਕਦੀਆਂ ਹਨ। ਉਹ ਚੀਜ਼ ਪੈਦਾ ਹੋ ਸਕਦੀ ਹੈ ਜਿਸ ਨੂੰ ਸਥਾਪਤੀ ਵਿਰੋਧੀ ਰੁਝਾਨ ਕਿਹਾ ਜਾਂਦਾ ਹੈ। ਇਹ ਵਿਰੋਧੀ ਪੱਖ ਲਈ ਮੌਕਾ ਹੋਵੇਗਾ, ਪਰ ਕੀ ਵਿਰੋਧੀ ਪੱਖ ਕੋਲ ਇਸ ਤਰ੍ਹਾਂ ਦੇ ਮੌਕੇ ਦਾ ਫਾਇਦਾ ਚੁੱਕਣ ਦੀ ਸਮਰੱਥਾ ਹੈ? ਫਿਲਹਾਲ ਇਸ ਪ੍ਰਸ਼ਨ ਦਾ ਉਤਰ ਨਾਂਹ ਵਿਚ ਹੈ। ਭਾਜਪਾ-ਵਿਰੋਧੀ ਵਿਰੋਧੀ ਧਿਰ ਇਸ ਸਮੇਂ ਘਬਰਾਈ ਹੋਈ ਹੈ। ਮੋਦੀ-ਸ਼ਾਹ ਦੇ ਰਾਜਨੀਤਕ ਜੁਗਾੜ ਨੇ ਉਸ ਲਈ ਹਰ ਤਰ੍ਹਾਂ ਦੀਆਂ ਗੁੰਜਾਇਸ਼ਾਂ ਪ੍ਰਭਾਵਹੀਣ ਕਰ ਦਿੱਤੀਆਂ ਹਨ। ਇਹ ਸਰਕਾਰ ਇਕ-ਇਕ ਕਰ ਕੇ ਰਾਜਨੀਤਕ ਵਿਰੋਧੀਆਂ ਨੂੰ ਹਾਸ਼ੀਏ 'ਤੇ ਧੱਕਣ ਵਿਚ ਲੱਗੀ ਹੋਈ ਹੈ। ਸੀ.ਬੀ.ਆਈ. ਦਾ ਚਾਲਾਕੀ ਨਾਲ ਇਸਤੇਮਾਲ ਕੀਤਾ ਜਾ ਰਿਹਾ ਹੈ। ਵਿਰੋਧੀ ਨੇਤਾ ਭ੍ਰਿਸ਼ਟ ਹਨ-ਇਹ ਅਕਸ ਆਸਾਨੀ ਨਾਲ ਕਾਇਮ ਕੀਤਾ ਜਾ ਰਿਹਾ ਹੈ। ਵਿਰੋਧੀ ਧਿਰ ਦੇ ਨੇਤਾਵਾਂ ਦਾ ਅਤੀਤ ਸਰਕਾਰ ਨੂੰ ਅਜਿਹਾ ਕਰਨ ਦਾ ਮੌਕਾ ਦੇ ਰਿਹਾ ਹੈ। ਰਣਨੀਤੀ ਸਾਫ਼ ਹੈ, ਜਦੋਂ ਜਨਤਾ ਨਰੇਂਦਰ ਮੋਦੀ ਦੀ ਸ਼ਖ਼ਸੀਅਤ ਦੇ ਮੁਕਾਬਲੇ ਲਾਲੂ, ਮੁਲਾਇਮ, ਮਾਇਆਵਤੀ, ਰਾਹੁਲ ਆਦਿ ਨੂੰ ਰੱਖ ਕੇ ਤੁਲਨਾ ਕਰੇਗੀ, ਤਾਂ ਉਸ ਨੂੰ ਮੋਦੀ ਦਾ ਚਿਹਰਾ ਬਹੁਤ ਚਮਕਦਾਰ ਲੱਗੇਗਾ। ਵੋਟਰ ਸੋਚਣਗੇ ਕਿ ਮੋਦੀ 'ਤੇ ਨਾ ਤਾਂ ਕੋਈ ਭ੍ਰਿਸ਼ਟਾਚਾਰ ਦਾ ਇਲਜ਼ਾਮ ਹੈ, ਨਾ ਹੀ ਭਾਈ-ਭਤੀਜਾਵਾਦ ਜਾਂ ਪਰਿਵਾਰਵਾਦ ਦਾ ਇਲਜ਼ਾਮ ਹੈ। ਇਸ ਦੇ ਉਲਟ ਨਿਤਿਸ਼ ਕੁਮਾਰ ਅਤੇ ਅਰਵਿੰਦ ਕੇਜਰੀਵਾਲ ਨੂੰ ਛੱਡ ਕੇ ਵਿਰੋਧੀ ਧਿਰ ਦੇ ਤਕਰੀਬਨ ਸਾਰੇ ਨੇਤਾ ਇਨ੍ਹਾਂ ਸਮੱਸਿਆਵਾਂ ਨਾਲ ਭਰਪੂਰ ਹਨ।

ਪ੍ਰਧਾਨ ਮੰਤਰੀ ਨੇ ਜੀ.ਐਸ.ਟੀ. ਦੀ ਜੀ. ਦਾ ਭਾਵ ਗੁਡ ਅਤੇ ਐਸ. ਦਾ ਭਾਵ ਸਿੰਪਲ ਕੱਢ ਕੇ ਨਵੇਂ ਮਾਲ ਅਤੇ ਸੇਵਾ ਕਰ ਨੂੰ ਚੰਗਾ ਅਤੇ ਸਰਲ ਟੈਕਸ ਆਖ ਕੇ ਲੋਕਾਂ ਨੂੰ ਇਸ ਦਾ ਪਿਆਰਾ ਨਾਂ ਦੇਣ ਦੀ ਕੋਸ਼ਿਸ਼ ਕੀਤੀ ਹੈ। ਜੀ.ਐਸ.ਟੀ. ਕਿੰਨਾ ਚੰਗਾ ਹੈ, ਕਿੰਨਾ ਸਰਲ ਹੈ ਅਤੇ ਇਸ ਦੇ ਚੰਗੇਪਨ ਤੇ ਸਰਲਤਾ ਨਾਲ ਕਿਹੜੀ ਰਾਜਨੀਤੀ ਜੁੜੀ ਹੋਈ ਹੈ, ਇਸ 'ਤੇ ਚਰਚਾ ਕਰਨ ਨਾਲ ਪਹਿਲਾਂ ਭਾਰਤ ਦੇ ਸਾਬਕਾ ਵਿੱਤ ਮੰਤਰੀ ਵੱਲੋਂ ਦਿੱਤੇ ਗਏ ਸੁਝਾਅ 'ਤੇ ਗ਼ੌਰ ਕਰ ਲੈਣਾ ਠੀਕ ਹੋਵੇਗਾ। ਸੁਝਾਅ ਇਸ ਪ੍ਰਕਾਰ ਹੈ: ਜੀ.ਐਸ.ਟੀ. ਨੂੰ ਅੰਤਿਮ ਰੂਪ ਨਾਲ ਲਾਗੂ ਕਰਨ ਤੋਂ ਪਹਿਲਾਂ ਉਸ ਬਾਰੇ ਦੋ ਮਹੀਨੇ ਦਾ ਪ੍ਰੀਖਣ ਪਾਇਲਟ ਪ੍ਰੋਜੈਕਟ ਚਲਾਇਆ ਜਾਣਾ ਚਾਹੀਦਾ ਸੀ। ਸੂਬਿਆਂ ਅਤੇ ਕੇਂਦਰੀ ਪੱਧਰ 'ਤੇ ਜੀ.ਐਸ.ਟੀ. ਦੇ ਪ੍ਰਸ਼ਾਸਨ ਨਾਲ ਜੁੜੇ ਹਰ ਅਫ਼ਸਰ ਨੂੰ ਘੱਟ ਤੋਂ ਘੱਟ ਦੋ ਹਫ਼ਤੇ ਤੱਕ ਕਿਸੇ ਛੋਟੇ ਅਤੇ ਮੱਧ ਵਰਗੀ ਵਪਾਰੀ ਦੇ ਦਫ਼ਤਰ ਵਿਚ ਕੰਮ ਕਰਦੇ ਹੋਏ ਨਮੂਨੇ ਦੇ ਰਿਟਰਨ ਭਰਨੇ ਚਾਹੀਦੇ ਸਨ। ਇਸ ਪ੍ਰੀਖਣ ਮਿਆਦ ਵਿਚ ਜੀ.ਐਸ.ਟੀ. ਲਾਗੂ ਕਰਨ



ਵਿਚ ਆ ਸਕਣ ਵਾਲੀਆਂ ਅਜਿਹੀਆਂ ਬਹੁਤ ਸਾਰੀਆਂ ਦਿੱਕਤਾਂ ਅਤੇ ਉਲਝਣਾਂ ਦਾ ਨਾ ਸਿਰਫ ਪਤਾ ਲੱਗ ਜਾਂਦਾ, ਸਗੋਂ ਉਨ੍ਹਾਂ ਨਾਲ ਨਜਿੱਠਣ ਦੇ ਤੌਰ-ਤਰੀਕੇ ਵੀ ਖੋਜ ਲਏ ਜਾਂਦੇ। ਇਸ ਨਾਲ ਨਾ ਸਿਰਫ ਅਧਿਕਾਰੀਆਂ ਦਾ, ਸਗੋਂ ਵਪਾਰੀਆਂ ਦਾ ਵੀ ਆਤਮ-ਵਿਸ਼ਵਾਸ ਵਧਦਾ ਕਿ ਉਹ ਨਵੇਂ ਕਰ-ਪ੍ਰਸ਼ਾਸਨ ਤਹਿਤ ਠੀਕ ਤਰ੍ਹਾਂ ਕੰਮ ਕਰ ਸਕਣਗੇ। ਇਹ ਜ਼ਰੂਰ ਹੈ ਕਿ ਇਸ ਨਾਲ ਜੀ.ਐਸ.ਟੀ. ਇਕ ਜੁਲਾਈ ਦੀ ਬਜਾਏ ਇਕ ਸਤੰਬਰ ਨੂੰ ਲਾਗੂ ਹੁੰਦਾ, ਪਰ ਉਸ ਸਥਿਤੀ ਵਿਚ ਮੌਜੂਦਾ ਜੀ.ਐਸ.ਟੀ. ਦੀਆਂ ਢਾਂਚਾਗਤ ਸਮੱਸਿਆਵਾਂ ਸਾਹਮਣੇ ਆ ਜਾਂਦੀਆਂ ਅਤੇ ਸਰਕਾਰ ਕੋਲ ਉਨ੍ਹਾਂ ਸਮੱਸਿਆਵਾਂ ਦਾ ਹੌਲੀ-ਹੌਲੀ ਸੁਧਾਰ ਕਰਨ ਦਾ ਖਾਕਾ ਮੌਜੂਦ ਹੁੰਦਾ ਅਤੇ ਇਸ ਸਮੇਂ ਸੜਕਾਂ ਉੱਤੇ ਵਪਾਰੀਆਂ ਵੱਲੋਂ ਇਸ ਦੇ ਵਿਰੋਧ ਵਿਚ ਜਲੂਸ ਨਾ ਨਿਕਲ ਰਹੇ ਹੁੰਦੇ। ਸਪਸ਼ਟ ਹੈ ਕਿ ਸਰਕਾਰ ਨੇ ਅਜਿਹਾ ਕਰਨਾ ਮੁਨਾਸਿਬ ਨਹੀਂ ਸਮਝਿਆ ਅਤੇ ਦੇਸ਼ ਦੇ ਵਪਾਰ-ਸੰਗਠਨਾਂ ਜਾਂ ਰਾਜਨੀਤਕ ਦਲਾਂ ਨੇ ਵੀ ਉਸ 'ਤੇ ਅਜਿਹਾ ਕਰਨ ਲਈ ਕੋਈ ਦਬਾਅ ਨਹੀਂ ਪਾਇਆ।

ਜੇ ਮੌਜੂਦਾ ਸਥਿਤੀ ਵਿਚ ਵੇਖੀਏ ਤਾਂ ਏਕਤਾਬੱਧ ਹੋਣ ਦੇ ਬਜਾਇ ਗ਼ੈਰ-ਭਾਜਪਾ ਵਿਰੋਧੀ ਧਿਰ ਪੂਰੀ ਤਰ੍ਹਾਂ ਵੰਡੀ ਹੋਈ ਵਿਖਾਈ ਦੇ ਰਹੀ ਹੈ। ਨੋਟਬੰਦੀ ਦੇ ਇਰਦ-ਗਿਰਦ ਹੋਈ ਰਾਜਨੀਤੀ ਉਤੇ ਜੇ ਗ਼ੌਰ ਕਰੀਏ ਤਾਂ ਵੇਖਿਆ ਜਾ ਸਕਦਾ ਹੈ ਕਿ ਉਸ ਸਮੇਂ ਵਿਰੋਧੀ ਏਕਤਾ ਦਾ ਸੂਚਕ ਅੰਕ ਬਹੁਤ ਉਤੇ ਸੀ ਅਤੇ ਸਿਰਫ ਨਿਤੀਸ਼ ਕੁਮਾਰ ਦੀ ਪਾਰਟੀ ਹੀ ਵੱਖਰੇ ਤੌਰ 'ਤੇ ਸਰਕਾਰ ਨਾਲ ਖੜ੍ਹੀ ਸੀ, ਪਰ ਜੀ.ਐਸ.ਟੀ. ਤੋਂ ਪਹਿਲਾਂ ਹੋਈ ਰਾਸ਼ਟਰਪਤੀ ਚੋਣ ਦੀ ਰਾਜਨੀਤੀ ਨੇ ਵਿਰੋਧੀ ਏਕਤਾ ਨੂੰ ਹਾਸ਼ੀਏ 'ਤੇ ਖੜ੍ਹਾ ਕਰ ਦਿੱਤਾ ਹੈ। ਸਰਕਾਰ ਦੇ ਖਿਲਾਫ਼ ਸਾਂਝੀ ਮੁਹਿੰਮ ਚਲਾਉਣ ਦੀ ਬਜਾਏ ਵਿਰੋਧੀ ਧਿਰ ਇਕ-ਦੂਜੇ 'ਤੇ ਦੋਸ਼ ਲਾ ਰਹੀ ਹੈ। ਇਸ ਸਥਿਤੀ ਦਾ ਜ਼ਿੰਮੇਵਾਰ ਕੌਣ ਹੈ? ਇਸ ਤੋਂ ਪਹਿਲਾਂ ਕਿ ਅਸੀਂ ਇਹ ਠੀਕਰਾ ਰਾਮਨਾਥ ਕੋਵਿੰਦ ਦਾ ਸਮਰਥਨ ਕਰਨ ਵਾਲੇ ਨਿਤੀਸ਼ ਕੁਮਾਰ ਦੇ ਦਰਵਾਜ਼ੇ 'ਤੇ ਭੰਨੀਏ, ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਹਰ ਸਥਿਤੀ ਵਿਚ ਵਿਰੋਧੀ ਧਿਰ ਦੀ ਏਕਤਾ ਦੀ ਜ਼ਿੰਮੇਵਾਰੀ ਸਭ ਤੋਂ ਵੱਡੀ ਪਾਰਟੀ ਦੀ ਹੁੰਦੀ ਹੈ। ਖੇਤਰੀ ਪੱਧਰ 'ਤੇ ਇਹ ਫਰਜ਼ (ਜਿਵੇਂ ਉਤਰ ਪ੍ਰਦੇਸ਼ ਅਤੇ ਬਿਹਾਰ) ਜਨਤਾ ਦਲ (ਯੂ), ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਵਰਗੀਆਂ ਪਾਰਟੀਆਂ ਦਾ ਹੈ, ਅਤੇ ਕੇਂਦਰੀ ਪੱਧਰ 'ਤੇ ਕਾਂਗਰਸ ਦਾ। ਜੇ ਕੋਈ ਰਾਸ਼ਟਰੀ ਪੱਧਰ 'ਤੇ ਭਾਜਪਾ ਵਿਰੋਧੀ ਮਹਾਂਗਠਜੋੜ ਬਣਦਾ ਹੈ ਤਾਂ ਉਹ ਕਾਂਗਰਸ ਦੀ ਠੋਸ ਅਤੇ ਸੁਚੱਜੀ ਪਹਿਲਕਦਮੀ ਤੋਂ ਬਿਨਾਂ ਨਹੀਂ ਬਣ ਸਕਦਾ ਅਤੇ ਇਹ ਗਠਜੋੜ 2019 ਦੀ ਚੋਣ ਰਣਨੀਤੀ ਦੇ ਪ੍ਰਸੰਗ ਵਿਚ ਹੀ ਬਣੇਗਾ। ਇਸ ਲਈ ਜ਼ਰੂਰੀ ਹੋਵੇਗਾ ਕਿ ਕਾਂਗਰਸ ਹੁਣ ਤੋਂ ਇਹ ਐਲਾਨ ਕਰੇ ਕਿ ਲੋਕ ਸਭਾ ਦੀ ਚੋਣ ਕਿਸ ਦੀ ਅਗਵਾਈ ਵਿਚ ਲੜੀ ਜਾਵੇਗੀ। ਜੇ ਉਹ ਸਮਝਦੀ ਹੈ ਕਿ ਰਾਹੁਲ ਗਾਂਧੀ ਇਸ ਦੇ ਲਈ ਯੋਗ ਹਨ ਤਾਂ ਉਨ੍ਹਾਂ ਨੂੰ ਦਲੇਰੀ ਨਾਲ ਇਹ ਐਲਾਨ ਕਰਨਾ ਚਾਹੀਦਾ ਹੈ। ਇਸ ਨਾਲ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇਹ ਤੈਅ ਕਰਨ ਵਿਚ ਆਸਾਨੀ ਹੋਵੇਗੀ ਕਿ ਰਾਹੁਲ ਗਾਂਧੀ ਨੂੰ ਆਪਣਾ ਨੇਤਾ ਮੰਨ ਸਕਦੇ ਹਨ ਜਾਂ ਨਹੀਂ। ਜੇ ਰਾਹੁਲ ਗਾਂਧੀ ਵਿਚ ਇਹ ਦਲੇਰੀ ਨਹੀਂ ਹੈ, ਤਾਂ ਫਿਰ ਕਾਂਗਰਸ ਨੂੰ ਨਿਤੀਸ਼ ਕੁਮਾਰ ਵਰਗੇ ਨੇਤਾ ਦੇ ਨਾਂ 'ਤੇ ਸੋਚਣਾ ਚਾਹੀਦਾ ਹੈ ਅਤੇ ਰਾਹੁਲ ਗਾਂਧੀ ਦੀਆਂ ਖਾਹਿਸ਼ਾਂ ਨੂੰ ਪੰਜ ਸਾਲ ਲਈ ਠੰਢੇ ਬਸਤੇ ਵਿਚ ਪਾ ਦੇਣਾ ਚਾਹੀਦਾ ਹੈ। ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨਦਿਆਂ ਹੀ ਮੋਦੀ ਦੀ ਸ਼ਖ਼ਸੀਅਤ ਦੇ ਵਿਰੋਧ ਵਿਚ ਇਕ ਸ਼ਖ਼ਸੀਅਤ ਉਭਰਨੀ ਸ਼ੁਰੂ ਹੋ ਜਾਵੇਗੀ। ਵੋਟਰਾਂ ਅਤੇ ਰਾਜਨੀਤਕ ਸ਼ਕਤੀਆਂ ਸਾਹਮਣੇ ਸਪਸ਼ਟ ਬਦਲ ਹੋਵੇਗਾ। ਉਹ ਉਸ ਬਾਰੇ ਸੋਚਣਗੇ, ਉਸ ਨੂੰ ਤੋਲਣਗੇ, ਮੋਦੀ ਦੇ ਬਰਾਬਰ ਰੱਖ ਕੇ ਤੁਲਨਾ ਕਰਨਗੇ। ਰਾਜਨੀਤੀ ਦਾ ਸਰੂਪ ਬਦਲੇਗਾ ਅਤੇ ਉਹ ਮੋਦੀ-ਕੇਂਦਰਿਤ ਨਹੀਂ ਰਹਿ ਜਾਵੇਗਾ। ਜੀ.ਐਸ.ਟੀ. 'ਤੇ ਵਿਰੋਧੀ ਧਿਰ ਦੀ ਏਕਤਾ ਦੀ ਬਜਾਇ ਅਨੇਕਤਾ ਤੋਂ ਵੱਡਾ ਸਬਕ ਇਹੀ ਸਿੱਖਿਆ ਜਾ ਸਕਦਾ ਹੈ।

# ਮਾਨਮੱਤਾ ਰੁਤਬਾ ਐਨ.ਆਰ.ਆਈ. ਬਣਿਆ ਨਹੀਂ ਰਹਿਣਾ ਇੰਡੀਆ

## ਦੁੱਖ ਪਰਦੇਸਾਂ ਦੇ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਲੜੀ ਵਿਚ ਉਨ੍ਹਾਂ ਕੋਠੀ ਲੱਗੇ ਬਜ਼ੁਰਗਾਂ ਦੀ ਪੀੜਾ ਦੀ ਸਾਰ ਲਈ ਹੈ। ਇਹ 'ਕੋਠੀ ਲੱਗੇ' ਬਜ਼ੁਰਗ ਜਦੋਂ ਕਿਸੇ ਪਾਰਕ ਵਿਚ 'ਕੱਠੇ ਹੁੰਦੇ ਹਨ ਤਾਂ ਆਪੋ ਵਿਚ ਦੁਖੜੇ ਫੋਲਦੇ ਹਨ। ਹਥਲੇ ਲੇਖ ਵਿਚ ਪ੍ਰਿੰ. ਬਾਜਵਾ ਨੇ ਪੰਜਾਬ ਦੇ ਵਿਗੜੇ ਹਾਲਾਤ ਦਾ ਸ਼ਿਕਾਰ ਹੋਏ ਇਕ ਐਨ.ਆਰ.ਆਈ. ਬਜ਼ੁਰਗ ਦੇ ਦੁਖੜਿਆਂ ਦੀ ਸਾਰ ਲਈ ਹੈ। -ਸੰਪਾਦਕ***

ਸ਼ੁਭ ਸਵੇਰ ਭਾਈਚਾਰੇ (ਸ਼ੁਭ ਸਵੇਰ ਕਹਿੰਦਿਆਂ ਤੇ ਸੈਰ ਕਰਦਿਆਂ ਬਣਿਆ ਭਾਈਚਾਰਾ) ਦੀ ਇੱਕ ਪੰਜਾਬੀ ਜੋੜੀ ਨਾਲ ਅਪਣੱਤ ਭਰੀ ਸਾਂਝ ਪੈ ਗਈ। ਇੱਕ ਵੇਰ ਕੁਝ ਵਕਫੇ ਪਿੱਛੋਂ ਮਿਲੇ। ਮਨ ਦੇ ਉਦਰੇਵਿਆਂ, ਹੇਰਵਿਆਂ ਦੀਆਂ ਚੀਸਾਂ ਤੇ ਹਉਕਿਆਂ ਦੇ ਕਿੱਸੇ ਛਿੜ ਪਏ। 'ਕਿੱਥੇ ਰਹੇ ਹੋ, ਬੜੇ ਚਿਰ ਪਿੱਛੋਂ ਮਿਲੇ ਹੋ?' ਬੀਬੀ ਬੋਲੀ, "ਵੀਰ ਜੀ! ਕਿੱਥੇ ਰਹਿਣਾ, ਬੜੇ ਚਾਅਵਾਂ ਨਾਲ ਪਿਛਲੀ ਦੀਵਾਲੀ ਇੰਡੀਆ ਗਏ ਸੀ, ਕੁਝ ਨਾ ਪੁੱਛੋ, ਇਹ ਤਾਂ ਮਾਨਸਿਕ ਰੋਗੀ ਹੋ ਕੇ ਆਏ ਨੇ।



ਹਰ ਵੇਲੇ 'ਨਈਂ ਰਹਿਣਾ ਇੰਡੀਆ, ਨਈਂ ਰਹਿਣਾ ਇੰਡੀਆ' ਦੀ ਰਟ ਲਾਈ ਰੱਖਦੇ ਨੇ, ਮਾਨਮੱਤੇ ਐਨ.ਆਰ.ਆਈ. ਨਾਮ ਤੋਂ ਹੀ ਡਰੇ ਤੇ

ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਸਹਿਮੇ ਰਹਿੰਦੇ ਨੇ, ਪਰਵਾਸੀਆਂ ਦਾ ਹਰ ਦੇਸ਼ ਵਾਸੀ, ਸ਼ਾਈਲਾਕ ਵਾਂਗ ਆਪਣਾ ਪੌਂਡ ਆਫ ਫਲੈਸ਼ ਵੱਢਣ ਦੀ ਤਾਕ ਵਿਚ ਹੁੰਦੈ। ਬੀ.ਏ. ਵਿਚ ਪੜ੍ਹਿਆ, ਯਾਦ ਐ, ਭਾਵੇਂ ਹੋਏ ਭੈਣ-ਭਾਈ ਜਾਂ ਬਾਬੂ, ਇਸ ਵਰਤਾਰੇ ਤੋਂ ਸਹਿਮੇ, ਡਰੇ, ਇਹ ਤਾਂ ਕਈ ਵਾਰੀ ਰਾਤੀਂ, ਬੁੜਬੁੜਾਉਂਦੇ ਉਠ ਬੈਠਦੇ ਨੇ, 'ਨਈਂ ਰਹਿਣਾ ਇੰਡੀਆ, ਨਈਂ ਰਹਿਣਾ ਇੰਡੀਆ।' ਕਿਸੇ ਡਾਕਟਰ ਕੋਲ ਵੀ ਨਈਂ ਜਾਂਦੇ, ਐਤਕੀਂ ਕਿਹਾ ਚਲੋ ਜਾ ਆਈਏ, ਤਾਂ ਸਾਡੇ ਵੱਲ ਖਾਲੀ ਖਾਲੀ ਜਿਹਾ ਝਾਕੀ ਜਾਣ, ਬੱਸ ਕਦੀ ਕਦੀ ਬੋਲਦੇ ਨੇ, ਕੌਣ ਪੁੱਛੂ ਤੈਨੂੰ ਉਥੇ ਸੁਰੈਣਿਆ, ਹੁਣ ਤਾਂ ਤੇਰੇ ਲਈ ਠਾਣੇ ਵੀ ਸਪੈਸ਼ਲ ਬਣ ਗਏ ਨੇ, ਸ਼ੈਦ ਹੁਣ ਜੇਲ੍ਹਾਂ ਵੀ।"

ਨਾਲ ਹੀ ਖੜ੍ਹਾ ਬਾਈ ਵੇਖਣ ਨੂੰ ਠੀਕ ਠਾਕ ਲੱਗਾ। ਪਰ ਪਹਿਲਾਂ ਵਾਂਗ ਗੱਲੀਂ ਨਾ ਛਿੜਿਆ। ਪੰਜਾਬ ਬਾਰੇ, ਸਿਆਸੀ ਲੋਕਾਂ ਬਾਰੇ, ਹਾਲਾਤ ਬਾਰੇ, ਪਿੰਡ ਬਾਰੇ, ਭਾਈ-ਭਤੀਜਿਆਂ ਬਾਰੇ, ਉਥੇ ਦੀ ਜਾਇਦਾਦ ਬਾਰੇ, ਕੋਠੀ ਬਾਰੇ, ਆਪਣੇ ਵੇਲੇ ਦੀ ਗੱਲਾਂ ਬਾਰੇ, ਜੋ ਕਦੀ ਉਹਦੀ ਅਟੁੱਟ ਲੜੀ ਹੁੰਦੀ, ਅੱਜ ਗਾਇਬ ਸੀ।

ਮੈਂ ਪਰੇਸ਼ਾਨ ਹੁੰਦਿਆਂ ਪੁੱਛਿਆ, "ਤਾਂ ਵੀ, ਭੈਣ ਜੀ, ਕੀ ਵਾਪਰਿਐ, ਕੋਈ ਨਾ ਕੋਈ ਗੱਲ ਤਾਂ ਹੋਈ ਹੋਊ, ਤੁਸੀਂ ਤਾਂ ਕੋਲ ਈ ਹੁੰਦੇ ਸੀ, ਮਾਹੌਲ 'ਚ ਕੀ ਐਡੀ ਵੱਡੀ ਤਬਦੀਲੀ ਆ ਗਈ ਐ, ਕੀ ਭਾਣਾ ਵਰਤਿਐ, ਤੁਸੀਂ ਤਾਂ ਓ.ਸੀ.ਆਈ. ਲੈ ਬੜੇ ਖੁਸ਼ ਸੀ-ਹੁਣ ਜਦੋਂ ਮਰਜੀ ਉਠ ਜਾਇਆ ਕਰਾਂਗੇ, ਪੰਜਾਬ ਨੂੰ...।"

"ਸਹਿਮੇ ਜਿਹੇ ਰਹਿੰਦੇ ਨੇ, ਪਹਿਲਾਂ ਪਹਿਲਾਂ ਕਦੀ ਕਦੀ ਬੋਲਦੇ, 'ਕੌਣ ਪੁੱਛੂ, ਤੈਨੂੰ ਉਥੇ ਹੁਣ ਸੁਰੈਣਿਆ, ਕੀ ਲੈਣ ਜਾਣਾ ਈ, ਤੈਨੂੰ ਚੁੱਪ ਕਰਕੇ ਬੈਠਾ ਰਹਿ ਏਥੇ ਈ, ਕੌਣ ਪੁੱਛੂ ਤੈਨੂੰ ਉਥੇ ਹੁਣ, ਚੱਲ ਛੱਡ ਪਰੇ। ਉਹ ਸਮੇਂ ਲੱਦ ਗਏ, ਜਦੋਂ ਤੇਰੀ ਪੁੱਛਗਿੱਛ ਸੀ। ਸ. ਸਰੈਣ ਸਿਆਂ, ਕੁਰਸੀਆਂ ਨੂੰ ਸਲਾਮਾਂ ਨੇ, ਅੱਜ ਉਹ ਜ਼ਮਾਨੇ ਕਿੱਥੇ। ਇਹਨ ਚੱਕਰ ਹੋਰ ਹੀ ਗੇੜ 'ਚ ਪੈ ਗਏ ਨੇ, ਭੁੱਲ ਜਾ ਉਹ ਬਾਤਾਂ, ਨਵੇਂ ਸਿਕੰਦਰਾਂ ਦੇ ਹੁਣ ਸਿੱਕੇ ਚੱਲਦੇ ਆ।' ਕਦੀ ਕਦੀ ਰਾਤ ਦੇ ਸੁਫਨਿਆਂ ਦੀਆਂ ਗੱਲਾਂ ਕਰਦੇ, 'ਬੜਾ ਈ ਭਿਆਨਕ ਸੁਫਨਾ ਆਇਆ ਈ ਬਿਸ਼ਨ ਕੁਰੇ, ਜਾਗ ਖੁੱਲ੍ਹ ਗਈ ਰਾਤੀਂ, ਫਿਰ ਅੱਖ ਈ ਨਾ ਲੱਗੇ, ਕੀ ਬਣ ਗਿਐ, ਕੀ ਸੋਚਿਆ ਸੀ।' ਔਂਛਾ ਵੀਰ ਜੀ, ਸਾਡੇ ਲਈ ਇਨ੍ਹਾਂ ਦੀ ਇਸ ਹਾਲਤ ਦੀ ਬਾਹਲੀ ਚਿੰਤਾ ਰਹਿੰਦੀ ਐ, ਸਾਡੀ ਕੋਈ ਮਦਦ ਕਰੋ, ਤੁਸੀਂ ਆਪ ਇਹੋ ਜਿਹੇ ਸਮਿਆਂ, ਹਾਲਾਤਾਂ 'ਚੋਂ ਲੰਘੇ ਓਂ।"

"ਭੈਣ ਜੀ, ਇਥੇ ਬਹੁਤੀ ਨਿੱਠ ਕੇ ਗੱਲ ਨਈਂ ਹੋਣੀ, ਜਦੋਂ ਕਿਤੇ ਵਕਤ ਲੱਗੇ, ਤੁਸੀਂ ਆ ਜਾਇਓ ਘਰੇ, ਫਿਰ ਕਰਾਂਗੇ, ਖੁੱਲ੍ਹ ਕੇ ਗੱਲਾਂ, ਕੋਈ ਗੱਲ ਨਈਂ, ਔਂਛਾ ਸਤਿ ਸ੍ਰੀ ਅਕਾਲ।"

ਅਸੀਂ ਅੱਗੇ ਵੀ ਇੱਕ ਦੂਜੇ ਕੋਲ ਕਈ ਵਾਰੀ ਜਾਈਦਾ ਸੀ। ਕੋਈ ਬਹੁਤਾ ਓਪਰਾਪਨ ਨਈਂ ਸੀ। ਗਲਾਸੀ ਵਗੈਰਾ ਵੀ ਖੜਕਾ ਲਈਦੀ ਸੀ। ਸੋਚਦਾ ਆਇਆ ਕਿ ਬਾਈ ਨੂੰ ਕੋਈ ਮਾਨਸਿਕ ਠੇਸ ਲੱਗੀ ਏ। ਸ਼ੈਦ ਮਨੋਵਿਰੇਚਨ (ਕਥਾਰਸਿਸ) ਨਾਲ ਮਨ ਦੇ ਗੁੱਭ-ਗੁਭਾਟ ਨਿਕਲ ਜਾਣ ਤੇ ਮਾਨਸਿਕ ਪਾਵਨਵਾਦ ਨਾਲ ਠੀਕ ਹੋ ਜਾਏ।

ਇੱਕ ਦਿਨ ਚਾਰ ਕੁ ਵਜੇ ਉਹ ਦੋਵੇਂ ਆ ਗਏ। ਮੇਰਾ ਬਹੁਤਾ ਵਸੇਬਾ ਵਾਕਆਊਟ ਬੇਸਮੈਂਟ ਵਿਚ ਈ ਹੁੰਦੈ। ਪੂਰੀ ਇਕੱਲ ਤੇ ਏਕਾਂਤ ਵਾਲਾ। ਪੂਰੀ ਅਨੰਦਵਾਦੀ। ਸਾਹਮਣੇ ਕਰੀਕ ਆਪਣੀ ਮੌਸਮੀ ਰਫਤਾਰ 'ਚ ਮਸਤ ਵਹਿੰਦੀ ਰਹਿੰਦੀ ਏ। ਅਸੀਂ ਚਾਰੇ ਬਿਨਾ ਕਿਸੇ ਉਚੇਚ ਦੇ ਬਹਿ ਗਏ। ਦੋਵੇਂ ਭੈਣਾਂ ਆਪਣੀਆਂ ਗੱਲਾਂ ਦੀਆਂ ਪੂਣੀਆਂ ਕੱਤਣ ਲੱਗ ਪਈਆਂ। ਚਾਹ ਪੀਂਦਿਆਂ ਸਧਾਰਨ ਜਿਹੀਆਂ ਗੱਲਾਂ ਹੁੰਦੀਆਂ ਰਹੀਆਂ-ਆਮ ਆਦਮੀ ਪਾਰਟੀ ਦੀਆਂ, ਨਸ਼ਿਆਂ ਦੇ ਕਿੱਸੇ, ਫੈਲਦਾ ਕੈਂਸਰ, ਜ਼ਹਿਰੀਲੇ ਤੇ ਡੂੰਘੇ ਹੋ ਰਹੇ ਪਾਣੀ, ਸਰਕਾਰਾਂ ਵੱਲੋਂ ਕਰਾਈਆਂ ਜਾ ਰਹੀਆਂ ਐਨ.ਆਰ.ਆਈ. ਸਭਾਵਾਂ ਵਿਚ ਵਿਚਾਰੇ ਜਾ ਰਹੇ ਪਰਵਾਸੀਆਂ ਦੇ ਮਸਲੇ, ਜਾਇਦਾਦਾਂ ਦੇ ਮਸਲਿਆਂ ਨੂੰ ਸੁਲਝਾਉਣ ਦੀਆਂ ਕਾਰਵਾਈਆਂ, ਵਗੈਰਾ ਵਗੈਰਾ।

ਜਦੋਂ ਇਹ ਗੱਲਾਂ ਛਿੜੀਆਂ, ਸਰੈਣ ਸਿੰਘ ਦੀ ਪਤਾ ਨਹੀਂ ਕਿਹੜੀ ਦੁਖਦੀ ਰਗ ਦਬੀ ਗਈ। ਉਹ ਤਾਂ ਪੂਰੇ ਗੁੱਸੇ 'ਚ ਬਿਫਰ ਖਲੋਤਾ, "ਆਹੋ, ਮਸਲੇ ਤਾਂ ਸਾਰੇ ਹੱਲ ਕਰ ਦਿੱਤੇ ਨੇ, ਇੱਕ ਕੈਨੇਡੀਅਨ ਐਨ.ਆਰ.ਆਈ. ਨੂੰ ਮੋਗੇ ਵਿਖੇ ਗੋਲੀ ਨਾਲ ਪਾਰ ਬੁਲਾਇਆ ਹੈ। ਲੋਕ ਤ੍ਰਾਹ ਤ੍ਰਾਹ ਕਰਨ ਲੱਗ ਪਏ ਨੇ, ਪੰਜਾਬ ਵੱਲ ਤੁਰ ਪਏ ਨੇ ਡਰੇ ਲੋਕ, ਜਾਇਦਾਦਾਂ ਵੇਚਣ ਤੇ ਸਮੇਟਣ। ਆਹੋ, ਇਨ੍ਹਾਂ ਲਈ ਹੁਣ ਜੇਲ੍ਹਾਂ ਵੀ ਵੱਖਰੀਆਂ ਬਣਾ ਦੇਣੀਆਂ ਨੇ, ਪੀ ਓਜ਼ ਦੀ ਗਿਣਤੀ ਵਧੂ, ਬਾਦਲਾਂ ਨੇ ਰਾਜ ਨਹੀਂ, ਸੇਵਾ ਕਰਨੀ ਏ, ਬੱਸ ਏਨੀ ਕੁ ਕਸਰ ਰਹਿ ਗਈ ਸੀ, ਉਹ ਵੀ ਹੁਣ ਕੱਢ ਦੇਣਗੇ। ਸਿਆਸਤੀ ਹੋਏ ਪ੍ਰਸ਼ਾਸਨ, ਬ੍ਰਿਗੇਡਾਂ ਤੇ ਸੰਗਤ ਦਰਸ਼ਨ ਨੇ ਹੀ ਪਿੰਡਾਂ 'ਚ ਲੋਕਾਂ ਨੂੰ ਸਿੱਖਿਆ, ਸਿਹਤ, ਰੋਜ਼ਗਾਰ ਦੇ ਪ੍ਰਸ਼ਾਦ ਵੰਡ ਦੇਣੇ ਨੇ! ਵੇਖੋ ਇਨ੍ਹਾਂ ਦੇ ਚਮਤਕਾਰ!! ਗਾਉ ਇਨ੍ਹਾਂ ਦੇ ਸੋਹਲੇ, ਕਰਾ ਲਓ ਇਨ੍ਹਾਂ ਤੋਂ ਸੇਵਾ। ਭੁਗਤੋ! ਇਹ ਤਾਂ ਖਾਣਗੇ ਮੇਵੇ, ਤੁਸੀਂ ਖਾਵੋਂਗੇ ਜੇਲ੍ਹਾਂ ਦੀ ਹਵਾ। ਇਨ੍ਹਾਂ ਦੇ ਅਬਦਾਲੀ ਬ੍ਰਿਗੇਡਾਂ ਦੇ ਧੌਂਸ ਤੇ ਧੱਕੇ ਆਉਣਗੇ ਤੁਹਾਡੇ ਹਿੱਸੇ, ਸ਼ਰੀਕ ਤੇ ਸਿਆਸੀ ਗਿਰਝਾਂ ਨੋਚਣਗੀਆਂ ਤੁਹਾਡੀਆਂ ਹੱਡੀਆਂ। ਹੁਣ ਕਿਉਂ ਚੀਕਦੇ ਓਂ, ਮੰਨੋ ਭਾਣਾ, ਨੀਵੀਆਂ ਪਾ ਕੇ, ਇਹ ਰਾਜ ਚੱਲਣੈ ਹਾਲੀ ਹੋਰ 25 ਸਾਲ-ਕੈਲੀਫੋਰਨੀਆ ਦੇ ਸ਼ਾਹਰਾਹ ਪੈ ਗਿਆ ਏ। ਅੱਗੇ ਅੱਗੇ ਵੇਖੋ ਰੰਗ ਕਰਤਾਰ ਦੇ!"

ਬਾਈ ਠਹਿਰ। ਥੋੜ੍ਹੀ ਸਾਡੀ ਵੀ ਸੁਣ। ਜੋ ਕਹਿਨਾਂ ਉਹ ਠੀਕ ਐ। ਉਹ ਦੁਬਾਰਾ ਗੇਅਰ ਫੜ ਗਿਆ, "ਬਾਈ ਪ੍ਰਿੰਸੀਪਲ, ਉਹ ਵੇਲੇ ਯਾਦ ਆਉਂਦੇ ਰਹਿੰਦੇ ਨੇ। 'ਕੇਰਾਂ ਜਦੋਂ ਪਹਿਲੀ ਵਾਰ ਮੋਟਰ ਸਾਈਕਲ ਲਿਆ, ਚਲਾਉਣਾ ਤਾਂ ਯਾਰਾਂ ਦੋਸਤਾਂ ਕੋਲੋਂ ਸਿੱਖ ਲਿਆ। ਲਸੰਸ ਹੈ ਨਈਂ ਸੀ। ਠਾਣੇ ਦੇ ਐਸ.ਐਚ.ਓ. ਨਾਲ ਗੱਲ ਕੀਤੀ।

> ***ਆਹੋ, ਮਸਲੇ ਤਾਂ ਸਾਰੇ ਹੱਲ ਕਰ ਦਿੱਤੇ ਨੇ, ਇੱਕ ਕੈਨੇਡੀਅਨ ਐਨ.ਆਰ.ਆਈ. ਨੂੰ ਮੋਗੇ ਵਿਖੇ ਗੋਲੀ ਨਾਲ ਪਾਰ ਬੁਲਾਇਆ ਹੈ। ਲੋਕ ਤ੍ਰਾਹ ਤ੍ਰਾਹ ਕਰਨ ਲੱਗ ਪਏ ਨੇ, ਪੰਜਾਬ ਵੱਲ ਤੁਰ ਪਏ ਨੇ ਡਰੇ ਲੋਕ, ਜਾਇਦਾਦਾਂ ਵੇਚਣ ਤੇ ਸਮੇਟਣ। ਆਹੋ, ਇਨ੍ਹਾਂ ਲਈ ਹੁਣ ਜੇਲ੍ਹਾਂ ਵੀ ਵੱਖਰੀਆਂ ਬਣਾ ਦੇਣੀਆਂ ਨੇ, ਪੀ ਓਜ਼ ਦੀ ਗਿਣਤੀ ਵਧੂ, ਬਾਦਲਾਂ ਨੇ ਰਾਜ ਨਹੀਂ, ਸੇਵਾ ਕਰਨੀ ਏ, ਬੱਸ ਏਨੀ ਕੁ ਕਸਰ ਰਹਿ ਗਈ ਸੀ, ਉਹ ਵੀ ਹੁਣ ਕੱਢ ਦੇਣਗੇ। ਸਿਆਸਤੀ ਹੋਏ ਪ੍ਰਸ਼ਾਸਨ, ਬ੍ਰਿਗੇਡਾਂ ਤੇ ਸੰਗਤ ਦਰਸ਼ਨ ਨੇ ਹੀ ਪਿੰਡਾਂ 'ਚ ਲੋਕਾਂ ਨੂੰ ਸਿੱਖਿਆ, ਸਿਹਤ, ਰੋਜ਼ਗਾਰ ਦੇ ਪ੍ਰਸ਼ਾਦ ਵੰਡ ਦੇਣੇ ਨੇ! ਵੇਖੋ ਇਨ੍ਹਾਂ ਦੇ ਚਮਤਕਾਰ!!***

ਕਹਿੰਦਾ, ਗੱਲ ਈ ਕੋਈ ਨਈਂ, ਫੋਟੋ, ਮੈਟ੍ਰਿਕ ਦੇ ਸਰਟੀਫਿਕੇਟ ਦੀ ਕਾਪੀ ਦੇ ਦਿਉ। ਤੁਹਾਨੂੰ ਕਿਤੇ ਜਾਣ ਦੀ ਲੋੜ ਨਹੀਂ। ਕੁਝ ਦਿਨਾਂ ਬਾਅਦ ਇੱਕ ਸਿਪਾਹੀ ਲਸੰਸ ਘਰੇ ਫੜਾ ਗਿਆ। ਇਸੇ ਲਸੰਸ ਨਾਲ ਪਿੱਛੋਂ ਮਾਰੂਤੀ ਕਾਰ ਚਲਾਉਂਦਾ ਰਿਹਾ। ਇੱਕ ਵਾਰੀ ਤੁਹਾਡੇ ਵੱਡੇ ਭਤੀਜੇ ਨੇ ਟੀ.ਵੀ. ਲਈ ਇੱਕ ਕੈਬਨਿਟ ਅੱਡੇ ਨੇੜਿਉਂ ਫਰਨੀਚਰ ਦੀ ਦੁਕਾਨ ਤੋਂ ਖਰੀਦੀ। ਦੁਕਾਨਦਾਰ ਨੇ ਹੀ ਪਿੰਡ ਪਹੁੰਚਾਉਣ ਲਈ ਰਿਕਸ਼ਾ ਕਰ ਦਿੱਤਾ। ਸ਼ਾਮ ਤੱਕ ਤੁਹਾਡੇ ਘਰ ਪਹੁੰਚ ਜਾਵੇਗੀ। ਅਗਲੇ ਦਿਨ ਤੱਕ ਉਡੀਕਦੇ ਰਹੇ। ਕੈਬਨਿਟ ਪਹੁੰਚੀ ਨਾ। ਦੁਕਾਨਦਾਰ ਨੂੰ ਪੁੱਛਿਆ। ਕਹਿੰਦਾ, ਮੈਂ ਤਾਂ ਲਦਾ ਕੇ ਤੋਰ ਦਿੱਤਾ ਸੀ। ਮੈਂ ਹੁਣ ਕੀ ਕਰ ਸਕਦਾਂ। ਪੈਰਾਂ 'ਤੇ ਪਾਣੀ ਨਾ ਪੈਣ ਦੇਵੇ। ਗੱਲ ਮੇਰੇ ਜ਼ਿਹਨ 'ਚ ਫੁਰ ਗਈ। ਇਹ ਕੋਈ ਮਿਲੀ ਭੁਗਤ ਈ। ਹੋਰ ਕੋਈ ਰਾਹ ਸੋਚ। ਲਾਚਾਰ ਹੋਇਆ ਵਾਕਫ ਠਾਣੇਦਾਰ ਨੂੰ ਜਾ ਮਿਲਿਆ। ਬੈਠੋ ਸਾਹਿਬ, ਚਾਹ ਪੀਉ, ਕਿਤੇ ਨਈਂ ਜਾਂਦੀ ਤੁਹਾਡੀ ਕੈਬਨਿਟ। ਹੌਲਦਾਰਾ, ਜਾਹ ਲੈ ਕੇ ਆ ਉਸ ਦੁਕਾਨਦਾਰ ਨੂੰ, ਇਹਦੀਆਂ ਅੱਗੇ ਵੀ ਇੱਕ ਦੋ ਸ਼ਿਕਾਇਤਾਂ ਆਈਆਂ ਨੇ। ਚਲੋ ਜੀ ਆਪਾਂ ਗੁਲਮੋਹਰ 'ਚ ਖਾਣਾ ਖਾਈਏ ਤੇ ਕਰੀਏ ਥੋੜ੍ਹਾ ਨੁਕਲ ਪਾਣੀ, ਅਤੇ ਹੁਣ ਛੋਟੇ ਮੋਟੇ ਕੰਮਾਂ ਲਈ ਦਫਤਰਾਂ ਦੇ ਗੇੜੇ, ਈ ਰਹਿ ਗਏ ਨੇ।"

"ਪਰ ਐਤਕੀਂ ਜਿਹੜਾ ਭਾਣਾ ਵਾਪਰਿਐ, ਉਹਨੇ ਤਾਂ ਗੱਲ ਈ ਸਿਰੇ ਲਾ'ਤੀ।" ਉਹ ਉਧੜਨ ਲੱਗ ਪਿਆ। ਉਸ ਦਾ ਪੂਰਾ ਮਨੋਵਿਰੇਚਨ ਕਰਨ ਲਈ ਇੱਕ ਛੋਟੀ ਜਿਹੀ ਗਲਾਸੀ ਵੀ ਲਿਆ ਰੱਖੀ। ਉਹ ਛਿੜ ਪਿਆ, "ਗੱਲ ਛੋਟੀ ਜਿਹੀ ਸੀ। ਪਤੰਦਰ ਆ ਧਮਕੇ। 'ਆ ਬਾਹਰ ਨਿਕਲ, ਤੇਰੀ ਭੈਣ ਦੀ...ਚੋਰਿਆ, ਅਰਜ਼ੀਆਂ ਲਿਖ ਕਨੇਡੇ ਚਲਾ ਜਾਨੈਂ, ਪਿੱਛੋਂ ਮਹਿਕਮੇ ਵਾਲੇ ਸਾਡਾ ਨੱਕ 'ਚ ਦਮ ਕਰੀ ਰੱਖਦੇ ਨੇ। ਤੂੰ ਸਮਝਿਆ ਕੀ ਏ, ਮਾਂ ਦਿਆ ਯਾਰਾ।' ਘਰ ਮੂਹਰੇ ਆ ਖਲੋਤੇ ਪੰਜ ਛੇ ਬੁਰਛੇ। ਪੰਜਾਬੀ ਦੇ ਲੱਚੇਦਾਰ, ਚੋਂਦੇ ਸ਼ਲੋਕਾਂ ਨੇ ਮੈਨੂੰ ਕੱਖੋਂ ਹੌਲਾ ਕਰ'ਤਾ। 'ਜੋ ਮਰਜੀ ਕਰੋ ਬਈ, ਤੁਹਾਡੀ ਚੱਲਦੀ ਐ, ਮੈਨੂੰ ਕੀ, ਤੁਹਾਡਾ ਰਾਜ ਐ,' ਏਨਾ ਹੀ ਮੂੰਹੋਂ ਨਿਕਲਿਆ। 'ਤੈਨੂੰ ਕੀ, ਤੂੰ ਚੋਰਿਆ ਚਿੱਠੀ 'ਤੇ ਚਿੱਠੀ ਠੋਕੀ ਜਾਨੈਂ, ਆ ਜਾਹ ਕਰਾਉਨੇ ਆਂ ਤੇਰਾ ਪਾਸਪੋਰਟ ਜ਼ਬਤ, ਜੋ ਕਰਨਾ ਈ ਕਰ, ਆ ਤੇਰੀ ਮਾਂ ਦੀ...।' ਪ੍ਰਤੱਖਣ ਹੋ ਗਿਆ, ਇਹ ਕਿਸੇ ਸ਼ਾਤਰ, ਸ਼ਰਾਰਤੀ, ਸੁਆਰਥੀ ਵਕੀਲ ਦੇ ਪੜ੍ਹਾਏ ਹੋਏ ਨੇ। ਪਰਵਾਸੀ ਨੂੰ ਸੱਤ 'ਕਵੰਜਾ 'ਚ ਅੜਾ ਅਦਾਲਤੀ ਗਧੀਗੇੜ 'ਚ ਪਾ ਦਿਉ। ਆਪੇ ਡਰ ਕੇ ਭੱਜ ਜਾਊ। ਸਭ ਛੱਡ ਛਡਾ ਕੇ। ਬਚ ਜਾ ਭੋਲਿਆ ਪੰਛੀਆਂ। ਵੇਲਾ ਟਪਾ।"

ਸਰੈਣਾ ਉਹਦਾ ਬਚਪਨ ਦਾ ਨਾਮ ਸੀ। ਪੜ੍ਹਨ-ਲਿਖਣ 'ਚ ਚੰਗਾ ਸੀ। ਮਿਹਨਤੀ ਬਾਪ ਦਾ ਸੁਲੱਘ ਪੁੱਤਰ। ਪੜ੍ਹਾਈ ਦੀ ਪੌੜੀ ਵਾਹਵਾ ਚੜ੍ਹਦਾ ਗਿਆ। ਉਚੇ ਕੋਠੇ ਦੀ ਉਚਾਈ ਜਿੱਡੇ ਅਹੁਦੇ 'ਤੇ ਜਾ ਬੈਠਾ। ਅੱਗੋਂ ਕੁਰਸੀ ਵੀ ਜਨਤਕ ਆਨ-ਸ਼ਾਨ ਵਾਲੀ ਮਿਲ ਗਈ। ਪਟਵਾਰੀ ਸਰੈਣ ਸਿੰਘ, ਫਿਰ ਸ. ਸੁਰੈਣ ਸਿੰਘ ਕਾਨੂੰਨਗੋ, ਫਿਰ ਤਹਿਸੀਲਦਾਰ ਸ. ਸਰੈਣ ਸਿੰਘ ਕਮਾਲਪੁਰੀ, ਸਭ ਪਾਸੇ 'ਕਮਾਲਪੁਰੀ ਸਾਹਿਬ, ਕਮਾਲਪੁਰੀ ਸਾਹਿਬ' ਹੁੰਦੀ। ਨਾਮ ਗੂੰਜਣ ਲੱਗ ਪਿਆ। ਕੁਰਸੀ ਦੁਆਲੇ ਗਰਜ਼ਮੰਦ ਮਖਿਆਲ ਵਾਂਗ ਜੁੜੇ ਰਹਿੰਦੇ। ਚਾਰ ਚੁਫੇਰੇ ਸਲਾਮਾਂ ਹੁੰਦੀਆਂ। ਦਫਤਰ ਅੱਗੇ ਖੜੇ ਲੋਕ ਇੰਤਜ਼ਾਰ ਕਰਦੇ। ਚਪੜਾਸੀ ਅੱਗੇ ਹੋ ਸਾਹਿਬ ਨੂੰ ਸਲਾਮ ਕਰਦੇ। ਬਰੀਫਕੇਸ ਚੁੱਕ ਤੁਰਦੇ। ਦਫਤਰ ਦਾ ਦਰਵਾਜ਼ਾ ਖੋਲ੍ਹ ਖੜ੍ਹੇ ਹੁੰਦੇ। ਖਾਸ ਵਾਕਫ ਏਧਰ ਓਧਰ ਦੀ ਕੰਨ 'ਚ ਕੋਈ ਰਾਜ਼ ਦੀ ਗੱਲ ਕਰ ਜਾਂਦੇ। ਦਫਤਰ 'ਚ ਕੁਰਸੀ 'ਤੇ ਬੈਠੇ ਦੀ ਇੱਕ ਨਿਰਾਲੀ ਹੀ ਸ਼ਾਨ ਹੁੰਦੀ। ਦੀਵਾਲੀਆਂ ਤੇ ਵਿਸਾਖੀਆਂ ਲੰਘਦੀਆਂ ਗਈਆਂ।

ਜੀਵਨ ਦੇ ਚੱਲਦੇ ਪ੍ਰਵਾਹ 'ਚ ਪਰਿਵਾਰ ਵਿਦੇਸ਼ ਜਾ ਸੈਟ ਹੋਇਆ। ਸਭ ਪਾਸੇ ਮੌਜਾਂ ਹੀ ਮੌਜਾਂ। ਕੋਠੀ ਵੀ ਲਾਗਲੇ ਸ਼ਹਿਰ ਵਿਚ ਚੰਗੀ ਬਣਾ ਲਈ। ਵੱਡੀ ਸੁਨਹਿਰੀ ਨੇਮ ਪਲੇਟ ਦੂਰੋਂ ਹੀ ਚਮਕਦੀ। ਅੰਤ 'ਜੋ ਉਪਜ ਹੈ ਸੋ ਬਿਨਸ ਹੈ' ਦੇ ਸੱਚ ਨੇ ਆ ਘੇਰਿਆ। ਸੇਵਾ ਮੁਕਤੀ ਹੋ ਗਈ।

ਮੁੜ ਸ. ਸਰੈਣ ਸਿੰਘ ਕਮਾਲਪੁਰੀ ਬਣ ਗਿਆ। ਅਗਲੇ ਪਿਛਲੇ ਲਕਬ ਪਤਝੜ ਦੇ ਪੱਤਿਆਂ ਵਾਂਗ ਝੜਦੇ ਗਏ। ਹੌਲੀ ਹੌਲੀ ਅਫਸਰੀ ਦੀ ਟੌਹਰ ਮੁਸ਼ਕ ਕਾਫੂਰ ਵਾਂਗ ਮੁਕਣ ਲੱਗ ਪਈ। ਜਿਹੜੇ ਕਦੇ ਉਹਦੇ ਅੱਗੇ ਪਿੱਛੇ ਫਿਰਦੇ ਹੁੰਦੇ, ਪਾਸਾ ਵੱਟ ਜਾਂਦੇ। ਦਵਾ-ਦਾਰੂ, ਡਾਕਖਾਨੇ, ਬੈਂਕ, ਬਾਜ਼ਾਰ, ਰਾਸ਼ਨ, ਸਬਜ਼ੀ ਜਾਂ ਹੋਰ ਨਿੱਕ-ਸੁੱਕ ਦੀ ਖਰੀਦਦਾਰੀ ਲਈ ਆਪ ਹੀ ਜਾਣਾ ਪੈਂਦਾ। ਨੌਕਰ ਤਾਂ ਹਮੇਸ਼ਾਂ ਲਈ ਬੰਨ੍ਹ ਕੇ ਰੱਖੇ ਨਹੀਂ ਸਨ ਜਾ ਸਕਦੇ। ਖਰੀਦਦਾਰੀ ਵੀ ਭਾਰਤ ਵਰਗੇ ਦੇਸ਼ ਵਿਚ ਆਪ ਹੀ ਕਰਨੀ ਪਈ। ਦਵਾਈਆਂ 'ਚ ਮਿਲਾਵਟ। ਗੁੜ ਖਰੀਦਣਾ ਔਖਾ ਲੱਗਦਾ। ਉਹੋ ਬੰਦੇ ਜਿਹੜੇ ਵਲ ਪਾ ਮਿਲਦੇ ਹੁੰਦੇ, ਹੁਣ ਦੂਜੇ ਪਾਸੇ ਵਲਾ ਜਾਂਦੇ। ਪਹਿਲੇ ਸਹਿਕਰਮੀਆਂ 'ਚ ਗਰਮਜੋਸ਼ੀ ਗਾਇਬ ਹੋ ਚੁਕੀ ਸੀ। ਕਿਸੇ ਦਫਤਰ 'ਚ ਜਾਣ ਵੇਲੇ ਜਦੋਂ ਕਹਿਣਾ ਕਿ ਮੈਂ ਤਹਿਸੀਲਦਾਰ ਰਿਟਾਇਰਡ ਹਾਂ, ਇੱਕ ਵਾਰੀ ਤਾਂ ਅਗਲਾ ਅਹੁਲਦਾ, ਪਰ ਤੀਜੇ ਅੱਖਰ ਨੂੰ ਸੁਣ ਇਉਂ ਕੁਰਸੀ 'ਚ ਨੀਵਾਂ ਪਾ ਢੇਲਾ ਹੋ ਜਾਂਦਾ ਜਿਵੇਂ ਗੰਡੋਏ 'ਤੇ ਨਮਕ ਪੈ ਗਿਆ ਹੋਵੇ।

ਗੱਲਾਂ ਸੁਣਦਿਆਂ ਵਿਚ ਗੱਲ ਪਾਈ। ਯਾਰਾ ਕਮਾਲਪੁਰੀ ਆਹ ਸਾਡੇ ਰੇਡੀਓ ਵਾਲੇ ਅਤੇ ਪੰਜਾਬੀ ਮੀਡੀਆ ਪਰਵਾਸੀ ਸੰਗਤ ਦਰਸ਼ਨਾਂ ਦੇ ਸੋਹਲੇ ਗਾਉਂਦੇ ਨਈਂ ਥੱਕਦੇ।

"ਰਹਿਣ ਦੇ ਪ੍ਰਿੰਸੀਪਲਾ, ਏਥੇ ਵੀ 'ਈਸਬਗੋਲ ਕੁਝ ਨਾ ਬੋਲ' ਵਾਲਾ ਈ ਕਿੱਸਾ ਈ, 'ਢੱਕੀ ਰਿੱਝਣ ਦੇ', ਸਭ ਚਾਪਲੂਸੀਆਂ ਨੇ।" ਗੁੱਸੇ 'ਚ ਉਧੜਨ ਲੱਗ ਪਿਆ, "ਅੱਜ ਦੀ ਪੰਜਾਬ ਦੀ ਸਿਆਸੀ, ਰਾਜਨੀਤਕ ਤੇ ਪ੍ਰਸ਼ਾਸਕੀ ਸਥਿਤੀ ਦਾ ਅੰਦਾਜ਼ਾ ਇਥੋਂ ਹੀ ਲਾ ਲੈ। ਕਿਤੇ ਆਪਣੇ ਖਾਸ ਹਲਕੇ ਵਿਚ ਸਰਬਸ਼ਕਤੀਮਾਨ ਬਾਦਲ ਸਾਹਿਬ ਇੱਕ ਸੰਗਤ ਦਰਸ਼ਨ ਕਰ ਰਹੇ ਸਨ। ਇੱਕ ਨਿਮਾਣੇ ਜਿਹੇ ਜੱਟ ਨੇ ਹੱਥ ਜੋੜ ਕੇ ਅਰਜ਼ੋਈ ਕੀਤੀ, 'ਜਨਾਬ ਅਫਸਰ ਨੇ ਪੈਸੇ ਲੈ ਲਏ ਹੋਏ ਨੇ, ਕੰਮ ਹਾਲੇ ਵੀ ਨਹੀਂ ਹੋਇਆ।' ਬਾਦਲ ਸਾਹਿਬ ਦੀ ਦੂਜੀ ਪਾਰੀ ਵਿਚ ਸਥਿਤੀ ਇਹ ਬਣ ਗਈ ਹੋਈ ਸੀ ਕਿ 'ਬਾਦਲ ਸਾਹਿਬ ਨੇ ਝੱਟ ਕਹਿ ਦਿੱਤਾ, ਬਈ ਪੈਸੇ ਲੈ ਕੇ ਤਾਂ ਕੰਮ ਕਰ ਦਿਆ ਕਰੋ।' ਬੱਸ ਹੋਰ ਕੀ ਦੱਸਾਂ! ਜਿਸ ਪ੍ਰਸ਼ਾਸਕੀ ਤੰਤਰ 'ਚ ਬਾਦਲ ਵਰਗੇ ਸਿਆਸੀ ਖਿਡਾਰੀ ਬੇਵਸ ਹੋ ਗਏ ਹੋਣ, ਉਥੇ ਆਮ ਅਫਸਰਾਂ ਦਾ ਕੀ ਵੱਟੀਂਦਾ ਹੋਵੇਗਾ। ਜੋ ਬੇਅਸੂਲਾ, ਧੱਕੇ ਤੇ ਧੌਂਸ ਵਾਲਾ ਪ੍ਰਸ਼ਾਸਕੀ ਛੜਯੰਤਰ ਇਨ੍ਹਾਂ ਲੀਡਰਾਂ ਨੇ ਬੁਣ ਲਿਐ, ਉਸ ਵਿਚ ਇਹ ਆਪ ਹੀ ਫਸ ਗਏ ਨੇ। ਇਹਦੀ ਥਾਂ ਕਿ ਇਹ ਸਿਸਟਮ ਨੂੰ ਚਲਾਉਣ, ਉਲਟਾ ਸਿਸਟਮ ਇਨ੍ਹਾਂ ਨੂੰ ਚਲਾ ਰਿਹੈ।"

ਉਹਦੀ ਘਰਵਾਲੀ ਬੋਲੀ, "ਆਹ ਜੋ ਐਨ. ਆਰ. ਆਈ. ਮਸਲਿਆਂ ਦੀ ਗੱਲ ਕਰ ਰਹੇ ਹੋ, ਸਾਡੇ ਨੇੜੇ ਹੀ ਇੱਕ ਧੱਕੇਸ਼ਾਹੀ ਵਾਪਰੀ ਏ।"

ਵਿਚੋਂ ਹੀ ਕਮਾਲਪੁਰੀ ਬੋਲ ਪਿਆ, "ਕੈਨੇਡਾ ਵਾਸੀ, ਉਚੇ ਰਸੂਖ ਵਾਲੇ ਬੰਦੇ ਨੇ ਸਾਡੇ ਏਰੀਏ ਵਿਚ ਇੱਕ ਬਹੁਤ ਸੋਹਣੀ ਕੋਠੀ ਬਣਾ ਲਈ। ਹਰ ਸਾਲ ਆਉਂਦਾ, ਐਤਕੀਂ ਉਹਦੇ ਗਵਾਂਢ ਇੱਕ ਵੱਡੀ ਕਮਰਸ਼ੀਅਲ ਇਮਾਰਤ ਉਸਰਨ ਲੱਗ ਪਈ। ਪਹੁੰਚ ਵਾਲਾ ਬੰਦਾ ਸੀ, ਭੱਜ ਨੱਠ ਕੀਤੀ, ਕਾਰਪੋਰੇਸ਼ਨ ਦੇ ਅਧਿਕਾਰੀ ਆ ਗਏ, ਕਰੇਨ ਆ ਗਈ, ਪਤਾ ਲੱਗਾ ਕਿ ਰਿਹਾਇਸ਼ੀ ਏਰੀਏ 'ਚ ਨਕਸ਼ਾ ਰਿਹਾਇਸ਼ੀ ਤੇ ਉਸਾਰੀ ਕਮਰਸ਼ੀਅਲ। ਪ੍ਰੈਸ ਵਾਲੇ ਵੀ ਪਹੁੰਚ ਗਏ। ਪ੍ਰਸ਼ਾਸਨ ਦੇ ਹੁਕਮ 'ਤੇ ਉਸਰ ਰਿਹਾ ਕੁਝ ਅਗਲਾ ਪਿਛਲਾ ਹਿੱਸਾ ਢਾਹ'ਤਾ। ਇਸੇ ਚੱਕਰ 'ਚ ਮਾਲਕਾਂ ਦੇ ਕਾਰਿੰਦਿਆਂ ਨੇ ਦਹਿਸ਼ਤ ਫੈਲਾਉਣ ਲਈ ਉਹਦਾ ਨੌਕਰ ਕੁੱਟ ਕੱਢਿਆ, ਧੱਕੇਸ਼ਾਹੀ ਦਾ ਨੰਗਾ ਨਾਚ ਵਿਖਾ'ਤਾ। ਹੁਣ ਦੋਹਾਂ ਪਾਸਿਆਂ ਵੱਲੋਂ ਪਹੁੰਚ-ਦਰ-ਪਹੁੰਚ ਦਾ ਦੌਰ, ਪਤਾ ਨਹੀਂ ਗੱਲ ਕਿੱਥੇ ਪਹੁੰਚੇ। ਕਾਦਰ ਜਾਣੇ। ਕੁਝ ਨਈਂ ਕਿਹਾ ਜਾ ਸਕਦਾ!"

ਅਸੀਂ ਸ਼ਕਤੀ ਵਾਟਰ ਨਾਲ ਦੁਖ-ਸੁੱਖ ਸਾਂਝੇ ਕਰਦੇ ਰਹੇ। ਥੋੜ੍ਹਾ ਜਿਹਾ ਹੋਰ ਸਰੂਰ ਵਿਚ ਹੋਇਆ ਕਮਾਲਪੁਰੀ ਮਨ ਦੇ ਗੁਬਾਰ ਕੱਢਦਾ ਤੁਰਿਆ ਗਿਆ। ਦੋਵੇਂ ਬੀਬੀਆਂ ਭਾਵੇਂ ਆਪਣੇ ਢਿੱਡ ਫੋਲ ਫੋਲ ਹੌਲੇ ਕਰ ਰਹੀਆਂ ਸਨ, ਪਰ ਸਾਡੀਆਂ ਗੱਲਾਂ ਵਿਚ ਵੀ ਕੜਛੀ ਮਾਰੀ ਜਾ ਰਹੀਆਂ ਸਨ। ਮੈਂ ਬੋਲਿਆ, ਬਾਦਲ ਦੀ ਗੱਲ ਸੁਣ। ਕਮਾਲਪੁਰੀ ਵਿਚੇ ਬੋਲ ਪਿਆ, "ਰਹਿਣ ਦੇ ਬਾਦਲੀ ਅਕਾਲੀਆਂ ਨੂੰ, ਕੀ ਗੱਲ ਕਰਦੈਂ! ਪੰਜ-ਆਬ ਦੀ ਧਰਤੀ ਹੁਣ ਪਾਣੀ ਨੂੰ ਤਰਸੇਗੀ, ਰੋਜ਼ਗਾਰ ਦੇ ਆਧਾਰ ਸੁੰਗੜਤੀ ਜਾ ਰਹੇ ਨੇ, ਦੁੱਧ ਘਿਉ ਦੀਆਂ ਨਹਿਰਾਂ ਦੀ ਥਾਂ ਨਸ਼ਿਆਂ ਦੇ ਦਰਿਆ ਵਹਿ ਰਹੇ ਨੇ, ਸੰਤ ਬਾਬੇ ਇਸ਼ਾਰਿਆਂ ਨਾਲ ਪ੍ਰਸ਼ਾਸਨ ਨੂੰ ਨਚਾ ਰਹੇ ਨੇ, ਬਾਹੂਬਲੀਆਂ ਦੀ ਚੱਲਦੀ ਐ, ਪੁਲਿਸ ਦੀ ਹਾਜ਼ਰੀ 'ਚ ਗੈਂਗਸਟਰ ਕਤਲ ਕਰ ਜਾਂਦੇ ਨੇ। ਬਾਦਲੀ ਅਕਾਲੀਆਂ ਨੇ ਤਾਂ ਪੰਥ ਤੇ ਜਵਾਨੀ ਨੂੰ ਸੱਤਾ ਦੀ ਬਲੀ ਚਾੜ੍ਹ ਦਿੱਤੈ। ਗੁਰੂ ਨੇ ਪੰਥ ਤੋਂ ਵੰਸ਼ ਵਾਰਿਆ, ਬਾਦਲ ਵੰਸ਼ ਲਈ ਪੰਥ ਵਾਰ ਰਹੇ ਨੇ। ਅੱਜ ਜੱਟ ਬੇਮੌਸਮੇ ਬੱਦਲਾਂ ਵਾਂਗ ਬਾਦਲ ਸ਼ਬਦ ਤੋਂ ਹੀ ਸਹਿਮੇ ਪਏ ਨੇ, ਨਾ ਦੱਬ ਦੁਖਦੀ ਰਗ ਨੂੰ, ਜਵਾਨੀ ਬੇਰੋਜ਼ਗਾਰੀ ਤੋਂ ਤੰਗ ਆ, ਟਾਂਚੀਆਂ 'ਤੇ ਚੜ੍ਹ ਖੁਦਕੁਸ਼ੀਆਂ 'ਤੇ ਉਤਾਰੂ ਏ, ਤੇ ਕਿਰਤੀ ਮਾਪੇ ਕਰਜ਼ੇ ਹੇਠ ਦੱਬੇ ਖੁਦਕੁਸ਼ੀ ਕਰ ਰਹੇ ਨੇ, ਰੇਤ/ਬਜਰੀ ਮਾਫੀਆ, ਲੈਂਡ ਮਾਫੀਆ, ਚਿੱਟਾ ਮਾਫੀਆ ਲੋਕਾਂ ਦਾ ਖੂਨ ਚੂਸੀ ਜਾ ਰਿਹੈ, ਲੋਕ ਸਹਿਮੇ ਪਏ ਨੇ, ਹਰ ਅੰਗ ਦਾ ਸਿਆਸੀਕਰਨ ਹੋ ਗਿਐ...।"

ਸਭ ਠੀਕ ਐ ਬਾਈ। ਸਾਨੂੰ ਸਭ ਨੂੰ ਸਮਝਣਾ ਪੈਣਾ। ਐਵੇਂ ਮੋਲਿਆਂ ਵਾਂਗ ਸਿਰ ਸੁੱਟ ਕੇ ਵਗਣਾ ਨਹੀਂ ਚਾਹੀਦਾ। ਸੂਚਨਾ ਟੈਕਨਾਲੋਜੀ ਨੇ ਤਾਂ ਜੀਵਨ ਦੇ ਚਿਹਨ-ਚੱਕਰ ਹੀ ਬਦਲ ਦਿੱਤੇ ਨੇ। ਸਾਨੂੰ ਵੀ ਕੰਧ 'ਤੇ ਲਿਖੇ ਸੱਚ ਨੂੰ ਸਮਝਣਾ ਚਾਹੀਦੈ। ਸਮੇਂ ਨੂੰ ਸਮਝੀਏ ਤੇ ਸੰਭਲੀਏ! ਬਕੌਲ ਮਿਰਜ਼ਾ ਗਾਲਿਬ: 'ਇਨਸਾਨ ਘਰ ਬਦਲਤਾ ਹੈ, ਲਿਬਾਸ ਬਦਲਤਾ ਹੈ, ਰਿਸ਼ਤੇ ਬਦਲਤਾ ਹੈ, ਦੋਸਤ ਬਦਲਤਾ ਹੈ, ਫਿਰ ਭੀ ਪਰੇਸ਼ਾਨ ਕਿਉਂ ਰਹਿਤਾ ਹੈ? ਕਿਉਂਕਿ ਵੋਹ ਖੁਦ ਕੋ ਨਹੀਂ ਬਦਲਤਾ।'

"ਵਾਹ ਬਾਈ ਵਾਹ! ਸੁਣਾਈਂ ਫਿਰ ਇੱਕ ਵਾਰੀ।" ਮੈਨੂੰ ਪਤਾ ਸੀ ਕਮਾਲਪੁਰੀ ਕਦੀ ਕਦੀ ਸ਼ੇਅਰੋ ਸ਼ਾਇਰੀ ਵੀ ਕਰਦੈ। ਉਹਤੋਂ ਵੀ ਰਿਹਾ ਨਾ ਗਿਆ, "ਉਹਨੇ ਫੁੱਲਾਂ ਵਾਂਗੂ ਕਾਹਦਾ ਖਿੜਨਾ, ਕੰਡਿਆਂ ਨੂੰ ਤਾਂ ਗਲੇ ਲਗਾਉਣਾ ਆਉਂਦਾ ਨਹੀਂ।"

"ਵਾਹ ਵੀਰ ਜੀ, ਅੱਜ ਤਾਂ ਤੁਸੀਂ ਇਨ੍ਹਾਂ ਨੂੰ ਵਾਹਵਾ ਟਹਿਕੇ 'ਤੇ ਕਰ'ਤੈ।" ਬੀਬੀਆਂ ਵੀ ਹੁਣ ਘਰ ਦੇ ਕੰਮਾਂ ਦੀ ਫਿਕਰ 'ਚ ਉਠਣ ਦੇ ਇਸ਼ਾਰੇ ਕਰ ਰਹੀਆਂ ਸਨ।

"ਲੈ ਬਈ ਕਮਾਲਪੁਰੀ ਆਪਾਂ ਸੈਰ 'ਤੇ ਹੋਰ ਵੀ ਦੁਖੜੇ ਫੋਲਿਆ ਕਰਾਂਗੇ।" ਉਹਦੇ ਨੇ ਇੱਕ ਹੋਰ ਛੱਡ'ਤਾ: ਸੌ ਯਾਰਾਂ ਦੀ ਯਾਰੀ ਨਾਲੋਂ, ਇੱਕ ਹੰਢੂ ਦੀ ਯਾਰੀ ਚੰਗੀ। ਪਿਆਰ ਦੀ ਬਾਜ਼ੀ ਜਿੱਤਣ ਨਾਲੋਂ, ਪਿਆਰ ਦੀ ਬਾਜ਼ੀ ਹਾਰੀ ਚੰਗੀ।

ਵਾਹ! ਅਤੇ ਗੁਣਗੁਣਾਈਏ: 'ਵੋਹ ਹੀ ਖੁਸ਼ ਹੈ ਜੋ ਹਰ ਹਾਲ ਪੇ ਖੁਸ਼ ਹੈ।'




# ਇੱਕ ਦੂਸਰੇ ਦੇ ਪੂਰਕ ਹਨ ਧਰਮ ਤੇ ਰਾਜਨੀਤੀ

**ਵਿਚਾਰ-ਚਰਚਾ**

*ਸਿੱਖ ਜਗਤ ਵਿਚ ਧਰਮ ਅਤੇ ਰਾਜਨੀਤੀ ਦੇ ਆਪਸੀ ਸਬੰਧਾਂ ਬਾਰੇ ਅਕਸਰ ਚਰਚਾ ਛਿੜਦੀ ਰਹੀ ਹੈ ਜੋ ਅੱਜ ਵੀ ਜਾਰੀ ਹੈ। ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ 3 ਜੁਲਾਈ ਦੇ ਅੰਕ ਵਿਚ ਛਪੇ ਆਪਣੇ ਲੇਖ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਧਰਮ ਅਤੇ ਰਾਜਨੀਤੀ ਦੇ ਆਪਸੀ ਸਬੰਧਾਂ ਬਾਰੇ ਕੁਝ ਨੁਕਤੇ ਉਠਾਏ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ ਪਰ ਰਾਜਨੀਤੀ ਉਤੇ ਧਰਮ ਦਾ ਕੁੰਡਾ ਜ਼ਰੂਰੀ ਹੈ। ਇਸੇ ਲੇਖ ਦੇ ਪ੍ਰਤੀਕਰਮ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ ਨੇ ਕੁਝ ਟਿੱਪਣੀਆਂ ਕੀਤੀਆਂ ਹਨ। ਅਸੀਂ ਇਹ ਦੋਵੇਂ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਧਰਮ ਅਤੇ ਰਾਜਨੀਤੀ ਇੱਕ ਦੂਜੇ ਦੇ ਪੂਰਕ ਹਨ। ਸੱਭਿਆਤਾਵਾਂ ਦੇ ਅਰੰਭ ਵਿਚ ਧਰਮ ਅਤੇ ਰਾਜਨੀਤੀ-ਦੋਵੇਂ ਇੱਕ ਦੂਜੇ ਲਈ ਸਹਾਈ ਹੋਏ ਹਨ। ਪੰਜਾਬ ਵਿਚ ਵੀ ਜੇ ਬਾਬਾ ਬੰਦਾ ਸਿੰਘ ਬਹਾਦਰ ਦੀ ਹਕੂਮਤ, ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਸਿੱਖ ਮਿਸਲਾਂ ਅਤੇ ਸਿੱਖ ਰਿਆਸਤਾਂ ਕਾਇਮ ਨਾ ਹੁੰਦੀਆਂ ਤਾਂ ਸਿੱਖ ਧਰਮ ਦੀ ਸ਼ਾਇਦ ਅੱਜ ਵਰਗੀ ਸਥਿਤੀ ਨਾ ਹੁੰਦੀ। ਇਸ ਤਰ੍ਹਾਂ ਧਰਮ



ਪ੍ਰੋ. ਕਿਰਪਾਲ ਸਿੰਘ ਬਡੂੰਗਰ

ਅਤੇ ਰਾਜਨੀਤੀ ਸਦਾ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਰਹੇ ਹਨ।

ਸਿੱਖ ਧਰਮ ਮੂਲ ਰੂਪ ਵਿਚ ਸੰਸਥਾਗਤ ਧਰਮ ਹੀ ਨਹੀਂ, ਸਗੋਂ ਗੁਣਾਤਮਕ ਅਤੇ ਮਾਨਵਤਾਵਾਦੀ ਧਰਮ ਵੀ ਸੀ। ਇਸ ਨੂੰ ਇਸਲਾਮ ਦੀ ਕੱਟੜਤਾ ਤੇ ਜਬਰ ਵਿਰੁਧ ਇੱਕ ਲੰਮੇ ਸੰਘਰਸ਼ ਵਿਚੋਂ ਲੰਘਣਾ ਪਿਆ। ਸਿੱਖ ਰਾਜ ਦੀ ਸਥਾਪਤੀ ਰਾਜਨੀਤੀ ਕਾਰਨ ਨਹੀਂ ਸਗੋਂ ਧਰਮ ਤੇ ਰਾਜਨੀਤੀ ਦੇ ਸੰਜੋਗ ਨਾਲ ਹੋਈ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਧਰਮ ਦਾ ਹੀ ਨਹੀਂ ਸਗੋਂ ਦੂਜੇ ਧਰਮਾਂ ਦਾ ਵੀ ਸਤਿਕਾਰ ਕੀਤਾ ਅਤੇ ਸਾਂਝਾ ਖਾਲਸਾ ਰਾਜ ਸਥਾਪਤ ਕੀਤਾ ਜਿਸ ਨੂੰ 'ਸਰਕਾਰ-ਏ-ਖਾਲਸਾ' ਕਿਹਾ ਜਾਂਦਾ ਸੀ।

ਸਿੱਖ ਧਰਮ ਵਿਚ ਧਰਮ ਅਤੇ ਰਾਜਨੀਤੀ ਦਾ ਸੁਮੇਲ ਬਾਬਰ ਦੇ ਹਮਲੇ ਸਮੇਂ ਹੀ ਸਪੱਸ਼ਟ ਹੋ ਗਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮਾਂ ਖਿਲਾਫ ਜ਼ੋਰਦਾਰ ਰੋਸ ਪ੍ਰਗਟ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਧਰਮ ਦੇ ਸ਼ਾਂਤਮਈ ਤੇ ਨਿਮਰਤਾ ਵਾਲੇ ਸਰੂਪ ਉਤੇ ਰਾਜਨੀਤੀ ਦਾ ਵਹਿਸ਼ਿਆਨਾ ਹਮਲਾ ਸੀ। ਇਸ ਪਿਛੋਂ ਸਿੱਖ ਧਰਮ ਵਿਚ ਸ੍ਰੀ ਅਕਾਲ ਤਖਤ ਦੀ ਸਥਾਪਨਾ ਤੇ ਮੀਰੀ ਪੀਰੀ ਦੀ ਪਰੰਪਰਾ, ਭਗਤੀ ਤੇ ਸ਼ਕਤੀ ਦਾ ਸੁਮੇਲ ਧਰਮ ਅਤੇ ਰਾਜਨੀਤੀ ਦਾ ਸੰਜੋਗ ਹੀ ਸੀ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਦੀ ਸਥਾਪਨਾ ਅਤੇ ਹੋਂਦ, ਇਨ੍ਹਾਂ ਦੋਹਾਂ ਦੇ ਵਿਚਕਾਰ ਦੋ ਨਿਸ਼ਾਨ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਪਹਿਨੀਆਂ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਰਮ ਅਤੇ ਰਾਜਨੀਤੀ ਦੇ ਸੁਮੇਲ ਤੇ ਸੰਜੋਗ ਦੇ ਲਖਾਇਕ ਹੀ ਹਨ। ਪੀਰੀ ਦਾ ਨਿਸ਼ਾਨ ਸਾਹਿਬ, ਮੀਰੀ ਦੇ ਨਿਸ਼ਾਨ ਸਾਹਿਬ ਤੋਂ ਉਚਾ ਹੋਣਾ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਧਰਮ ਦਾ ਕੁੰਡਾ ਰਾਜਨੀਤੀ ਦੇ ਸਿਰ ਉਤੇ ਜ਼ਰੂਰੀ ਹੈ। ਖਾਲਸੇ ਦੇ ਆਦਰਸ਼ਾਂ ਵਿਚੋਂ ਵੀ ਧਰਮ ਤੇ ਰਾਜਨੀਤੀ ਦਾ ਸੰਜੋਗ ਝਲਕਦਾ ਹੈ। ਧਰਮ ਦਾ ਉਦੇਸ਼ ਹੈ, ਨਾਮ ਜਪਾਉਣਾ ਭਾਵ ਆਤਮਾ ਦਾ ਵਿਕਾਸ, ਰਾਜਨੀਤੀ ਦਾ ਫਰਜ਼ ਹੈ ਗੁਨਾਹਗਾਰਾਂ ਨੂੰ ਡੰਡ ਦੇਣਾ ਅਤੇ ਸਮਾਜਿਕ ਤੇ ਆਰਥਿਕ ਜ਼ਿੰਦਗੀ ਨੂੰ ਨਿਯਮਤ ਅਤੇ ਵਿਕਾਸਮੁਖੀ ਦਿਸ਼ਾ ਵੱਲ ਰੱਖਣਾ।

ਸਿੱਖ ਧਰਮ ਵਿਚ ਧਰਮ ਅਤੇ ਰਾਜਨੀਤੀ ਦਾ ਸੁਮੇਲ ਗਿਣਤੀ ਅਤੇ ਕੱਟੜਤਾ ਉਤੇ ਨਹੀਂ ਸਗੋਂ ਆਤਮਿਕ ਗੁਣਾਂ ਅਤੇ ਰਛਿਆ ਰਿਆਇਤ ਦੀ ਭਾਵਨਾ 'ਤੇ ਆਧਾਰਿਤ ਹੈ। ਰਾਜਨੀਤੀ ਬਿਨਾ ਧਰਮ ਦੁਨੀਆਂ ਤੋਂ ਦੂਰ ਹੋ ਕੇ ਕੋਈ ਉਪਯੋਗੀ ਯੋਗਦਾਨ ਪਾਉਣ ਯੋਗ ਨਹੀਂ ਰਹਿੰਦਾ। ਧਰਮ ਤੋਂ ਬਿਨਾ ਰਾਜਨੀਤੀ ਗੁੰਡਿਆਂ ਦੀ ਖੇਡ ਬਣ ਕੇ ਰਹਿ ਜਾਂਦੀ ਹੈ। ਧਰਮ ਦੇ ਪ੍ਰਸਾਰ ਲਈ ਜੇ ਰਾਜਨੀਤੀ ਦੀ ਦੁਰਵਰਤੋਂ ਕੀਤੀ ਜਾਵੇ ਤਾਂ ਇਹ ਘੋਰ ਅਨਿਆਂ ਤੇ ਅੱਤਿਆਚਾਰ ਦਾ ਰੂਪ ਧਾਰਨ ਕਰ ਲੈਂਦੀ ਹੈ। ਜਦੋਂ ਰਾਜਨੀਤਕ ਸ਼ਕਤੀ 'ਤੇ ਕਾਬਜ਼ ਰਹਿਣ ਜਾਂ ਰਾਜਨੀਤਕ ਸ਼ਕਤੀ ਹਾਸਲ ਕਰਨ ਲਈ ਧਰਮ ਦਾ ਸਹਾਰਾ ਲਿਆ ਜਾਵੇ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਜਾਵੇ ਤਾਂ ਇਸ ਤੋਂ ਵੱਡਾ ਦੰਭ ਤੇ ਪਖੰਡ ਕੋਈ ਨਹੀਂ ਰਹਿ ਜਾਂਦਾ। ਧਰਮ ਤੇ ਰਾਜਨੀਤੀ ਦਾ ਸਬੰਧ ਉਦੋਂ ਹੀ ਉਪਯੋਗੀ ਹੁੰਦਾ ਹੈ ਜਦੋਂ ਧਰਮ ਆਪਣੇ ਮਾਰਗ 'ਤੇ ਸਥਿਰ ਰਹਿੰਦਾ ਹੋਇਆ ਰਾਜਨੀਤੀ ਤੋਂ ਦੂਰ ਨਾ ਰਹੇ। ਸਗੋਂ ਰਾਜਨੀਤੀ ਦਾ ਮਾਰਗ ਦਰਸ਼ਨ ਕਰੇ। ਰਾਜਨੀਤੀ ਇੱਕ ਚੰਗੇ ਰਾਜ ਦੇ ਆਦਰਸ਼ਾਂ ਨੂੰ ਕਾਇਮ ਕਰਦੀ ਹੋਈ ਧਰਮ 'ਤੇ ਭਾਰੂ ਨਾ ਹੋਵੇ ਤੇ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਨਾ ਕਰੇ।


1984 ਵਿਚ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਦਿੱਲੀ ਸਮੇਤ ਕਈ ਸ਼ਹਿਰਾਂ ਵਿਚ ਲਗਾਤਾਰ ਤਿੰਨ ਦਿਨ ਸਿੱਖਾਂ ਦਾ ਕਤਲੇਆਮ ਹੁੰਦਾ ਰਿਹਾ, ਪਰ ਧਰਮ ਨਿਰਪੱਖ ਦੇਸ਼ ਵਿਚ ਕਿਸੇ ਨੇ ਵੀ ਜਾਨ ਮਾਲ ਦੀ ਰੱਖਿਆ ਨਹੀਂ ਕੀਤੀ। ਅੱਜ ਤੇਤੀ ਸਾਲ ਬੀਤਣ ਤੋਂ ਬਾਅਦ ਵੀ ਸਮੂਹਿਕ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ। ਅਜਿਹਾ ਤਾਂ ਹੀ ਹੋ ਰਿਹੈ ਕਿਉਂਕਿ ਰਾਜਨੀਤਕ ਸ਼ਕਤੀ ਧਰਮ ਨਿਰਪੱਖਤਾ ਦੇ ਮੁਖੌਟੇ ਹੇਠ ਛੁਪੀ ਆਪਣੀ ਧਾਰਮਿਕ ਕੱਟੜਤਾ ਅਤੇ ਆਪਣੀ ਵੋਟ ਰਾਜਨੀਤੀ ਕਰ ਰਹੀ ਹੈ। ਘੱਟ ਗਿਣਤੀਆਂ ਦੇ ਧਰਮ, ਸੱਭਿਆਚਾਰ, ਭਾਸ਼ਾ ਤੇ ਅੱਡਰੀ ਪਛਾਣ ਨੂੰ ਨਿਗਲ ਲੈਣ ਦੀਆਂ ਸਾਜ਼ਿਸ਼ਾਂ ਅਤੇ ਯਤਨ ਜਾਰੀ ਹਨ। ਅਜਿਹਾ ਭਾਰਤ ਨੂੰ ਇੱਕ ਧਰਮੀ ਅਤੇ ਇੱਕ ਕੌਮੀ ਰਾਸ਼ਟਰ ਬਣਾਉਣ ਹਿਤ ਕੀਤਾ ਜਾ ਰਿਹੈ। ਸਭ ਨੂੰ ਆਪਣਾ ਧਰਮ, ਸੱਭਿਆਚਾਰ, ਵਿਰਸਤ ਅਤੇ ਅਕੀਦਿਆਂ ਨੂੰ ਕਾਇਮ ਰੱਖਣ ਦੀ ਗਾਰੰਟੀ ਕਰਦਿਆਂ ਧਰਮ ਦੀ ਰੱਖਿਆ ਲਈ ਰਾਜਨੀਤਕ ਸ਼ਕਤੀ ਅਤੇ ਰਾਜਨੀਤੀ ਨੂੰ ਲੋਕ-ਹਿਤੈਸ਼ੀ ਅਤੇ ਨਿਆਂਸ਼ੀਲ ਬਣਾਏ ਰੱਖਣ ਲਈ ਧਰਮ ਦੀ ਲੋੜ ਹੈ।

ਹਿੰਦੁਸਤਾਨ ਦੇ ਧਰਮ, ਸੱਭਿਅਤਾ ਅਤੇ ਸਵੈਮਾਨ ਦੀ ਰੱਖਿਆ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਨਾ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਵੱਲੋਂ ਸ੍ਰੀ ਅਕਾਲ ਤਖਤ ਦੀ ਸਥਾਪਨਾ ਅਤੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨਣੀਆਂ, ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਪਿਛੋਂ ਸ਼ਸਤਰਧਾਰੀ 'ਖਾਲਸਾ ਪੰਥ' ਦੀ ਸਿਰਜਣਾ ਆਦਿ ਮਹਾਨ ਘਟਨਾਵਾਂ ਧਰਮ ਤੇ ਰਾਜਨੀਤੀ ਦੀ ਮਨੁੱਖੀ ਜ਼ਿੰਦਗੀ ਲਈ ਅਹਿਮੀਅਤ ਅਤੇ ਇੱਕ ਦੂਜੇ ਦੇ ਪੂਰਕ ਹੋਣ ਦਾ ਹੀ ਸਪੱਸ਼ਟ ਸਿਧਾਂਤ ਤੇ ਸਰੂਪ ਹਨ। ਇੱਕ ਤੋਂ ਬਿਨਾ ਦੂਜਾ ਹਮੇਸ਼ਾਂ ਹੀ ਮਨੁੱਖੀ ਜ਼ਿੰਦਗੀ ਲਈ ਘਾਤਕ ਸਿੱਧ ਹੋਇਆ ਹੈ। ਇਸੇ ਲਈ ਇਨ੍ਹਾਂ ਦਾ ਆਪਸੀ ਸਹਿਯੋਗ ਜ਼ਰੂਰੀ ਹੈ ਤਾਂ ਜੋ ਸਹਿਹੋਂਦ ਦੀ ਭਾਵਨਾ ਬਣੀ ਰਹੇ। ਖਾਲਸੇ ਦੀ ਰਾਜਨੀਤਕ ਸ਼ਕਤੀ ਹਰਕਤ ਵਿਚ ਆਈ। ਅੰਤ 14 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਅਗਲੇ ਹੀ ਦਿਨ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਸ੍ਰੀ ਅਕਾਲ ਤਖਤ ਉਤੇ ਨੁਮਾਇੰਦਾ ਹਸਤੀ ਦੇ ਸਿੱਖਾਂ ਦਾ ਇਕੱਠ ਸੱਦ ਕੇ ਇਹ ਸਪੱਸ਼ਟ ਕੀਤਾ ਸੀ ਕਿ ਗੁਰਧਾਮਾਂ, ਸਿੱਖ ਇਤਿਹਾਸ, ਰਹਿਤ ਮਰਿਆਦਾ ਦੀ ਰਾਖੀ ਲਈ ਰਾਜਨੀਤਕ ਜਥੇਬੰਦੀ ਦੀ ਲੋੜ ਹੈ। ਨਤੀਜੇ ਵਜੋਂ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਜਦੋਂ ਕਦੇ ਧਾਰਮਿਕ ਖੇਤਰ ਲਈ ਖਤਰਾ ਪੈਦਾ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਪੂਰੀ ਸ਼ਕਤੀ ਨਾਲ ਜੂਝਿਆ। ਜਦੋਂ ਕਦੇ ਅਕਾਲੀ ਲੀਡਰਸ਼ਿਪ ਜਾਂ ਕੋਈ ਵੀ ਸਿੱਖ ਸੰਸਥਾ ਸਿੱਖ ਸਿਧਾਂਤ ਤੋਂ ਥਿੜਕਦੀ ਨਜ਼ਰ ਆਈ ਤਾਂ ਸ੍ਰੀ ਅਕਾਲ ਤਖਤ ਨੇ ਆਪਣੀ ਧਾਰਮਿਕ ਹਸਤੀ ਦਾ ਭਰਪੂਰ ਪ੍ਰਗਟਾਵਾ ਕਰ ਕੇ ਰਾਜਨੀਤੀ ਨੂੰ ਸਹੀ ਥਾਂ ਉਤੇ ਕਾਇਮ ਰੱਖਿਆ।

# ਧਰਮ ਤੇ ਰਾਜਨੀਤੀ ਦਾ ਸਿੱਖ ਪ੍ਰਸੰਗ

ਧਰਮ ਤੇ ਰਾਜਨੀਤੀ ਬਾਰੇ ਬਹਿਸ ਇਸ ਸਮੇਂ ਕੌਮੀ ਪੱਧਰ 'ਤੇ ਵੀ ਚੱਲੀ ਹੋਈ ਹੈ ਕਿਉਂਕਿ ਕੇਂਦਰ ਸਰਕਾਰ ਭਗਵੇਂਕਰਨ ਦੀ ਸਿਆਸਤ ਨੂੰ ਧਰਮ ਨਿਰਪੇਖ ਵਿਧਾਨਕਤਾ ਦੇ ਬਦਲ ਵਜੋਂ ਉਭਾਰ ਰਹੀ ਹੈ। ਇਸ ਨਾਲ ਧਰਮ ਅਤੇ ਰਾਜਨੀਤੀ ਦਾ ਮਸਲਾ ਭਾਰਤੀ ਗਣਤੰਤਰ ਵਾਸਤੇ ਅਹਿਮ ਹੋ ਗਿਆ ਹੈ ਕਿਉਂਕਿ ਧਰਮ ਤੇ ਰਾਜਨੀਤੀ ਦਾ ਇਕ ਸਿਆਸੀ ਉਸਾਰ ਪਾਕਿਸਤਾਨ ਦੇ ਰੂਪ ਵਿਚ ਸਾਡੇ ਸਾਹਮਣੇ ਹੈ।

ਮੀਰੀ ਪੀਰੀ ਦੇ ਹਵਾਲੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਧਰਮ ਤੇ ਰਾਜਨੀਤੀ ਨੂੰ ਇਕ ਦੂਜੇ ਦੇ ਪੂਰਕ ਕਹਿਣ ਨਾਲ (ਪੰਜਾਬੀ ਟ੍ਰਿਬਿਊਨ 3 ਜੁਲਾਈ 2017) ਇਸ ਮਸਲੇ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਬਾਰੇ ਚਰਚਾ ਦੀ ਲੋੜ ਪੈਦਾ ਹੋ ਗਈ ਹੈ। ਸਿੱਖ ਧਰਮ, ਧਰਮਾਂ ਦੇ ਪ੍ਰਸੰਗ ਵਿਚ ਸੰਪੂਰਨ ਜੀਵਨ ਦਾ ਧਰਮ ਹੋਣ ਕਰਕੇ ਜੀਵਨ ਨਾਲ ਜੁੜੇ ਹੋਏ ਸਾਰੇ ਸਰੋਕਾਰਾਂ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਮੰਨਦਾ ਹੈ। ਪੂਰਕਤਾ ਦਾ ਮਤਲਬ ਰਲੇਵਾਂ ਨਹੀਂ ਹੁੰਦਾ ਅਤੇ ਨਾ ਹੀ ਇਕ ਪੱਖ ਨੂੰ ਕਿਸੇ ਦੂਜੇ ਦੀ ਕੀਮਤ 'ਤੇ ਵਰਤਿਆ ਜਾਣਾ ਹੀ ਸਕਦਾ ਹੈ।

ਗੁਰੂ ਕਾਲ ਦੌਰਾਨ ਧਰਮ ਨੂੰ ਸਿਆਸਤ ਵਾਸਤੇ ਜਾਂ ਸਿਆਸਤ ਨੂੰ ਧਰਮ ਵਾਸਤੇ ਵਰਤੇ ਜਾਣ ਨੂੰ ਉਤਸ਼ਾਹਿਤ ਨਹੀਂ ਸੀ ਕੀਤਾ ਗਿਆ ਕਿਉਂਕਿ ਦੋਹਾਂ ਵਿਚੋਂ ਕਿਸੇ ਇਕ ਦੇ ਉਲਾਰ ਤੋਂ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਦੋਹਾਂ ਵੱਲੋਂ ਰਲ ਕੇ ਕੀਤੇ ਗਏ ਉਲਾਰ ਦੀਆਂ ਮਿਸਾਲਾਂ ਵੀ ਇਤਿਹਾਸ ਵਿਚੋਂ ਮਿਲ ਜਾਂਦੀਆਂ ਹਨ। ਧਰਮ ਅਤੇ ਸਿਆਸਤ ਦੀ ਭੂਮਿਕਾ ਦਾ ਪ੍ਰਗਟਾਵਾ ਇਤਿਹਾਸ ਵਿਚ ਹੁੰਦਾ ਰਿਹਾ ਹੈ ਅਤੇ ਇਸ ਮੁੱਦੇ 'ਤੇ ਡਾ. ਜਸਪਾਲ ਸਿੰਘ ਨੇ ਦੋਹਾਂ ਨੂੰ ਰੇਲ ਦੀਆਂ ਦੋ ਲਾਈਨਾਂ ਵਾਂਗ ਇਕ ਸੰਤੁਲਨ ਵਿਚ ਇਕ ਦੂਜੇ ਤੋਂ ਵਿਥ ਤੇ ਤਸਲੀਮ ਕੀਤਾ ਹੋਇਆ ਹੈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਧਰਮ ਤੇ ਰਾਜਨੀਤੀ ਨੂੰ ਗੁਰਮਤਿ ਪ੍ਰਸੰਗ ਵਿਚ ਵੇਖਣ ਦੀ ਥਾਂ ਸਿੱਖ ਰਾਜ ਦੇ ਹਵਾਲੇ ਨਾਲ ਲੋੜ ਮੁਤਾਬਕ ਵਰਤੇ ਜਾਣ ਵਾਲੇ ਬਦਲ ਵਾਂਗ ਪੇਸ਼ ਕਰ ਦਿੱਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਨਾਲ ਸਿੱਖੀ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਇਤਿਹਾਸ ਨੂੰ ਬਾਣੀ ਉਤੇ ਪਹਿਲ ਪ੍ਰਾਪਤ ਹੋ ਜਾਵੇਗੀ।

ਸਮਾਂ ਆ ਗਿਆ ਹੈ ਕਿ ਇਸ ਸਵਾਲ ਦੇ ਸਨਮੁਖ ਹੋਇਆ ਜਾਵੇ ਕਿ ਸਿੱਖੀ, ਸਿੱਖਾਂ ਕਰਕੇ ਬਚੀ ਹੋਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਕੇ ਬਚੀ ਹੋਈ ਹੈ? ਇਸ ਨਾਲ ਇਹ ਵੀ ਪਤਾ ਲੱਗ ਜਾਏਗਾ ਕਿ ਸਰਕਾਰ-ਏ-ਖਾਲਸਾ ਗੁਰਮਤਿ ਨਾਲ ਕਿੰਨੀ ਕੁ ਨਿਭਦੀ ਰਹੀ ਸੀ? ਬਾਬਰਵਾਣੀ ਦੇ ਹਵਾਲੇ ਨਾਲ ਕਿਸੇ ਕਿਸਮ ਦੀ ਰਾਜਨੀਤੀ ਸਥਾਪਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਨੂੰ ਧਰਮ ਵੱਲੋਂ ਰਾਜਨੀਤੀ ਨਾਲ ਨਿਭਣ ਤੇ ਨਜਿੱਠਣ ਦੀ ਵਿਧੀ ਵਜੋਂ ਹੀ ਸਾਹਮਣੇ ਲਿਆਂਦਾ ਜਾ ਸਕਦਾ ਹੈ।

ਇਸ ਵੇਲੇ ਦੀ ਲੋੜ ਵਿਰਾਸਤ ਨੂੰ ਸਿਆਸਤ ਵਾਸਤੇ ਵਰਤਣ ਦੀ ਥਾਂ, ਵਿਰਾਸਤ ਨੂੰ ਸਿਆਸਤ ਤੋਂ ਬਚਾਏ ਜਾਣ ਦੀ ਹੈ। ਗੱਲ 2017 ਵਿਚ ਹੋ ਰਹੀ ਹੈ ਅਤੇ ਪ੍ਰੋ. ਬਡੂੰਗਰ ਹਵਾਲੇ ਪੰਚਮ ਪਾਤਸ਼ਾਹ ਹਜ਼ੂਰ ਦੀ ਸ਼ਹੀਦੀ ਦੇ ਦੇਈ ਜਾ ਰਹੇ ਹਨ। ਧਰਮ ਅਤੇ ਸਿਆਸਤ ਬਾਰੇ ਮਿਲਦੇ ਵੇਰਵਿਆਂ ਦੇ ਆਧਾਰ 'ਤੇ ਵਿਚਾਰੀਏ ਤਾਂ ਇਹੀ ਸਮਝ ਆਉਂਦਾ ਹੈ ਕਿ ਸਿਆਸਤ ਨੂੰ ਧਰਮ ਸਦਾ ਹੀ ਠੀਕ ਬੈਠਦਾ ਰਿਹਾ ਹੈ, ਪਰ ਧਰਮ ਨੂੰ ਸਿਆਸਤ ਕਦੇ ਵੀ ਠੀਕ ਨਹੀਂ ਬੈਠੀ। ਪ੍ਰੋ. ਬਡੂੰਗਰ ਨੇ ਇਸੇ ਦਾ ਸਮਰਥਨ ਕਰਦਿਆਂ ਕਿਹਾ ਹੋਇਆ ਹੈ ਕਿ 'ਧਰਮ ਤੋਂ ਬਿਨਾ ਰਾਜਨੀਤੀ ਗੁੰਡਿਆਂ ਦੀ ਖੇਡ ਬਣ ਕੇ ਰਹਿ ਜਾਂਦੀ ਹੈ।'

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਜੇ ਉਹ ਇਸ ਕਰਕੇ ਅਕਾਲੀ ਦਲ ਦੇ ਧਰਨਿਆਂ ਵਿਚ ਜਾ ਰਹੇ ਹਨ ਤਾਂ ਉਹੀ ਦੱਸਣ ਕਿ ਇਸ ਨਾਲ ਕੀ ਕੋਈ ਫਰਕ ਪਿਆ ਹੈ? ਕਿਸ ਨੂੰ ਨਹੀਂ ਪਤਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਕਾਲੀਆਂ ਦੀ ਉਸੇ ਤਰ੍ਹਾਂ ਨੌਕਰੀ ਕਰ ਰਹੇ ਹਨ, ਜਿਵੇਂ ਪੁਰਾਣੇ ਜ਼ਮਾਨਿਆਂ ਵਿਚ ਬ੍ਰਾਹਮਣੀ ਸੰਸਥਾਵਾਂ ਦੇ ਮੁਖੀ ਤਤਕਾਲੀ ਰਾਜਿਆਂ ਦੀ ਕਰਿਆ ਕਰਦੇ ਸਨ। ਇਸ ਦੀ ਰੋਸ਼ਨੀ ਵਿਚ ਉਹ ਰਾਜਨੀਤੀ ਉਤੇ ਧਰਮ ਦੇ ਕੁੰਡੇ ਦੀ ਕਲਪਨਾ ਕਿਵੇਂ ਕਰੀ ਜਾ ਰਹੇ ਹਨ?

ਸਿੱਖ ਧਰਮ ਨੇ ਰਾਜਨੀਤੀ ਵਾਸਤੇ ਧਾਰਮਿਕ ਸੰਸਥਾਵਾਂ ਨੂੰ ਵਰਤੇ ਜਾਣ ਦਾ ਰਾਹ ਬੰਦ ਕੀਤਾ ਸੀ। ਇਸੇ ਕਰਕੇ ਮਿਸਲਾਂ ਵੇਲੇ ਮਿਸਲਦਾਰ, ਰਾਜਨੀਤੀ ਨੂੰ ਪਾਸੇ ਰੱਖ ਕੇ ਅਕਾਲ ਤਖਤ ਸਾਹਿਬ 'ਤੇ ਜਾਇਆ ਕਰਦੇ ਸਨ। ਜੋ ਵਰਤਮਾਨ ਵਿਚ ਹੋ ਰਿਹਾ ਹੈ, ਉਸ ਦਾ ਸਮਰਥਨ ਮੀਰੀ ਪੀਰੀ ਦੇ ਹਵਾਲੇ ਨਾਲ ਨਹੀਂ ਕੀਤਾ ਜਾ ਸਕਦਾ। ਇਸ ਸਥਿਤੀ ਤੋਂ ਪ੍ਰੋ. ਬਡੂੰਗਰ ਵਾਕਫ ਹਨ ਅਤੇ ਇਸੇ ਕਰਕੇ ਉਨ੍ਹਾਂ ਕੋਲੋਂ ਇਹ ਸੱਚ ਕਹਿ ਹੋ ਗਿਆ ਹੈ ਕਿ 'ਜਦੋਂ ਰਾਜਨੀਤਕ ਸ਼ਕਤੀ 'ਤੇ ਕਾਬਜ ਰਹਿਣ ਜਾਂ ਰਾਜਨੀਤਕ ਸ਼ਕਤੀ ਹਾਸਲ ਕਰਨ ਲਈ ਧਰਮ ਦਾ ਸਹਾਰਾ ਲਿਆ ਜਾਵੇ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਜਾਵੇ ਤਾਂ ਇਸ ਤੋਂ ਵਡਾ ਦੰਭ ਤੇ ਪਖੰਡ ਕੋਈ ਨਹੀ ਰਹਿ ਜਾਂਦਾ।'

ਪ੍ਰੋ. ਬਡੂੰਗਰ ਇਹ ਕਿਸ ਨੂੰ ਦੱਸ ਰਹੇ ਹਨ ਅਤੇ ਮਨਭਾਉਂਦੇ ਨਤੀਜੇ ਕਿਸ ਆਧਾਰ 'ਤੇ ਕੱਢ ਰਹੇ ਹਨ ਕਿ 'ਧਰਮ ਤੇ ਰਾਜਨੀਤੀ ਦਾ ਸਬੰਧ ਉਦੋਂ ਹੀ ਉਪਯੋਗੀ ਹੁੰਦਾ ਹੈ ਜਦੋਂ ਧਰਮ ਆਪਣੇ ਮਾਰਗ 'ਤੇ ਸਥਿਰ ਰਹਿੰਦਾ ਹੋਇਆ ਰਾਜਨੀਤੀ ਤੋਂ ਦੂਰ ਨ ਰਹੇ।' ਪ੍ਰਧਾਨ ਜੀ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਸਿੱਖ ਸੰਸਥਾਵਾਂ ਦੀ ਵਰਤਮਾਨ ਦਸ਼ਾ ਅਤੇ ਦਿਸ਼ਾ ਦੀ ਜ਼ਿੰਮੇਵਾਰੀ ਸਿੱਖ ਸਿਆਸਤਦਾਨਾਂ 'ਤੇ ਹੀ ਆਉਂਦੀ ਹੈ। ਮੇਰੀ ਸਮਝ ਮੁਤਾਬਕ ਪ੍ਰੋ. ਬਡੂੰਗਰ ਵੀ ਸਿਆਸਤਦਾਨ ਪਹਿਲਾਂ ਹਨ ਅਤੇ ਹੋਰ ਕੁਝ ਵੀ ਬਾਅਦ ਵਿਚ ਹਨ। ਅਸਲ ਵਿਚ ਉਹ ਅਕਾਲੀ ਦਲ ਵਲੋਂ ਅਕਾਲੀ ਦਲ ਵਾਸਤੇ ਦਿੱਤੀ ਹੋਈ ਜ਼ਿੰਮੇਵਾਰੀ ਨਿਭਾਉਣ ਦੀ ਹੀ ਕੋਸ਼ਿਸ਼ ਕਰ ਰਹੇ ਹਨ ਅਤੇ ਹਵਾਲੇ ਵਾਲਾ ਲੇਖ ਲਿਖਦਿਆਂ ਉਨ੍ਹਾਂ ਨੇ ਧਿਆਨ ਵਿਚ ਨਹੀਂ ਰੱਖਿਆ ਕਿ ਇਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਲੇਖ ਵਜੋਂ ਪੜ੍ਹਿਆ ਤੇ ਵਿਚਾਰਿਆ ਵੀ ਜਾ ਸਕਦਾ ਹੈ। ਇਸੇ ਕਰਕੇ ਉਹ ਅਕਾਲੀ ਦਲ ਨੂੰ ਗੁਰਮਤਿ ਦੀ ਰੋਸ਼ਨੀ ਵਿਚ ਵੇਖਣ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਦੀ ਨਿਰੰਤਰਤਾ ਵਿਚ ਵੇਖਣ ਦੇ ਮੁੱਦਈ ਲੱਗਣ ਲੱਗ ਪਏ ਹਨ।

ਸਿੱਖ ਧਰਮ ਪ੍ਰਾਪਤ ਦੇ ਉਲਾਰ ਵਰਤਾਰਿਆਂ ਵਿਚਕਾਰ ਸਹਿਜ ਸਥਾਪਨ ਨਾਲ ਜੁੜੀ ਹੋਈ ਸਿਧਾਂਤਕਤਾ ਹੈ ਅਤੇ ਇਸ 'ਤੇ ਅਮਲ ਦੀ ਆਸ ਸਿੱਖ ਸਿਆਸਤਦਾਨਾਂ ਤੋਂ ਇਸ ਕਰਕੇ ਨਹੀਂ ਕੀਤੀ ਜਾ ਸਕਦੀ ਕਿ ਸਿੱਖ ਸਿਆਸਤ ਧਰਮ ਵਾਸਤੇ ਨਹੀਂ, ਰਾਜ ਵਾਸਤੇ ਕਾਰਜਸ਼ੀਲ ਰਹੀ ਹੈ। ਇਸ ਦੇ ਕਾਰਨ ਵਿਧਾਨਕਤਾ ਨਾਲ ਵੀ ਜੁੜੇ ਹੋਏ ਹਨ ਅਤੇ ਵੋਟ ਬੈਂਕ ਦੀ ਸਿਆਸਤ ਨਾਲ ਵੀ ਜੁੜੇ ਹੋਏ ਹਨ। ਨੈਤਿਕਤਾ (ਧਰਮ) ਅਤੇ ਕੂਟਨੀਤੀ (ਸਿਆਸਤ) ਦੇ ਇਸ ਭੇੜ ਵਿਚ ਫਸੇ ਹੋਣ ਦੇ ਬਾਵਜੂਦ ਪ੍ਰੋ. ਬਡੂੰਗਰ ਤੋਂ ਰਾਜਨੀਤਕ ਵਰਤਾਰੇ ਬਾਰੇ ਇਹ ਸੱਚ ਕਹਿ ਹੋ ਗਿਆ ਹੈ ਕਿ 'ਰਾਜਨੀਤਕ ਸ਼ਕਤੀ ਧਰਮ ਨਿਰਪੇਖਤਾ ਦੇ ਮਖੌਟੇ ਹੇਠ ਛੁਪੀ ਆਪਣੀ ਧਾਰਮਿਕ ਕੱਟੜਤਾ ਅਤੇ ਆਪਣੀ ਰਾਜਨੀਤੀ ਕਰ ਰਹੀ ਹੈ।'

ਮੈਨੂੰ ਚੰਗਾ ਲੱਗਿਆ ਹੈ ਕਿ ਕਿਸੇ ਨੂੰ ਬਖਸ਼ੇ ਬਿਨਾ ਪ੍ਰਧਾਨ ਜੀ ਕੋਲੋਂ ਕਹਿ ਹੋ ਗਿਆ ਹੈ ਕਿ 'ਘਟਗਿਣਤੀਆਂ ਦੇ ਧਰਮ, ਸਭਿਆਚਾਰ, ਭਾਸ਼ਾ ਤੇ ਅੱਡਰੀ ਪਛਾਣ ਨੂੰ ਨਿਗਲ ਲੈਣ ਦੀਆਂ ਸਾਜ਼ਿਸ਼ਾਂ ਅਤੇ ਯਤਨ ਜਾਰੀ ਹਨ। ਅਜਿਹਾ ਭਾਰਤ ਨੂੰ ਇਕ ਧਰਮੀ ਅਤੇ ਇਕ ਕੌਮੀ ਰਾਸ਼ਟਰ ਬਣਾਉਣ ਹਿਤ ਕੀਤਾ ਜਾ ਰਿਹਾ ਹੈ।' ਇਹ ਸੁਰ ਬੇਸ਼ੱਕ ਸਿੱਖ ਸੁਰ ਵਿਚ ਹੈ, ਪਰ ਪ੍ਰਧਾਨ ਜੀ ਖੁਦ ਅਕਾਲੀ ਵਜੋਂ ਇਸ ਤਰ੍ਹਾਂ ਦੀ ਸਿਆਸਤ ਦੇ ਭਾਈਵਾਲ ਹਨ। ਇਸ ਨਾਲ ਉਨ੍ਹਾਂ ਨੇ ਸਿੱਖ ਸੁਰ ਵਿਚ ਲੋੜੀਂਦੇ ਸੰਵਾਦ ਦੀ ਨੀਂਹ ਰੱਖ ਦਿੱਤੀ ਹੈ ਅਤੇ ਇਸ ਵਾਸਤੇ ਉਹ ਵਧਾਈ ਦੇ ਪਾਤਰ ਹਨ।

ਇਹ ਗੱਲ ਠੀਕ ਹੈ ਕਿ ਧਰਮੀਆਂ ਵੱਲੋਂ ਸਿਆਸਤਦਾਨਾਂ ਨੂੰ ਖੁੱਲ੍ਹਾ ਨਹੀਂ ਛੱਡਣਾ ਚਾਹੀਦਾ। ਪਰ ਉਨ੍ਹਾਂ ਨੂੰ ਪਤਾ ਹੈ ਕਿ ਅਜਿਹਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਤੁਰ ਜਾਣ ਤੋਂ ਪਿੱਛੋਂ ਸੰਭਵ ਨਹੀਂ ਹੋ ਸਕਿਆ। ਇਸ ਬਾਰੇ ਇਸ ਵੇਲੇ ਸਿਆਸਤਦਾਨ ਅਤੇ ਸੰਸਥਾ ਮੁਖੀ ਕੋਈ ਵੀ ਗੱਲ ਇਸ ਕਰਕੇ ਨਹੀਂ ਕਰਨਾ ਚਾਹੁੰਦੇ ਕਿਉਂਕਿ ਧਰਮ ਅਤੇ ਸਿਆਸਤ ਇਕ ਦੂਜੇ ਨੂੰ ਪਾਲਣ ਵਾਲੀਆਂ ਧਿਰਾਂ ਹੋ ਗਈਆਂ ਹਨ। ਇਸ ਨੂੰ ਕਦੇ ਕਦੇ ਸਿਆਸਤ ਨਾਲ ਢਕਣ ਦੀ ਕੋਸ਼ਿਸ਼ ਵੀ ਹੁੰਦੀ ਰਹਿੰਦੀ ਹੈ। ਮਿਸਾਲ ਵਜੋਂ ਅਕਾਲ ਤਖਤ ਸਾਹਿਬ ਬਾਰੇ ਗੱਲ ਛੇਵੇਂ ਪਾਤਸ਼ਾਹ ਹਜ਼ੂਰ ਦੇ ਹਵਾਲੇ ਨਾਲ ਕਰਨ ਲੱਗ ਪੈਂਦੇ ਹਾਂ ਅਤੇ ਸਿਆਸਤਦਾਨਾਂ ਦੀ ਨੌਕਰੀ ਨੂੰ 'ਸਹਿਹੋਂਦ ਦੀ ਭਾਵਨਾ' ਕਹਿਣ ਲੱਗ ਪੈਂਦੇ ਹਾਂ। ਸਭ ਨੂੰ ਪਤਾ ਹੈ ਕਿ ਭਾਰਤੀ ਵਿਧਾਨ ਦੇ ਅੰਤਰਗਤ ਸਿੱਖ ਸਿਆਸਤ ਨੂੰ ਪੰਥਕ ਸੁਰ ਵਿਚ ਸਿੱਖਾਂ ਦੇ ਬੋਲਬਾਲਿਆਂ ਵਾਸਤੇ ਨਹੀਂ ਚਲਾਇਆ ਜਾ ਸਕਦਾ। ਸ਼੍ਰੋਮਣੀ ਕਮੇਟੀ ਨੂੰ ਭਾਰਤੀ ਵਿਧਾਨ ਦਾ ਇਸ ਤਰ੍ਹਾਂ ਦਾ ਕੋਈ ਬੰਧਨ ਨਹੀਂ ਹੈ।

ਪ੍ਰੋ. ਬਡੂੰਗਰ ਨੂੰ ਕਿਉਂ ਨਹੀਂ ਲੱਗਦਾ ਕਿ ਉਨ੍ਹਾਂ ਦੇ ਸਿਆਸੀ ਧਰਨਿਆਂ ਵਿਚ ਜਾਣ ਨਾਲ ਸਿਆਸਤਦਾਨਾਂ ਦਾ ਕੁਝ ਸੰਵਰਿਆ ਨਹੀਂ ਪਰ ਸ਼੍ਰੋਮਣੀ ਕਮੇਟੀ ਦੀ ਸਾਖ ਨੂੰ ਧੱਕਾ ਜ਼ਰੂਰ ਲੱਗਾ ਹੈ। ਪ੍ਰਧਾਨ ਜੀ ਵੱਲੋਂ ਅਪਨਾਇਆ ਗਿਆ ਰਾਹ ਮੀਰੀ ਪੀਰੀ ਦੇ ਹਵਾਲੇ ਨਾਲ ਜਾਇਜ਼ ਸਿੱਧ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਵਿਚੋਂ ਪੂਰਕਤਾ ਦਾ ਨਹੀਂ, ਰਲੇਵੇਂ ਦਾ ਪ੍ਰਭਾਵ ਪੈਂਦਾ ਹੁੰਦਾ ਹੈ। ਇਸ ਰਲੇਵੇਂ ਕਾਰਨ ਕੀਤੇ ਜਾ ਰਹੇ ਧਾਰਮਿਕ ਕੰਮ ਵੀ ਸਿਆਸਤ ਹੀ ਲੱਗਣ ਲੱਗ ਪਏ ਹਨ। ਉਨ੍ਹਾਂ ਦੀ ਇਹ ਧਾਰਨਾ ਅਕਾਲੀ ਸਿਆਸਤਦਾਨਾਂ ਦੀ ਸਾਖ ਬਣਾਉਣ ਦੀ ਕੋਸ਼ਿਸ਼ ਹੈ ਕਿ 'ਜਦੋਂ ਕਦੀ ਵੀ ਧਾਰਮਿਕ ਖੇਤਰ ਲਈ ਖਤਰਾ ਪੈਦਾ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਪੂਰੀ ਸ਼ਕਤੀ ਨਾਲ ਜੂਝਿਆ।'

ਕਿਸ ਨੂੰ ਨਹੀਂ ਪਤਾ ਕਿ ਪੰਥ ਨੂੰ ਖਤਰੇ ਦੀ ਸਿਆਸਤ ਲਗਾਤਾਰ ਹੁੰਦੀ ਰਹੀ ਹੈ ਅਤੇ ਇਸ ਦਾ ਗੁਰਮਤਿ ਨਾਲ ਕੋਈ ਸਬੰਧ ਨਹੀਂ ਹੈ। ਸਿੱਖ ਸਿਆਸਤ ਦੀ ਭੇਟ ਜਿਸ ਤਰ੍ਹਾਂ ਸਿੱਖ ਸੰਸਥਾਵਾਂ ਚੜ੍ਹ ਚੁਕੀਆਂ ਹਨ, ਉਸ ਤੋਂ ਤਾਂ ਅਕਾਲ ਤਖਤ ਸਾਹਿਬ ਵੀ ਬਚਿਆ ਹੋਇਆ ਨਹੀਂ ਹੈ। ਫਿਰ ਪ੍ਰੋ. ਬਡੂੰਗਰ ਗੱਲ ਨੂੰ ਸੁਲਝਾਉਣ ਦੀ ਥਾਂ ਉਲਝਾ ਕਿਉਂ ਰਹੇ ਹਨ? ਕਿਸ ਨੂੰ ਨਹੀਂ ਪਤਾ ਕਿ ਇਸ ਨਾਲ ਸ਼੍ਰੋਮਣੀ ਕਮੇਟੀ ਉਤੇ ਸਿਆਸਤਦਾਨਾਂ ਦੇ ਕਬਜ਼ੇ ਦਾ ਰਾਹ ਪੱਧਰਾ ਹੁੰਦਾ ਹੈ? ਸ਼੍ਰੋਮਣੀ ਕਮੇਟੀ ਨੂੰ ਸਿੱਖ ਸਿਆਸਤਦਾਨਾਂ ਤੱਕ ਸੀਮਤ ਕਰਨ ਦੀ ਕੀ ਲੋੜ ਹੈ? ਇਨ੍ਹਾਂ ਮੁੱਦਿਆਂ 'ਤੇ ਸਾਂਝੀ ਸਿੱਖ ਸਮਝ ਬਣਾਉਣ ਵਾਸਤੇ ਯਤਨ ਸ਼੍ਰੋਮਣੀ ਕਮੇਟੀ ਕਿਉਂ ਨਹੀਂ ਕਰ ਰਹੀ? ਵਰਤਮਾਨ ਨੂੰ ਨਾਲ ਲੈ ਕੇ ਤੁਰਨ ਵਾਸਤੇ ਸਵਾਲਾਂ ਅਤੇ ਦੁਸ਼ਵਾਰੀਆਂ ਦੇ ਸਨਮੁਖ ਤਾਂ ਹੋਣਾ ਹੀ ਪਵੇਗਾ। ਇਸ ਪਾਸੇ ਇਸ ਲੇਖ ਨਾਲ ਕਦਮ ਚੁੱਕ ਕੇ ਪ੍ਰਧਾਨ ਜੀ ਨੇ ਚੰਗਾ ਕੰਮ ਕੀਤਾ ਹੈ।

ਕੌੜੀਆਂ ਕੁਸੈਲੀਆਂ

# ਨਾ ਕੋਈ ਮੂਰਖ ਨਾ ਕੋਈ ਸਿਆਣਾ

ਮਨੁੱਖੀ ਫਿਤਰਤ ਵੀ ਅਜੀਬ ਹੈ। ਜਦੋਂ ਕਿਸੇ ਬੰਦੇ ਦੀ ਸਕੀਮ ਰਾਸ ਨਾ ਆਵੇ, ਉਸ ਨੂੰ ਮੂਰਖ ਕਹਿ ਦਿੱਤਾ ਜਾਂਦਾ ਹੈ ਅਤੇ ਜਦੋਂ ਕਿਸੇ ਦਾ ਪੁੱਠਾ ਸਿੱਧਾ ਪ੍ਰਾਜੈਕਟ ਕਾਮਯਾਬ ਹੋ ਜਾਵੇ ਤਾਂ ਉਸ ਨੂੰ ਸਿਆਣਾ ਕਿਹਾ ਜਾਂਦਾ ਹੈ। ਮੈਨੂੰ ਕੇਵਲ ਉਹ ਆਦਮੀ ਹੀ ਸਿਆਣਾ ਨਹੀਂ ਲਗਦਾ ਜਿਸ ਨੂੰ ਮਨੋਵਿਗਿਆਨੀ ਮੰਦਬੁੱਧੀ ਵਾਲਾ ਕਹਿਣ ਜਾਂ ਗੁੱਸੇ ਵਿਚ ਆਇਆ ਇਨਸਾਨ, ਆਰਜ਼ੀ ਤੌਰ 'ਤੇ ਪਾਗਲਪਣ ਦਾ ਸ਼ਿਕਾਰ ਬਣਿਆ ਹੋਵੇ। ਗੁੱਸੇ ਵਿਚ ਆਏ ਲੜ ਰਹੇ ਲੋਕਾਂ ਨੂੰ ਬਹੁਤ ਵਾਰ ਇਹ ਕਹਿ ਕੇ ਹਟਾਇਆ ਜਾਂਦਾ ਹੈ, "ਮੂਰਖ ਨਾ ਬਣ, ਕੁਝ ਅਕਲ ਕਰ।" ਕਚਹਿਰੀਆਂ ਵਿਚ ਲੱਖਾਂ ਕੇਸ ਆਉਂਦੇ ਹਨ। ਵਕੀਲਾਂ ਦੀ ਬਹਿਸ ਹੁੰਦੀ ਹੈ। ਸਭ ਧਿਰਾਂ ਦੀ ਗੱਲ ਸੁਣਨ ਪਿਛੋਂ ਕਿਸੇ ਧਿਰ ਨੂੰ ਮੂਰਖ ਜਾਂ ਸਿਆਣਾ ਨਹੀਂ ਕਹਿੰਦੇ। ਜੱਜ ਕਾਨੂੰਨ ਅਨੁਸਾਰ ਜਿਹੜੀ ਧਿਰ ਠੀਕ ਲਗਦੀ ਹੈ, ਉਸ ਦੇ ਹੱਕ ਵਿਚ ਫੈਸਲਾ ਸੁਣਾ ਦਿੰਦੇ ਹਨ।



ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਬਚਪਨ ਦੀ ਦਿਲਚਸਪ ਘਟਨਾ ਯਾਦ ਆ ਗਈ। ਨਾਭਾ ਰਿਆਸਤ ਦੇ ਪਿੰਡਾਂ ਵਿਚ ਮਜ਼ਹਬੀ ਅਤੇ ਰਾਮਦਾਸੀਏ ਸਿੱਖਾਂ ਦੀ ਬਸਤੀ, ਪਿੰਡ ਤੋਂ ਕੁਝ ਫਾਸਲੇ 'ਤੇ ਹੁੰਦੀ ਸੀ। ਜਾਤ-ਪਾਤ ਦੀ ਘਿਨਾਉਣੀ ਰੀਤ ਅਨੁਸਾਰ ਪਿੰਡ ਦੇ ਜੱਟ ਸਿੱਖ ਦੂਰੋਂ ਹੀ ਆਵਾਜ਼ ਦੇ ਕੇ ਦਿਹਾੜੀ ਲਈ ਬਸਤੀ ਦੇ ਲੋਕਾਂ ਨੂੰ ਬੁਲਾ ਲੈਂਦੇ। ਇਕ ਦਿਨ ਮੇਰੇ ਪਿੰਡ ਦੇ ਗੁਆਂਢੀ ਪਿੰਡ ਪਿੱਥੋ ਵਿਚੋਂ ਕੋਈ ਸ਼ਰੀਫ ਆਦਮੀ ਦੂਰੋਂ ਹੀ ਆਵਾਜ਼ ਦੇਣ ਦੀ ਥਾਂ ਬਸਤੀ ਅੰਦਰ ਚਲਿਆ ਗਿਆ। ਇਕ ਬੀਬੀ ਨੇ ਬੜੇ ਸਤਿਕਾਰ ਨਾਲ 'ਜੀ ਆਇਆਂ' ਕਿਹਾ ਅਤੇ ਨਿਮਰਤਾ ਨਾਲ ਦੁੱਧ ਪਿਲਾਉਣ ਦੀ ਪੇਸ਼ਕਸ਼ ਕੀਤੀ। ਉਸ ਨੇਕ ਇਨਸਾਨ ਨੇ ਦੁੱਧ ਪੀ ਲਿਆ। ਇਹ ਗੱਲ ਸੁਣ ਕੇ ਪਿੰਡ ਵਿਚ ਹਾਹਾਕਾਰ ਮੱਚ ਗਈ। ਉਸ ਨੇ ਕੰਮੀਆਂ ਦੇ ਘਰੋਂ ਦੁੱਧ ਕਿਉਂ ਪੀਤਾ? ਉਹ ਆਦਮੀ ਹੈਰਾਨ ਕਿ ਉਸ ਨੇ ਕੀ ਬੁਰਾ ਕਰ ਦਿੱਤਾ? ਉਘੇ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਉਸ ਪਿੰਡ ਆਏ ਹੋਏ ਸਨ। ਲੋਕ ਇਕੱਠੇ ਹੋ ਕੇ ਭਾਈ ਸਾਹਿਬ ਕੋਲ ਸ਼ਿਕਾਇਤ ਲੈ ਕੇ ਚਲੇ ਗਏ। ਉਨ੍ਹਾਂ ਨਾ ਕਿਸੇ ਨੂੰ ਮੂਰਖ ਕਿਹਾ, ਤੇ ਨਾ ਹੀ ਸਿਆਣਾ। ਕੇਵਲ ਇਤਨਾ ਕਿਹਾ ਕਿ ਉਸ ਭਲੇ ਆਦਮੀ ਤੋਂ ਅਣਗਹਿਲੀ ਹੋ ਗਈ ਤੇ ਤੁਸੀਂ ਅਗਿਆਨ ਦੇ ਅਸਰ ਹੇਠ ਆ ਗਏ। ਜਾਓ, ਪਿਆਰ ਨਾਲ ਰਹੋ।

ਰੋਜ਼ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਜਿਨ੍ਹਾਂ ਤੋਂ ਜ਼ਾਹਰ ਹੋ ਜਾਂਦਾ ਹੈ ਕਿ ਸਾਧਾਰਨ ਮਨੁੱਖ ਵੀ ਆਪਣੀ ਸੂਝ ਅਨੁਸਾਰ ਫਾਇਦੇ ਵਾਲਾ ਕੰਮ ਹੀ ਕਰਦਾ ਹੈ। ਇਹ ਗੱਲ ਵੱਖਰੀ ਹੈ ਕਿ ਹਰ ਇਕ ਦੀ ਸੂਝ ਦੀ ਉਚਾਈ ਅਤੇ ਗਹਿਰਾਈ ਇਕੋ ਜਿਹੀ ਨਹੀਂ ਹੁੰਦੀ।

ਭਾਰਤ ਨੂੰ ਆਜ਼ਾਦ ਹੋਇਆਂ ਬਹੁਤਾ ਸਮਾਂ ਨਹੀਂ ਸੀ ਬੀਤਿਆ, ਜਦੋਂ ਮੇਰੇ ਪਿੰਡ ਦੇ ਇਕ ਚੁਸਤ ਬੰਦੇ ਨੂੰ ਫੁਰਨਾ ਫੁਰਿਆ: ਸੋਚਿਆ, ਦੇਸ਼ ਦੀ ਸਾਰੀ ਜਮੀਨ ਦੀ ਮਾਲਕ ਤਾਂ ਹੁਣ ਸਰਕਾਰ ਹੋ ਜਾਵੇਗੀ, ਕਿਉਂ ਨਾ ਆਪਣੀ ਸਾਰੀ ਜਮੀਨ ਵੇਚ ਦੇਵਾਂ ਤੇ ਐਸ਼ ਕਰਾਂ। ਉਸ ਨੇ ਸਾਰੀ ਜਮੀਨ ਬਿਲੇ ਲਾ ਦਿੱਤੀ, ਕੰਮ ਛੱਡ ਦਿੱਤਾ ਤੇ ਰੰਗਰਲੀਆਂ ਮਨਾਉਣ ਵਿਚ ਗਲਤਾਨ ਹੋ ਗਿਆ। ਉਸ ਦੀ ਆਖਰੀ ਉਮਰ ਬਹੁਤ ਬੁਰੇ ਹਾਲਾਤ ਵਿਚ ਗੁਜ਼ਰੀ। ਫਿਰ ਵੀ ਆਮ ਰਾਏ ਇਹੀ ਸੀ ਕਿ ਉਹ ਮੂਰਖ ਤਾਂ ਨਹੀਂ ਸੀ, ਸਿਆਣਪ ਰਾਸ ਨਹੀਂ ਆਈ।

ਸਰਕਾਰ ਵੱਲੋਂ ਛੋਟੀਆਂ ਬਚਤਾਂ ਦਾ ਆਦੇਸ਼ ਆਇਆ। ਇਸ ਸਕੀਮ ਦੇ ਬੇਅੰਤ ਲਾਭ ਦਿਖਾਏ ਗਏ। ਜਨਤਾ ਨੇ ਮਹਿਸੂਸ ਕੀਤਾ, ਬੜੀ ਸਿਆਣੀ ਸਕੀਮ ਹੈ। ਮੇਰਾ ਸਹਿਯੋਗੀ ਕਹਿਣ ਲੱਗਿਆ, ਇਹ ਸਕੀਮ ਫਜ਼ੂਲ ਹੈ। ਜਿਹੜੀ ਚੀਜ਼ ਅੱਜ ਦਸ ਰੁਪਏ ਨੂੰ ਮਿਲਦੀ ਹੈ, ਤੁਹਾਡੀ ਬਚਤ ਕੀਤੇ ਪੰਜਾਹ ਰੁਪਿਆਂ ਵਿਚ ਵੀ ਇਹੀ ਚੀਜ਼ ਪੰਜ ਸਾਲ ਪਿਛੋਂ ਨਹੀਂ ਮਿਲੇਗੀ। ਕਿਉਂ ਨਾ ਬਚਤ ਕਰਨ ਦੀ ਥਾਂ ਅੱਜ ਹੀ ਕੁਝ ਖਰੀਦ ਲਈਏ। ਹੁਣ ਕਿਸ ਨੂੰ ਮੂਰਖ ਕਹੀਏ ਅਤੇ ਕਿਸ ਨੂੰ ਸਿਆਣਾ, ਸਮਝ ਨਹੀਂ ਆਉਂਦੀ!

ਵਿਚੋਲੇ ਰਾਹੀਂ ਮੇਰੀ ਜਾਣ-ਪਛਾਣ ਵਾਲੇ ਲੜਕੇ ਦਾ ਵਿਆਹ ਬੜੀ ਸੁਸ਼ੀਲ ਅਤੇ ਪੜ੍ਹੀ-ਲਿਖੀ ਲੜਕੀ ਨਾਲ ਹੋ ਗਿਆ। ਤਿੰਨ ਬੱਚੇ ਹੋਣ ਪਿਛੋਂ ਉਹ ਲੜਕੀ ਉਦਾਸ ਰਹਿਣ ਲੱਗੀ। ਬੱਚੇ ਬੜੇ ਪਿਆਰੇ ਸਨ। ਘਰ ਦਾ ਮਾਹੌਲ ਵੀ ਹਰ ਤਰ੍ਹਾਂ ਠੀਕ ਸੀ, ਫਿਰ ਵੀ ਪਤਾ ਨਹੀਂ ਕਿਉਂ, ਉਸ ਲੜਕੀ ਨੇ ਖੁਦਕੁਸ਼ੀ ਕਰ ਲਈ। ਪਤਾ ਲੱਗਾ ਕਿ ਉਨ੍ਹਾਂ ਦੇ ਪਰਿਵਾਰ ਵਿਚ ਇਹ ਘਟਨਾ ਪਹਿਲਾਂ ਵੀ ਹੋਈ ਸੀ। ਦੁਖੀ ਹਿਰਦੇ ਨਾਲ ਲੜਕੀ ਦੇ ਪਤੀ ਨੇ ਵਿਚੋਲੇ ਨੂੰ ਕਿਹਾ ਕਿ ਤੁਸੀਂ ਤਾਂ ਸਿਆਣੇ ਬਿਆਣੇ ਹੋ, ਪਹਿਲਾਂ ਕਿਉਂ ਨਾ ਦੱਸਿਆ ਕਿ ਇਨ੍ਹਾਂ ਦੇ ਪਰਿਵਾਰ ਵਿਚ ਇਹ ਬਿਮਾਰੀ ਹੈ। ਵਿਚੋਲੇ ਦਾ ਨਿਮਰ ਜਵਾਬ ਸੀ, "ਬਰਖੁਰਦਾਰ, ਮੈਂ ਸਿਆਣਾ ਭਾਵੇਂ ਨਾ ਹੋਵਾਂ, ਪਰ ਬਹੁਤਾ ਮੂਰਖ ਵੀ ਨਹੀਂ ਹਾਂ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਠੀਕ-ਠਾਕ ਹਨ, ਇਸ ਹੋਣਹਾਰ ਤੇ ਪਿਆਰੀ ਬੱਚੀ 'ਤੇ ਹੀ ਬਿਜਲੀ ਕਿਉਂ ਗਿਰੀ? ਮੈਨੂੰ ਆਪ ਸਮਝ ਨਹੀਂ ਆ ਰਹੀ।" ਇਹ ਮਿਸਾਲਾਂ ਤਾਂ ਸਾਧਾਰਨ ਹਨ, ਪਰ ਅਹਿਮ ਮਸਲਿਆਂ ਵਿਚ ਵੀ ਨਤੀਜੇ ਇਹੀ ਨਿਕਲਦੇ ਹਨ ਕਿ ਨਾ ਕੋਈ ਮੂਰਖ ਸੀ ਤੇ ਨਾ ਹੀ ਕੋਈ ਸਿਆਣਾ।

ਪੰਜਾਹਵਿਆਂ ਦੇ ਸ਼ੁਰੂ ਵਿਚ ਮਾਨਸਾ-ਬਠਿੰਡਾ ਦੇ ਇਲਾਕੇ ਵਿਚ ਮੁਜਾਰਾ ਅੰਦੋਲਨ ਜ਼ੋਰਾਂ 'ਤੇ ਸੀ। ਕਮਿਊਨਿਸਟ ਪਾਰਟੀ ਸ਼ਿਦਤ ਨਾਲ ਇਹ ਲਹਿਰ ਚਲਾ ਰਹੀ ਸੀ। ਗੱਲ ਵੀ ਠੀਕ ਸੀ। ਬਹੁਤ ਸਾਲਾਂ ਤੋਂ ਮੁਜਾਰੇ ਬਟਾਈਆਂ ਦੇ ਦੇ ਥੱਕ ਚੁਕੇ ਸਨ, ਉਹੀ ਜਮੀਨ ਦੇ ਮਾਲਕ ਬਣਨੇ ਚਾਹੀਦੇ ਸਨ। ਲਹਿਰ ਕਾਮਯਾਬ ਹੋਈ ਅਤੇ ਮੁਜਾਰੇ ਜਮੀਨਾਂ ਦਾ ਮਾਲਕ ਬਣ ਗਏ। ਸੀ.ਪੀ.ਆਈ. ਅਤੇ ਸੀ.ਪੀ.ਐਮ. ਦੇ ਐਮ.ਐਲ.ਏ. ਤਿੰਨ ਤਿੰਨ ਵਾਰ ਚੁਣੇ ਗਏ, ਪਰ ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਪਾਰਟੀਆਂ ਦਾ ਲਗਭਗ ਸਫਾਇਆ ਹੋ ਗਿਆ ਹੈ। ਪੰਜਾਬ ਵਿਚ ਸਭ ਤੋਂ ਵੱਧ ਖੁਦਕੁਸ਼ੀਆਂ ਮਾਲਵੇ ਦੇ ਇਸੇ ਇਲਾਕੇ ਵਿਚ ਹੋ ਰਹੀਆਂ ਹਨ। ਕਾਰਨ ਬਹੁਤ ਹਨ, ਪਰ ਇਕ ਇਹ ਵੀ ਹੈ ਕਿ ਇਹ ਲੋਕ ਆਪੇ ਤੋਂ ਬਾਹਰ ਹੋ ਕੇ ਖਰਚ ਕਰਦੇ ਹਨ। ਮੇਰੀ ਜਾਣ ਪਛਾਣ ਦੇ ਇਕ ਪੁਰਾਣੇ ਮੁਜਾਰੇ ਦੇ ਪੁੱਤਰ ਨੇ ਆਪਣੀ ਲੜਕੀ ਦੇ ਵਿਆਹ 'ਤੇ ਬਹੁਤ ਚੰਗੀ ਕਾਰ ਦਾਜ ਵਿਚ ਦਿੱਤੀ। ਉਹ ਕੇਵਲ ਦੋ ਏਕੜ ਦਾ ਮਾਲਕ ਹੈ। ਅਜਿਹੀਆਂ ਮਿਸਾਲਾਂ ਆਮ ਨਹੀਂ, ਫਿਰ ਵੀ ਰੀਸੋ-ਰੀਸੀ ਕਈ ਥਾਂਵਾਂ 'ਤੇ ਇਹੀ ਕੁਝ ਹੋ ਰਿਹਾ ਹੈ।

ਕਾਸ਼! ਕਮਿਊਨਿਸਟ ਪਾਰਟੀ ਦੇ ਨੇਤਾ ਭਾਸ਼ਣਾਂ ਅਤੇ ਡਰਾਮਿਆਂ ਰਾਹੀਂ ਗਰੀਬ ਕਿਸਾਨਾਂ ਨੂੰ ਇਹੋ ਜਿਹੀ ਸੁੱਕੀ ਟੌਹਰ ਤੋਂ ਖਬਰਦਾਰ ਕਰਦੇ! ਉਹ ਬਿਸਵੇਦਾਰ ਜਿਨ੍ਹਾਂ ਦੀ ਪਿੱਠ 'ਤੇ ਕੇਵਲ ਦਾਗ ਹੀ ਸਰਦਾਰੀ ਦਾ ਹੈ, ਕੋਲ ਕੁਝ ਨਹੀਂ। ਜੇ ਇਹ ਇਨ੍ਹਾਂ ਦੀ ਹਾਲਤ ਨੂੰ ਵੀ ਧਿਆਨ ਵਿਚ ਰੱਖਦੇ ਤਾਂ ਜਿਸ ਤੇਜ਼ੀ ਨਾਲ ਇਸ ਪਾਰਟੀ ਦੀ ਚੜ੍ਹਤ ਹੋਈ ਸੀ, ਉਤਨੀ ਹੀ ਤੇਜ਼ੀ ਨਾਲ ਇਸ ਦਾ ਜਵਾਲ (ਗਿਰਾਵਟ) ਨਾ ਆਉਂਦਾ। ਪਾਰਟੀ ਦੀ ਮਾੜੀ ਹਾਲਤ ਬਾਬਤ ਮੈਂ ਇਕ ਸੂਝਵਾਨ ਕਾਮਰੇਡ ਨਾਲ ਗੱਲ ਕੀਤੀ। ਮੈਂ ਕਿਹਾ, "ਤੁਹਾਡੀ ਪਾਰਟੀ ਦੇ ਕਾਰਕੁਨ ਪੜ੍ਹੇ-ਲਿਖੇ ਤੇ ਸਿਆਣੇ ਹਨ, ਇਨ੍ਹਾਂ ਦੀ ਮੂਰਖਤਾ ਦਾ ਸਬੂਤ ਘੱਟ ਹੀ ਮਿਲਦਾ ਹੈ, ਪਰ ਅੱਜ ਪਾਰਟੀ ਦੀ ਜੋ ਹਾਲਤ ਹੈ, ਉਸ ਨੂੰ ਦੇਖ ਕੇ ਫਿਰ ਕੀ ਕਹੀਏ?" ਜਵਾਬ ਸੀ, "ਸ਼ਾਇਦ ਸਾਡੀ ਸੂਝ ਰੰਗ ਨਹੀਂ ਲਿਆ ਸਕੀ। ਸ਼ਾਇਦ ਅਸੀਂ ਲਹਿਰ ਦੀ ਖੁਸ਼ੀ ਵਿਚ ਸਮਝ ਤੋਂ ਕੰਮ ਨਹੀਂ ਲਿਆ। ਹਾਂ, ਇਕ ਗੱਲ ਪੱਕੀ ਹੈ ਕਿ ਕਮਿਊਨਿਸਟ ਪਾਰਟੀ ਤਾਂ ਫੇਲ੍ਹ ਹੋ ਗਈ, ਪਰ ਕਮਿਊਨਿਜ਼ਮ ਫੇਲ੍ਹ ਨਹੀਂ ਹੋਇਆ।" ਮੈਂ ਕਿਹਾ, ਦਿਲ ਕੇ ਬਹਿਲਾਨੇ ਕੇ ਲੀਏ ਖਿਆਲ ਅੱਛਾ ਹੈ।

ਮੁਜਾਰਾ ਅੰਦੋਲਨ ਪਿਛੋਂ ਪੰਜਾਬੀ ਸੂਬੇ ਦੀ ਮੰਗ ਨੇ ਜ਼ੋਰ ਫੜਿਆ। ਅਕਾਲੀ ਪਾਰਟੀ ਨੇ ਸਿਰ-ਧੜ ਦੀ ਬਾਜ਼ੀ ਲਾ ਦਿੱਤੀ। ਇਸ ਅੰਦੋਲਨ ਬਾਬਤ ਬਹੁਤ ਕੁਝ ਲਿਖਿਆ ਜਾ ਚੁਕਾ ਹੈ। ਇਕ ਗੱਲ ਸਾਫ ਹੈ ਕਿ ਕੇਂਦਰ ਦੀ ਸਰਕਾਰ ਪੰਜਾਬੀ ਸੂਬੇ ਦੇ ਹੱਕ ਵਿਚ ਨਹੀਂ ਸੀ। ਮਜਬੂਰੀ ਵੱਸ ਮੰਗ ਪੂਰੀ ਕਰ ਦਿੱਤੀ। ਇਸ ਫੈਸਲੇ ਵਿਚ ਐਸੇ ਐਕਟ ਸ਼ਾਮਲ ਕਰ ਦਿੱਤੇ ਗਏ ਜਿਨ੍ਹਾਂ ਨਾਲ ਮਸਲਾ ਸਾਫ-ਸੁਥਰਾ ਹੋਣ ਦੀ ਥਾਂ ਗੰਧਲਾ ਤੇ ਗੁੰਝਲਦਾਰ ਹੋ ਗਿਆ ਅਤੇ ਅਕਾਲੀਆਂ ਦੇ ਹੱਥ ਵਿਚ ਲੂਲੀ-ਲੰਗੜੀ ਸੂਬੀ ਆਈ। ਚੰਡੀਗੜ੍ਹ ਦੇ ਪਿਆਰ ਵਿਚ ਦਰਸ਼ਨ ਸਿੰਘ ਫੇਰੂਮਾਨ ਜਿਹਾ ਨੇਕ ਅਤੇ ਸਿਰੜੀ ਦੇਸ਼ ਭਗਤ ਸ਼ਹੀਦ ਹੋ ਗਿਆ। ਪਾਣੀਆਂ ਦੇ ਮਸਲੇ ਨੇ ਕਪੂਰੀ ਤੋਂ ਸ਼ੁਰੂ ਹੋ ਕੇ ਦਰਬਾਰ ਸਾਹਿਬ ਅਤੇ ਪੰਜਾਬ ਦੇ ਪਿੰਡਾਂ ਵਿਚ ਖੂਨ ਦੀ ਹੋਲੀ ਖੇਡੀ। ਫਿਰ ਵੀ ਇਸ ਅਣਹੋਣੀ ਖੇਡ ਦਾ ਅੰਤ ਨਾ ਹੋਇਆ ਅਤੇ ਦਿੱਲੀ, ਕਾਨਪੁਰ ਤੇ ਕਈ ਹੋਰ ਸ਼ਹਿਰਾਂ ਵਿਚ ਐਸੇ ਦਰਦਨਾਕ ਕਾਰੇ ਹੋਏ ਜਿਨ੍ਹਾਂ ਨੂੰ ਸੁਣ ਕੇ ਇਨਸਾਨੀਅਤ ਸਦਾ ਸ਼ਰਮਿੰਦਾ ਰਹੇਗੀ। ਇਹ ਸਭ ਕੁਝ ਦੇਖ ਕੇ ਮਹਿਸੂਸ ਹੁੰਦਾ ਹੈ ਕਿ ਬੇਸ਼ੱਕ ਅਕਾਲੀ ਵੀਰ ਹਿੰਮਤੀ ਤੇ ਬਹਾਦਰ ਹਨ, ਮੂਰਖ ਬਿਲਕੁਲ ਨਹੀਂ, ਪਰ ਇਸ ਨਿਮਾਣੀ ਸੂਬੀ ਨੂੰ ਮਨਜ਼ੂਰ ਕਰਨ ਵੇਲੇ ਸਾਰੇ ਮਾਰੂ ਐਕਟਾਂ ਨੂੰ ਅੱਖੋਂ ਉਹਲੇ ਕਰਨਾ, ਫਿਰ ਵੀ ਖੁਸ਼ੀਆਂ ਮਨਾਉਣਾ ਕਿਥੋਂ ਦੀ ਸਿਆਣਪ ਸੀ? ਕਾਸ਼ ਇਹ ਸਭ ਕੁਝ ਨਾ ਹੁੰਦਾ!

ਥੋੜ੍ਹਾ ਹੋਰ ਪਿਛੇ ਜਾਈਏ... ਭਾਰਤ ਦੇ ਆਜ਼ਾਦੀ ਸੰਗਰਾਮ ਵੱਲ ਝਾਤ ਮਾਰੀਏ। ਇਸ ਬਾਰੇ ਬਹੁਤ ਕਿਤਾਬਾਂ ਲਿਖੀਆਂ ਜਾ ਚੁਕੀਆਂ ਹਨ। ਕੋਈ ਕਹਿੰਦਾ ਹੈ, ਅਸੀਂ ਬਿਨ ਤਲਵਾਰ ਢਾਲ ਮੱਲਾਂ ਮਾਰ ਲਈਆਂ। ਕੋਈ ਕਹਿੰਦਾ ਹੈ, ਇਹ ਤਾਂ ਗਦਰੀ ਬਾਬਿਆਂ ਅਤੇ ਭਗਤ ਸਿੰਘ ਜਿਹੇ ਸੂਰਬੀਰਾਂ ਦੀ ਬਦੌਲਤ ਹੀ ਵਡਮੁੱਲੀ ਸੌਗਾਤ ਸਾਡੇ ਹੱਥ ਆਈ। ਸ਼ਾਇਦ ਸਾਰੀਆਂ ਧਿਰਾਂ ਦੀ ਮਿਲੀ-ਜੁਲੀ ਕੋਸ਼ਿਸ਼ ਦਾ ਸਿੱਟਾ ਹੈ। ਫਿਰ ਵੀ ਇਕ ਗੱਲ ਸਾਫ ਹੈ ਕਿ ਜਾਨ 'ਤੇ ਖੇਡਣ ਵਾਲਿਆਂ ਦੀ ਕੁਰਬਾਨੀ ਮਹਾਨ ਹੈ, ਪਰ ਉਹ ਲੋਕ ਨਾ ਤਾਂ ਐਸੀ ਆਜ਼ਾਦੀ ਦੀ ਮਨਜ਼ੂਰੀ ਵਿਚ ਹਿੱਸਾ ਪਾ ਸਕੇ ਅਤੇ ਨਾ ਹੀ ਇਸ ਆਜ਼ਾਦੀ ਦੇ ਖੱਟੇ-ਮਿੱਠੇ ਨਤੀਜੇ ਹੀ ਦੇਖ ਸਕੇ।

ਗੁਲਾਮੀ ਲਾਹਨਤ ਹੈ। ਇਸ ਤੋਂ ਛੁਟਕਾਰਾ ਬੇਹੱਦ ਜ਼ਰੂਰੀ ਸੀ, ਪਰ ਇਸ ਦੀ ਜ਼ੰਜੀਰ ਕੱਟਣ ਨਾਲ ਪਾਕਿਸਤਾਨ ਅਤੇ ਭਾਰਤ ਵਿਚ ਕਤਲੋਗਾਰਤ ਦਾ ਜੋ ਦਰਦਨਾਕ ਮਾਹੌਲ ਬਣਿਆ ਤੇ ਲੱਖਾਂ ਲੋਕਾਂ ਦਾ ਉਜਾੜ ਹੋਇਆ, ਉਹ ਵੀਹਵੀਂ ਸਦੀ ਦਾ ਯਹੂਦੀਆਂ ਦੀ ਦੁਰਦਸ਼ਾ ਨਾਲੋਂ ਵੀ ਭਿਆਨਕ ਮੰਜ਼ਰ ਸੀ। ਇਸ ਤਬਾਹੀ ਦੇ ਜ਼ਖਮ ਅਜੇ ਵੀ ਅੱਲੇ ਹਨ। ਵੰਡ ਪਿਛੋਂ ਭਾਰਤ ਤੇ ਪਾਕਿਸਤਾਨ ਨੇ ਕੀ ਪਾਇਆ ਤੇ ਕੀ ਖੋਇਆ? ਪਾਕਿਸਤਾਨ ਦੇ ਮਕਬੂਲ ਸ਼ਾਇਰ ਦਾਮਨ ਨੇ ਇਕ ਮੁਸ਼ਾਇਰੇ ਵਿਚ ਅੱਖਾਂ ਵਿਚੋਂ ਨੀਰ ਵਹਾਉਂਦਿਆਂ ਕਿਹਾ, 'ਰੋਏ ਤੁਸੀਂ ਵੀ ਓ, ਰੋਏ ਵੀ ਹਾਂ।' ਪੰਡਿਤ ਨਹਿਰੂ ਨੇ ਉਸ ਨੂੰ ਸੌ ਰੁਪਏ ਇਨਾਮ ਦਿੱਤਾ!

ਅੱਜ ਪਾਕਿਸਤਾਨ ਦੀ ਕੀ ਹਾਲਤ ਹੈ? ਬੰਗਲਾਦੇਸ਼ ਜੁਦਾ ਹੋ ਗਿਆ। ਹੁਣ ਵੀ ਚੈਨ ਨਹੀਂ। ਕੋਈ ਦਿਨ ਨਹੀਂ ਗੁਜ਼ਰਦਾ ਜਦੋਂ ਬੇਗੁਨਾਹ ਬੰਦੇ ਨਾ ਮਰਦੇ ਹੋਣ। ਖਰਬਾਂ ਰੁਪਿਆ ਰੱਖਿਆ ਉਤੇ ਖਰਚ ਹੋ ਰਿਹਾ ਹੈ। ਗਰੀਬੀ ਦੀ ਹਾਲਤ ਦਾ ਇਕ ਨਮੂਨਾ ਪਿਛਲੇ ਦਿਨਾਂ ਵਿਚ ਨਜ਼ਰ ਆਇਆ। ਕਰਾਚੀ ਤੇ ਲਾਹੌਰ ਨੂੰ ਆਉਂਦਾ ਪੈਟਰੋਲ ਦਾ ਟੈਂਕਰ ਰਸਤੇ ਵਿਚ ਮੂਧਾ ਹੋ ਗਿਆ। ਆਲੇ-ਦੁਆਲੇ ਦੀ ਗਰੀਬ ਜਨਤਾ ਬੋਤਲਾਂ, ਬਰਤਨ ਤੇ ਡਰੰਮ ਲਿਆ ਕੇ ਪੈਟਰੋਲ ਨਾਲ ਭਰਨ ਲੱਗ ਪਈ। ਕਿਸੇ ਤੋਂ ਸਿਗਰਟ ਦੀ ਚੰਗਿਆੜੀ ਗਿਰ ਗਈ ਅਤੇ ਦੋ ਸੌ ਤੋਂ ਵੱਧ ਜਾਨਾਂ ਜਾਂਦੀਆਂ ਰਹੀਆਂ, ਕਈ ਜ਼ਖਮੀ ਹੋ ਗਏ। ਅਮਰੀਕਾ ਵਿਚ ਨੰਗ ਭੁੱਖ ਨਾ ਹੋਣ ਕਰ ਕੇ ਕੋਈ ਵੀ ਡੁੱਲ੍ਹਿਆ ਤੇਲ ਬੋਤਲਾਂ ਵਿਚ ਭਰ ਕੇ ਨਹੀਂ ਲਿਆਉਂਦਾ!

ਭਾਰਤ ਵਿਚ ਵੀ ਅਰਬਾਂ ਰੁਪਿਆ ਰੱਖਿਆ 'ਤੇ ਇਸੇ ਕਰ ਕੇ ਖਰਚ ਹੋ ਰਿਹਾ ਹੈ ਕਿ ਗੁਆਂਢੀ ਦੇਸ਼ ਹਮਲਾ ਨਾ ਕਰ ਦੇਵੇ; ਨਹੀਂ ਤਾਂ ਇਹ ਧਨ ਵਿਕਾਸ 'ਤੇ ਖਰਚ ਹੋਵੇ। ਦੋਹਾਂ ਦੇਸ਼ਾਂ ਵਿਚ ਕਸ਼ਮੀਰ ਦਾ ਮਸਲਾ ਸੁਲਝਣ ਦੀ ਥਾਂ ਦਿਨੋ ਦਿਨ ਪੇਚੀਦਾ ਹੋ ਰਿਹਾ ਹੈ। ਭਾਰਤ ਵਾਲੇ ਕਾਫੀ ਮੁਸਲਮਾਨ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਦੇ ਭਾਈਆਂ ਨੇ ਉਨ੍ਹਾਂ ਨੂੰ ਸਦਾ ਲਈ ਕੁੜਿੱਕੀ ਵਿਚ ਫਸਾ ਦਿੱਤਾ। ਰਾਵੀ, ਚਨਾਬ ਤੇ ਜਿਹਲਮ ਸ਼ੁਰੂ ਭਾਰਤ ਵਿਚ ਹੁੰਦੇ ਹਨ, ਵਹਿੰਦੇ ਪਾਕਿਸਤਾਨ ਵਿਚ ਹਨ। ਇਨ੍ਹਾਂ ਵਿਚੋਂ ਵਗਦੇ ਪਾਣੀ ਦੇ ਸਮਝੌਤੇ ਲੜਖੜਾ ਰਹੇ ਹਨ। ਜਦ ਕਦੀ ਭਾਰਤ ਵੱਲ ਬਿਜਲੀ ਪੈਦਾ ਕਰਨ ਲਈ ਕੋਈ ਤਜਵੀਜ਼ ਹੁੰਦੀ ਹੈ, ਪਾਕਿਸਤਾਨ ਢੁੱਚਰ ਡਾਹ ਦਿੰਦਾ ਹੈ।

ਮਾਨਯੋਗ ਲੀਡਰ ਮੁਹੰਮਦ ਅਲੀ ਜਿਨਾਹ ਬਹੁਤ ਕਾਬਲ ਆਦਮੀ ਸਨ। ਇਨ੍ਹਾਂ ਨੂੰ ਮੂਰਖ ਕਹਿਣ ਦਾ ਨਾ ਸਾਨੂੰ ਹੱਕ ਹੈ, ਨਾ ਹੀ ਇਹ ਜਾਇਜ਼ ਹੈ, ਪਰ ਕਤਲੋਗਾਰਤ ਵਿਚ ਲੱਖਾਂ ਲੋਕਾਂ ਦਾ ਘਾਣ, ਉਜਾੜਾ ਅਤੇ ਇਸੇ ਦੌਰਾਨ ਦੋਹੀਂ ਪਾਸੀਂ ਆਜ਼ਾਦੀ ਦੀ ਖੁਸ਼ੀ ਮਨਾਉਣਾ ਭਲਾ ਕੇਹਾ ਨਜ਼ਾਰਾ ਸੀ? ਇਹ ਸਭ ਕੁਝ ਦੇਖ ਕੇ ਇਨ੍ਹਾਂ ਲੀਡਰਾਂ ਨੂੰ ਸਿਆਣਾ ਕਹਿਣ ਵਿਚ ਸ਼ਰਮ ਮਹਿਸੂਸ ਹੋ ਰਹੀ ਹੈ। ਕਿਤੇ ਨਾ ਅਜਿਹੀ ਆਜ਼ਾਦੀ ਮਨਜ਼ੂਰ ਕਰਨ ਤੋਂ ਪਹਿਲਾਂ ਸਭ ਧਿਰਾਂ ਰਲ-ਬੈਠ ਕੇ ਮੁਸਲਮਾਨ ਭਾਈਆਂ ਨੂੰ ਵਿਸ਼ਵਾਸ ਦਿਵਾਉਂਦੇ; ਜਿਵੇਂ ਲਿਆਕਤ ਅਲੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਵਗੈਰਾ ਵਗੈਰਾ। ਮੁਸਲਿਮ ਲੀਗ ਦਾ ਕਾਂਗਰਸ 'ਤੇ ਭਰੋਸਾ ਨਾ ਕਰਨ ਦੀ ਸੋਚ ਨੂੰ ਮੂਰਖਤਾ ਜਾਂ ਸਿਆਣਪ ਕਹਿਣਾ ਬੜਾ ਗੁੰਝਲਦਾਰ ਸਵਾਲ ਹੈ। ਸ਼ਾਇਦ ਭਵਿਖ ਵਿਚ ਵੀ ਇਸ ਦਾ ਤਸੱਲੀਬਖਸ਼ ਜਵਾਬ ਨਾ ਮਿਲ ਸਕੇ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੀ ਵੰਡ ਇਤਿਹਾਸ ਦੀ ਮੰਦਭਾਗੀ ਘਟਨਾ ਹੈ।

ਸਾਡੇ ਦੇਸ਼ ਵਿਚ ਗਰੀਬੀ ਹਟਾਓ ਦਾ ਢੰਡੋਰਾ ਹਰ ਪਾਰਟੀ ਪਿੱਟ ਰਹੀ ਹੈ, ਪਰ ਸੱਤਰ ਵਰ੍ਹਿਆਂ ਪਿਛੋਂ ਵੀ ਗਰੀਬ ਘਟ ਨਹੀਂ ਰਹੇ, ਸਗੋਂ ਵਧ ਰਹੇ ਹਨ। ਇਸ ਦੇ ਨਾਲ ਨਾਲ ਅਮੀਰਾਂ ਦੀ ਲੜੀ ਵੀ ਲੰਮੀ ਹੋ ਰਹੀ ਹੈ। ਕੋਈ ਵੇਲਾ ਸੀ ਜਦੋਂ ਭਾਰਤ 'ਚ ਬਿਰਲਾ, ਟਾਟਾ ਤੇ ਡਾਲਮੀਆ ਹੀ ਕਰੋੜਪਤੀ ਸਨ; ਅੱਜ ਕੱਲ੍ਹ ਅੰਬਾਨੀ, ਅਡਾਨੀ, ਪ੍ਰੇਮਜੀ ਅਤੇ ਹੋਰ ਖਰਬਾਂਪਤੀ ਬਣ ਗਏ ਹਨ। ਦੂਜੀ ਗਰੀਬੀ ਮਾਨਸਿਕ ਹੈ। ਪਹਿਲੀ ਨਾਲ ਮਿਲ ਕੇ ਖੁਦਕੁਸ਼ੀਆਂ ਵੱਲ ਲਿਜਾਂਦੀ ਹੈ। ਆਪ-ਘਾਤੀ ਮਹਾਂਪਾਪੀ ਦੇ ਵਿਚਾਰ ਨੂੰ ਸਮਝਣ ਵਾਲਾ ਕਦੀ ਖੁਦਕੁਸ਼ੀ ਨਹੀਂ ਕਰਦਾ। ਉਹ ਮੁਸ਼ਕਿਲਾਂ ਵਿਚ ਵੀ ਹਿੰਮਤ ਨਹੀਂ ਹਾਰਦਾ, ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਪਹਿਲੀ ਗਰੀਬੀ ਨੂੰ ਦੂਰ ਕਰਨਾ ਸਿਆਸੀ ਲੀਡਰਾਂ ਦਾ ਫਰਜ਼ ਹੈ ਅਤੇ ਦੂਜੀ ਨੂੰ ਦੂਰ ਕਰਨਾ ਧਾਰਮਿਕ ਲੀਡਰਾਂ ਦੀ ਡਿਊਟੀ ਹੈ। ਇਹ ਦੋਨੋਂ ਧਿਰਾਂ ਆਪੋ-ਆਪਣੇ ਫਰਜ਼ ਪਛਾਣ ਨਹੀਂ ਸਕੀਆਂ। ਇਹ ਲੀਡਰ ਨਾ ਮੂਰਖ ਹਨ ਤੇ ਨਾ ਹੀ ਸਿਆਣੇ!

ਜੇ ਗੁਸਤਾਖੀ ਕਰ ਲਵਾਂ ਤਾਂ ਇਹ ਚਤੁਰ ਮਦਾਰੀ ਹਨ। ਆਪਣੀ ਡੁਗਡੁਗੀ ਵਜਾ ਕੇ ਲੋਕਾਈ ਨੂੰ ਇਕੱਠੇ ਕਰਨ ਦਾ ਢੰਗ ਇਨ੍ਹਾਂ ਕੋਲ ਹੈ। ਬੜੀਆਂ ਆਸਾਂ ਲੈ ਕੇ ਲੋਕ ਇਨ੍ਹਾਂ ਕੋਲ ਜਾਂਦੇ ਹਨ, ਪਰ ਇਹ ਲਾਰੇ ਲੱਪੇ ਲਾਉਣ ਵਿਚ ਮਾਹਰ ਹਨ। ਲੋਕਾਂ ਨੂੰ ਬਣਾਉਟੀ ਪੁੱਤ ਬਖਸ਼ਦੇ ਹਨ ਅਤੇ ਆਪਣੇ ਅਸਲੀ ਪੁੱਤਾਂ ਨੂੰ ਆਪਣੇ ਆਰਟ ਦੇ ਗੁਰ ਸਿਖਾਉਂਦੇ ਹਨ। ਇਹੀ ਕਾਰਨ ਹੈ ਕਿ ਸਭ ਸਿਆਸੀ ਅਤੇ ਧਾਰਮਿਕ ਬਾਬਿਆਂ ਦੇ ਪੁੱਤਰ ਬਹੁਤ ਕਾਮਯਾਬੀ ਨਾਲ ਇਨ੍ਹਾਂ ਦੇ ਦਰਸਾਏ ਰਸਤੇ 'ਤੇ ਚੱਲ ਰਹੇ ਹਨ; ਪਰ ਅਫਸੋਸ! ਅਧਿਆਤਮਕ ਪੱਖੋਂ ਇਹ ਕੋਰੇ ਹਨ। ਨਾ ਮੂਰਖ ਹਨ, ਨਾ ਸਿਆਣੇ ਹਨ। ਪਤਾ ਨਹੀਂ ਕਿਉਂ, ਇਹ ਸਭ ਕੁਝ ਦੇਖਦਿਆਂ ਇਕ ਵਿਚਾਰ ਮਨ ਨੂੰ ਟੁੰਬ ਰਿਹਾ ਹੈ। ਵੱਡੀਆਂ ਮੱਛੀਆਂ ਸਦਾ ਛੋਟੀਆਂ ਨੂੰ ਖਾਂਦੀਆਂ ਆਈਆਂ ਹਨ। ਇਸੇ ਤਰ੍ਹਾਂ ਧਨਾਢ ਛੋਟਿਆਂ ਨੂੰ ਖਾਂਦੇ ਰਹਿਣਗੇ। ਜੇ ਖਰਬਪਤੀਆਂ ਦੀ ਲਿਸਟ ਇਸੇ ਤਰ੍ਹਾਂ ਲੰਮੀ ਹੁੰਦੀ ਰਹੀ ਤਾਂ ਨਿੱਕੇ ਮੋਟੇ ਆਦਮੀ ਇਨ੍ਹਾਂ ਦੀ ਖੁਰਾਕ ਬਣ ਕੇ ਖਤਮ ਹੋ ਜਾਣਗੇ; ਕੁਝ ਖੁਦਕੁਸ਼ੀਆਂ ਤੇ ਕੁਦਰਤੀ ਆਫਤਾਂ ਨਾਲ ਮਰ ਜਾਣਗੇ ਅਤੇ ਇਉਂ ਗਰੀਬੀ ਦੂਰ ਹੋ ਜਾਵੇਗੀ।

ਫਿਰ ਵੱਡੀਆਂ ਮੱਛੀਆਂ ਆਪਸ ਵਿਚ ਭਿੜਨਗੀਆਂ, ਭਾਵ ਅਮੀਰ ਦੇਸ਼ਾਂ ਦੀਆਂ ਲੜਾਈਆਂ ਆਪਸ ਵਿਚ ਹੋਣਗੀਆਂ! ਅੱਜ ਦੇ ਮਾਰੂ ਹਥਿਆਰਾਂ ਨਾਲ ਦੁਨੀਆਂ ਦਾ ਅੰਤ ਲਗਭਗ ਨਿਸ਼ਚਿਤ ਹੈ।

ਪ੍ਰਿਥਵੀ ਦੇ ਇਤਿਹਾਸ ਵਿਚ ਇਹ ਕੋਈ ਨਵੀਂ ਗੱਲ ਨਹੀਂ ਹੋਵੇਗੀ। ਬੇਅੰਤ ਥੇਹ ਇਹੋ ਜਿਹੀਆਂ ਘਟਨਾਵਾਂ ਦੇ ਗਵਾਹ ਹਨ। ਕਿਆਸ ਹੀ ਲਾਇਆ ਜਾ ਸਕਦਾ ਹੈ ਕਿ ਇਸ ਸਭਿਅਤਾ ਦੀ ਖਾਕ ਅਤੇ ਰਾਖ ਵਿਚੋਂ ਮਿਥਿਹਾਸਕ ਪਰਿੰਦਾ ਜਿਸ ਨੂੰ ਕੁਕਨੁਸ ਕਹਿੰਦੇ ਹਨ, ਉਗੇਗਾ ਅਤੇ ਨਵੀਂ ਸਭਿਅਤਾ ਨੂੰ ਜਨਮ ਦੇਵੇਗਾ। ਫਿਰ ਕੋਈ ਭਾਈ ਵੀਰ ਸਿੰਘ ਜਿਹਾ ਦਾਨਿਸ਼ਮੰਦ ਖੰਡਰਾਤ ਨੂੰ ਦੇਖ ਕੇ ਕਹੇਗਾ:

ਉਸ ਯੁਗ ਦਾ ਕੀ ਰਹਿ ਗਿਆ ਬਾਕੀ
ਕੁਝ ਖਾਕ ਦੇ ਢੇਰ।
ਬੀਤ ਚੁੱਕੇ ਸਮੇਂ ਦੀ ਰਾਖ
ਦਸਦੀ ਸਮੇਂ ਦਾ ਫੇਰ।
ਨਾ ਸੀ ਕੋਈ ਮੂਰਖ
ਨਾ ਸੀ ਕੋਈ ਸਿਆਣਾ।
ਵਰਤ ਗਿਆ ਸਭ ਤੇਰਾ ਭਾਣਾ।

## ਕੋਈ ਜਾਨੈ ਕਵਨੁ ਈਹਾ ਜਗਿ ਮੀਤੁ

ਗੁਰਬਾਣੀ ਗਿਆਨ

**ਜੈਤਸਰੀ ਮਹਲਾ ੫ ਘਰੁ ੩**

ੴ ਸਤਿਗੁਰ ਪ੍ਰਸਾਦਿ॥
ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥
ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ
ਤਾ ਕੀ ਨਿਰਮਲ ਰੀਤਿ॥੧॥ ਰਹਾਉ॥
ਮਾਤ ਪਿਤਾ ਬਿਨਤਾ ਸੁਤ ਬੰਧਪ
ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ
ਅੰਤਹਿ ਕੋ ਨ ਸਹਾਈ॥੧॥
ਮੁਕਤਿ ਮਾਲ ਕਨਿਕ ਲਾਲ
ਹੀਰਾ ਮਨ ਰੰਜਨ ਕੀ ਮਾਇਆ॥
ਹਾ ਹਾ ਕਰਤ ਬਿਹਾਨੀ ਅਵਧਹਿ
ਤਾ ਮਹਿ ਸੰਤੋਖੁ ਨ ਪਾਇਆ॥੨॥
ਹਸਤਿ ਰਥ ਅਸ੍ਵ ਪਵਨ ਤੇਜ
ਧਣੀ ਭੂਮਨ ਚਤੁਰਾਂਗਾ॥
ਸੰਗਿ ਨ ਚਾਲਿਓ ਇਨ ਮਹਿ ਕਛੂਐ
ਊਠਿ ਸਿਧਾਇਓ ਨਾਂਗਾ॥੩॥
ਹਰਿ ਕੇ ਸੰਤ ਪ੍ਰਿਅ ਪ੍ਰੀਤਮ
ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ॥
ਨਾਨਕ ਈਹਾ ਸੁਖੁ ਆਗੈ ਮੁਖ ਊਜਲ
ਸੰਗਿ ਸੰਤਨ ਕੈ ਪਾਈਐ॥੪॥੧॥

ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਸ਼ਬਦ 'ਕੋਈ ਜਾਨੈ ਕਵਨੁ ਈਹਾ ਜਗਿ ਮੀਤੁ' ਦੀ ਰਹਾਉ ਦੀ ਪੰਕਤੀ ਵਿਚ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ, ਹੇ ਭਾਈ ਕੋਈ ਵਿਰਲਾ ਮਨੁਖ ਹੀ ਜਾਣਦਾ ਹੈ ਕਿ ਇਥੇ ਜਗਤ ਵਿਚ ਅਸਲੀ ਮਿੱਤਰ ਕੌਣ ਹੈ; ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ, ਹੇ ਭਾਈ ਜਿਸ ਮਨੁੱਖ ਉਤੇ ਉਹ ਮਿਹਰਬਾਨ ਪ੍ਰਭੂ ਕਿਰਪਾ ਕਰਦਾ ਹੈ, ਉਹੀ ਮਨੁੱਖ ਇਸ ਗੱਲ ਨੂੰ ਸਮਝਦਾ ਹੈ ਅਤੇ ਫਿਰ ਉਸ ਮਨੁਖ ਦੀ ਜੀਵਨ ਜੁਗਤਿ ਵੀ ਪਵਿਤਰ ਹੋ ਜਾਂਦੀ ਹੈ।

ਮਾਤ ਪਿਤਾ ਬਿਨਤਾ ਸੁਤ ਬੰਧਪ
ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ
ਅੰਤਹਿ ਕੋ ਨ ਸਹਾਈ॥੧॥

ਗੁਰਦੇਵ ਪਿਤਾ ਬਖਸ਼ਿਸ਼ ਕਰਦੇ ਆਖਦੇ ਹਨ, ਹੇ ਭਾਈ ਸੁਣੋ ਇਹ ਜੋ ਮਾਤਾ, ਪਿਤਾ, ਬਨਿਤਾ-ਪਤਨੀ, ਸੁਤ-ਪੁੱਤਰ, ਬੰਧਪ-ਰਿਸ਼ਤੇਦਾਰ, ਪਿਆਰੇ ਦੋਸਤ, ਮਿੱਤਰ ਅਤੇ ਭਰਾ-ਭਾਈ ਇਹ ਸਾਰੇ ਤਾਂ ਪਹਿਲੇ ਜਨਮਾਂ ਦੇ ਸੰਜੋਗਾਂ ਕਰਕੇ ਇਥੇ ਮਿਲ ਪਏ ਹਨ, ਪਰ ਹੇ ਜੀਵ ਜਿਨ੍ਹਾਂ ਨੂੰ ਤੂੰ ਆਪਣੇ ਸਮਝ ਰਿਹਾ ਹੈਂ, ਅੰਤ ਵੇਲੇ ਕਿਸੇ ਨੇ ਵੀ ਤੇਰਾ ਸਾਥ ਨਹੀਉਂ ਦੇਣਾ।

ਮੁਕਤਿ ਮਾਲ ਕਨਿਕ ਲਾਲ
ਹੀਰਾ ਮਨ ਰੰਜਨ ਕੀ ਮਾਇਆ॥
ਹਾ ਹਾ ਕਰਤ ਬਿਹਾਨੀ ਅਵਧਹਿ
ਤਾ ਮਹਿ ਸੰਤੋਖੁ ਨ ਪਾਇਆ॥੨॥

ਸਤਿਗੁਰੂ ਦੁਨਿਆਵੀ ਵਸਤੂਆਂ ਦਾ ਜ਼ਿਕਰ ਕਰਦੇ ਹਨ, ਹੇ ਮਨੁੱਖ ਤੇਰੇ ਕੋਲ ਇਸ ਦੁਨੀਆਂ ਦੀਆਂ ਮਹਿੰਗੀਆਂ ਵਸਤੂ ਜਿਵੇਂ ਕਿ ਮਹਿੰਗੇ ਮੋਤੀਆਂ ਦੀ ਮਾਲਾ, ਕਨਿਕ (ਸੋਨਾ), ਲਾਲ ਜਵਾਹਰ ਅਤੇ ਹੀਰੇ-ਭਾਵ ਮਨ ਨੂੰ ਖੁਸ਼ ਕਰਨ ਵਾਲੀਆਂ ਚੀਜ਼ਾਂ ਹਨ ਅਤੇ ਇਨ੍ਹਾਂ ਦੇ ਮੋਹ ਵਿਚ ਲੱਗਿਆ ਤੂੰ ਹਾਏ ਹਾਏ ਹੀ ਕਰਦਾ ਰਿਹਾ ਪਰ ਤੇਰੇ ਮਨ ਨੂੰ ਸੰਤੋਖ ਨਾ ਮਿਲਿਆ, ਤੇਰਾ ਰੱਜ ਨਾ ਆਇਆ।

ਹਸਤਿ ਰਥ ਅਸ੍ਵ ਪਵਨ ਤੇਜ
ਧਣੀ ਭੂਮਨ ਚਤੁਰਾਂਗਾ॥
ਸੰਗਿ ਨ ਚਾਲਿਓ ਇਨ ਮਹਿ ਕਛੂਐ
ਊਠਿ ਸਿਧਾਇਓ ਨਾਂਗਾ॥੩॥

ਸਤਿਗੁਰੂ ਆਖਦੇ ਹਨ, ਹੇ ਭਾਈ ਹਾਥੀ, ਰਥ, ਅਸ੍ਵ ਘੋੜੇ, ਹਵਾ ਦੇ ਵੇਗ ਤੋਂ ਵੀ ਤੇਜ ਦੌੜਨ ਵਾਲੇ ਘੋੜੇ, ਧਣੀ ਭਾਵ ਧਨ ਦਾ ਮਾਲਕ, ਜਮੀਨ ਦਾ ਮਾਲਕ, ਚਤੁਰਾਂਗਾ ਭਾਵ ਚਾਰ ਤਰ੍ਹਾਂ (ਹਾਥੀ, ਰਥ, ਘੋੜੇ ਤੇ ਪੈਦਲ) ਦੀ ਫੌਜ ਦਾ ਮਾਲਕ; ਹੇ ਭਾਈ ਇਨ੍ਹਾਂ ਚੀਜ਼ਾਂ ਵਿਚੋਂ ਕੋਈ ਵੀ ਚੀਜ਼ ਨਾਲ ਨਹੀਂ ਜਾਂਦੀ। ਇਨ੍ਹਾਂ ਦਾ ਮਾਲਕ ਮਨੁਖ ਜਗਤ ਵਿਚੋਂ ਨੰਗਾ ਹੀ ਉਠ ਕੇ ਤੁਰ ਪੈਂਦਾ ਹੈ।


ਹਰਿ ਕੇ ਸੰਤ ਪ੍ਰਿਅ ਪ੍ਰੀਤਮ
ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ॥
ਨਾਨਕ ਈਹਾ ਸੁਖੁ ਆਗੈ ਮੁਖ ਊਜਲ
ਸੰਗਿ ਸੰਤਨ ਕੈ ਪਾਈਐ॥੪॥੧॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਹੇ ਨਾਨਕ ਸੰਤ ਜਨ ਉਸ ਮਿਹਰਬਾਨ ਪਰਮਾਤਮਾ ਦੇ ਪਿਆਰੇ ਹੁੰਦੇ ਹਨ, ਇਸ ਲਈ ਉਨ੍ਹਾਂ ਸੰਤ ਜਨਾਂ ਦੀ ਸੰਗਤਿ ਵਿਚ ਬੈਠ ਕੇ ਪਰਮਾਤਮਾ ਦੀ ਸਿਫਤਿ ਸਾਲਾਹ ਕਰਨੀ ਚਾਹੀਦੀ ਹੈ; ਇਸ ਨਾਲ ਇਸ ਜਗਤ ਵਿਚ ਸੁਖ ਮਿਲਦਾ ਹੈ ਅਤੇ ਆਗੈ ਭਾਵ ਪਰਲੋਕ ਦਰਗਾਹ ਵਿਚ ਮੁਖ ਉਜਲਾ ਹੁੰਦਾ ਹੈ, ਪਰ ਇਹ ਦਾਤਿ ਪ੍ਰਭੂ ਕ੍ਰਿਪਾ ਨਾਲ ਗੁਰੂ ਦੀ ਸੰਗਤਿ ਵਿਚ ਹੀ ਮਿਲਦੀ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਰਿਪੋਰਟਿੰਗ ਪਾਕਿਸਤਾਨ






*ਤਿੰਨ ਸਾਲ ਪਹਿਲਾਂ ਮਈ 2014 ਵਿਚ ਪਾਕਿਸਤਾਨ ਨੇ ਭਾਰਤੀ ਪੱਤਰਕਾਰਾਂ ਮੀਨਾ ਮੈਨਨ ਅਤੇ ਸਨੇਹ ਅਲੈਕਸ ਫਿਲਿਪ ਉਤੇ ‘ਪਾਕਿਸਤਾਨ ਵਿਰੋਧੀ’ ਰਿਪੋਰਟਿੰਗ ਦੇ ਦੋਸ਼ ਲਾ ਕੇ ਮੁਲਕ ਵਿਚੋਂ ਚਲੇ ਜਾਣ ਦੇ ਹੁਕਮ ਕਰ ਦਿੱਤੇ ਸਨ। ਮੀਨਾ ਮੈਨਨ ਭਾਰਤ ਦੀ ਮਸ਼ਹੂਰ ਅੰਗਰੇਜ਼ੀ ਅਖਬਾਰ ‘ਦਿ ਹਿੰਦੂ’ ਲਈ ਰਿਪੋਰਟਿੰਗ ਕਰਦੀ ਸੀ। ਹਾਲ ਹੀ ਵਿਚ ਉਸ ਦੀ ਕਿਤਾਬ ‘ਰਿਪੋਰਟਿੰਗ ਪਾਕਿਸਤਾਨ’ ਆਈ ਹੈ ਜਿਸ ਵਿਚ ਉਸ ਨੇ ਪਾਕਿਸਤਾਨ ਵਿਚ ਆਪਣੇ ਵਸੇਬੇ ਵਾਲੇ ਵਕਤ ਦੀਆਂ ਬਾਤਾਂ ਪਾਈਆਂ ਹਨ। ਇਸ ਕਿਤਾਬ ਵਿਚੋਂ ਕੁਝ ਅੰਸ਼ ਪਾਠਕਾਂ ਲਈ ਪੇਸ਼ ਹਨ। -ਸੰਪਾਦਕ*

ਭਾਰਤ ਤੋਂ ਬਾਹਰ ਇਹ ਮੇਰੀ ਪਹਿਲੀ ਪੋਸਟਿੰਗ ਸੀ। ਮੈਂ ਵਿਦੇਸ਼ੀ ਪੱਤਰਕਾਰ ਸਾਂ, ਪਰ ਜਿਥੇ ਮੇਰੀ ਪੋਸਟਿੰਗ ਹੋਈ, ਉਹ ਮੇਰੇ ਲਈ ਬਹੁਤਾ ਵਿਦੇਸ਼ੀ ਮੁਲਕ ਨਹੀਂ ਸੀ। ਉਤੇ ਕੰਮ ਕਰਨਾ ਆਸਾਨ ਵੀ ਸੀ ਅਤੇ ਔਖਾ ਵੀ। ਮੁੱਢ ਤੋਂ ਹੀ ਲੋਕ ਦੋਸਤਾਨਾ ਸਨ ਅਤੇ ਮੈਂ ਜੋ ਸੋਚਦੀ ਸਾਂ, ਉਸ ਤੋਂ ਮੈਨੂੰ ਕਿਤੇ ਘੱਟ ਔਖਿਆਈ ਹੋਈ। ਤੁਹਾਨੂੰ ਜਿਥੇ ਤਕ ਪੁੱਜਣ ਜਾਂ ਜੋ ਕੁਝ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਸੀ, ਉਸ ਲਈ ਤੁਹਾਨੂੰ ਅਫਸਰਾਂ ਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਸੀ- ਘੱਟੋ-ਘੱਟ ਤੁਹਾਡੇ ਤੋਂ ਤਵੱਕੋ ਤਾਂ ਇਹੋ ਹੀ ਕੀਤੀ ਜਾਂਦੀ ਸੀ। ਨਾਲ ਹੀ ਤੁਹਾਨੂੰ ਇਹ ਵੀ ਸਮਝਣਾ ਤੇ ਮੰਨਣਾ ਪੈਣਾ ਹੀ ਸੀ ਕਿ ਬਹੁਤ ਕੁਝ ਅਜਿਹਾ ਹੈ ਜਿਥੇ ਤਕ ਪਹੁੰਚ ਕਰਨ ਦੀ ਤੁਹਾਨੂੰ ਖੁੱਲ੍ਹ ਨਹੀਂ ਦਿੱਤੀ ਗਈ। ਮੇਰੇ ਮਾਮਲੇ ਵਿਚ ਤਾਂ ਬਹੁਤ ਛੇਤੀ ਸਮਾਂ ਅਜਿਹਾ ਆ ਗਿਆ ਜਦੋਂ ਪੂਰੇ ਮੁਲਕ (ਪਾਕਿਸਤਾਨ) ਨੂੰ ਹੀ ਮੇਰੀ ਪਹੁੰਚ ਤੋਂ ਬਾਹਰ ਕਰ ਦਿੱਤਾ ਗਿਆ। ਅਜਿਹਾ ਹੋਣ ਤੋਂ ਪਹਿਲਾਂ ਮੇਰੇ ਇਕ ਸਾਥੀ ਪੱਤਰਕਾਰ ਨੂੰ ਅਫਸਰਾਂ ਨੇ ਦੱਸ ਦਿੱਤਾ ਸੀ ਕਿ ਮੇਰੀਆਂ ਰਿਪੋਰਟਾਂ ਬਹੁਤ ‘ਪਾਕਿਸਤਾਨ ਵਿਰੋਧੀ’ ਹਨ; ਉਨ੍ਹਾਂ ਦੀ ਸੁਰ ਬਹੁਤ ਆਲੋਚਨਾਤਮਕ ਹੈ।

ਬਹੁਤੇ ਮੁਲਕਾਂ ਵਿਚ ਕਿਸੇ ਨਾ ਕਿਸੇ ਪੱਧਰ ‘ਤੇ ਇਹ ਵਤੀਰਾ ਹੁੰਦਾ ਹੀ ਹੈ ਕਿ ਜੇ “ਤੁਸੀਂ ਸਾਡੇ ਨਾਲ ਨਹੀਂ ਤਾਂ ਤੁਸੀਂ ਸਾਡੇ ਖਿਲਾਫ ਹੋ।” ਇਸਲਾਮਾਬਾਦ ਵਿਚ ਵੀ ਮੈਨੂੰ ਇਹੋ ਅਹਿਸਾਸ ਕਰਵਾਇਆ ਜਾਣ ਲੱਗਾ। ਇਸਲਾਮਾਬਾਦ ਵੱਲ ਰਵਾਨਾ ਹੋਣ ਤੋਂ ਪਹਿਲਾਂ ਮੈਂ ਆਪਣੀਆਂ ਦੋ ਸਹਿਕਰਮੀਆਂ- ਅਨੀਤਾ ਪ੍ਰਤਾਪ ਤੇ ਨਿਰੂਪਮਾ ਸੁਬਰਾਮਨੀਅਮ ਨਾਲ ਲੰਮਾ ਵਿਚਾਰ-ਵਟਾਂਦਰਾ ਕੀਤਾ ਸੀ। ਦੋਵੇਂ ਪਾਕਿਸਤਾਨ ਵਿਚ ਭਾਰਤੀ ਪੱਤਰਕਾਰ ਰਹਿ ਚੁੱਕੀਆਂ ਸਨ। ਅਜਿਹੀ ਚਰਚਾ ਸਦਕਾ ਪਾਕਿਸਤਾਨ ਵਿਚ ਘਰ ਕਿਵੇਂ ਬਣਾਉਣਾ ਹੈ, ਕੀ ਕਿਥੋਂ ਖ਼ਰੀਦਣਾ ਹੈ, ਕੀ ਕਰਨਾ ਹੈ ਤੇ ਕੀ ਨਹੀਂ ਕਰਨਾ, ਵਰਗਾ ਬਹੁਤ ਸਾਰਾ ਮੁੱਢਲਾ ਕੰਮ ਕਰਨ ਤੋਂ ਮੇਰਾ ਬਚਾਅ ਹੋ ਗਿਆ।

ਹੋਰ ਚਿਤਾਵਨੀਆਂ ਦੇ ਨਾਲ ਨਾਲ ਮੈਨੂੰ ਨਿਮਰਤਾ ਨਾਲ ਬੋਲਣ ਦੀ ਚਿਤਾਵਨੀ ਵੀ ਦਿੱਤੀ ਗਈ। ਮੈਂ ਮੁੰਬਈ ਤੋਂ ਸੀ ਅਤੇ ਸਾਡੀ ਬੰਬਈਆ ਹਿੰਦੀ ਕਿਸੇ ਤਕੱਲੁਫ਼ ਜਾਂ ਸ਼ੁੱਧਤਾ ਲਈ ਨਹੀਂ ਜਾਣੀ ਜਾਂਦੀ ਸੀ। ਹਿੰਦੀ ਵਿਚ ਮਰਦਾਵੀਂ ਤੇ ਜ਼ਨਾਨਾ ਭਾਸ਼ਾ ਲਈ ਸਖ਼ਤ ਵਿਆਕਰਨ ਵਰਤੀ ਜਾਂਦੀ ਹੈ। ਇਸ ਦੇ ਉਲਟ ਸਾਡੀ ਅਸ਼ੁੱਧ ਬੋਲੀ ਵਿਚ ਅਜਿਹੀ ਕੋਈ ਸੀਮਾ ਨਹੀਂ ਹੈ। ਇਕ ਮਹਿਲਾ ਵੀ ‘ਮੈਂ ਆਤਾ ਹੂੰ’ ਆਦਿ ਕਹਿ ਸਕਦੀ ਹੈ। ਸ਼ਬਦ ਅਤੇ ਵਾਕ ਛੋਟੇ ਹੋਣ ਕਾਰਨ ਇਨ੍ਹਾਂ ਵਿਚ ਕੋਈ ਨਜ਼ਾਕਤ ਨਜ਼ਰ ਨਹੀਂ ਆਉਂਦੀ ਸੀ ਅਤੇ ਕੋਈ ਵੀ ਆਪਣੀ ਮਰਜ਼ੀ ਮੁਤਾਬਿਕ ਕੁਰੱਖ਼ਤ ਬੋਲ ਸਕਦਾ ਸੀ। ਕੁਬੋਲ ਬੋਲਣ ਦਾ ਰਿਵਾਜ ਸੀ।

ਜ਼ਿਆਦਾਤਰ ਸਮਾਂ ਅਸੀਂ ਅੰਗਰੇਜ਼ੀ ਬੋਲਦੇ, ਪਰ ਹਿੰਦੀ ਜਾਂ ਉਰਦੂ ਵਿਚ ਗੱਲਬਾਤ ਕਰਨ ਸਮੇਂ ਮੈਨੂੰ ਸਹੀ ਸ਼ਬਦ ਬੋਲਣ ਦੀ ਗੱਲ ਯਾਦ ਰੱਖਣੀ ਪੈਂਦੀ। ਉਰਦੂ ਦੀ ਜਾਣਕਾਰੀ ਨਾ ਹੋਣਾ ਵੱਡਾ ਅੜਿੱਕਾ ਬਣ ਸਕਦਾ ਹੈ, ਭਾਵੇਂ ਮੈਂ ਗ਼ਜ਼ਲਾਂ ਅਤੇ ਸ਼ਾਇਰੀ ਨੂੰ ਪਸੰਦ ਕਰਦੀ ਸੀ। ਮੇਰਾ ਦੱਖਣ ਭਾਰਤੀ ਹੋਣਾ ਵੀ ਕਿਸੇ ਕੰਮ ਨਾ ਆਇਆ।

‘ਮਦਰਾਸੀਆਂ’ (ਭਾਰਤ ਵਿਚ ਵੀ ਸਾਰੇ ਦੱਖਣੀ ਭਾਰਤੀਆਂ ਨੂੰ ਮਦਰਾਸੀ ਕਿਹਾ ਜਾਂਦਾ ਹੈ, ਸੋ ਇਹ ਰੁਝਾਨ ਸਿਰਫ਼ ਪਾਕਿਸਤਾਨ ਤਕ ਸੀਮਿਤ ਨਹੀਂ ਹੈ) ਖ਼ਿਲਾਫ਼ ਇਕ ਹਾਸੋਹੀਣਾ ਰੁਝਾਨ ਸੀ ਅਤੇ ਇਸ ਵਿਚ ਇਹ ਵਿਸ਼ਵਾਸ ਵੀ ਸ਼ਾਮਲ ਸੀ ਕਿ ਅਸੀਂ ਕੁਝ ਅਸਭਿਅਕ, ਕਾਲੇ ਤੇ ਉਜੱਡ ਲੋਕ ਸੀ ਜੋ ਉਤਰੀ ਭਾਰਤ ਦੇ ਜਮਾਅ ਦੇਣ ਵਾਲੇ ਮੌਸਮ ਵਿਚ ਸੁੰਗੜ ਜਾਂਦੇ ਸੀ। ਦਰਅਸਲ, ਦਿੱਲੀ ਵਿਚ ਵੀ ਅਤਿ ਦੀ ਸਰਦੀ ਵਿਚ ਸਵੇਰ ਦੀ ਸੈਰ ਸਮੇਂ ਕਿਸੇ ਨੇ ਟਿੱਪਣੀ ਕੀਤੀ ਸੀ ਕਿ ਮੈਂ ‘ਮਦਰਾਸੀਆਂ’ ਵਰਗੇ ਕੱਪੜੇ ਪਹਿਨੇ ਹੋਏ ਸਨ।

ਮੈਨੂੰ ਮਿਲੇ ਕਈ ਲੋਕਾਂ ਨੇ ਸਾਨੂੰ ਪੰਜਾਬੀ ਘੱਟ ਸਮਝ ਆਉਂਦੀ ਹੋਣ ਦਾ ਮਖੌਲ ਵੀ ਉਡਾਇਆ ਜੋ ਮੈਨੂੰ ਬਿਲਕੁਲ ਵੀ ਨਹੀਂ ਸੀ ਆਉਂਦੀ। ਇਕ ਵਾਰ ਇਕ ਪਾਰਟੀ ਵਿਚ ਜਦੋਂ ਪੰਜਾਬੀ ਸ਼ਾਇਰੀ ਸੁਣਾਈ ਜਾ ਰਹੀ ਸੀ। ਮੈਂ ਇਸ ਦਾ ਮਤਲਬ ਪੁੱਛਿਆ ਤਾਂ ਮੈਨੂੰ ਚੰਗੀ ਝਾੜ ਪਾਈ ਗਈ। ਮੈਂ ਇਹ ਸਿੱਟਾ ਕੱਢਿਆ ਕਿ ਪੰਜਾਬੀ ਅਣਖ ਵੀ ਉਨ੍ਹਾਂ ਦੀ ਮਹਿਮਾਨਨਿਵਾਜ਼ੀ ਜਿੰਨੀ ਮਹਾਨ ਸੀ ਅਤੇ ਮੇਰੇ ਵੱਲੋਂ ਇਸ ਦਾ ਮਲਤਬ ਪੁੱਛੇ ਜਾਣ ਨੇ ਮਹਾਨ ਭਾਸ਼ਾ ਦੀ ਸ਼ਾਇਦ ਇਕ ਤਰ੍ਹਾਂ ਬੇਇਜ਼ਤੀ ਕੀਤੀ ਸੀ। ਸ਼ਾਇਰੀ ਸੁਣਾ ਰਹੇ ਸਿਆਸਤਦਾਨ ਨੇ ਵੀ ਕੁਝ ਅਜਿਹਾ ਹੀ ਕਿਹਾ ਸੀ। ਨੁਕਸਾਨ ਤਾਂ ਮੇਰਾ ਹੀ ਸੀ!

ਇਸ ਲਈ ਬੋਲਣ ਤੋਂ ਪਹਿਲਾਂ ਮੈਨੂੰ ਚੰਗੀ ਤਰ੍ਹਾਂ ਸੋਚ ਕੇ ਪੂਰੇ ਵਾਕ ਬਣਾਉਣੇ ਪੈਂਦੇ ਸਨ। ਕੋਈ ਵੀ ਗੱਲ ਨਿਮਰਤਾ ਨਾਲ ਆਖਣ ਵਿਚ ਮੈਨੂੰ ਦੁੱਗਣਾ ਸਮਾਂ ਲੱਗਿਆ, ਪਰ ਮੈਂ ਇਸ ਦੀ ਜਾਚ ਸਿੱਖ ਲਈ। ਜਦੋਂ ਮੈਂ ਇਕ ਵਾਰ ਫੇਸਬੁੱਕ ‘ਤੇ ਗ਼ਾਲਿਬ ਦੀ ਸ਼ਾਇਰੀ ਪੋਸਟ ਕੀਤੀ ਤਾਂ ਮੇਰੇ ਇਕ ਪੰਜਾਬੀ ਦੋਸਤ ਨੂੰ ਇਹ ਦੇਖ ਕੇ ਝਟਕਾ ਲੱਗਿਆ ਕਿ ਮੈਨੂੰ ਇਸ ਬਾਰੇ ਪਤਾ ਸੀ। ਮੈਂ ਆਪਣੇ ਦੋਸਤ ਨੂੰ ਦੱਸਿਆ ਕਿ ਜਿਵੇਂ ‘ਮਦਰਾਸੀਆਂ’ ਨੂੰ ਭੰਡਿਆ ਜਾਂਦਾ ਹੈ, ਉਵੇਂ ਹੀ ਪੰਜਾਬੀਆਂ ਨੂੰ ਵੀ ਵਿਆਹ ਉਤੇ ਅੰਨ੍ਹਾ ਖ਼ਰਚ ਕਰ ਕੇ ਦਿਖਾਵਾ ਕਰਨ ਵਾਲੇ ਕੁਚੱਜੇ ਲੋਕ ਮੰਨਿਆ ਜਾਂਦਾ ਹੈ।

ਮੈਨੂੰ ਉਹ ਨਿੱਘੇ ਤੇ ਮਹਿਮਾਨ ਨਿਵਾਜ਼ ਜਾਪੇ ਜਿਨ੍ਹਾਂ ਨੂੰ ਆਪਣੀ ਭਾਸ਼ਾ ਤੇ ਸਭਿਆਚਾਰ ਉਤੇ ਮਾਣ ਹੈ। ਉਹ ਆਪਣੇ ਜਿੰਨੇ ਹੀ ਮਾਣਮੱਤੇ, ਮਹਿਮਾਨ ਨਿਵਾਜ਼ ਅਤੇ ਛਬੀਲੇ ਪਖਤੂਨਾਂ ਨਾਲ ਝੜਪਦੇ ਰਹਿੰਦੇ ਸਨ। ਨੁਕਸਾਨ ਰਹਿਤ ਦੋਸਤਾਨਾ ਪੱਧਰ ਉਤੇ ਇਹ ਬਹੁਤ ਮਜ਼ਾਹੀਆ ਸੀ, ਪਰ ਕੌਮੀ ਪੱਧਰ ‘ਤੇ ਇਹ ਗੰਭੀਰ ਸਿਆਸੀ ਪਾੜੇ ਦਾ ਆਧਾਰ ਸੀ। ਜਦੋਂ ਇਕ ਪੰਜਾਬੀ ਵਕੀਲ ਨੇ ਇਕ ਪਖਤੂਨ ਮਿੱਤਰ ਨਾਲ ਪੰਜਾਬੀ ਵਿਚ ਗੱਲ ਕੀਤੀ ਤਾਂ ਉਸ ਨੂੰ ਵੱਢ ਖਾਣ ਨੂੰ ਪਈ ਅਤੇ ਉਸ ਨੂੰ ਉਸ ਭਾਸ਼ਾ ਵਿਚ ਗੱਲ ਕਰਨ ਲਈ ਕਿਹਾ ਜੋ ਉਹ ਸਮਝ ਸਕਦੀ ਸੀ। ਕਈ ਵਾਰ ਸਾਡੇ ਦੋਸਤਾਂ ਵਿਚ ਵੀ ਅਜਿਹੇ ਝਗੜੇ ਹੁੰਦੇ ਸਨ ਜੋ ਕਦੇ ਕਦੇ ਬਹੁਤ ਗੰਭੀਰ ਹੋ ਜਾਂਦੇ ਸਨ।

ਇਹ ਗੱਲ ਨਹੀਂ ਸੀ। ਮੈਂ ਕਲਪਨਾ ਵੀ ਨਹੀਂ ਕੀਤੀ ਕਿ ਮੈਂ ਕਦੇ ਪਾਕਿਸਤਾਨ ਵਿਚ ਪੱਤਰਕਾਰ ਵਜੋਂ ਜਾਵਾਂਗੀ ਅਤੇ ਇਸ ਲਈ ਮੈਂ ਆਪਣੀ ਨਾਮਜ਼ਦਗੀ ਬਾਰੇ ਸੁਣ ਕੇ ਹੈਰਾਨ ਹੋ ਗਈ ਸੀ। ਜਦੋਂ ‘ਦਿ ਹਿੰਦੂ’ ਤਤਕਾਲੀ ਸੰਪਾਦਕ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਇਸਲਾਮਾਬਾਦ ਵਿਚ ਤਬਾਦਲਾ ਪਸੰਦ ਕਰਾਂਗੀ ਤਾਂ ਮੈਂ ਹਾਂ ਕਹਿਣ ਤੋਂ ਪਹਿਲਾਂ ਦੂਜੀ ਵਾਰ ਵੀ ਨਹੀਂ ਸੋਚਿਆ।

2011 ਵਿਚ ਕਰਾਚੀ ਦੇ ਆਪਣੇ ਦੌਰੇ ਤੋਂ ਬਾਅਦ ਹੈਦਰਾਬਾਦ ਵਿਚ ਮੈਂ ਰਾਜਧਾਨੀ ਜਾਣ ਲਈ ਉਤਾਵਲੀ ਸੀ, ਭਾਵੇਂ ਇਸ ਦਾ ਮਤਲਬ ਸਫ਼ਰ ਦੀ ਬਹੁਤੀ ਗੁੰਜਾਇਸ਼ ਨਾ ਹੋਣ ‘ਤੇ ਉਤੇ ਫਸ ਜਾਣਾ ਸੀ। ਮੈਂ ਮਹਿਸੂਸ ਕੀਤਾ ਕਿ ਇਹ ਬਹੁਤ ਹੀ ਰਸ਼ਕ ਵਾਲੀ ਪੋਸਟਿੰਗ ਸੀ। ਇਕ ਸਾਬਕਾ ਪੱਤਰਕਾਰ ਅਤੇ ਵਿਦੇਸ਼ੀ ਸਬੰਧਾਂ ਦੀ ਮਾਹਿਰ ਨੇ ਸਭ ਤੋਂ ਯਾਦਗਾਰੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਜੋ ਇੰਨੀ ਉਤਸ਼ਾਹਿਤ ਸੀ ਕਿ ਉਸ ਨੇ ਮੈਨੂੰ ਆਪਣੇ ਸਾਰੇ ਕੱਪੜੇ ਘਰ ਹੀ ਛੱਡ ਜਾਣ ਅਤੇ ਉਤੇ ਜਾ ਕੇ ਸਾਰੇ ਕੱਪੜੇ ਬਣਵਾਉਣ ਲਈ ਕਿਹਾ। ਪਾਕਿਸਤਾਨ ਵਿਚ ਕੀਤੀ ਜਾਂਦੀ ਉਤਮ ਸਿਲਾਈ ਦੀ ਆਪਣੀ ਹੀ ਪ੍ਰਸਿਧੀ ਹੈ। ਮੈਂ ਮੰਨਦੀ ਹਾਂ ਕਿ ਮੇਰੇ ਮਨ ਵਿਚ ਇਹ ਗੱਲ ਸਭ ਤੋਂ ਆਖ਼ਰੀ ਚੀਜ਼ ਸੀ ਕਿਉਂਕਿ ਮੈਨੂੰ ਆਮ ਤੌਰ ‘ਤੇ ਦਰਜ਼ੀਆਂ ਕੋਲ ਗੇੜੇ ਕੱਢਣਾ ਥਕਾਊ ਲੱਗਦਾ ਹੈ। ਮੈਂ ਭਾਵੇਂ ਉਥੋਂ ਵੀ ਕੁਝ ਕੱਪੜੇ ਸਿਲਾਏ।

ਸ਼ੁਰੂਆਤ ਵਿਚ ਲੋਕਾਂ ਦੇ ਨਿੱਘੇ ਸੁਭਾਅ ਅਤੇ ਇਸਲਾਮਾਬਾਦ ਵਿਚ ਆਰਾਮ ਨਾਲ ਰਹਿਣ ਕਾਰਨ ਆਪਣੇ ਲਈ ਭਲਾਈ ਵਾਲੀ ਭਾਵਨਾ ਸਦਕਾ ਮੇਰੇ ਮਨ ਨੂੰ ਟਿਕਾਅ ਸੀ। ਗਰਮੀਆਂ ਦੇ ਅੰਤ ਵਿਚ ਅਸੀਂ ਉਤੇ ਪੁੱਜ ਗਏ ਅਤੇ ਛੇਤੀ ਹੀ ਤਾਪਮਾਨ ਘਟ ਗਿਆ ਅਤੇ ਸਾਨੂੰ ਪੱਖਿਆਂ ਦੀ ਲੋੜ ਵੀ ਨਾ ਰਹੀ।

ਜਨਵਰੀ 2014 ਵਿਚ ਪਖ਼ਾਨੇ ਦੀ ਬਦਬੂ ਨਾਲ ਭਰੇ ਵਰਾਂਡੇ ਵਾਲੇ ਵੀਜ਼ਾ ਦਫ਼ਤਰ ਦੀ ਇਕ ਆਮ ਫੇਰੀ ਦੌਰਾਨ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਨਾਲ ਮਾੜੀ ਹੋਈ ਸੀ। ਦੋ ਆਦਮੀ ਇਕ ਤਰ੍ਹਾਂ ਮੇਰੇ ਨਾਲ ਟਕਰਾਏ। ਇਹ ਸਬੱਬ ਨਹੀਂ ਹੋ ਸਕਦਾ। ਸਲਵਾਰ ਕਮੀਜ਼ ਪਹਿਨੀ ਦਾੜ੍ਹੀ ਵਾਲਾ ਇਕ ਪ੍ਰਾਣੀ ਭੁੱਲ ਹੋਈ ਦਿਖਾਉਣ ਦੀ ਕੋਸ਼ਿਸ਼ ਕਰਦਿਆਂ ਸਾਰਾ ਸਮਾਂ ਲਲਚਾਈਆਂ ਨਜ਼ਰਾਂ ਨਾਲ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਦੂਜਾ, ਉਸ ਤੋਂ ਛੋਟੀ ਉਮਰ ਦਾ ਗੋਭਲਾ ਜਿਹਾ ਆਦਮੀ ਆਪਣੀ ਹਰਕਤ ‘ਤੇ ਕਸੂਤੀ ਸਥਿਤੀ ਮਹਿਸੂਸ ਕਰ ਰਿਹਾ ਸੀ।

ਉਸੇ ਸ਼ਾਮ ਉਹ ਇਕ ਕੈਫ਼ੇ ਵਿਚ ਆ ਗਏ, ਜਿਥੇ ਮੈਂ ਇੰਟਰਵਿਊ ਲਈ ਕਿਸੇ ਨੂੰ ਮਿਲਣ ਵਾਸਤੇ ਉਡੀਕ ਕਰ ਰਹੀ ਸੀ। ਮੈਂ ਦਰਵਾਜ਼ੇ ਨੇੜੇ ਸੋਫ਼ੇ ਉਤੇ ਬੈਠੀ ਸੀ ਕਿ ਦਾੜ੍ਹੀ ਵਾਲੇ ਨੇ ਕੱਚ ਦਾ ਦਰਵਾਜ਼ਾ ਖੋਲ੍ਹਿਆ ਅਤੇ ਮੈਨੂੰ ਦੇਖ ਕੇ ਅਚਾਨਕ ਰੁਕ ਗਿਆ। ਮੈਨੂੰ ‘ਖੌਫ਼ਜ਼ਦਾ’ ਕਰਨ ਦੀ ਸੰਤੁਸ਼ਟੀ ਹੋਣ ਉਤੇ ਉਸ ਨੇ ਦਰਵਾਜ਼ਾ ਇਕਦਮ ਬੰਦ ਕੀਤਾ ਅਤੇ ਬਾਹਰ ਚਲਾ ਗਿਆ। ਮੈਂ ਕਦੇ ਕਦੇ ਸੋਚਦੀ ਸੀ ਕਿ ਇਨ੍ਹਾਂ ਦੀ ਹੁਸ਼ਿਆਰੀ ਕਿਸੇ ਬਿਹਤਰ ਕੰਮ ਲਈ ਵਰਤੀ ਜਾ ਸਕਦੀ ਸੀ। ਮਿਸਾਲ ਵਜੋਂ ਨੌਜਵਾਨਾਂ ਨੂੰ ਖ਼ੁਦ ਨੂੰ ਜਨਤਕ ਥਾਵਾਂ ਉਤੇ ਬੰਬਾਂ ਨਾਲ ਉਡਾਉਣ ਜਾਂ ਉਨ੍ਹਾਂ ਨੂੰ ਗਿਰਜਿਆਂ, ਅਦਾਲਤਾਂ ਅਤੇ ਬਾਜ਼ਾਰਾਂ ਵਿਚ ਤਬਾਹੀ ਮਚਾਉਣ ਤੋਂ ਰੋਕਣ ਵਿਚ।

ਜਦੋਂ ਮੈਂ ਪਹਿਲੀ ਵਾਰ ਕਿਸੇ ਸਫ਼ੀਰ ਦੇ ਘਰ ਗਈ ਤਾਂ ਅਸੀਂ ਹਿਚਕਿਚਾਉਂਦਿਆਂ ਕਾਰ ਵਿਚੋਂ ਉਤਰੇ। ਲਾਲ ਮੁੱਛਾਂ ਵਾਲੇ ਹੱਟੇ-ਕੱਟੇ ਆਦਮੀ ਨੇ ਸਾਡਾ ਸਵਾਗਤ ਕੀਤਾ। ਉਸ ਨੇ ਤਸੱਲੀ ਨਾਲ ਮੇਰਾ ਨਾਂ ਬੋਲਿਆ। ਮੈਂ ਪ੍ਰਭਾਵਿਤ ਹੋਈ ਕਿ ਉਹ ਮੈਨੂੰ ਜਾਣਦਾ ਸੀ ਤੇ ਇੰਨਾ ਸਵਾਗਤ ਕਰ ਰਿਹਾ ਸੀ, ਪਰ ਸਫ਼ੀਰ ਨੇ ਹੱਸਦਿਆਂ ਕਿਹਾ ਕਿ ਉਹ ‘ਮਿੱਤਰ’ ਸਨ। ਕੁਝ ਭਲੇ ਲੋਕਾਂ ਨੇ ਤਾਂ ਮੈਨੂੰ ਇਥੋਂ ਤਕ ਦੱਸਿਆ ਕਿ ਇਹ ਲੋਕ ਮੇਰੀ ਸੁਰੱਖਿਆ ਲਈ ਸਨ ਅਤੇ ਉਹ ਕਾਫ਼ੀ ਮਦਦਗਾਰ ਹੋ ਸਕਦੇ ਹਨ।



*ਇਸਲਾਮਾਬਾਦ ਵਿਚ ਪਾਕਿਸਤਾਨ ਸਕੱਤਰੇਤ ਦੀ ਝਲਕ।*

# ਪਾਕਿਸਤਾਨ ਅਤੇ ਖੱਬੇ-ਪੱਖੀ ਲਹਿਰ

ਪਾਕਿਸਤਾਨ ਦੀ ਕਿਸੇ ਮਿਲਟਰੀ ਯੂਨਿਟ ਵਿਚ ਟਰੇਡ ਯੂਨੀਅਨ ਦੀ ਮੌਜੂਦਗੀ ਦੀ ਕੋਈ ਕਲਪਨਾ ਕਰ ਸਕਦਾ ਹੈ? ਅਸਲੀਅਤ ਤਾਂ ਇਹ ਹੈ ਕਿ ਅਜਿਹੀ ਟਰੇਡ ਯੂਨੀਅਨ ਬਣੀ ਅਤੇ ਉਹ ਵੀ 1949 ਵਿਚ। ਪਾਕਿਸਤਾਨ ਅਵਾਮੀ ਵਰਕਰਜ਼ ਪਾਰਟੀ ਦੇ ਪ੍ਰਧਾਨ ਮਿੰਟੋ ਨੇ ਮੁਸਕਣੀਆਂ ਲੈਂਦਿਆਂ ਮੈਨੂੰ ਦੱਸਿਆ ਕਿ ਉਸ ਸਾਲ ਉਹ ਕਮਿਊਨਿਸਟ ਪਾਰਟੀ ਆਫ਼ ਪਾਕਿਸਤਾਨ (ਸੀ.ਪੀ.ਪੀ.) ਦਾ ਮੈਂਬਰ ਬਣਿਆ ਅਤੇ ਮੈਂਬਰ ਬਣਨ ਤੋਂ ਬਾਅਦ ਉਸ ਨੇ ਪਹਿਲਾ ਕੰਮ ਮਿਲਟਰੀ ਇੰਜਨੀਅਰਿੰਗ ਸਰਵਿਸ (ਐਮ.ਈ.ਐਸ.) ਵਿਚ ਟਰੇਡ ਯੂਨੀਅਨ ਦੀ ਸਥਾਪਨਾ ਦੇ ਰੂਪ ਵਿਚ ਕੀਤਾ। ਇਸ ਤੋਂ ਅਗਲੀ ਯੂਨੀਅਨ ਅਟਕ ਦੀ ਬਹੁਕੌਮੀ ਤੇਲ ਕੰਪਨੀ ਵਿਚ ਕਾਇਮ ਕੀਤੀ ਗਈ। ਪਾਕਿਸਤਾਨ ਵਿਚ ਕਮਿਊਨਿਸਟ ਲਹਿਰ ਨੂੰ ਭਾਵੇਂ ਦੇਸ਼ ਦੀ ਵਸੋਂ ਦੇ ਬਹੁਤ ਛੋਟੇ ਜਿਹੇ ਹਿੱਸੇ ਤੋਂ ਹੀ ਹੁੰਗਾਰਾ ਮਿਲਦਾ ਰਿਹਾ, ਫਿਰ ਵੀ 1990ਵਿਆਂ ਵਿਚ ਸੋਵੀਅਤ ਸੰਘ ਦੀ ਟੁੱਟ-ਭੱਜ ਤੋਂ ਖੱਬੇ ਪੱਖੀਆਂ ਨੂੰ ਵੱਡਾ ਝਟਕਾ ਲੱਗਿਆ ਅਤੇ ਇਹ ਲਹਿਰ ਬਿਖ਼ਰ ਗਈ। ਹੁਣ ਇਸ ਨੂੰ ਨਵੇਂ ਸਿਰਿਉਂ ਜਥੇਬੰਦ ਕਰਨ ਦੇ ਯਤਨ ਜਾਰੀ ਹਨ ਅਤੇ ਤਿੰਨ ਪਾਰਟੀਆਂ (ਲੇਬਰ, ਅਵਾਮੀ ਪਾਰਟੀ ਅਤੇ ਵਰਕਰਜ਼ ਪਾਰਟੀ) ਦਾ ਰਲੇਵਾਂ ਖੱਬੇ ਪੱਖੀ ਲਹਿਰ ਨੂੰ ਸੁਰਜੀਤ ਕਰਨ ਦੇ ਯਤਨਾਂ ਦਾ ਹਿੱਸਾ ਹੈ।

ਕੁਝ ਖੱਬੇ ਪੱਖੀਆਂ ਨੂੰ ਮਿਲਣ ਦਾ ਮੌਕਾ ਮੈਨੂੰ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪੀ.ਡਬਲਿਊ.ਏ.) ਦੀ ਮੀਟਿੰਗ ਦੌਰਾਨ ਮਿਲਿਆ। ਐਸੋਸੀਏਸ਼ਨ ਦੇ ਕਮਿਊਨਿਸਟ ਸਿਧਾਂਤਕਾਰ ਪ੍ਰੋ. ਸੱਜਾਦ ਜ਼ਹੀਰ ਦੀ ਬੇਟੀ ਨੂਰ ਜ਼ਹੀਰ ਨਾਲ ਮੁਲਾਕਾਤ ਦੇ ਨਾਮ ‘ਤੇ ਇਹ ਪ੍ਰੋਗਰਾਮ ਕਰਵਾਇਆ। ਉਹ ਆਪਣੀਆਂ ਕਿਤਾਬਾਂ ਬਾਰੇ ਬੋਲਣ ਲਈ ਨਵੀਂ ਦਿੱਲੀ ਤੋਂ ਇਸਲਾਮਾਬਾਦ ਆਈ ਸੀ। ਪੀ.ਡਬਲਿਊ.ਏ. ਦੀ ਲਾਲ ਇੱਟਾਂ ਵਾਲੀ ਇਮਾਰਤ ਵਿਚ ਸਥਿਤ ਛੋਟੇ ਜਿਹੇ ਹਾਲ ਵਿਚ ਇਹ ਪ੍ਰੋਗਰਾਮ ਹੋਇਆ। ਮੇਰੇ ਪਿੱਛੇ ਲੱਗੇ ਪਾਕਿਸਤਾਨੀ ਸੂਹੀਏ ਵੀ ਇਸੇ ਇਮਾਰਤ ਵਿਚ ਪਹੁੰਚੇ ਹੋਏ ਸਨ। ਮੀਟਿੰਗ ਦੌਰਾਨ ਜਦੋਂ ਮੈਂ ਕਿਸੇ ਕੰਮ ਬਾਹਰ ਆਈ ਤਾਂ ਮੈਂ ਉਨ੍ਹਾਂ ਨੂੰ ਪ੍ਰਬੰਧਕਾਂ ਤੋਂ ਪੁੱਛਗਿੱਛ ਕਰਦਿਆਂ ਦੇਖਿਆ। ਜਦੋਂ ਹਾਲ ਵੱਲ ਜਾਣ ਦੀ ਥਾਂ ਮੈਂ ਗ਼ਲਤ ਪੌੜੀਆਂ ਚੜ੍ਹ ਗਈ ਤਾਂ ਉਨ੍ਹਾਂ ਨੂੰ ਉਥੇ ਦੇਖ ਕੇ ਮੈਂ ਉਨ੍ਹਾਂ ਨੂੰ ਹਾਲ ਵੱਲ ਦਾ ਸਹੀ ਰਾਹ ਪੁੱਛਿਆ। ਇਸ ‘ਤੇ ਇਕ ਬੋਲਿਆ, “ਕਿਥੇ ਜਾਣਾ ਹੈ…? ਭਾਰਤ?” ਅਜਿਹੇ ਕੁਸੈਲੇ ਤਜਰਬੇ ਦੇ ਬਾਵਜੂਦ ਮੈਨੂੰ ਖ਼ੁਸ਼ੀ ਸੀ ਕਿ ਮੈਂ ਉਥੇ ਗਈ। ਮੈਂ ਉਥੇ ਕਈ ਪ੍ਰਗਤੀਸ਼ੀਲ ਲੇਖਕਾਂ ਨੂੰ ਮਿਲੀ। ਹਰ ਪਾਸੇ ਹੇਰਵਾ ਹਾਵੀ ਸੀ। ਲੋਕ ਨੂਰ ਜ਼ਹੀਰ ਨੂੰ ਬੜੀ ਨਿੱਘ ਨਾਲ ਮਿਲ ਰਹੇ ਸਨ। ਉਹ ਉਸ ਨੂੰ ਕਾਮਰੇਡ ਨੂਰ ਵਜੋਂ ਸੰਬੋਧਨ ਕਰ ਰਹੇ ਸਨ। ਆਖ਼ਿਰ ਉਹ ਪ੍ਰੋ. ਸੱਜਾਦ ਜ਼ਹੀਰ ਦੀ ਬੇਟੀ ਸੀ। ਉਹ ਪ੍ਰੋ. ਜ਼ਹੀਰ ਜੋ ਕਮਿਊਨਿਸਟ ਪਾਰਟੀ ਆਫ਼ ਪਾਕਿਸਤਾਨ ਦੇ ਪ੍ਰਧਾਨ ਸਨ ਅਤੇ ਉਨ੍ਹਾਂ ਦੇ ਪ੍ਰਧਾਨਗੀ ਕਾਲ ਦੌਰਾਨ ਹੀ 1954 ਵਿਚ ਪਾਰਟੀ ਉਤੇ ਪਾਬੰਦੀ ਲਾਈ ਗਈ ਸੀ।



**ਸੱਜਾਦ ਜ਼ਹੀਰ**



**ਨੂਰ ਜ਼ਹੀਰ**

ਮੈਂ ਨੂਰ ਨੂੰ ਉਸੇ ਸਵੇਰ ਪੀ.ਡਬਲਿਊ.ਏ. ਦੇ ਗੈਸਟ ਹਾਊਸ ਵਿਚ ਮਿਲੀ ਸੀ। ਚਾਹ ਪੀਂਦਿਆਂ ਹੋਈ ਗੱਲਬਾਤ ਦੌਰਾਨ ਨੂਰ ਨੇ ਕਿਹਾ ਕਿ ਨਾ ਸਿਰਫ਼ ਪਾਕਿਸਤਾਨ ਅੰਦਰਲੇ ਵੱਖ ਵੱਖ ਕਮਿਊਨਿਸਟ ਗਰੁੱਪਾਂ ਸਗੋਂ ਸਮੁੱਚੇ ਦੱਖਣ ਏਸ਼ੀਆ ਦੇ ਕਮਿਊਨਿਸਟ ਗਰੁੱਪਾਂ ਨੂੰ ਇਕਮੁੱਠ ਤੇ ਇਕਜੁੱਟ ਹੋਣਾ ਚਾਹੀਦਾ ਹੈ। ਉਸ ਦੇ ਪਿਤਾ ਵਿਰਾਸਤ ਤੇ ਜ਼ਿੰਮੇਵਾਰੀ ਪਿੱਛੇ ਛੱਡ ਗਏ ਸਨ ਜਿਸ ਨੂੰ ਪੂਰਿਆਂ ਕਰਨਾ ਉਹ ਆਪਣਾ ਫ਼ਰਜ਼ ਸਮਝਦੀ ਸੀ। ਉਸ ਮੌਕੇ ਆਵਾਮੀ ਵਰਕਰਜ਼ ਪਾਰਟੀ ਦੇ ਸਕੱਤਰ ਜਨਰਲ ਆਸਿਮ ਸੱਜਾਦ ਅਖ਼ਤਰ ਨੇ ਦਲੀਲ ਦਿੱਤੀ ਸੀ ਕਿ ਖੱਬੇ ਪੱਖੀਆਂ ਨੂੰ ਉਦਾਰਵਾਦੀਆਂ (ਲਿਬਰਲਜ਼) ਤੋਂ ਅਲਹਿਦਾ ਰਹਿੰਦਿਆਂ ਵੱਖਰੀ ਪਛਾਣ ਬਣਾਉਣੀ ਚਾਹੀਦੀ ਹੈ। ਇਹ ਉਸ ਦਾ ਸਪਸ਼ਟ ਮਤ ਸੀ ਕਿ ਕਮਿਊਨਿਸਟਾਂ ਨੂੰ ਮਹਿਜ਼ ਕਾਰਕੁਨਾਂ ਵਾਲੀ ਭੂਮਿਕਾ ਨਿਭਾਉਣ ਤੋਂ ਬਚਣਾ ਚਾਹੀਦਾ ਹੈ ਅਤੇ ਕੋਈ ਨਿੱਗਰ ਲਹਿਰ ਤਿਆਰ ਕਰਨੀ ਚਾਹੀਦੀ ਹੈ। ਜੇ ਅਜਿਹਾ ਹੁੰਦਾ ਹੈ ਤਾਂ ਸਾਰੇ ਗਰੁੱਪ ਖ਼ੁਦ-ਬਖ਼ੁਦ ਇਕਜੁਟ ਹੋਣੇ ਸ਼ੁਰੂ ਹੋ ਜਾਣਗੇ।

ਪਾਕਿਸਤਾਨ ਕਮਿਊਨਿਸਟ ਪਾਰਟੀ 1948 ਵਿਚ ਵਜੂਦ ਵਿਚ ਆਈ ਸੀ। ਇਸ ਦੇ ਸੰਸਥਾਵਾਂ ਵਿਚ ਸੱਜਾਦ ਜ਼ਹੀਰ ਤੋਂ ਇਲਾਵਾ ਦੋ ਸਾਬਕਾ ਕਾਂਗਰਸੀ ਆਗੂ ਸਿਬਤੇ ਹਸਨ ਤੇ ਅਸ਼ਫ਼ਾਕ ਬੇਗ ਸ਼ਾਮਲ ਸਨ। 1950ਵਿਆਂ ਵਿਚ ਦੁਨੀਆਂ ਭਰ ਵਿਚ ਕਮਿਊਨਿਸਟ ਲਹਿਰ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਸੀ, ਪਰ ਪਾਕਿਸਤਾਨ ਵਿਚ ਇਹ ਹੁੰਗਾਰਾ ਮੱਠਾ ਸੀ। 1954 ਵਿਚ ਆਪਣੇ ਸਿਖ਼ਰਲੇ ਦਿਨਾਂ ਦੌਰਾਨ ਵੀ ਇਸ ਦੇ ਮਹਿਜ਼ 650 ਕਾਰਡ ਹੋਲਡਰ ਮੈਂਬਰ ਸਨ। ਇਹ ਸੰਖਿਆ ਬਹੁਤ ਘੱਟ ਸੀ, ਪਰ ਇਨ੍ਹਾਂ ਮੈਂਬਰਾਂ ਦਾ ਉਤਸ਼ਾਹ ਦੇਖਣਯੋਗ ਸੀ। ਇਨ੍ਹਾਂ ਦੀਆਂ ਨੀਤੀਆਂ ਬਹੁਤ ਸਪਸ਼ਟ ਸਨ, ਪਰ ਜਿਵੇਂ ਹੀ ਇਸ ਉਤੇ ਪਾਬੰਦੀ ਲੱਗੀ, ਇਸ ਦੇ ਕੇਡਰ ਦਾ ਉਤਸ਼ਾਹ ਵੀ ਬਿਖ਼ਰ ਗਿਆ ਅਤੇ ਪਾਰਟੀ ਟੁੱਟ-ਭੱਜ ਗਈ।

# ਬੇਬੇ ਲੰਬੜਦਾਰਨੀ

ਯਾਦ ਝਰੋਖਾ

"ਬੇਬੇ ਲੰਬੜੀ, ਚਰਖੇ ਨੂੰ ਚੰਬੜੀ।" ਕਹਿ ਹਵੇਲੀ ਦੇ ਗੇਟ ਅੱਗੋਂ ਪ੍ਰਾਇਮਰੀ ਸਕੂਲ ਦੇ ਕੁਝ ਸ਼ਰਾਰਤੀ ਬੱਚੇ ਸ਼ੂਟ ਵੱਟ ਕੇ ਭੱਜ ਗਏ।

"ਖਲੋ ਜਾਓ, ਪੱਛੀ ਲੈਣਿਓ! ਤੁਹਾਡਾ ਜਾਏ ਕੱਖ ਨਾ!" ਬੇਬੇ ਦੇ ਬੋਲ ਕਿੰਨੀ ਦੂਰ ਤੱਕ ਉਨ੍ਹਾਂ ਦਾ ਪਿੱਛਾ ਕਰਦੇ ਰਹੇ। ਕੁਝ ਬੱਚੇ ਸ਼ਰੀਫ ਤੇ ਬੀਬੇ ਰਾਣੇ ਬਣ ਕੇ ਗੇਟ ਅੰਦਰ ਲੰਘ ਆਏ, "ਬੇਬੇ ਜੀ ਸਾਸਰੀ ਕਾਲ!"

ਬੇਬੇ ਥੋੜ੍ਹਾ ਗੁੱਸੇ ਹੋ, "ਵੇ ਇਹ ਕਿਨ੍ਹਾਂ ਦੇ ਮੁੰਡੇ ਸਨ?"

"ਬੇਬੇ ਜੀ, ਦੋ ਤੇ ਸਨ ਤਾਰੇ ਲੰਬੜ ਦੇ ਤੇ ਇਕ ਸੰਧੂ ਫੌਜੀ ਦਾ।"

"ਵੇ ਤੂੰ ਉਰਾਂ ਆ ਖਾਂ। ਕੱਲ ਤੂੰ ਵੀ ਉਨ੍ਹਾਂ ਨਾਲ ਸੈਂ ਕਾਲੂਆ ਜਿਆ?"



"ਨਹੀਂ! ਇਹ ਨਹੀਂ ਸੀ, ਬੇਬੇ ਜੀ।" ਨਾਲ ਵਾਲੇ ਨੇ ਕਾਲੂ ਦੇ ਬੋਲਣ ਤੋਂ ਪਹਿਲਾਂ ਹੀ ਸਫਾਈ ਦੇ ਦਿੱਤੀ।

"ਚਲ, ਆ ਜਾਓ।" ਬੱਚੇ ਖਚਰਾ ਜਿਹਾ ਹੱਸਦੇ ਨੇੜੇ ਹੋ ਖੜ੍ਹ ਗਏ। ਬੇਬੇ ਨੇ ਰੂੰ ਦੀਆਂ ਪੂਣੀਆਂ ਵਾਲੇ ਛਿੱਕੂ ਵਿਚ ਕਿਤਾਬ ਹੇਠਾਂ ਰੱਖੀ ਕੌਲੀ ਵਿਚੋਂ ਪਿੰਡੋਂ ਕਿਸੇ ਘਰੋਂ ਆਈ ਭਾਜੀ-ਲੱਡੂ ਤੇ ਸ਼ੱਕਰਪਾਰੇ, ਜੋ ਉਹ ਆਪ ਨਾ ਖਾਂਦੀ, ਬੱਚਿਆਂ ਲਈ ਸੰਭਾਲ ਕੇ ਰੱਖਦੀ, ਸਾਰਿਆਂ ਦੀਆਂ ਤਲੀਆਂ 'ਤੇ ਕੁਝ ਨਾ ਕੁਝ ਰੱਖ ਦਿੱਤਾ, ਤੇ ਉਹ ਲੈ ਕੇ ਦੌੜ ਗਏ। ਇਸੇ ਲਾਲਚ ਨੂੰ ਬੱਚੇ ਕਦੀ ਕਦੀ ਬੇਬੇ ਕੋਲ ਆ ਜਾਂਦੇ।

ਚਰਨਜੀਤ ਸਿੰਘ ਸਾਹੀ
ਫੋਨ: 317-430-6545

ਪਿੰਡੋਂ ਆਏ ਬੈਠੇ ਕੇਹਰੂ ਜੁਲਾਹੇ ਨੇ ਸਭ ਵੇਖ, ਬੇਬੇ ਨਾਲ ਹਮਦਰਦੀ ਜਤਾਈ, "ਬੇਬੇ ਜੀ! ਜੁਆਕਾਂ ਦੇ ਮਾਂ ਬਾਪ ਨੂੰ ਕਹੋ। ਇਨ੍ਹਾਂ ਨੂੰ ਪਤਾ ਹੀ ਨਹੀਂ ਬਜ਼ੁਰਗਾਂ ਦੀ ਇੱਜਤ ਕਿਵੇਂ ਕਰੀਦੀ ਐ।"

ਬੇਬੇ ਨੇ ਕੇਹਰੂ ਦੇ ਬੋਲਾਂ 'ਤੇ ਪੋਚਾ ਫੇਰਿਆ, "ਕੋਈ ਗੱਲ ਨਹੀਂ ਕੇਹਰੂਆ! ਅਜੇ ਬੱਚੇ ਨੇ, ਆਪੇ ਸਿਆਣੇ ਹੋ ਜਾਣਗੇ। ਤੂੰ ਆ ਸੂਤਰ ਲੈ ਜਾਹ, ਜਿੰਨੇ ਬਣ ਜਾਣ ਖੇਸ ਬਣਾ ਕੇ ਦੇ ਜਾਈਂ।"

ਬੇਬੇ ਨੂੰ ਮਿਲਣ ਕੋਈ ਵੀ ਰਿਸ਼ਤੇਦਾਰੀ 'ਚੋਂ ਆਉਂਦਾ, ਉਹ ਸਭ ਨੂੰ ਪੈਸਿਆਂ ਦੀ ਥਾਂ ਖੇਸ ਹੀ ਪਿਆਰ ਵਿਚ ਦਿੰਦੀ। ਉਹਦਾ ਮੰਨਣਾ ਸੀ, ਪੈਸੇ ਤਾਂ ਘਰਾਂ 'ਚ ਖਰਚ ਹੋ ਜਾਂਦੇ ਹਨ ਪਰ ਇਹ ਖੇਸ ਜਦੋਂ ਵੀ ਕੋਈ ਵਰਤੂ, ਬੇਬੇ ਨੂੰ ਯਾਦ ਕਰੂ। ਬੇਬੇ ਜਦੋਂ ਲੋੜ ਸਮਝਦੀ, ਆਪਣੀ ਪੈਲੀ ਵਿਚ ਹਿੱਸੇ 'ਤੇ ਕਪਾਹ ਬਿਜਵਾ ਲੈਂਦੀ। ਬੀਜਣ ਵਾਲਾ ਹਿੱਸੇ ਆਉਂਦੀ ਕਪਾਹ ਪਿੰਜਾ ਕੇ ਘਰ ਪਹੁੰਚਦੀ ਕਰਦਾ। ਫਿਰ ਬੇਬੇ ਸਾਰਾ ਸਾਲ ਕੱਤਦੀ ਤੇ ਰੱਬ ਨਾਲ ਗੱਲਾਂ ਕਰਦੀ ਰਹਿੰਦੀ। ਕਹਿੰਦੀ, ਵਿਹਲੇ ਬੈਠ ਹੱਡ ਜੁੜ ਜਾਂਦੇ ਹਨ। ਬੇਬੇ ਦਾ ਪੜਪੋਤਾ ਸਰੂਪ ਸਿੰਘ ਜਦੋਂ ਵੀ ਸ਼ਹਿਰੋਂ ਪਿੰਡ ਦਾਦੇ-ਦਾਦੀ ਨੂੰ ਮਿਲਣ ਆਉਂਦਾ ਤਾਂ ਕਦੀ ਕਦਾਈਂ ਹਵੇਲੀ ਵਿਚ ਬੇਬੇ (ਪੜਦਾਦੀ) ਕੋਲ ਰਾਤੀਂ ਸੌਂ ਜਾਂਦਾ, ਉਹਨੂੰ ਚੰਗਾ ਲੱਗਦਾ ਬੇਬੇ ਕੋਲੋਂ ਸਾਖੀਆਂ ਤੇ ਬੇਬੇ ਦੀ ਜ਼ਿੰਦਗੀ ਦੇ ਸਫਰ ਬਾਰੇ ਸੁਣ ਕੇ। ਕਦੀ ਉਹ ਧਾਰਮਿਕ, ਕਦੀ ਪਾਕਿਸਤਾਨ ਤੇ ਕਦੇ ਜ਼ਿੰਦਗੀ ਦੇ ਬੀਤੇ ਮਿੱਠੇ ਕੌੜੇ ਪਲਾਂ ਬਾਰੇ ਬੜੇ ਸਹਿਜ ਨਾਲ ਦੱਸਦੀ।

ਬੇਬੇ ਲੰਬੜਦਾਰਨੀ ਪਿੰਡ ਦੀ ਫਿਰਨੀ 'ਤੇ ਬਣੀ ਹਵੇਲੀ ਵਾਲੇ ਘਰ ਇਕੱਲੀ ਰਹਿੰਦੀ ਸੀ। ਛੋਟਾ ਪੁੱਤਰ ਰੇਲਵੇ ਵਿਚ ਕਿਤੇ ਦੂਰ ਸ਼ਹਿਰ ਨੌਕਰੀ ਕਰਦਾ ਤੇ ਪਰਿਵਾਰ ਸਣੇ ਉਥੇ ਹੀ ਰਹਿੰਦਾ ਸੀ। ਇਹ ਹਵੇਲੀ ਵਾਲਾ ਘਰ ਉਸੇ ਪੁੱਤ ਦੇ ਹਿੱਸੇ ਆਇਆ ਸੀ, ਜਿਸ 'ਚ ਬੇਬੇ ਰਹਿੰਦੀ ਸੀ। ਵੱਡਾ ਪੁੱਤਰ ਕੁਝ ਸਾਲ ਪਹਿਲਾਂ ਹੀ ਚੰਗੀ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਪਿੰਡ ਆਇਆ ਸੀ ਤੇ ਪਿੰਡ ਪੁਰਾਣੇ ਘਰ ਰਹਿੰਦਾ ਸੀ ਜੋ ਬੇਬੇ ਨੇ ਵੰਡ ਵੇਲੇ ਉਸ ਨੂੰ ਦਿੱਤਾ ਸੀ। ਉਸ ਨੇ ਸਣੇ ਪਰਿਵਾਰ ਬੇਬੇ ਨੂੰ ਬਹੁਤ ਜੋਰ ਲਾਇਆ, 'ਬੇਬੇ ਜੀ, ਸਾਡੇ ਨਾਲ ਪਿੰਡ ਵਾਲੇ ਘਰ ਰਹੁ' ਪਰ ਉਹ ਇਹੋ ਕਹਿੰਦੀ, 'ਜਿੰਨਾ ਚਿਰ ਚਲਦੀਆਂ ਨੇ, ਮੈਂ ਆਪ ਹੀ ਖਾਣੀ ਪਕਾਣੀ ਏ।' ਜਦੋਂ ਦਿਲ ਕਰਦਾ, ਇਕ ਅੱਧੀ ਰਾਤ ਪਿੰਡ ਵਿਚਲੇ ਘਰ ਚਲੀ ਵੀ ਜਾਂਦੀ।

ਬੇਬੇ ਦੱਸਦੀ, ਅੱਜ ਤੱਕ ਉਸ ਡਾਲਡਾ ਘਿਉ ਨਹੀਂ ਸੀ ਵਰਤਿਆ ਤੇ ਨਾ ਹੀ ਘਰੋਂ ਦੁੱਧ ਵੇਚਿਆ। ਬੇਬੇ ਕਹਿੰਦੀ, ਸਰਕਾਰੇ ਦਰਬਾਰੇ ਦੁੱਧ ਪੁੱਤ ਦੀ ਸਹੁੰ ਖਾਈਦੀ ਏ। ਪਹਿਲਾਂ ਜਦੋਂ ਲਵੇਰੀਆਂ ਰੱਖੀਆਂ ਸਨ, ਘਰ ਦੀ ਵਰਤੋਂ ਤੋਂ ਵਾਧੂ ਘਿਉ ਪੁੱਤਰਾਂ ਨੂੰ ਜ਼ਰੂਰ ਪਹੁੰਚਦਾ ਕਰਦੀ ਤੇ ਲੱਸੀ ਆਂਢ-ਗੁਆਂਢ ਲੈ ਜਾਂਦਾ। ਪਰ ਹੁਣ ਸਵੇਰੇ ਉਠ ਨਹਾ-ਧੋ ਪਾਠ ਕਰਦੀ, ਚਾਹ ਬਣਾ ਨਾਲ ਹੀ ਦੋ ਤਿੰਨ ਦੇਸੀ ਘਿਉ ਨਾਲ ਤਰ ਮੰਨੀਆਂ ਬਣਾ ਲੈਂਦੀ। ਜਦੋਂ ਭੁੱਖ ਲੱਗਦੀ, ਦੁੱਧ ਵਰਗੀ ਚਾਹ ਬਣਾ ਛਕ ਲੈਂਦੀ। ਫਿਰ ਚਰਖਾ ਡਾਹ ਲੈਂਦੀ, ਚਰਖੇ ਦੇ ਮੁੰਨੇ ਨਾਲ ਛੋਟੀ ਜਿਹੀ ਕੱਚ ਦੀ ਸ਼ੀਸ਼ੀ ਵਿਚ ਸਰੋਂ ਦਾ ਤੇਲ ਪਾ ਕੇ ਬੰਨਿਆ ਸੀ। ਤੂੰਬੇ ਨਾਲ ਚਰਖੇ ਦੇ ਤਕਲੇ ਦੀਆਂ ਗੁਜਾਂ ਜਾਂ ਹੱਥੀ ਨੂੰ ਤੇਲ ਲਾਉਂਦੀ ਤਾਂ ਕਦੀ ਕਦਾਈਂ ਆਪਣੇ ਕੰਨੀਂ ਵੀ ਫੇਰ ਲੈਂਦੀ।

ਬੇਬੇ ਥੋੜ੍ਹਾ ਉਚਾ ਸੁਣਦੀ ਸੀ। ਚਰਖਾ ਕੱਤਦੀ ਅੱਕ ਥੱਕ ਜਾਂਦੀ, ਫੇਰ ਆਪਣੀ ਪੁਰਾਣੀ ਧਾਰਮਿਕ ਕਿਤਾਬ ਸਿਦਕ ਖਾਲਸਾ, ਦੁਸ਼ਟ ਦਮਨ ਪ੍ਰਕਾਸ਼-ਜਿਨ੍ਹਾਂ ਦੀਆਂ ਗੱਤੇ ਦੀਆਂ ਜਿਲਦਾਂ ਕਰੀਬ ਪਾਟ ਚੁਕੀਆਂ ਸਨ ਪਰ ਬੇਬੇ ਨੇ ਰੁਮਾਲਾਂ ਵਿਚ ਬੜੇ ਅਦਬ ਨਾਲ ਵਲ੍ਹੇਟ ਰੱਖੀਆਂ ਸਨ, ਲਿਆ ਕੇ ਕੰਬਦੀ ਆਵਾਜ਼ ਵਿਚ ਕਦੀ ਹੇਕ ਲਾ ਕੇ ਤੇ ਕਦੀ ਸਿੱਧਾ ਪੜ੍ਹਨ ਲੱਗ ਜਾਂਦੀ। ਕਈ ਵਾਰੀ ਬੇਬੇ ਦੀ ਕੰਬਦੀ ਆਵਾਜ਼ ਵਾਲੀ ਹੇਕ ਚਰਖੇ ਦੀ ਘੂਕ ਵਿਚ ਹੀ ਲੀਨ ਹੋ ਜਾਂਦੀ। ਕੋਲ ਬੈਠੇ ਨੂੰ ਵੀ ਬੇਬੇ ਦੇ ਬੋਲਾਂ ਦੀ ਸਮਝ ਨਾ ਪੈਂਦੀ। ਜਦੋਂ ਦਿਲ ਕਰਦਾ ਪਿੰਡ 'ਚ ਹੌਲੀ ਹੌਲੀ ਤੁਰ ਸ਼ਰੀਕੇ ਬਰਾਦਰੀ ਜਾਂ ਪੁੱਤਰ ਦੇ ਘਰ ਚੱਕਰ ਮਾਰ ਆਉਂਦੀ। ਭਾਵੇਂ ਥੋੜ੍ਹਾ ਕੁੱਬ ਨਿਕਲ ਆਇਆ ਸੀ, ਖੂੰਡੀ ਜਾਂ ਸੋਟੀ ਹੱਥ ਵਿਚ ਨਾ ਫੜ੍ਹਦੀ, ਲੱਕ ਪਿੱਛੇ ਦੋਵੇਂ ਹੱਥ ਰੱਖ ਤੁਰਦੀ ਜਾਂ ਉਨ੍ਹਾਂ 'ਚੋਂ ਕੋਈ ਆਉਂਦਾ-ਜਾਂਦਾ ਬੇਬੇ ਕੋਲ ਦਿਨ ਵੇਲੇ ਆ ਬਹਿੰਦਾ।

ਬੇਬੇ ਨੂੰ ਆਮ ਮਾਈਆਂ ਵਾਂਗ ਚੁਗਲੀ ਸੁਣਨ ਤੇ ਕਰਨ ਦੀ ਆਦਤ ਨਹੀਂ ਸੀ, ਸਿਰਫ ਧਾਰਮਿਕ ਸਾਖੀਆਂ ਜਾਂ ਗੱਲਾਂ। ਪਿੰਡ 'ਚ ਖੁਸ਼ੀ-ਗਮੀ ਵੇਲੇ ਬਰਾਦਰੀ ਵਾਲੇ ਬੇਬੇ ਨੂੰ ਘਰ ਬੁਲਾ ਉਸ ਦੀ ਸਲਾਹ ਲੈਂਦੇ, ਖਾਸ ਕਰ ਭਾਜੀ ਜਾਂ ਪਰੀਠਾ ਵੰਡਣ ਵੇਲੇ ਬੇਬੇ ਪੀੜ੍ਹੀ ਡਾਹ ਵੰਡਣ ਵਾਲਿਆਂ ਕੋਲ ਬੈਠ ਜਾਂਦੀ ਤੇ ਜੋ ਉਹ ਪੁੱਛਦੇ, ਦੱਸੀ ਜਾਂਦੀ।

ਉਹਦੀ ਉਮਰ ਨੱਬੇ ਸਾਲ ਦੇ ਨੇੜੇ ਤੇੜੇ ਸੀ। ਨੰਬਰਦਾਰ ਹੋਰੀਂ ਕੋਈ ਪੱਚੀ ਕੁ ਸਾਲ ਪਹਿਲਾਂ ਚਲਾਣਾ ਕਰ ਗਏ ਸਨ। ਬੇਬੇ ਨੇ ਆਪਣੇ ਗੁਜਾਰੇ ਲਈ ਪੰਜ ਏਕੜ ਜਮੀਨ ਆਪਣੇ ਕੋਲ ਰੱਖ ਬਾਕੀ ਦੋਹਾਂ ਪੁੱਤਰਾਂ ਨੂੰ ਅੱਧੀ ਅੱਧੀ ਵੰਡ ਦਿੱਤੀ ਤੇ ਹਵੇਲੀ ਵਾਲਾ ਘਰ ਛੋਟੇ ਤੇ ਪਿੰਡ ਵਿਚਲਾ ਘਰ ਵੱਡੇ ਪੁੱਤਰ ਨੂੰ ਦੇ ਦਿੱਤਾ।

ਇਹ ਪਿੰਡ ਸਾਰਾ ਹੀ ਸਿਆਲਕੋਟੀਆਂ ਜਾਂ ਕਈ ਬਾਰੀਏ ਕਹਿ ਦਿੰਦੇ ਸਨ, ਦਾ ਵੱਜਦਾ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਇਥੇ ਇਕ ਹੀ ਲੋਕਲ ਜੱਟ ਸਿੱਖਾਂ ਦਾ ਘਰ ਸੀ, ਬਾਕੀ ਸਭ ਮੁਸਲਮਾਨਾਂ ਦੇ ਸਨ। ਕੁਝ ਘਰ ਪੰਡਿਤਾਂ, ਮਿਸਤਰੀਆਂ, ਬਾਣੀਆਂ ਤੇ ਚਾਰ ਘਰ ਵਿਹੜੇ ਦੇ ਸਨ। ਸੰਤਾਲੀ ਦੀ ਵੰਡ ਵੇਲੇ ਦੋਹੀਂ ਪਾਸੀਂ ਲੋਕਾਂ ਦੇ ਸਿਰ ਖੂਨ ਸਵਾਰ ਸੀ। ਸੰਤਾਲੀ ਦੀ ਵੰਡ ਵੇਲੇ ਲੁੱਟਮਾਰ ਕਰਨ ਵਾਲਿਆਂ ਇਸ ਪਿੰਡ ਦੇ ਸਾਰੇ ਮੁਸਲਮਾਨ ਪਿੰਡ ਦੀ ਪਹੀ ਵਿਚ ਇਕੱਠੇ ਕਰ ਲਏ ਕਿ ਤੁਹਾਨੂੰ ਪਾਕਿਸਤਾਨ ਜਾਣ ਵਾਲੇ ਕੈਂਪ ਵਿਚ ਛੱਡ ਕੇ ਆਉਣਾ ਹੈ ਪਰ ਸਾਰੇ ਮਰਦਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਅਤੇ ਜਵਾਨ ਔਰਤਾਂ ਨੂੰ ਉਧਾਲ ਲਿਆ। ਅਜਿਹੇ ਹੀ ਵਰਤਾਰੇ ਜਨੂੰਨੀਆਂ ਨੇ ਪਾਕਿਸਤਾਨ ਵਿਚ ਸਿੱਖਾਂ ਤੇ ਹਿੰਦੂਆਂ ਨਾਲ ਕੀਤੇ। ਇਸ ਪਿੰਡ ਵਿਚ ਪਾਕਿਸਤਾਨ ਤੋਂ ਉਜੜ ਕੇ ਆਏ ਤਿੰਨ ਗੋਤਾਂ ਦੇ ਜੱਟਾਂ ਨੂੰ ਬਹੁਤੀ ਜਮੀਨ ਅਲਾਟ ਹੋਈ ਉਹ ਨੇ ਸਾਹੀ, ਸੰਧੂ ਤੇ ਸੋਹੀ। ਇਨ੍ਹਾਂ ਦੇ ਤਿੰਨ ਆਪਣੇ ਆਪਣੇ ਨੰਬਰਦਾਰ। ਜਿਨ੍ਹਾਂ ਵਿਚੋਂ ਇਕ ਬੇਬੇ ਦਾ ਖਾਵੰਦ ਸਾਹੀ ਗੋਤ ਦਾ ਜੱਦੀ ਨੰਬਰਦਾਰ ਸੀ।

ਬੇਬੇ ਪਾਕਿਸਤਾਨ ਨੂੰ ਬਹੁਤ ਯਾਦ ਕਰਦੀ, ਜੇ ਕੋਈ ਪਾਕਿਸਤਾਨ ਤੋਂ ਉਜੜ ਕੇ ਆਇਆ ਮਿਲਦਾ ਤਾਂ ਇਕੋ ਸਵਾਲ ਕਰਦੀ, "ਪਿਛੋਂ ਕਿਥੋਂ ਦੇ ਓ? ਇਥੇ ਕਿਵੇਂ ਅੱਪੜੇ? ਜੀਆ ਜੰਤ ਬਚ ਗਿਆ ਸੀ?"

ਸਰੂਪ ਨੇ ਇਕ ਦਿਨ ਕੋਲ ਬੈਠ ਕਿਹਾ, "ਬੇਬੇ ਜੀ, ਪਾਕਿਸਤਾਨ ਦੀ ਕਹਾਣੀ ਸੁਣਾਉ ਕੁਝ, ਤੁਸੀਂ ਇੱਧਰ ਕਿਵੇਂ ਪਹੁੰਚੇ?"

"ਪੁੱਤਰ ਬਹੁਤ ਔਖੇ...।" ਬੇਬੇ ਨੇ ਲੰਮਾ ਹਉਕਾ ਲਿਆ, "ਪੁੱਤਰ ਕੀ ਦੱਸਾਂ, ਪਾਕਿਸਤਾਨ 'ਚ ਭਰੇ ਘਰ ਛੱਡ ਏਧਰ ਆ ਕੇ ਪਨਾਹਗੀਰ ਬਣ ਗਏ। ਛੇ ਹਲ ਵਗਦੇ ਸਨ ਸਾਡੇ ਲੰਬੜਾਂ ਦੇ, ਪਿੰਡ ਦੇ ਮੁੱਢ ਦੋ ਘੁਮਾਂ ਬਾਗ ਸੀ, ਹਰ ਤਰ੍ਹਾਂ ਦੇ ਫਲਾਂ ਦੇ ਬੂਟੇ, ਦੋ ਪੇਂਦੂ ਬੇਰੀਆਂ ਏਡੀਆਂ ਖਿਲਰ ਗਈਆਂ ਸਨ, ਹੇਠਾਂ ਡੰਗਰ ਬੰਨਦੇ। ਚਾਚੇ-ਤਾਇਆਂ ਦੇ ਰਲਾ ਲੰਬੜ ਹੋਰੀਂ ਛੇ ਭਰਾ, ਇਕੋ ਵਲਗਣ ਵਾਲੀ ਹਵੇਲੀ ਵਿਚ ਸਾਰੇ ਇਕੱਠੇ ਰਹਿੰਦੇ ਸਾਂ। ਅੰਦਰ ਈ ਆਪਣਾ ਆਟਾ ਪੀਹਣ ਵਾਲਾ ਖਰਾਸ, ਇਕ ਕਮਰੇ ਵਿਚ ਮਹਾਰਾਜ ਦੀ ਸਵਾਰੀ...ਪੁੱਤਰ ਸਾਡੇ ਵੇਲੇ ਕੁੜੀਆਂ ਪਿੰਡਾਂ ਵਿਚ ਸਕੂਲ ਨਹੀਂ ਸਨ ਜਾਂਦੀਆਂ। ਮੈਂ ਵੀ ਗੁਰਮੁਖੀ ਪੜ੍ਹਨੀ ਗੁਰਦੁਆਰੇ ਭਾਈ ਜੀ ਕੋਲੋਂ ਸਿੱਖੀ ਸੀ। ਮੇਰੇ ਵਿਆਹ ਤੋਂ ਪਹਿਲਾਂ ਲੰਬੜ ਹੋਰਾਂ ਦਾ ਚਾਚਾ ਮਹਾਰਾਜ ਦੀ ਬੀੜ ਦੀ ਸਾਂਭ ਕਰਦਾ ਸੀ ਤੇ ਵਿਆਹ ਪਿਛੋਂ ਮੈਂ। ਲੰਬੜਦਾਰ ਹੋਰਾਂ ਨੂੰ ਮੈਂ ਆਖ ਦਿੱਤਾ ਸੀ, ਪਈ ਮੈਂ ਪੁੱਤਰਾਂ ਨੂੰ ਪੜ੍ਹਾਉਣਾ ਏ, ਵਾਹੀ ਨਹੀਂ ਕਰਨ ਦੇਣੀ, ਮਿੱਟੀ ਵਿਚ ਮਿੱਟੀ ਨਹੀਂ ਹੋਣ ਦੇਣਾ। ਫੇਰ ਕੀ ਸੀ ਉਨ੍ਹਾਂ ਵੇਲਿਆਂ ਵਿਚ ਦੋਵਾਂ ਪੁੱਤਰਾਂ ਨੂੰ ਦਸ ਦਸ ਜਮਾਤਾਂ ਕਰਵਾਈਆਂ ਜਦੋਂ



ਦੂਰ ਦੂਰ ਤੱਕ ਕੋਈ ਪੜ੍ਹਿਆ ਨਹੀਂ ਸੀ ਹੁੰਦਾ। ਸ਼ਰੀਕ ਆਖਦੇ, ਵੇਖਾਂਗੇ ਜਦੋਂ ਲੰਬੜ ਦੇ ਮੁੰਡੇ ਪਟਵਾਰੀ ਬਣ ਗਏ। ਇੱਕ ਨੇ ਪਟਵਾਰ ਕੀਤੀ, ਦੂਜਾ ਰੇਲਵੇ ਵਿਚ ਬਾਊ ਲੱਗ ਗਿਆ। ਪਾਕਿਸਤਾਨ ਵਿਚ ਈ ਦੋਵੇਂ ਨੌਕਰ ਹੋ ਗਏ ਸਨ।"

"ਕੀ ਦੱਸਾਂ ਪੁੱਤਰ! ਯਾਦ ਕਰਕੇ ਅਜੇ ਵੀ ਲੂੰ ਕੰਡੇ ਖਲੋ ਜਾਂਦੇ ਨੇ। ਰੌਲਿਆਂ ਤੋਂ ਪਹਿਲਾਂ ਘੁੱਗ ਵਸਦੇ ਸਨ ਸਾਰੇ, ਇਨ੍ਹਾਂ ਮਰ ਜਾਣੇ ਗੋਰਿਆਂ ਨੇ ਗਾਂਧੀ-ਨਹਿਰੂ ਤੇ ਕੀ ਨਾਂ ਈ ਉਸ ਮੁੱਲੇ ਦਾ? ਖੌਰੇ ਜਿਨਾਂਹ ਆਂਹਦੇ ਨੇ! ਨਾਲ ਮਤਾ ਪਕਾਇਆ, ਵਈ ਤੁਆਨੂੰ ਦੋਵਾਂ ਨੂੰ ਮੁਲਖ ਵੰਡ ਦੇਨੇ ਆਂ। ਫਿਰ ਕੀ ਸੀ, ਵਾਗੂਰੂ, ਵਾਗੂਰੂ, ਦੋਵੀਂ ਪਾਸੀਂ ਵੱਢ ਟੁੱਕ ਸ਼ੁਰੂ ਹੋ ਗਈ। ਛੋਟਾ ਪੁੱਤਰ ਤੇ ਪਹਿਲਾਂ ਈ ਅੰਬਰਸਰ ਬਾਲ ਬੱਚਾ ਲੈ ਸਹੁਰੀਂ ਆ ਗਿਆ ਸੀ ਤੇ ਵੱਡੇ ਦੇ ਸਹੁਰੇ ਉਹਨੂੰ ਤੇ ਉਹਦੇ ਬਾਲ ਬੱਚੇ ਨੂੰ ਲੈ ਸਭ ਕੁਝ ਛੱਡ ਛਡਾ ਮਿਲਟਰੀ ਦੇ ਕੈਂਪ 'ਚ ਜਾ ਬੈਠੇ। ਉਹਦਾ ਸਹੁਰਾ ਸਾਨੂੰ ਆਖੇ, 'ਭੈਣ ਜੀ, ਲੰਬੜ ਹੋਰਾਂ ਨੂੰ ਆਖੋ ਤੁਸੀਂ ਵੀ ਨਿਕਲ ਚੱਲੋ। ਲੰਬੜ ਹੋਰਾਂ ਦੇ ਸਾਰੇ ਭਰਾ ਟੱਬਰ ਲੈ ਕੈਂਪਾਂ 'ਚ ਟੁਰ ਗਏ ਨੇ, ਤੁਸੀਂ 'ਕੱਲੇ ਬੈਠੇ ਓ, ਦੋਵਾਂ ਗੁੱਡੀਆਂ ਨੂੰ ਲੈ, ਜੇ ਸਭ ਠੀਕ ਹੋ ਗਿਆ ਤੇ ਮੁੜ ਆਵਾਂਗੇ...ਅਸੀਂ ਕਿਹੜਾ ਪੱਕੇ ਜਾਣਾ।'

ਪਈ ਲੰਬੜ ਹੋਰੀਂ ਤੇ ਹੋ ਗਏ ਤਿਆਰ, ਫਿਰ ਮੈਂ ਆਖਿਆ ਮਰਦੀ ਮਰ ਜਾਂਗੀ, ਮੈਂ ਨਹੀਂ ਜਾਣਾ। ਲੰਬੜ ਆਖੇ, ਤੂੰ ਤੇ ਮਰਨਾ, ਸਾਨੂੰ ਵੀ ਮਾਰਨਾ। ਤਰਕਾਲਾਂ ਪਈਆਂ, ਹਵੇਲੀ ਦਾ ਬੂਹਾ ਖੜਕਿਆ, ਲੰਬੜ ਆਖੇ, ਲੈ ਆ ਪਏ ਨੀ! ਉਨ੍ਹਾਂ ਜਾ ਬੂਹਾ ਖੋਲ੍ਹਿਆ ਤੇ ਪੁੱਛਿਆ, ਕੌਣ ਏਂ? ਅਖੇ, 'ਮੈਂ, ਨੂਰਾਂ ਵਾਂ, ਬੇਬੇ ਕਿੱਥੇ ਵੇ?' ਮੈਂ ਆਖਿਆ, 'ਲੰਘ ਆ, ਖੈਰ ਏ?' ਉਹ ਤੇ ਸਾਹੋ ਸਾਹ ਹੋਈ ਸੀ, ਮਸਾਂ ਕੁਈ, 'ਬੇਬੇ ਅਸੀਂ ਤੁਹਾਡਾ ਲੂਣ ਖਾਧਾ ਏ, ਨਿਕਲ ਜਾਓ ਸਵੇਰੇ। ਅੱਜ ਮੈਂ ਆਪ ਕੰਨੀਂ ਸੁਣਿਆ ਏ, ਅੱਬਾ ਹਮੀਦੇ ਨੂੰ ਆਖਣ ਡਿਆ ਸੀ, ਵਈ ਸਾਰੇ ਸਿੱਖੜੇ ਨਿਕਲ ਗਏ ਨੇ ਛੱਡ ਛੱਡਾ ਕੇ, ਆਹ ਲੰਬੜ ਤੇ ਲੰਬੜੀ ਅੜੇ ਬੈਠੇ ਨੇ, ਕੱਲ ਰਾਤ ਨਹੀਂ ਪੈਣ ਦੇਣੀ ਵੱਢਣੇ ਨੇ।'

ਪੁੱਤ! ਮੈਂ ਤੇ ਗਈ ਡਰ। ਉਹਨੂੰ ਆਖਿਆ, ਕੁੜੀਏ ਅੰਦਰ ਆ ਜਾਹ। ਉਹ ਆਖੇ, ਮੈਂ ਮੁੜਨਾ ਏ, ਮੈਨੂੰ ਕਿਸੇ ਵੇਖ ਲਿਆ ਤਾਂ ਬੇਬੇ ਮੈਨੂੰ ਵੀ ਵੱਢ ਦੇਣਗੇ। ਮੈਂ ਆਖਿਆ, ਕੁੜੀਏ ਸੁਣ! ਅੱਬਾ ਆਪਣੇ ਨੂੰ ਆਖੀਂ, ਪਈ ਲੰਬੜ ਤੈਨੂੰ ਮਿਲਿਆ ਏ ਤੇ ਸੁਨੇਹਾ ਦਿੱਤਾ ਏ, ਸਵੇਰੇ ਆਹ ਭੜੋਲੀਆਂ 'ਚੋਂ ਜਿੰਨੇ ਦਾਣੇ ਚਾਹੀਦੇ ਨੇ, ਉਹ ਭਰ ਲਓ, ਤੇ ਸਾਡੀ ਅਮਾਨਤ ਆ ਦੋ ਵਹਿੜੇ, ਲੰਬੜ ਆਂਹਦਾ ਸੀ, ਐਤਕੀਂ ਹਲੀਂ ਕੱਢਾਂਗੇ ਤੇ ਆ ਤਰੈ ਮੱਝਾਂ-ਦੋ ਸੱਜਰ ਸੂਈਆਂ ਨੇ, ਲੈ ਜਾਓ। ਅਸੀਂ ਕਿਹੜਾ ਕੈਂਪਾਂ 'ਚ ਬਹਿ ਰਹਿਣਾ ਏਂ, ਆ ਕੇ ਤੁਹਾਡੇ ਕਿੱਲਿਓਂ ਖੋਲ੍ਹ ਲਿਆਵਾਂਗੇ। ਉਹ 'ਅੱਛਾ, ਬੇਬੇ ਜੀ!' ਆਖ ਮੁੜ ਗਈ। ਲੰਬੜ ਹੋਰਾਂ ਬੜੇ ਗੁੱਸੇ ਹੋ ਮੈਨੂੰ ਘੂਰਿਆ, 'ਹੁਣ ਦੱਸ? ਮਰਨਾ ਈ ਕਿ ਜਾਣਾ? ਚੱਲ! ਕੁੜੀਆਂ ਨੂੰ ਲੈ ਰਾਤੋ ਰਾਤ ਕੈਂਪ 'ਚ ਟੁਰ ਚੱਲੀਏ, ਉਨ੍ਹਾਂ ਸਵੇਰੇ ਆ ਪੈਣਾ ਏ।

ਪੁੱਤਰ! ਮੈਂ ਲੰਬੜ ਹੋਰਾਂ ਦੀ ਗੱਲ ਮੰਨ ਲਈ, ਲੰਬੜ ਹੋਰਾਂ ਵਹਿੜਿਆਂ ਦੀ ਕੰਡ 'ਤੇ ਹੱਥ ਫੇਰਿਆ ਤੇ ਥਾਪੀ ਦਿੱਤੀ, ਦੋਵੇਂ ਵਹਿੜੇ ਖੋਲ੍ਹ ਦਿੱਤੇ। ਲੰਬੜ ਹੋਰਾਂ ਆਪਣੀਆਂ ਅੱਖਾਂ 'ਚ ਗਲੇਡੂ ਭਰ ਲਏ। ਜਿਹੜੇ ਕੋਲ ਚਾਰ ਛਿੱਲੜ ਸਨ ਤੇ ਟੂੰਮਾਂ ਪੱਲੇ ਬੰਨ, ਕੁੜੀਆਂ ਨੂੰ ਉਂਗਲ ਲਾ, ਘਰ ਜੰਦਰਾ ਮਾਰ ਕੈਂਪ 'ਚ ਜਾ ਰਲੇ। ਸਾਨੂੰ ਕੀ ਪਤਾ ਸੀ, ਉਸ ਘਰ ਫੇਰ ਨਹੀਂ ਮੁੜਨਾ। ਕਿਸੇ ਤਰ੍ਹਾਂ ਭੁੱਖੇ ਤ੍ਰਿਹਾਏ ਧੱਕੇ ਖਾਂਦੇ ਕੈਂਪਾਂ ਨਾਲ ਸੰਭੜਿਆਲ ਰੇਲ ਗੱਡੀ ਦੇ 'ਟੇਸ਼ਨ 'ਤੇ ਪਹੁੰਚੇ, ਉਥੋਂ ਸਾਡੇ ਵਰਗੀਆਂ ਸਵਾਰੀਆਂ ਨਾਲ ਤੂੜੀ ਹੋਈ ਰੇਲ ਗੱਡੀ ਵਿਚ ਬੜੇ ਔਖੇ ਚੜ੍ਹੇ। ਜਿਹਨੂੰ ਸਿਆਲਕੋਟ 'ਟੇਸ਼ਨ 'ਤੇ ਮੁਸਲਮਾਨਾਂ ਨੇ ਡੱਕ ਲਿਆ, ਪਈ ਅਸੀਂ ਸਾਰੀ ਗੱਡੀ ਵੱਢ ਦੇਣੀ ਏਂ।

ਪੁੱਤਰ! ਦੋ ਜਵਾਨ ਸਰਦਾਰਾਂ ਗੱਡੀ ਵਿਚੋਂ ਉਤਰ ਕੇ ਲਲਕਾਰਿਆ, ਅਸੀਂ ਇਕ ਵੀ ਮੁਸਲਮਾਨ ਬੱਚ ਕੇ ਨਹੀਂ ਆਉਣ ਦੇਣਾ ਉਧਰੋਂ, ਇਹ ਵੇਖ ਲਿਉ! ਪਤਾ ਨਹੀਂ ਉਹ ਡਰ ਗਏ ਜਾਂ ਉਨ੍ਹਾਂ ਦੇ ਮਨ ਵਿਚ ਰੱਬ ਨੇ ਮਿਹਰ ਪਾਈ, ਉਹ ਉਥੋਂ ਚਲੇ ਗਏ। ਤੇ ਗੱਡੀ ਟੁਰ ਪਈ। ਅਸੀਂ ਡੇਰਾ ਬਾਬਾ ਨਾਨਕ ਪਹੁੰਚੇ। ਅੱਗੋਂ ਏਧਰਲੀ ਮਿਲਟਰੀ ਆਖਣ ਲੱਗੀ ਖੈਰ ਮਿਹਰ ਏ, ਤੁਸੀਂ ਆਪਣੇ ਮੁਲਖ ਪਹੁੰਚ ਗਏ ਓਂ, ਹੁਣ ਕੋਈ ਖਤਰਾ ਨਹੀਂ। ਪਰ ਪੁੱਤਰ ਰਾਹ ਵਿਚ ਇਹੀ ਸੀ, ਹੁਣ ਵੀ ਮਰੇ ਤੇ ਹੁਣ ਵੀ...। ਚੁਫੇਰੇ ਗਿਰਝਾਂ ਵਾਂਗ ਮੁਸਲਮਾਨਾਂ ਦੇ ਜਥੇ ਫਿਰਦੇ ਸਨ, ਵੱਢਣ ਲਈ। ਭਲਾ ਹੋਵੇ ਮਿਲਟਰੀ ਦਾ ਜਿਨ੍ਹੇ ਬਚਾਈ ਰੱਖਿਆ।

ਕਿਸੇ ਤਰ੍ਹਾਂ ਅੰਬਰਸਰ ਛੋਟੇ ਪੁੱਤਰ ਦੇ ਸਹੁਰੇ ਘਰ ਪਹੁੰਚੇ। ਪੁੱਤ! ਅੱਖੀਂ ਵੇਖਿਆ, ਕਈ ਬੁੱਢੇ, ਲੋਕਾਂ ਨੇ ਰਾਵੀ 'ਚ ਸੁੱਟੇ। ਕਈਆਂ ਦੇ ਜੀਅ ਰਾਹ 'ਚ ਬਿਮਾਰੀ ਨਾਲ ਮਰ ਗਏ, ਕਈ ਵੱਢੇ ਟੁੱਕੇ ਗਏ। ਵੱਡਾ ਪੁੱਤਰ ਸਿਆਣਾ ਸੀ, ਉਸ ਹੋਰ ਤੇ ਕੁਝ ਨਾ ਲਿਆਂਦਾ ਬੱਸ ਆਪਣੀ ਪੜ੍ਹਾਈ ਤੇ ਪਟਵਾਰ ਦੇ ਸਾਟੀਫਟੇਕ (ਸਰਟੀਫਿਕੇਟ) ਲੱਕ ਦੁਵਾਲੇ ਬੰਨ ਲਿਆਂਦੇ ਤੇ ਆਉਂਦੇ ਨੂੰ ਅੰਬਾਲੇ ਨੇੜੇ ਮਾਲ ਪਟਵਾਰੀ ਦੀ ਨੌਕਰੀ ਮਿਲ ਗਈ। ਸਾਡੀ ਜਮੀਨ ਦੀ ਕੱਚੀ ਅਲਾਟਮੈਂਟ ਵੀ ਉਥੇ ਹੋ ਗਈ। ਉਜੜ ਕੇ ਆਏ ਲੋਕਾਂ ਬੜੀਆਂ ਮਿਹਨਤਾਂ ਕੀਤੀਆਂ ਤੇ ਤਕਲੀਫਾਂ ਝੱਲੀਆਂ। ਅਸੀਂ ਵਖਤਾਂ ਮਾਰਿਆਂ ਰੋਟੀ ਪਕਾਉਣ ਲਈ ਘਰ ਤੰਦੂਰ ਲਾ ਲਿਆ। ਲੋਕਾਂ ਪਿੰਡ ਵਿਚ ਰੌਲਾ ਪਾ ਦਿੱਤਾ ਕਿ ਰਫੂਜੀਆਂ ਰੋਟੀ ਪਕਾਣ ਵਾਲੀ ਮਸ਼ੀਨ ਲਾ ਲਈ। ਨਾ ਇਨ੍ਹਾਂ ਨੂੰ ਖਾਣਾ, ਨਾ ਪਕਾਉਣਾ ਤੇ ਨਾ ਪਾਣਾ ਆਉਂਦਾ ਸੀ। ਬਹੁਤੇ ਬੰਦੇ ਹੁੱਕੀਆਂ ਪੀ ਛੱਡਦੇ ਸਨ ਤੇ ਜਨਾਨੀਆਂ ਪੈਲੀਆਂ 'ਚ ਕੰਮ ਕਰਦੀਆਂ ਸਨ। ਫੇਰ ਸਾਨੂੰ ਪੱਕੀ ਅਲਾਟਮੈਂਟ ਏਸ ਪਿੰਡ ਹੋਈ, ਦੋਵੇਂ ਪੁੱਤਰ ਆਪਣਾ ਆਪਣਾ ਟੱਬਰ ਨੌਕਰੀਆਂ 'ਤੇ ਲੈ ਗਏ। ਫੇਰ ਕੀ ਸੀ, ਰਹਿ ਗਏ ਅਸੀਂ ਚਾਰ ਜੀ ਘਰ-ਦੋ ਧੀਆਂ ਤੇ ਦੋ ਜੀ ਅਸੀਂ। ਲੰਬੜਦਾਰ ਹੋਰਾਂ ਜਮੀਨ ਦੇ ਦਿੱਤੀ ਠੇਕੇ 'ਤੇ, ਆਪ ਅਸੀਂ ਨੌਕਰ ਰੱਖ ਕੇ ਚਾਰ ਮਹੀਆਂ (ਮੱਝਾਂ) ਰੱਖ ਲਈਆਂ। ਲੰਬੜਦਾਰ ਹੋਰੀਂ ਬਣ ਗਏ ਪਿੰਡ ਦੇ ਸਰਪੰਚ। ਸਾਨੂੰ ਕਿਸੇ ਦੱਸਿਆ ਪਈ ਤੁਹਾਡੇ ਕੰਮੀ ਝਿਉਰ ਤੇ ਤਰਖਾਣ ਆ ਵਟਾਲੇ (ਬਟਾਲੇ) ਬੈਠੇ ਨੇ ਤੇ ਛੋਟੇ ਮੋਟੇ ਕੰਮ ਕਰਦੇ ਨੇ। ਤਿੰਨ ਘਰ ਝਿਉਰਾਂ ਦੇ ਤੇ ਦੋ ਘਰ ਤਰਖਾਣਾਂ ਦੇ ਸਨ। ਸਾਨੂੰ ਵੀ ਖੁਸ਼ੀ-ਗਮੀ ਵੇਲੇ ਘਰਾਂ ਵਿਚ ਕੰਮ ਕਰਨ ਲਈ ਕੰਮੀਆਂ ਦੀ ਥੁੜ੍ਹ ਸੀ। ਲੰਬੜਦਾਰ ਹੋਰਾਂ ਪੰਜਾਂ ਘਰਾਂ ਨੂੰ ਪਿੰਡ ਲਿਆ ਸਭ ਨੂੰ ਮੁਸਲਮਾਨਾਂ ਦੇ ਖਾਲੀ ਹੋਏ ਘਰ ਦਿੱਤੇ। ਉਨ੍ਹਾਂ ਲਿੱਪ ਪੋਚ ਘਰ ਸਵਾਰ ਲਏ ਤੇ ਆਪਣੀ ਕੰਮੀਂ ਕਾਰੀਂ ਲੱਗ ਗਏ।

ਉਦੋਂ ਨਲਕੇ ਨਹੀਂ ਸਨ ਘਰਾਂ ਵਿਚ। ਸਾਰੇ ਪਿੰਡ ਵਿਚ ਤਿੰਨ ਖੂਹੀਆਂ ਸਨ ਜਿੱਥੋਂ ਤਿੰਨੇ ਵੇਲੇ ਝਿਉਰਾਂ ਦੇ ਟੱਬਰ ਘਰ ਪਾਣੀ ਭਰ ਜਾਂਦੇ ਤੇ ਡੰਗਰ ਵੱਛੇ ਲਈ ਛੱਪੜ। ਪੁੱਤਰ, ਲੋਕਾਂ ਵਿਚ ਬੜਾ ਪਿਆਰ ਸੀ। ਪਿੰਡ ਦੀ ਧੀ ਸਭ ਦੀ ਧੀ। ਕੁੜੀ ਦੇ ਵਿਆਹ ਵਿਚ ਸਾਰਾ ਪਿੰਡ ਅੱਗੇ ਲੱਗ ਕੰਮ ਕਰਦਾ। ਸਹੁਰੇ ਜਾਣ ਲੱਗੀ ਕੁੜੀ ਸਾਰੇ ਘਰੀਂ ਮਿਲ ਕੇ ਜਾਂਦੀ ਤੇ ਪਿੰਡ ਦੀਆਂ ਜਨਾਨੀਆਂ ਉਹਨੂੰ ਤੋਰਨ ਪਿੰਡ ਦੀ ਜੂਹ ਤੱਕ ਜਾਂਦੀਆਂ। ਸਹੁਰੇ ਜਾਣ ਲੱਗੀ ਕੁੜੀ ਰੋ ਰੋ ਮਰ ਜਾਂਦੀ।"

ਸਰੂਪ ਸੁਣਦਾ ਸੁਣਦਾ ਉਂਘਲਾਉਣ ਲੱਗਾ ਤਾਂ ਬੇਬੇ ਕਹਿੰਦੀ, "ਪੁੱਤਰ ਸੌਂ ਜਾ ਬਾਕੀ ਫੇਰ ਸੁਣਾਊਂ।"

"ਨਹੀਂ, ਨਹੀਂ। ਮੈਂ ਜਾਗਦਾਂ ਬੇਬੇ ਜੀ! ਉਹ ਜਮੀਨ ਵਾਲੀ ਸੁਣਾਓ, ਕਿਵੇਂ ਲਈ ਸੀ?"

"ਪੁੱਤਰਾ! ਬੜੀ ਔਖੀ ਬਣਾਈ ਏ ਪੈਲੀ। ਸਾਡੇ ਗੁਆਂਢੀ ਵਿਰਕ ਵੇਚ ਕੇ ਯੂ.ਪੀ. ਟੁਰ ਗਏ ਸਨ। ਹੱਕ-ਸ਼ੁਫਾ ਕਰਕੇ ਬੜੀ ਮਹਿੰਗੀ ਛੇ ਕਿੱਲੇ ਲਈ, ਜੱਦੀ ਸਾਡੀ ਵੀਹ ਕਿੱਲੇ, ਉਸ ਵਿਚੋਂ ਅਸੀਂ ਮਰਲਾ ਨਹੀਂ ਵੇਚੀ। ਆਪਣੇ ਪਿਉ ਨੂੰ ਆਖ ਸ਼ਹਿਰ ਨਾ ਇੱਟਾਂ ਲਾਈ ਜਾਵੇ, ਪਿੰਡ ਵਿਚ ਕੋਈ ਮਰਲਾ ਖਰੀਦੇ। ਜੱਟ ਦੀ ਜਮੀਨ ਦੂਜੀ ਮਾਂ ਹੁੰਦੀ ਏ, ਏਹਨੂੰ ਵੇਚੀਦਾ ਨਹੀਂ। ਜਮੀਨ ਨਾਲ ਹੀ ਜੱਟ ਹਾਂ।"

ਇਹ ਬੇਬੇ ਜੀ ਮੇਰੇ ਦਾਦੀ ਜੀ ਸਨ। ਇਸ ਗੱਲ ਨੂੰ ਅੱਜ ਪੰਤਾਲੀ ਸਾਲ ਹੋ ਗਏ ਹਨ ਤੇ ਬੇਬੇ ਨੂੰ ਸਵਰਗਵਾਸ ਹੋਇਆਂ ਵੀ ਪੈਂਤੀ ਸਾਲ। ਮੈਂ ਅਮਰੀਕਾ ਤੋਂ ਵਾਪਿਸ ਆ ਕੇ ਕੁਝ ਦਿਨ ਪਹਿਲਾਂ ਆਪਣੇ ਹਿੱਸੇ ਦੀ ਜਮੀਨ ਵੇਚ ਦਿੱਤੀ ਹੈ। ਮੈਂ ਆਪਣੇ ਆਪ ਨੂੰ ਪਿੰਡ ਦੇ ਸਰੀਰ ਨਾਲੋਂ ਕੱਟਿਆ ਅੰਗ ਸਮਝ ਰਿਹਾ ਹਾਂ। ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਅੱਜ ਮੈਂ ਜਦੋਂ ਪਿੰਡੋਂ ਦਿੱਲੀ ਏਅਰਪੋਰਟ ਵੱਲ ਕਾਰ 'ਤੇ ਚਾਲੇ ਪਾਵਾਂਗਾ, ਰਾਹ ਵਿਚ ਆਉਂਦੀਆਂ ਪਿੰਡ ਦੀਆਂ ਮੜ੍ਹੀਆਂ ਵਿਚੋਂ ਬੇਬੇ ਦੀ ਰੂਹ ਕੁਰਲਾਉਂਦੀ ਸੁਣਾਈ ਦੇਵੇਗੀ, "ਵੇ ਚੰਨ ਪੁੱਤਰ ਵੇਚ ਚੱਲਿਆਂ! ਮਾਂ ਜਮੀਨ ਨੂੰ!"

## ਸਵੇਰ ਮੇਰੇ ਪਿੰਡ ਦੀ

ਵੇਖ ਸਵੇਰ ਮੇਰੇ ਪਿੰਡ ਦੀ,
ਮੈਂ ਖਿੜਿਆ ਤੇ ਮੁਸਕਾਇਆ।
ਸੂਰਜ ਦੀ ਮਿੱਠੀ ਲੋਅ ਨਾਲ,
ਮੇਰਾ ਚਿਹਰਾ ਗਿਆ ਰੁਸ਼ਨਾਇਆ।
ਅੰਮ੍ਰਿਤ ਵੇਲਾ, ਸਤਿਨਾਮ
ਕਣ-ਕਣ ਵਿਚ ਸਮਾਇਆ।
ਗੁਰਬਾਣੀ ਦੀ ਮਿੱਠੀ ਧੁਨ ਨਾਲ,
ਮੇਰਾ ਤਨ ਮਨ ਗਿਆ ਨਸ਼ਿਆਇਆ।
ਕਿਸੇ ਚੱਕ ਪਿੱਤਲ ਦੀ ਘੜਤਾਲ ਨੂੰ,
ਕੋਈ ਮਿੱਠਾ ਨਾਦ ਵਜਾਇਆ।
ਕਿਤੋਂ ਪੱਥਰ ਦੇ ਸੰਖ 'ਚੋਂ,
ਜਾਵੇ ਨਵਾਂ ਈ ਰਾਗ ਸੁਣਾਇਆ।
ਸਦੀ ਪੁਰਾਣੇ ਬੋਹੜ 'ਤੇ,
ਚਿੜੀਆਂ ਚੀਂ-ਚਿਹਾੜਾ ਪਾਇਆ।
ਖੇਤਾਂ ਦੀ ਹਰੀ ਫਸਲ ਨਾਲ,
ਹਰ ਪਾਸਾ ਪਿਆ ਹਰਿਆਇਆ।
ਕਿਸੇ ਗੇੜ ਬਲਦਾਂ ਦੀ ਜੋੜੀ ਨਾਲ,
ਟਿੰਡਾਂ ਨੂੰ ਘੁਮਾਇਆ।
ਸੁਣ ਟੱਲੀਆਂ ਦੀ ਟਣ-ਟਣ,
ਨਵਾਂ ਈ ਨਜ਼ਾਰਾ ਆਇਆ।
ਸ਼ਾਇਦ ਸਾਰੇ ਪਿੰਡ ਨੇ,
ਰਲ ਬੈਠ ਸੀ ਰੱਬ ਧਿਆਇਆ।
ਤਾਂਹੀਓਂ ਹਰ ਇੱਕ ਘਰ 'ਤੇ,
ਉਸ ਨੇ ਆਪ ਡੇਰਾ ਜਮਾਇਆ।
ਭੱਜੀ ਜਾਂਦੀ ਦੁਨੀਆਂ ਨੇ,
ਸੀ ਮੈਨੂੰ ਵੀ ਥਕਾਇਆ।
'ਦੀਪ' ਜਾਪੇ ਕੁਦਰਤ ਆਪਣੀ ਗੋਦੀ,
ਪਲ ਭਰ ਲਈ ਬਿਠਾਇਆ।

-ਗਗਨਦੀਪ ਸਿੰਘ
ਫੋਨ: 91-98886-32020

ਕਹਾਣੀ


# ਬੇੜੀਆਂ

***ਅਫਜ਼ਲ ਅਹਿਸਨ ਰੰਧਾਵਾ ਮਗਰਬੀ ਪੰਜਾਬ ਦਾ ਇਕ ਸਮਰੱਥ ਅਫਸਾਨਾਨਿਗਾਰ ਹੈ। ਇਧਰਲੇ ਪੰਜਾਬ ਵਿਚ ਉਸ ਦਾ ਨਾਂ ਉਦੋਂ ਉਭਰਿਆ ਜਦੋਂ ਕੋਈ ਤਿੰਨ ਦਹਾਕੇ ਪਹਿਲਾਂ ਉਸ ਦਾ ਕਹਾਣੀ ਸੰਗ੍ਰਿਹ 'ਰੰਨ, ਤਲਵਾਰ ਤੇ ਘੋੜਾ' ਸ਼ਾਹਮੁਖੀ ਅਤੇ ਗੁਰਮੁਖੀ ਵਿਚ ਪੰਜਾਬੀ ਪਾਠਕਾਂ ਦੇ ਹੱਥ ਪੁੱਜਾ। ਉਸ ਦੀਆਂ ਕਹਾਣੀਆਂ ਵਿਚ 1947 ਤੋਂ ਪਹਿਲਾਂ ਦਾ ਪੰਜਾਬੀ ਸਭਿਆਚਾਰ, ਖਾਸ ਕਰ ਪੇਂਡੂ ਸਭਿਆਚਾਰ ਝਲਕਾਂ ਮਾਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਜੱਟਾਂ ਤੇ ਖਾਸ ਕਰ ਵਿਰਕ ਜੱਟਾਂ ਦੀ ਦਲੇਰੀ ਦਾ ਮੁੜ ਮੁੜ ਜ਼ਿਕਰ ਆਉਂਦਾ ਹੈ। ਇਸ ਕਹਾਣੀ ਵਿਚ ਵੀ ਜਨਾਬ ਰੰਧਾਵਾ ਨੇ ਵਿਰਕਾਂ ਦੀ ਦਲੇਰੀ ਨੂੰ ਆਪਣੀ ਕਹਾਣੀ ਦਾ ਵਿਸ਼ਾ ਬਣਾਇਆ ਹੈ। ਕਹਾਣੀ ਦਾ ਮੁੱਖ ਪਾਤਰ ਰਘਬੀਰ ਸਿੰਘ ਵਿਰਕ ਆਪਣੇ ਇਲਾਕੇ ਦਾ ਮਸ਼ਹੂਰ ਤੇ ਦਲੇਰ ਚੋਰ ਸੀ ਅਤੇ ਉਸ ਦੀ ਦਲੇਰੀ ਨੂੰ ਵੰਗਾਰ ਪਾਈ ਹਜ਼ਾਰਾ ਸਿੰਘ ਨੇ ਕਿ ਕੋਈ ਮੇਰੇ ਪਿੰਡ ਚੋਰੀ ਕਰ ਕੇ ਵਿਖਾਵੇ! ਇਸ ਵੰਗਾਰ ਨੂੰ ਮੰਨ ਕੇ ਰਘਬੀਰ ਸਿੰਘ ਉਸ ਦੇ ਡੰਗਰ ਖੋਲ੍ਹ ਕੇ ਲੈ ਗਿਆ ਪਰ ਖੁਦ ਰਘਬੀਰ ਸਿੰਘ ਦੇ ਪੈਰਾਂ ਵਿਚ ਉਦੋਂ ਬੇੜੀਆਂ ਪੈ ਗਈਆਂ ਜਦੋਂ ਹਜ਼ਾਰਾ ਸਿੰਘ ਦੀ ਭੈਣ ਨੇ ਉਸ ਨੂੰ ਉਦੋਂ ਰੋਕ ਲਿਆ ਜਦੋਂ ਉਹ ਡੰਗਰ ਵਾਪਸ ਮੋੜਨ ਆਇਆ। -ਸੰਪਾਦਕ***

**ਅਫਜ਼ਲ ਅਹਿਸਨ ਰੰਧਾਵਾ**
**ਲਿਪੀਅੰਤਰ: ਹਰਮਹਿੰਦਰ ਚਹਿਲ**

ਰਘਬੀਰ ਸਿੰਘ ਵਿਰਕ ਮਾਝੇ ਦਾ ਮਸ਼ਹੂਰ ਚੋਰ ਸੀ। ਉਸ ਨੂੰ ਬੱਸ ਤਿੰਨ ਈ ਸ਼ੌਕ ਸਨ। ਚੰਗੇ ਲੀੜੇ ਪਾਉਣੇ, ਚੰਗੀ ਘੋੜੀ 'ਤੇ ਚੜ੍ਹਨਾ ਅਤੇ ਚੰਗੇ ਘਰ ਵਿਚ ਚੋਰੀ ਕਰਨਾ। ਚੰਗੇ ਲੀੜੇ ਪਾਉਣ ਦਾ ਸ਼ੌਕ ਉਸ ਨੂੰ ਆਪਣੇ ਮਾਮੇ ਕੋਲੋਂ ਮਿਲਿਆ ਸੀ। ਚੰਗੀ ਘੋੜੀ 'ਤੇ ਚੜ੍ਹਨਾ ਉਸ ਆਪਣੇ ਬਾਪੂ ਕੋਲੋਂ ਸਿੱਖਿਆ ਸੀ ਤੇ ਚੋਰੀ ਯਾਰੀ ਵਾਲੇ ਰਾਹ ਉਹਨੂੰ ਉਹਦਿਆਂ ਯਾਰਾਂ ਲਾ ਦਿੱਤਾ ਸੀ। ਉਂਜ ਚੋਰੀ ਅਖੀਰ ਤੱਕ ਉਹਦੀ ਆਦਤ ਨਹੀਂ ਸੀ ਬਣੀ। ਬੱਸ ਉਹ ਸ਼ੁਗਲ ਲਈ ਹੱਥ ਪੱਲਾ ਮਾਰ ਲੈਂਦਾ ਸੀ। ਸੌਖੇ ਤੇ ਖਾਂਦੇ ਪੀਂਦੇ ਘਰ ਦਾ ਉਹ 'ਕੱਲਾ ਪੁੱਤਰ ਸੀ। ਕੋਈ ਇਹੋ ਜਿਹੀ ਲੋੜ ਵੀ ਨਹੀਂ ਸੀ ਪਈ ਕਿ ਜ਼ਰੂਰ ਚੋਰੀ ਕਰੇ। ਬੱਸ ਉਹ ਆਖਦਾ, "ਬੰਦਾ ਵਿਹਲਮ ਵਿਹਲਾ ਰਹਿ ਕੇ ਵੀ ਕੀ ਕਰੇ।"

ਕਦੀ ਉਹਦਾ ਪਿਉ ਸਰਦਾਰ ਬੰਤਾ ਸਿੰਘ ਆਪਣੇ ਪਿੰਡ ਹੱਬੇ ਬੱਗੇ ਦਾ ਲੰਬੜਦਾਰ ਹੁੰਦਾ ਸੀ। ਉਦੋਂ ਰਘਬੀਰ ਅਜੇ ਬਾਲ ਈ ਸੀ। ਤੇ ਜਦੋਂ ਨੂੰ ਉਹ ਸਿਆਣਾ ਹੋਇਆ, ਉਦੋਂ ਨੂੰ ਉਹਦਾ ਪਿਉ ਮਰ ਗਿਆ ਸੀ। ਇੱਕ ਮਾਂ ਈ ਉਹਦਾ ਸਭ ਕੁਝ ਸੀ। ਨਾ ਭੈਣ-ਨਾ ਭਰਾ, ਨਾ ਚਾਚਾ-ਨਾ ਤਾਇਆ। ਸਿਆਣਾ ਹੋਇਆ ਤਾਂ ਇਕ ਅੱਧ ਵਾਰ ਉਸ ਆਪ ਵਾਹੀ ਕੀਤੀ ਤੇ ਫੇਰ ਉਸ ਆਪਣੀ ਜਮੀਨ ਅੱਧ 'ਤੇ ਦੇ ਛੱਡੀ। ਤੇ ਆਪ ਮੌਜ ਮੇਲੇ ਲੁੱਟਣ ਲੱਗ ਪਿਆ।



ਉਦੋਂ ਉਹ ਯਾਰਾਂ ਕੁ ਵਰ੍ਹੇ ਦਾ ਸੀ ਜਦੋਂ ਇਕ ਚਾਨਣੀ ਰਾਤ ਉਹ ਪਿੰਡ ਚਿੱਟੇ ਬੱਗੇ ਦੀਆਂ ਗਲੀਆਂ ਵਿਚ ਮੁੰਡਿਆਂ ਨਾਲ ਲੁਕਣ ਮੀਟੀ ਪਿਆ ਖੇਡਦਾ ਸੀ। ਅਸ਼ਰ ਜੋ ਉਹਦਾ ਬੜਾ ਯਾਰ ਸੀ, ਉਹਨੂੰ ਆਖਣ ਲੱਗਾ, "ਯਾਰ ਭੈੜਿਆ, ਕੁਝ ਖਾਣ ਪੀਣ ਨੂੰ ਦਿਲ ਕਰਦਾ ਈ ਪਿਆ।"

ਗਰਮੀਆਂ ਦੇ ਦਿਨ ਸਨ ਤੇ ਖਰਬੂਜ਼ਿਆਂ ਦੀ ਬਹਾਰ ਸੀ। ਰਘਬੀਰ ਆਖਣ ਲੱਗਾ, "ਚੱਲ ਬਾਬੇ ਨਰੈਣ ਸਿੰਘ ਦੀ ਪੈਲੀ 'ਚੋਂ ਰੀਂਡੇ ਤੋੜ ਲਿਆਉਨੇ ਆਂ।"

"ਨ੍ਹੀਂ ਯਾਰ ਕੁਝ ਹੋਰ ਖਾਈਏ।"

"ਹੋਰ ਐਸ ਵੇਲੇ ਤੇਰੀ ਮਾਂ...।"

"ਓਏ ਨ੍ਹੀਂ ਯਾਰ, ਮੂੰਗਫਲੀ ਖਾਣ ਨੂੰ ਰੂਹ ਕਰਦੀ ਐ।" ਅਸ਼ਰ ਉਹਦੀ ਗੱਲ ਟੁੱਕ ਕੇ ਆਖਣ ਲੱਗਾ।

ਰਘਬੀਰ ਇਹ ਸੁਣ ਕੇ ਹੈਰਾਨ ਰਹਿ ਗਿਆ। ਫੇਰ ਹੱਸ ਪਿਆ ਤੇ ਆਖਣ ਲੱਗਾ, "ਉਤੋਂ ਅੱਧੀ ਰਾਤ ਹੋਣ ਲੱਗੀ ਤੇ ਐਸ ਵੇਲੇ ਮੂੰਗਫਲੀ ਕਿੱਥੋਂ ਆਵੇਗੀ?"

"ਧਰਤੇ ਬਾਹਮਣ ਦੀ ਹੱਟੀ!" ਅਸ਼ਰ ਨੇ ਮੂੰਹ ਉਹਦੇ ਕੰਨ ਕੋਲ ਕਰਕੇ ਕੇ ਆਖਿਆ ਤਾਂ ਰਘਬੀਰ ਹੱਸ ਪਿਆ। ਐਸ ਕਰਕੇ ਪਈ ਪਿੰਡ ਵਿਚ ਇਕ ਈ ਹੱਟੀ ਸੀ, ਧਰਤੇ ਬਾਹਮਣ ਦੀ। ਜਿਹੜਾ ਹਨੇਰਾ ਪੈਂਦਿਆਂ ਈ ਹੱਟੀ ਨੂੰ ਜਿੰਦਰਾ ਮਾਰ ਕੇ ਘਰ ਨੂੰ ਟੁਰ ਜਾਂਦਾ ਸੀ। ਜੇ ਮਗਰੋਂ ਕਿਸੇ ਨੂੰ ਕੁਝ ਲੈਣ ਦੀ ਲੋੜ ਪੈਂਦੀ ਤਾਂ ਉਹ ਧਰਤੇ ਨੂੰ ਘਰੋਂ ਉਠਾ ਕੇ ਲਿਆਉਂਦਾ। ਲੋਕ ਆਖਦੇ ਕਿ ਬਾਹਮਣ ਆਪਣੀ ਬਾਹਮਣੀ ਦਾ ਵਿਸਾਹ ਨਹੀਂ ਖਾਂਦਾ। ਧਰਤਾ ਵਿਚਾਰਾ ਕਰਦਾ ਵੀ ਕੀ? ਇਕ ਤਾਂ ਬਾਹਮਣੀ ਦਾ ਰੰਗ ਦੁੱਧ ਵਾਂਗ ਚਿੱਟਾ ਸੀ ਤੇ ਉਤੋਂ ਪਿੰਡ ਦਾ ਹਰ ਗੱਭਰੂ ਭੂਤਰਿਆ ਫਿਰਦਾ ਸੀ।

ਫੇਰ ਉਸ ਰਾਤ ਰਘਬੀਰ ਅਤੇ ਅਸ਼ਰ ਨੇ ਮੂੰਗਫਲੀਆਂ ਵਾਲਾ ਨਿੱਕਾ ਜਿਹਾ ਡੱਬਾ, ਜਿਹਦੇ ਵਿਚ ਮਸਾਂ ਈ ਅੱਧ ਸੇਰ ਮੂੰਗਫਲੀ ਹੋਵੇਗੀ, ਕੱਢਣ ਲਈ ਧਰਤੇ ਬਾਹਮਣ ਦੀ ਹੱਟੀ ਭੰਨ ਲਈ। ਇਹ ਰਘਬੀਰ ਦੀ ਪਹਿਲੀ ਚੋਰੀ ਸੀ। ਇਸ ਪਿਛੋਂ ਜਵਾਨੀ ਚੜ੍ਹਦਿਆਂ ਈ ਚੋਰੀਆਂ ਸਨ, ਥਾਣਾ ਸੀ, ਜੇਲ੍ਹ ਸੀ ਤੇ ਰਘਬੀਰ ਸੀ। ਅਸ਼ਰ ਇਕ ਚੋਰੀ ਵਿਚ ਕਤਲ ਵੀ ਕਰ ਬੈਠਾ ਤੇ ਲੰਮੀ ਸਜ਼ਾ ਖਾ ਗਿਆ। ਰਘਬੀਰ ਰੱਬ ਦੀ ਹਿਕਮਤ ਨਾਲ ਬਚ ਗਿਆ। ਯਾਰ ਨੂੰ ਛੁਡਵਾਉਣ ਲਈ ਉਸ ਟਿੱਲ ਤੇ ਬੜਾ ਲਾਇਆ ਪਰ ਉਹਦੀ ਸਜ਼ਾ ਨਾ ਟੁੱਟੀ। ਰਘਬੀਰ 'ਕੱਲਾ ਈ ਚੋਰੀ ਦੇ ਰਾਹ ਟੁਰਦਾ ਰਿਹਾ। ਜਦੋਂ ਉਹ ਪੰਝੀ ਛੱਬੀ ਵਰਿਆਂ ਦਾ ਹੋਇਆ ਤਾਂ ਉਹ ਮਾਝੇ ਦੇ ਵੱਡੇ ਵੱਡੇ ਚੋਰਾਂ ਤੋਂ ਚਾਰ ਪੈਰ ਅਗਾਂਹ ਈ ਸੀ।

ਆਖਦੇ ਨੇ ਚੋਰ ਦੇ ਪੈਰ ਨਹੀਂ ਹੁੰਦੇ ਪਰ ਰਘਬੀਰ ਸਿੰਘ ਵਿਰਕ ਦੇ ਮਾਮਲੇ ਵਿਚ ਇਹ ਗੱਲ ਝੂਠੀ ਸੀ। ਉਹ ਪੈਰਾਂ ਵਾਲਾ ਚੋਰ ਸੀ। ਚੰਗਿਆਂ ਭਲਿਆਂ ਹੱਡਾਂ ਪੈਰਾਂ ਵਾਲਾ ਮਨ ਚਿੱਤ ਗੱਭਰੂ ਸੀ ਉਹ। ਉਹਦਾ ਹੌਂਸਲਾ ਸ਼ੇਰਾਂ ਵਾਲਾ ਤੇ ਕੰਮ ਸਾਹਨਾਂ ਵਾਲੇ ਸਨ। ਚੋਰੀ ਤਾਂ ਉਹ ਸ਼ੁਗਲ ਮੇਲੇ ਲਈ ਈ ਕਰਦਾ ਸੀ। ਪਰ ਜਿੱਥੇ ਤੇ ਜਦੋਂ ਕਦੀ ਕੋਈ ਉਹਨੂੰ ਲਲਕਾਰ ਦਿੰਦਾ ਤਾਂ ਉਹ ਭੁੱਲ ਜਾਂਦਾ, ਪਈ ਉਹ ਚੋਰ ਐ। ਤੇ ਉਥੇ ਉਹ ਸਾਹਨਾਂ ਵਾਂਗੂੰ ਅੜ ਕੇ ਖੜ੍ਹ ਜਾਂਦਾ। ਜਿੱਥੇ ਉਹ ਅੜ ਜਾਂਦਾ ਤਾਂ ਉਨ੍ਹਾਂ ਪੈਰਾਂ ਦੀ ਮਿੱਟੀ ਸਾਹਨਾਂ ਵਾਂਗ ਕਦੇ ਨਹੀਂ ਸੀ ਛੱਡਦਾ। ਖੌਰੇ ਇਹੀ ਵਜ੍ਹਾ ਸੀ ਕਿ ਗੱਭਰੂ ਉਹਨੂੰ ਵੇਖ ਕੇ ਖੜ੍ਹੋ ਜਾਂਦੇ, ਤੇ ਤੁਰੀਆਂ ਜਾਂਦੀਆਂ ਕੁੜੀਆਂ ਉਹਨੂੰ ਪਰਤ ਪਰਤ ਕੇ ਵੇਖਦੀਆਂ। ਵੱਡੇ ਉਹਦੀ ਸੋਹਣੀ ਜਵਾਨੀ ਲਈ ਦੁਆ ਕਰਦੇ ਤੇ ਸੂਰਮੇ ਉਹਦਾ ਰਾਹ ਨਹੀਂ ਸਨ ਲੰਘਦੇ ਹੁੰਦੇ। ਸਾਰੇ ਮਾਝੇ ਵਿਚ ਉਹਦੀ ਡਾਂਗ ਤੇ ਹਵਾ ਨਾਲੋਂ ਵੀ ਤੇਜ਼ ਭੱਜਣ ਵਾਲੀ ਮੁਸ਼ਕੀ ਘੋੜੀ ਦੀ ਧੁੰਮ ਸੀ।

ਉਦੋਂ ਹੀ ਉਸੇ ਇਲਾਕੇ ਦੇ ਪਿੰਡ ਕਤਾਰੂਗਿੱਲ ਵਿਚ ਇਕ ਨਵਾਂ ਗੱਭਰੂ ਉਠਿਆ। ਜਿਹੜਾ ਆਪਣੇ ਪਿੰਡ ਦੁਆਲੇ ਬਹਾਦਰੀ ਦੀ ਕੰਧ ਬਣ ਕੇ ਖੜ੍ਹ ਗਿਆ। ਉਹਨੇ ਪਿੰਡ ਦੇ ਲੋਕਾਂ ਨੂੰ ਆਖਿਆ, "ਮਾਲ ਡੰਗਰ ਵੱਲੋਂ ਬੇਸ਼ਕ ਅੱਖਾਂ ਮੀਟ ਕੇ ਸੌਂ ਜਾਇਆ ਕਰੋ। ਜਿਹਦੀ ਕੋਈ ਸ਼ੈਅ ਚਲੀ ਗਈ, ਉਹ ਮੇਰਾ ਜ਼ਿੰਮਾ ਰਿਹਾ। ਮੈਥੋਂ ਆ ਕੇ ਲੈ ਜਾਇਆ ਜੇ।" ਤੇ ਨਾਲ ਈ ਉਸ ਮਾਝੇ ਦੇ ਸਾਰੇ ਚੋਰਾਂ ਨੂੰ ਵੰਗਾਰ ਕੇ ਆਖਿਆ, "ਜਿਹਨੂੰ ਜਾਨ ਦੀ ਲੋੜ ਨਾ ਹੋਵੇ ਉਹੀਉ ਕਤਾਰੂਗਿੱਲ ਪਿੰਡ ਵੱਲ ਮੂੰਹ ਕਰੇ।"

***ਗੱਭਰੂ ਨੇ ਕੁੜੀ ਦਾ ਹੱਥ ਫੜ੍ਹ ਕੇ ਉਹਦੀ ਤਲੀ 'ਤੇ ਮੁਰਕੀਆਂ ਰੱਖ ਦਿੱਤੀਆਂ। ਸੋਨੇ ਦੇ ਰੰਗ ਦੀ ਚਾਨਣੀ ਵਿਚ ਸੋਨਾ ਹੋਰ ਲਿਸ਼ਕਿਆ। ਗੱਭਰੂ ਛਾਲ ਮਾਰ ਕੇ ਆਪਣੀ ਘੋੜੀ 'ਤੇ ਚੜ੍ਹ ਗਿਆ। ਉਦੋਂ ਹੀ ਕੁੜੀ ਛੇਤੀ ਦੇਣੇ ਆਖਣ ਲੱਗੀ, "ਅੜਿਆ ਜੇ ਤੂੰ ਆਪਣਾ ਨਾਂ ਨ੍ਹੀਂ ਦੱਸਣਾ ਤਾਂ ਮੁਰਕੀਆਂ ਵੀ ਲੈ ਜਾਹ। ਮੈਂ ਨਿਰੀਆਂ ਮੁਰਕੀਆਂ ਦਾ ਕੀ ਕਰਨੈ।"***

ਤੇ ਸੱਚੀਂ ਕਤਾਰੂਗਿੱਲ ਵਿਚ ਚੋਰੀਆਂ ਹੋਣੋਂ ਹਟ ਗਈਆਂ। ਜਿੱਥੇ ਦੋ ਚਾਰ ਬੰਦੇ 'ਕੱਠੇ ਹੁੰਦੇ ਉਸ ਨਿਵੇਲਕੇ ਸੂਰਮੇ ਦੀਆਂ ਗੱਲਾਂ ਕਰਦੇ। ਦੂਰੋਂ ਦੂਰੋਂ ਲੋਕ ਉਸ ਗੱਭਰੂ ਨੂੰ ਵੇਖਣ ਜਾਂਦੇ। ਜਿਹੜਾ ਛੈਲ ਛਬੀਲਾ, ਚੌਵੀ ਕੁ ਵਰ੍ਹਿਆਂ ਦਾ ਰੱਜ ਕੇ ਸੋਹਣਾ ਮੁੰਡਾ ਸੀ। ਉਹਦਾ ਨਾਮ ਹਜ਼ਾਰਾ ਸਿੰਘ ਸੀ। ਹਜ਼ਾਰਾ ਸਿੰਘ ਦੀਆਂ ਗੱਲਾਂ, ਜਵਾਨ ਕੁੜੀਆਂ ਤੋਂ ਲੈ ਕੇ ਵੱਡੀਆਂ ਮਾਈਆਂ ਤੱਕ ਤੇ ਬਾਲ ਅਵਾਣਿਆਂ ਤੋਂ ਲੈ ਕੇ ਵਡੇਰੀ ਉਮਰ ਦੇ ਬਜ਼ੁਰਗਾਂ ਤੱਕ ਹਰ ਕੋਈ ਕਰਦਾ ਸੀ। ਲੋਕੀਂ ਉਹਦੀਆਂ ਗੱਲਾਂ ਕਰਦੇ ਆਖਦੇ, "ਸਾਰੇ ਮਾਝੇ ਵਿਚ ਐਡਾ ਸੂਰਮਾ ਕੋਈ ਨ੍ਹੀਂ।"

"ਉਹ ਮਾਝੇ ਦਾ ਨੱਕ ਐ ਤੇ ਕਤਾਰੂਗਿੱਲ ਨੇ ਐਹੋ ਜਿਹਾ ਲਾਲ ਅੱਗੇ ਕੋਈ ਨ੍ਹੀਂ ਜੰਮਿਆਂ।"

ਕੋਈ ਸੁਣਾਉਂਦਾ, "ਉਹ ਬੜਾ ਸਖੀ ਐ, ਫਲਾਣੇ ਕੰਮੀ ਦੀ ਧੀ ਦੇ ਵਿਆਹ ਤੇ ਉਸ ਹਜ਼ਾਰ ਰੁਪਿਆ ਮਦਦ ਪਾਰੋਂ ਦੇ ਛੱਡਿਆ ਸੀ।"

ਕੋਈ ਬੋਲਦਾ, "ਉਹ ਤੇ ਮੋਚੀ ਜੁੱਤੀ ਬਣਾ ਕੇ ਲਿਆਏ ਤਾਂ ਉਸ ਨੂੰ ਮੱਝ ਦੇ ਛੱਡਦਾ ਐ।"

ਕੋਈ ਕਹਿੰਦਾ, "ਉਸ ਜੈਲ ਸਿੰਘ ਵਰਗੇ ਡਾਕੂ ਨੂੰ ਨੱਥ ਪਾ ਛੱਡੀ ਐ।"

ਤੇ ਕੋਈ ਆਖਦਾ, "ਉਸ 'ਕੱਲੇ ਨੇ ਪੰਦਰਾਂ ਪੰਦਰਾਂ ਨੂੰ ਮਾਰ ਮਾਰ ਕੇ ਤੋੜ ਛੱਡਿਆ ਸੀ ਜਿਹੜੇ ਕਤਾਰੂਗਿੱਲ ਵਿਚ ਚੋਰੀ ਕਰਨ ਆਏ ਸਨ।"

ਗੱਲ ਕੀ ਰੋਜ਼ ਈ ਕੋਈ ਨਵੀਂ ਗੱਲ ਹਜ਼ਾਰਾ ਸਿੰਘ ਬਾਰੇ ਸੁਣਨ ਨੂੰ ਮਿਲਦੀ। ਉਹਦੀ ਇਕ ਭੈਣ ਵੀ ਸੀ ਜਿਹਦਾ ਨਾਂ ਰਤਨੀ ਸੀ। ਉਹਦੇ ਹੁਸਨ ਜਵਾਨੀ ਦੇ ਚਰਚੇ ਵੀ ਲੋਕ ਦਬੀ ਜ਼ੁਬਾਨ ਵਿਚ ਕਰਦੇ। ਹਜ਼ਾਰਾ ਸਿੰਘ, ਸਰਦਾਰ ਤਰਲੋਕ ਸਿੰਘ ਜ਼ੈਲਦਾਰ ਦਾ 'ਕੱਲਾ ਪੁੱਤਰ ਸੀ। ਇਹ ਗੱਲ ਤੇ ਲੋਕ ਵੀ ਠੀਕ ਈ ਆਖਦੇ ਸਨ, ਪਈ ਹਜ਼ਾਰਾ ਸਿੰਘ ਬੜੇ ਵੱਡੇ ਪਿਉ ਦਾ ਬੜਾ ਵੱਡਾ ਪੁੱਤਰ ਐ।

ਜਦੋਂ ਰਘਬੀਰ ਸਿੰਘ ਕਤਾਰੂਗਿੱਲ ਦੇ ਹਜ਼ਾਰਾ ਸਿੰਘ ਦੀ ਜੈਰਾਤ ਬਹਾਦਰੀ ਤੇ ਵਡਿਆਈ ਦੀਆਂ ਗੱਲਾਂ ਸੁਣ ਸੁਣ ਕੇ ਅੱਕ ਗਿਆ ਤਾਂ ਇਕ ਦਿਨ ਮੂੰਹ ਹਨੇਰੇ ਈ ਉਸ ਆਪਣੀ ਘੋੜੀ 'ਤੇ ਕਾਠੀ ਪਾਈ। ਆਪਣੀ ਤੇਲ ਵਿਚ ਭਿੱਜੀ ਹੋਈ ਡਾਂਗ ਹੱਥ ਵਿਚ ਫੜ੍ਹੀ ਤੇ ਕਤਾਰੂਗਿਲ ਨੂੰ ਚੱਲ ਪਿਆ। ਕਤਾਰੂਗਿੱਲ ਉਹਦੇ ਆਪਣੇ ਪਿੰਡ ਤੋਂ ਵੀਹ ਕੋਹ ਦੂਰ, ਗਿੱਲ ਜੱਟਾਂ ਦਾ ਪਿੰਡ ਸੀ। ਰੋਟੀ ਵੇਲੇ ਨਾਲ ਉਹਦੀ ਮੁੜਕੇ ਨਾਲ ਭਿੱਜੀ ਘੋੜੀ ਕਤਾਰੂਗਿੱਲ ਵਿਚ ਦਾਖਲ ਹੋਈ। ਰਘਬੀਰ ਨੇ ਜਦੋਂ ਤੁਰੇ ਜਾਂਦੇ ਬੰਦੇ ਨੂੰ ਖਲ੍ਹਾਰ ਕੇ ਹਜ਼ਾਰਾ ਸਿੰਘ ਦਾ ਘਰ ਪੁੱਛਿਆ ਤਾਂ ਉਸ ਨੇ ਪਹਿਲਾਂ ਬੜੀ ਨੀਝ ਨਾਲ ਉਸ ਨੂੰ ਪੈਰਾਂ ਤੋਂ ਸਿਰ ਤੱਕ ਤੱਕਿਆ ਤੇ ਇਕ ਪੱਕੀ ਹਵੇਲੀ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, "ਔਹ ਹਜ਼ਾਰਾ ਸਿੰਘ ਦੀ ਹਵੇਲੀ ਐ।"

ਹਵੇਲੀ ਦੇ ਫਾਟਕ ਅੱਗੇ ਰਘਬੀਰ ਸਿੰਘ ਘੋੜੀ ਤੋਂ ਉਤਰਿਆ। ਸਿਆਲ ਦੇ ਦਿਨ ਸਨ ਪਰ ਉਹਦੀ ਘੋੜੀ ਦਾ ਮੁੜਕਾ ਚੋਣ ਡਿਹਾ ਸੀ। ਉਸ ਪਿੰਡ ਵਿਚ ਉਹ ਪਹਿਲੀ ਵਾਰ ਆਇਆ ਸੀ। ਨਾ ਉਹ ਕਿਸੇ ਨੂੰ ਜਾਣਦਾ ਸੀ ਤੇ ਨਾ ਹੀ ਉਹਨੂੰ ਕੋਈ ਜਾਣਦਾ ਸੀ। ਐਸ ਕਰਕੇ ਉਹ ਬੇਧੜਕ ਅੰਦਰ ਲੰਘ ਗਿਆ। ਹਵੇਲੀ ਖਾਲਮ ਖਾਲੀ ਪਈ ਸੀ। ਵਿਹੜੇ ਵਿਚ ਲੱਕੜੀ ਦੀ ਵੱਡੀ ਸਾਰੀ ਖੁਰਲੀ ਸੀ ਜਿਸ 'ਤੇ ਚਾਰ ਢੱਗੇ ਬੱਧੇ ਹੋਏ ਸਨ। ਅਗਾਂਹ ਨਾਲ ਈ ਇਕ ਡਾਚੀ ਮੂੰਹ ਚੁੱਕ ਕੇ ਫਾਟਕ ਵੱਲ ਵੇਖਣ ਡਹੀ ਸੀ। ਖੱਬੇ ਬੰਨੇ ਕੰਧ ਦੇ ਨਾਲ ਮਿੱਟੀ ਦੀ ਖੁਰਲੀ ਤੇ ਚਾਰ ਪੰਜ ਨਹਾਤੀਆਂ ਧੋਤੀਆਂ ਮੱਝਾਂ ਬੱਧੀਆਂ ਹੋਈਆਂ ਸਨ। ਸੱਜੇ ਬੰਨੇ ਵੀ ਕੰਧ ਨਾਲ ਪੱਕੇ ਖੁਰਲ 'ਤੇ ਦੋ ਸੁਥਰੀਆਂ ਘੋੜੀਆਂ ਪੱਠੇ ਖਾਣ ਡਹੀਆਂ ਸਨ।


"ਬੜਾ ਸੁਥਰਾ ਮਾਲ ਐ!" ਰਘਬੀਰ ਸਿੰਘ ਨੇ ਦਿਲ ਈ ਦਿਲ 'ਚ ਆਖਿਆ। ਤੇ ਨਾਲ ਹੀ ਹਵੇਲੀ ਦੀਆਂ ਕੰਧਾਂ ਵੱਲ ਵੇਖਿਆ ਜੋ ਦੋ ਦੋ ਬੰਦੇ ਉਚੀਆਂ ਸਨ। ਉਹਨੇ ਘੋੜੀ ਦੀ ਲਗਾਮ ਲਾਹ ਕੇ ਉਹਦਾ ਤੰਗ ਢਿੱਲਾ ਕੀਤਾ ਤੇ ਪਰ੍ਹੇ ਖੜ੍ਹੀਆਂ ਘੋੜੀਆਂ ਦੇ ਨਾਲ ਈ ਬੰਨ ਦਿੱਤਾ। ਆਪ ਉਹ ਪਰ੍ਹਾਂ ਪਈ ਹੋਈ ਖਾਲੀ ਮੰਜੀ 'ਤੇ ਬਹਿ ਗਿਆ।

ਘੜੀ ਕੁ ਪਿੱਛੋਂ ਹਜ਼ਾਰਾ ਸਿੰਘ ਆ ਗਿਆ। ਉਹ ਰਘਬੀਰ ਸਿੰਘ ਨੂੰ ਕੋਈ ਮੁਸਾਫਰ ਸਮਝ ਕੇ ਉਹਦੀ ਟਹਿਲ ਸੇਵਾ ਕਰਨ ਲੱਗਿਆ। ਅੰਨ ਪਾਣੀ ਤੋਂ ਵਿਹਲੇ ਹੋ ਕੇ ਉਹ ਗੱਲਾਂ ਕਰਨ ਲੱਗ ਪਏ। ਜਦੋਂ ਚੰਗੀ ਤਰ੍ਹਾਂ ਦਿਨ ਢਲ ਗਿਆ ਤੇ ਪਾਲਾ ਧਰਤੀ 'ਤੇ ਫਹਾਰਾਂ ਵਾਂਗ ਪੈਣ ਲੱਗਿਆ ਤਾਂ ਰਘਬੀਰ ਸਿੰਘ ਨੇ ਆਪਣੀ ਲੋਈ ਦੀ ਬੁੱਕਲ ਘੁੱਟ ਕੇ ਮਾਰ ਲਈ। ਇਹਦੇ ਨਾਲ ਹੀ ਉਹਨੇ ਹਜ਼ਾਰਾ ਸਿੰਘ ਤੋਂ ਜਾਣ ਦੀ ਇਜਾਜ਼ਤ ਮੰਗੀ। ਉਦੋਂ ਈ ਹਜ਼ਾਰਾ ਸਿੰਘ ਨੇ ਆਖਿਆ, "ਪਰ ਜਵਾਨ ਤੂੰ ਇਹ ਤੇ ਦੱਸਿਆ ਈ ਨ੍ਹੀਂ ਕਿ ਤੂੰ ਕਿਥੋਂ ਆਇਆ ਐਂ ਤੇ ਤੇਰੇ ਘਰ ਕਿੱਥੇ ਨੇ?"

ਰਘਬੀਰ ਸਿੰਘ ਹੱਸ ਪਿਆ ਤੇ ਆਖਣ ਲੱਗਾ, "ਮੈਂ ਰਾਵੀ ਪਾਰ ਦਾ ਆਂ। ਐਥੋਂ ਜੱਗੇ ਬੱਗੇ ਸਾਕ ਅੰਗ ਨੇ, ਉਨ੍ਹਾਂ ਨੂੰ ਮਿਲਣ ਗਿਲਣ ਆਇਆ ਸੀ। ਤੁਹਾਡੀ ਬੜੀ ਧੁੰਮ ਸੁਣੀ ਸੀ ਤੇ ਮੈਂ ਆਖਿਆ ਕਿ ਵੇਖ ਈ ਆਵਾਂ। ਇਹੋ ਜਿਹੇ ਸਾਹਨ ਆਦਮੀ ਕਦੋਂ ਰੋਜ਼ ਰੋਜ਼ ਮਿਲਦੇ ਨੇ।"

"ਅੱਛਾ!" ਹਜ਼ਾਰਾ ਸਿੰਘ ਨੇ ਆਪਣੀਆਂ ਪਤਲੀਆਂ ਜਿਹੀਆਂ ਮੁੱਛਾਂ ਨੂੰ ਵੱਟ ਦਿੰਦਿਆਂ ਆਖਿਆ। ਫੇਰ ਜਿਵੇਂ ਉਹਨੂੰ ਕੋਈ ਗੱਲ ਯਾਦ ਆ ਗਈ ਹੋਵੇ ਤੇ ਆਖਣ ਲੱਗਾ, "ਸੁਣਿਐਂ ਜੱਗੇ ਬੱਗੇ ਦਾ ਰਘਬੀਰ ਬੜਾ ਜੀ ਦਾਰ ਚੋਰ ਐ?" ਰਘਬੀਰ ਸਿੰਘ ਪਹਿਲੋਂ ਤੇ ਕੁਝ ਝਕ ਗਿਆ ਪਰ ਫੇਰ ਆਖਣ ਲੱਗਾ, "ਆਹੋ ਸੁਣਿਐਂ ਬੜਾ ਸਾਹਨ ਆਦਮੀ ਐਂ।"

"ਚੋਰ ਕੀ ਤੇ ਸਾਹਨ ਕੀ।" ਇੰਨਾ ਆਖ ਹਜ਼ਾਰਾ ਸਿੰਘ ਹੱਸਣ ਲੱਗਾ। ਫੇਰ ਇਕਦਮ ਚੁੱਪ ਹੁੰਦਾ ਬੋਲਿਆ, "ਕਦੇ ਕਤਾਰੂਗਿੱਲ ਵੱਲ ਮੂੰਹ ਕਰੇ ਤਾਂ ਦੱਸਾਂ ਕਿ ਕਿੱਡਾ ਕੁ ਸਾਹਨ ਐਂ ਉਹ।"



ਅਫਜ਼ਲ ਅਹਿਸਨ ਰੰਧਾਵਾ

ਰਘਬੀਰ ਸਿੰਘ ਮਿੰਨਾ ਜਿਹਾ ਹੱਸ ਕੇ ਚੁੱਪ ਕਰ ਗਿਆ। ਫੇਰ ਉਠਣ ਲੱਗਾ ਬੋਲਿਆ, "ਸਰਦਾਰ ਜੀ ਦੁਨੀਆਂ ਇਕ ਤੋਂ ਇਕ ਵੱਡੀ ਬਲਾ ਐ। ਪਰ ਜੇ ਉਹ ਬੜੀ ਬਲਾ ਐ ਤਾਂ ਸਾਨੂੰ ਕੀ।"

ਹਜ਼ਾਰਾ ਸਿੰਘ ਨੇ ਤਿੱਖੀ ਨਜ਼ਰੇ ਉਸ ਵੱਲ ਵੇਖਿਆ ਤੇ ਫੇਰ ਆਖਣ ਲੱਗਾ, "ਤੁਸਾਂ ਉਹਨੂੰ ਵੇਖਿਆ ਈ?"

"ਆਹੋ ਇਕ ਵਾਰੀ।"

"ਕਿਸ ਤਰ੍ਹਾਂ ਦਾ ਜਵਾਨ ਐਂ ਉਹ?"

"ਚੰਗਾ ਸੁਥਰਾ ਐ।"

"ਜੇ ਉਹ ਕਦੇ ਤੈਨੂੰ ਮਿਲੇ ਤਾਂ ਮੇਰਾ ਸੁਨੇਹਾ ਦੇਵੀਂ।" ਹਜ਼ਾਰਾ ਸਿੰਘ ਨੇ ਆਖਿਆ।

"ਤੁਸੀਂ ਉਹਨੂੰ ਜਾਣਦੇ ਓਂ ਸਰਦਾਰ ਜੀ?" ਰਘਬੀਰ ਸਿੰਘ ਨੇ ਪੁੱਛਿਆ।

"ਜਾਣਦੇ ਤਾਂ ਨ੍ਹੀਂ ਬੱਸ ਨਾਂ ਈ ਸੁਣਿਆ ਐ।"

"ਅੱਛਾ! ਚਲੋ ਦੱਸੋ ਕੀ ਸੁਨੇਹਾ ਦੇਣਾ ਐਂ ਉਹਨੂੰ?"

"ਉਹਨੂੰ ਆਖੀਂ, ਜੇ ਉਹ ਕਦੀ ਕਤਾਰੂਗਿੱਲ 'ਚੋਂ ਭੇਡ ਦਾ ਇਕ ਲੇਲਾ ਵੀ ਚੁੱਕ ਕੇ ਲੈ ਜਾਵੇ ਤਾਂ ਮੈਂ ਉਹਨੂੰ ਮੰਨਾਂ।"

"ਚੰਗਾ ਜੇ ਕਦੇ ਮਿਲਿਆ ਤਾਂ ਆਖ ਦੇਵਾਂਗਾ।" ਇੰਨਾ ਕਹਿ ਕੇ ਰਘਬੀਰ ਸਿੰਘ ਉਠਿਆ, ਹਜ਼ਾਰਾ ਸਿੰਘ ਨਾਲ ਦੁਆ ਸਲਾਮ ਕੀਤੀ, ਘੋੜੀ 'ਤੇ ਚੜ੍ਹਿਆ ਤੇ ਆਪਣੇ ਪਿੰਡ ਨੂੰ ਟੁਰ ਪਿਆ।

ਤੇ ਉਸ ਤੋਂ ਤੀਸਰੀ ਰਾਤ ਹਜ਼ਾਰਾ ਸਿੰਘ ਦਾ ਸਾਰਾ ਮਾਲ ਡੰਗਰ ਚੋਰ ਲੈ ਗਏ। ਉਂਜ ਤੇ ਚੋਰ, ਸੁੱਤੀ ਪਈ ਰਤਨੀ ਦੀਆਂ ਮੁਰਕੀਆਂ ਵੀ ਲੈ ਗਏ। ਪਰ ਰਤਨੀ ਨੇ ਆਪਣੀਆਂ ਮੁਰਕੀਆਂ ਲੱਥ ਜਾਣ ਦਾ ਭੋਗ ਈ ਨਾ ਪਾਇਆ। ਕਿਉਂਕਿ ਇਸ ਗੱਲ ਦਾ ਰਤਨੀ ਕੋਲ ਕੋਈ ਜੁਆਬ ਨਹੀਂ ਸੀ।

ਚਾਰ ਢੱਗੇ, ਚਾਰ ਮੱਝਾਂ, ਦੋ ਘੋੜੀਆਂ ਤੇ ਇਕ ਡਾਚੀ, ਹਜ਼ਾਰਾ ਸਿੰਘ ਦਾ ਸਾਰਾ ਈ ਮਾਲ ਡੰਗਰ ਈ ਚੋਰੀ ਹੋ ਗਿਆ ਸੀ। ਪਰ ਖੁਰਾ ਇਕ ਬੰਦੇ ਤੋਂ ਵੱਧ ਕਿਸੇ ਦਾ ਨਾ ਲੱਭਾ। ਤੇ ਉਹ ਵੀ ਕਤਾਰੂਗਿੱਲ ਦੀਆਂ ਗਲੀਆਂ ਦੇ ਬਾਹਰ ਨਾ ਗਿਆ। ਇਕ ਤੋਂ ਇਕ ਚੰਗਾ ਖੋਜੀ ਆਇਆ ਪਰ ਹਰ ਕੋਈ ਸਿਰ ਮਾਰ ਗਿਆ ਤੇ ਕਿਸੇ ਨੂੰ ਵੀ ਦੂਜੇ ਬੰਦੇ ਦਾ ਖੁਰਾ ਨਾ ਲੱਭਾ। ਤੇ ਉਸ ਇਕ ਬੰਦੇ ਦਾ ਖੁਰਾ ਵੀ ਕਿਹਾ ਲੱਭਾ ਜਿਹਾ ਨਾ ਲੱਭਾ ਕਿਉਂਕਿ ਨਾ ਈ ਹਜ਼ਾਰਾ ਸਿੰਘ ਤੇ ਨਾ ਈ ਕੋਈ ਹੋਰ ਸੁਣਨ ਵਾਲਾ ਇਹ ਗੱਲ ਮੰਨਦਾ ਸੀ ਕਿ ਇਹ ਇਕ ਬੰਦੇ ਦਾ ਕੰਮ ਐ। ਪੰਦਰਾਂ ਦਿਨ ਹਜ਼ਾਰਾ ਸਿੰਘ ਨੇ ਊਠਾਂ ਅਤੇ ਬੰਦਿਆਂ ਨਾਲ ਸਾਰਾ ਮਾਝਾ ਛਾਣ ਮਾਰਿਆ ਪਰ ਨਾ ਉਸ ਚੋਰ ਦਾ ਪਤਾ ਲੱਗਾ ਤੇ ਨਾ ਈ ਮਾਲ ਦਾ। ਕਿਸੇ ਆਖਿਆ, "ਠਾਣੇ ਪਰਚਾ ਦਿਉ।"

ਉਦੋਂ ਈ ਹਜ਼ਾਰਾ ਸਿੰਘ ਨੇ ਕਿਹਾ, "ਨ੍ਹੀਂ ਇਹ ਕੰਮ ਨ੍ਹੀਂ ਕਰਨਾ। ਮਾਲ ਜੋ ਲੈ ਗਿਆ ਲੈ ਗਿਆ, ਉਸ ਬੰਦੇ ਦਾ ਤੇ ਪਤਾ ਲੱਗੇ। ਉਹ ਕਿਹੜਾ ਸਾਹਨ ਐਂ ਜਿਹਨੇ ਮੇਰੇ ਘਰ ਚੋਰੀ ਕੀਤੀ ਐ।"

ਪਰ ਚੋਰ ਨਾ ਲੱਭਣਾ ਸੀ ਤੇ ਨਾ ਈ ਲੱਭਾ। ਸਾਰੇ ਮਾਝੇ ਵਿਚ ਉਸ ਚੋਰ ਦੀਆਂ ਗੱਲਾਂ ਹੁੰਦੀਆਂ ਸਨ ਜਿਹਨੇ ਵੱਡੇ ਵੱਡੇ ਚੋਰਾਂ ਨੂੰ ਹੈਰਾਨ ਕਰ ਛੱਡਿਆ ਸੀ। ਐਸ ਤਰ੍ਹਾਂ ਈ ਵੀਹ ਦਿਨ ਲੰਘ ਗਏ ਤੇ ਹਜ਼ਾਰਾ ਸਿੰਘ ਥੱਕ ਕੇ ਬਹਿ ਗਿਆ।

ਇੱਕੀਵੀਂ ਰਾਤ ਅਜੇ ਅੱਧੀ ਨਹੀਂ ਸੀ ਲੰਘੀ ਕਿ ਧੁੰਦ ਅਤੇ ਮਿੰਨੀ ਮਿੰਨੀ ਚਾਨਣੀ 'ਚ ਲਿਪਟੇ ਕਤਾਰੂਗਿੱਲ ਵਿਚ ਇਕ ਗੱਭੂਰ ਵੜਿਆ। ਚੰਦ ਦੀ ਲੋਅ ਵਿਚ ਉਸ ਦੀ ਛਵੀ ਦਾ ਫਲ ਲਿਸ਼ਕਦਾ ਪਿਆ ਸੀ। ਉਹਦਾ ਮੂੰਹ ਠਾਠੇ 'ਚ ਤੇ ਉਹਦਾ ਸਰੀਰ ਗੂੜ੍ਹੇ ਰੰਗ ਦੇ ਕੰਬਲ ਵਿਚ ਲਿਪਟਿਆ ਹੋਇਆ ਸੀ। ਉਹ ਇਕ ਕਾਨੇ ਜਿਹੇ ਨਾਲ ਹਜ਼ਾਰਾ ਸਿੰਘ ਦੇ ਸਾਰੇ ਡੰਗਰ ਹਿੱਕੀ ਆਉਂਦਾ ਪਿਆ ਸੀ। ਡੰਗਰ ਹਵੇਲੀ ਪਛਾਣ ਕੇ ਬੂਹੇ ਅੱਗੇ ਖੜ੍ਹੋ ਗਏ। ਤੇ ਗੱਭਰੂ ਕਿਸੇ ਬਾਂਦਰ ਦੀ ਫੁਰਤੀ ਨਾਲ ਦੋ ਦੋ ਬੰਦੇ ਉਚੀ ਕੰਧ 'ਤੇ ਚੜ੍ਹਿਆ ਤੇ ਖੜਕਾ ਕੀਤੇ ਬਗੈਰ ਹੌਲੀ ਜਿਹੀ ਉਹਨੇ ਅੰਦਰੋਂ ਫਾਟਕ ਖੋਲ੍ਹ ਦਿੱਤਾ। ਡੰਗਰ ਅੰਦਰ ਵਾੜੇ, ਹਵੇਲੀ ਦਾ ਅੰਦਰੋਂ ਕੁੰਡਾ ਮਾਰਿਆ ਤੇ ਫਿਰ ਉਸ ਨੇ ਬਰਾਂਡੇ ਵਿਚ ਸੁੱਤੇ ਕਾਮਿਆਂ ਵੱਲ ਵੇਖਿਆ। ਉਹ ਐਡੀ ਗੂੜ੍ਹੀ ਨੀਂਦਰੇ ਸੁੱਤੇ ਹੋਏ ਸਨ ਜਿਵੇਂ ਮਰੇ ਪਏ ਹੋਣ। ਉਹ ਹੌਲੀ ਜਿਹੀ ਹੱਸਿਆ, ਫਿਰ ਕੰਧ ਉਪਰੋਂ ਛਾਲ ਮਾਰ ਕੇ ਹੇਠਾਂ ਆਇਆ ਤੇ ਪਿੰਡੋਂ ਬਾਹਰ ਨੂੰ ਟੁਰ ਗਿਆ। ਅਗਾਂਹ ਉਹਦੀ ਮੁਸ਼ਕੀ ਘੋੜੀ ਟਾਹਲੀ ਨਾਲ ਬੱਧੀ ਹੋਈ ਸੀ। ਜਿਉਂ ਹੀ ਉਹਨੇ ਆਪਣੀ ਘੋੜੀ ਖੋਲ੍ਹੀ ਤਾਂ ਪਿਛਿਓਂ ਕਿਸੇ ਨੇ ਉਹਦੇ ਮੋਢੇ 'ਤੇ ਹੱਥ ਰੱਖਿਆ। ਉਹ ਬਿਜਲੀ ਦੀ ਫੁਰਤੀ ਨਾਲ ਉਛਲ ਕੇ ਦੂਰ ਜਾ ਖੜੋਤਾ ਤੇ ਉਸ ਆਪਣੀ ਛਵੀ ਸਿੱਧੀ ਕਰ ਕੇ ਫੜ੍ਹ ਲਈ। ਫਿਰ ਉਹਨੇ ਸਾਹਮਣੇ ਖਲੋਤੇ ਬੰਦੇ ਵੱਲ ਵੇਖਿਆ ਜਿਸ ਨੇ ਉਹਦੇ ਮੋਢੇ 'ਤੇ ਹੱਥ ਰੱਖਿਆ ਸੀ। ਗੌਹ ਨਾਲ ਵੇਂਹਦਿਆਂ ਉਹਨੂੰ ਅਹਿਸਾਸ ਹੋਇਆ ਕਿ ਉਹ ਬੰਦਾ ਨਹੀਂ, ਇਕ ਕੁੜੀ ਸੀ। ਹੱਦੋਂ ਸੋਹਣੀ ਚੰਨ ਦੀ ਲੋਅ ਵਿਚ ਕੁੜੀ ਦਾ ਚਿਹਰਾ ਇਸ ਤਰ੍ਹਾਂ ਚਮਕਦਾ ਪਿਆ ਸੀ ਜਿਵੇਂ ਧੁੱਪ ਵਿਚ ਤਾਂਬੇ ਦਾ ਥਾਲ। ਗੱਭਰੂ ਦੇ ਪਿੰਡੇ 'ਚੋਂ ਖੌਫ ਦੀ ਇਕ ਲਹਿਰ ਲੰਘ ਗਈ। ਉਦੋਂ ਹੀ ਕੁੜੀ ਹੱਸਦਿਆਂ ਆਖਣ ਲੱਗੀ, "ਸਾਡਾ ਮਾਲ ਤੇ ਮੋੜ ਚੱਲਿਆ ਐਂ ਪਰ ਤੂੰ ਆਪਣਾ ਨਾਂ ਨ੍ਹੀਂ ਦੱਸਿਆ।"

ਤੇ ਉਦੋਂ ਹੀ ਗੱਭਰੂ ਨੇ ਅੱਖਾਂ ਖੋਲ੍ਹ ਕੇ ਉਸ ਕੁੜੀ ਵੱਲ ਵੇਖਿਆ। ਫੇਰ ਆਪਣੇ ਬੋਝੇ 'ਚੋਂ ਕੁੱਝ ਕੱਢ ਕੇ ਕੁੜੀ ਨੂੰ ਆਖਣ ਲੱਗਾ, "ਇਹ ਨੇ ਰਤਨ ਕੌਰੇ ਤੇਰੀਆਂ ਮੁਰਕੀਆਂ। ਮੈਂ ਸੌਂਹ ਖਾਧੀ ਸੀ ਪਈ ਤੇਰੇ ਹੱਥਾਂ ਵਿਚ ਆਪ ਫੜਾਵਾਂਗਾ।"

ਗੱਭਰੂ ਨੇ ਕੁੜੀ ਦਾ ਹੱਥ ਫੜ੍ਹ ਕੇ ਉਹਦੀ ਤਲੀ 'ਤੇ ਮੁਰਕੀਆਂ ਰੱਖ ਦਿੱਤੀਆਂ। ਸੋਨੇ ਦੇ ਰੰਗ ਦੀ ਚਾਨਣੀ ਵਿਚ ਸੋਨਾ ਹੋਰ ਲਿਸ਼ਕਿਆ। ਗੱਭਰੂ ਛਾਲ ਮਾਰ ਕੇ ਆਪਣੀ ਘੋੜੀ 'ਤੇ ਚੜ੍ਹ ਗਿਆ। ਉਦੋਂ ਹੀ ਕੁੜੀ ਛੇਤੀ ਦੇਣੇ ਆਖਣ ਲੱਗੀ, "ਅੜਿਆ ਜੇ ਤੂੰ ਆਪਣਾ ਨਾਂ ਨ੍ਹੀਂ ਦੱਸਣਾ ਤਾਂ ਮੁਰਕੀਆਂ ਵੀ ਲੈ ਜਾਹ। ਮੈਂ ਨਿਰੀਆਂ ਮੁਰਕੀਆਂ ਦਾ ਕੀ ਕਰਨੈ।"

ਤੇ ਰਘਬੀਰ ਸਿੰਘ ਨੂੰ ਲੱਗਿਆ ਜਿਵੇਂ ਕਿਸੇ ਨੇ ਬੇੜੀਆਂ ਪਾ ਕੇ ਸਾਰੀ ਉਮਰ ਲਈ ਉਹਨੂੰ ਜੇਲ੍ਹ ਵਿਚ ਸੁੱਟ ਦਿੱਤਾ ਹੋਵੇ।

# ਸਰਘੀ ਦਾ ਵਾਸਤਾ

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮੌਤ ਦੀ ਭਿਆਨਕਤਾ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਬਹੁਤ ਦੁੱਖਦਾਈ ਹੁੰਦਾ ਹੈ, ਕਿਸੇ ਪਿਆਰੇ ਦਾ ਤੁਰ ਜਾਣਾ...ਪਲ ਪਲ ਕਰਕੇ ਕਿਰਦੇ ਸਾਹਾਂ ਦੀ ਵੇਦਨਾ, ਉਮਰ ਦੀ ਦਹਿਲੀਜ਼ 'ਤੇ ਛਿੜਕਿਆ ਦਰਦ। ਹਥਲੇ ਲੇਖ ਵਿਚ ਉਨ੍ਹਾਂ ਅਜੋਕੇ ਮਸ਼ੀਨੀ ਯੁਗ ਵਿਚ ਕੁਦਰਤ ਦੀਆਂ ਨਿਆਮਤਾਂ ਦੇ ਤਬਾਹ ਹੋ ਜਾਣ ਉਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਮਸ਼ੀਨੀ ਸ਼ੋਰ ਵਿਚ ਗੁੰਮ ਗਏ ਬੋਟਾਂ ਦੇ ਬੋਲ, ਹਵਾ ਦੀ ਰੁਮਕਣੀ, ਗੁਫਤਗੂ ਦੀ ਸਰਸਰਾਹਟ ਅਤੇ ਸੱਜਣਾਂ ਦੇ ਕਦਮਾਂ ਦੀ ਆਹਟ, ਪੈਦਾ ਕਰ ਰਹੀ ਏ ਮਨੁੱਖੀ ਸਹਿਜ ਵਿਚ ਘਬਰਾਹਟ।...ਮਾਨਵੀ ਕੁਕਰਮਾਂ ਦੀ ਸਜ਼ਾ ਭੁਗਤ ਰਹੀ ਏ ਸਰਘੀ (ਸਵੇਰ)। ਧੁਆਂਖੇ ਗਏ ਨੇ ਇਸ ਦੇ ਸਰੋਕਾਰ। ਉਹ ਚਾਹੁੰਦੇ ਹਨ, ਨਵੀਂ ਸਰਘੀ ਦੀ ਆਮਦ 'ਤੇ ਸਰਘੀ ਦਾ ਕਹਿਣਾ ਮੰਨੀਏ, ਸੁੰਗੜ ਰਹੀਆਂ ਕਿਸਮਤ ਰੇਖਾਵਾਂ ਨੂੰ ਲੰਮੇਰਾ ਕਰੀਏ, ਕਰਮਯੋਗਤਾ 'ਚੋਂ ਮਾਨਵੀ ਰਹਿਤਲ ਨੂੰ ਪਰਿਭਾਸ਼ਤ ਕਰੀਏ, ਪੌਣਾਂ ਦੇ ਨਾਮ ਰੁਮਕਣੀ ਅਤੇ ਦਰਿਆਵਾਂ ਦੇ ਨਾਮ ਰਵਾਨਗੀ ਕਰੀਏ। -ਸੰਪਾਦਕ*

ਬੜੀ ਪੀੜਤ ਏ ਸਰਘੀ ਅਤੇ ਦੁਖੀ ਨੇ ਸਰਘੀ ਦੀਆਂ ਨਿਆਮਤਾਂ। ਜੀਵਨ-ਦਾਤਾਂ ਵੰਡਣ ਵਾਲਾ ਰਹਿਬਰ ਜਦ ਆਪਣੀ ਹੋਣੀ ਦੀ ਫਿਕਰਮੰਦੀ ਵਿਚ ਧੁਖਣ ਲੱਗ ਪਵੇ ਤਾਂ ਇਸ ਦਾ ਸੇਕ ਉਸ ਦੇ ਅੰਤਰੀਵ ਨੂੰ ਲੱਗਣਾ ਸੁਭਾਵਿਕ ਹੁੰਦਾ ਏ।

ਸਰਘੀ ਵਿਚਾਰੀ ਵੀ ਕੀ ਕਰੇ? ਕਿਸ ਤਰ੍ਹਾਂ ਪਾਣੀ-ਹੀਣ ਚੂਲੀ 'ਚ ਡੁੱਬ ਮਰੇ ਅਤੇ ਕਿਸ ਕੋਲ ਫਰਿਆਦ ਕਰੇ? ਕੋਈ ਨਹੀਂ ਸੁਣਦਾ, ਉਸ ਦੇ ਦੁੱਖੜੇ। ਕਿਸੇ ਕੋਲ ਨਹੀਂ ਵਿਹਲ, ਉਸ ਦੇ ਗਮਾਂ ਦੀ ਹਾਥ ਪਾਉਣ ਦੀ ਅਤੇ ਚਸਕਦੇ ਜ਼ਖਮਾਂ 'ਤੇ ਮਰਹਮ ਲਾਉਣ ਦੀ? ਕਿਸੇ ਦੀ ਆਤਮਾ ਨਹੀਂ ਪਸੀਜਦੀ ਦਰਦ 'ਚ ਅਤੇ ਨਾ ਹੀ ਕਿਸੇ ਦੀ ਅੱਖ ਵਿਚ ਹੰਝੂ ਛਲਕਦਾ ਏ, ਵੇਦਨਾ ਸੁਣ ਕੇ? ਚਾਰੇ ਪਾਸਿਉਂ ਘਿਰੀ ਸਰਘੀ, ਰਹਿ ਗਈ ਏ ਦਰਦੀਲੀ ਗਾਥਾ ਦੀ ਪਾਤਰ। ਪਰ ਕੌਣ ਪੜ੍ਹੇਗਾ ਹਉਕਿਆਂ ਦੀ ਵਾਰਤਾ?

ਸਰਘੀ ਦਾ ਸਮੁੱਚ, ਅੰਗਹੀਣ। ਇਸ ਦੀਆਂ ਸੁਰਤਾਲਾਂ, ਅੰਤਹੀਣ। ਇਸ ਦਾ ਸੰਦਲਾਪਣ, ਰੰਗਹੀਣ। ਇਸ ਦੀ ਸੁੰਦਰਤਾ, ਕੋਹਜ ਦੀ ਮਾਰੀ। ਇਸ ਦੇ ਚੌਗਿਰਦੇ 'ਚ ਗੰਧਲਾਪਣ ਭਾਰੀ। ਇਸ ਦੇ ਨੂਰ-ਵਿਹੜੇ, ਹਨੇਰਿਆਂ ਦੀ ਸਰਦਾਰੀ। ਇਸ ਦੇ ਮੁੱਖੜੇ 'ਤੇ ਲਾਲੀ ਬਿਖੇਰਨ ਵਾਲਾ ਰੁੱਸਿਆ ਪਿਆ ਏ ਲਲਾਰੀ ਅਤੇ ਇਸ ਦੇ ਨੈਣ-ਸਮੁੰਦਰਾਂ ਵਿਚ ਖਾਰਾਪਣ ਤਾਰੀ।

ਮਾਨਵੀ ਕੁਕਰਮਾਂ ਦੀ ਸਜ਼ਾ ਭੁਗਤ ਰਹੀ ਏ ਸਰਘੀ। ਧੁਆਂਖੇ ਗਏ ਨੇ ਇਸ ਦੇ ਸਰੋਕਾਰ। ਮਲੀਆਮੇਟ ਕਰ ਦਿਤੇ ਨੇ ਜਿਉਣ ਜੋਗੇ ਪੈੜ-ਚਿੰਨ੍ਹ। ਵਾਸ਼ਪ ਹੋ ਗਏ ਨੇ ਮਨੁੱਖੀ ਰਾਹਾਂ ਵਿਚ ਡੋਲ੍ਹੇ ਜਾਣ ਵਾਲੇ ਪਾਣੀ ਅਤੇ ਚੋਇਆਂ 'ਚੋਂ ਖੁਰ ਰਹੀ ਏ ਇਸ ਦੀਆਂ ਕਰਾਮਾਤਾਈ ਦਾਤਾਂ ਦੀ

*ਸਰਘੀ ਦੀ ਲੋਚਾ ਏ ਕਿ ਹਰ ਮਨੁੱਖ, ਇਨਸਾਨੀਅਤ ਦਾ ਮਾਰਗ ਅਪਨਾਵੇ, ਉਸ ਦੀ ਕਰਮ ਸ਼ੈਲੀ 'ਚੋਂ ਸਰਬਸੁੱਖ ਅਤੇ ਸੁਮੱਤ-ਕਾਮਨਾ ਦੀ ਸੁਗੰਧ ਆਵੇ, ਬਨਸਪਤੀ ਨੂੰ ਮੌਲਣ ਅਤੇ ਵਿਗਸਣ ਦਾ ਵਰ ਮਿਲੇ, ਜੀਵ-ਸੰਸਾਰ ਨੂੰ ਆਪਣੇ ਰੰਗ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੋਵੇ, ਹਰ ਪ੍ਰਾਣੀ ਨੂੰ ਆਪਣੀਆਂ ਰੀਝਾਂ ਅਤੇ ਸ਼ੌਂਕ ਪੁਗਾਉਣ ਦਾ ਮੌਕਾ ਅਤੇ ਮੁਹਲਤ ਮਿਲੇ, ਪਰਬਤਾਂ, ਸਮੁੰਦਰਾਂ, ਜੰਗਲਾਂ, ਮਾਰੂਥਲਾਂ ਆਦਿ ਵਿਚ ਜੀਵਨ ਦਾ ਕਾਰਵਾਂ ਚਲਦਾ ਰਹੇ, ਮਕਾਨ ਅਤੇ ਮਹਿਲ, ਘਰ ਬਣਨ, ਮਕਾਨਕੀ ਜ਼ਿੰਦਗੀ ਤੋਂ ਕੁਝ ਕੁ ਵਿੱਥ ਬਣੀ ਰਹੇ, ਖੇਤਾਂ 'ਚ ਉਗਦੀਆਂ ਰਹਿਣ ਜਿਉਣ ਜੋਗੀਆਂ ਫਸਲਾਂ ਅਤੇ ਹਰ ਸਾਹ ਨੂੰ ਮਿਲਦੀ ਰਹੇ ਉਪਜੀਵਕਾ।*

ਸਦੀਆਂ ਪੁਰਾਣੀ ਕਹਾਣੀ।

ਕਦੇ ਵੇਲਾ ਸੀ, ਅੰਮ੍ਰਿਤ ਵੇਲੇ ਸਰਘੀ ਮਨੁੱਖਤਾ ਦੀ ਆਰਤੀ ਉਤਾਰਦੀ ਸੀ ਅਤੇ ਉਸ ਦੀ ਚਿਰੰਜੀਵਤਾ ਲਈ ਸੁੱਚੀਆਂ ਨਿਆਮਤਾਂ ਦੀ ਰਹਿਮਤ ਉਸ ਦੀ ਝੋਲੀ ਵਿਚ ਪਾਉਂਦੀ ਸੀ। ਲੰਮੀ ਉਮਰ ਦੀਆਂ ਦੁਆਵਾਂ, ਉਸ ਦੀ ਚਾਹਨਾ। ਜੀਵ-ਜੰਤੂਆਂ ਦੀ ਸਿਹਤਯਾਬੀ, ਉਸ ਦੀ ਅਰਦਾਸ। ਹਰ ਰੰਗ ਨੂੰ ਮਾਨਣ ਦੀ ਅਸੀਸ। ਸਭਜੀਵਾਂ ਵਿਚ ਇਕਸੁਰਤਾ ਅਤੇ ਇਕਸਾਰਤਾ, ਉਸ ਦੀ ਤਮੰਨਾ ਅਤੇ ਕਾਇਨਾਤ ਦੀ ਪ੍ਰਫੁਲਤਾ, ਉਸ ਦਾ ਧਰਮ।

ਹੁਣ ਨਜ਼ਰ ਨਹੀਂ ਆਉਂਦਾ ਸਰਘੀ ਦਾ ਤਾਰਾ। ਧੂੰਏ ਦੇ ਗੁਬਾਰ ਨੇ ਅਲੋਪ ਕਰ ਦਿਤਾ ਏ ਤਾਰਿਆਂ ਦਾ ਛੱਜ। ਤਾਰਿਆਂ ਸੰਗ ਗੁਫਤਗੂ ਬੀਤੇ ਦੀ ਬਾਤ। ਰਾਤ ਦੀ ਸ਼ਾਂਤੀ ਭੰਗ। ਰਾਤ ਦਾ ਸਹਿਜ ਅਤੇ ਇਸ ਦੀ ਸਾਰਥਕਤਾ, ਮਨੁੱਖੀ ਦੌੜ ਨੇ ਖਾਧੀ। ਜੀਵਾਂ ਦਾ ਸੌਣਾ ਹਰਾਮ, ਹਰ ਪਾਸੇ ਦਿਨ-ਰਾਤ ਪੈ ਰਹੇ ਸ਼ੋਰ ਵਿਚ ਕੋਈ ਕਿਸ ਤਰ੍ਹਾਂ ਮਾਣ ਸਕਦਾ ਏ ਨੀਂਦ ਦਾ ਅਨੰਦ। ਸਰਘੀ ਦੇ ਤਾਰੇ ਜਿਹੀ ਹੋਣੀ ਵਾਲੇ ਮਨੁੱਖ ਦੀ ਅੱਖ ਵਿਚ ਕੌਣ ਧਰੇਗਾ ਚਾਨਣ ਦੀ ਕਾਤਰ ਅਤੇ ਕਿਹੜਾ ਮਸਤਕ ਕਰੇਗਾ ਤਾਰਾ-ਮੰਡਲ ਦੇ ਵਰਦਾਨਾਂ ਦੀ ਅਰਾਧਨਾ? ਵਾਸਤਾ ਈ! ਇਸ ਦੇ ਮੱਥੇ ਦਾ ਟਿੱਕਾ, ਸਰਘੀ ਦਾ ਤਾਰਾ ਕਿਤੋਂ ਤਾਂ ਢੂੰਡ ਲਿਆਵੋ ਅਤੇ ਕਰੂਪ ਸਰਘੀ ਨੂੰ ਸਜਾਵੋ।

ਸਰਘੀ ਕਿਸ ਤਰ੍ਹਾਂ ਸਰਘੀ ਕਹਿਣ ਦਾ ਹੱਕ ਜਿਤਾਵੇ ਜਦ ਉਸ ਦੀ ਤਾਸੀਰ ਹੀ ਫਿਜ਼ਾ ਨੂੰ ਸਿਸਕਦੇ ਸਾਹਾਂ ਦੀ ਖੈਰਾਤ ਪਾਵੇ। ਨਿਰਮਲ, ਤਾਜ਼ੀ ਅਤੇ ਸਾਫ ਹਵਾ ਦੇ ਲੰਮੇ ਲੰਮੇ ਸਾਹ ਬਖਸ਼ਣ ਵਾਲੀ ਸਰਘੀ ਵਿਚ ਘੁਲ ਗਈ ਏ ਧੂੰਏ ਅਤੇ ਧੂੜ ਦੇ ਕਣਾਂ ਦੀ ਬਹੁਤਾਤ। ਬਾਸੀ ਅਤੇ ਦੁਰਗੰਧਤ ਪੌਣ ਕਿਸ ਤਰ੍ਹਾਂ ਸਾਹ-ਸਾਜ਼ ਵਜਾਵੇ ਅਤੇ ਲੰਮੇਰੀ ਉਮਰ ਦੀ ਕਾਮਨਾ, ਹਰ ਪ੍ਰਾਣੀ ਦੇ ਨਾਮ ਲਾਵੇ? ਜਦ ਸਾਹਾਂ ਨੂੰ ਹੀ ਸਿਸਕਣਾ ਪੈ ਜਾਵੇ ਤਾਂ ਕੌਣ ਭਰੇਗਾ ਤੁਹਾਡੇ ਲਈ ਸ਼ੁਭ-ਕਾਮਨਾ ਦਾ ਹੁੰਗਾਰਾ?

ਭਲੇ ਵਕਤਾਂ 'ਚ ਬਿਰਖ ਦੇ ਪੱਤੇ ਗੁਣਗਣਾਉਂਦੇ, ਬੋਟ ਆਲ੍ਹਣਿਆਂ 'ਚ ਸੰਗੀਤਕ ਮਹਿਫਿਲਾਂ ਸਜਾਉਂਦੇ ਅਤੇ ਸ਼ੁਭ-ਸਵੇਰ ਦਾ ਅਲਾਪ ਉਪਜਾਉਂਦੇ। ਪਰਿੰਦਿਆਂ ਦੀ ਗੁਟਕਣੀ, ਕੁਦਰਤ ਦੇ ਸਭ ਤੋਂ ਹਸੀਨ ਪਲ। ਇਹ ਪਲ ਹੀ ਰੂਹ ਦੀ ਖੁਰਾਕ ਅਤੇ ਜੀਵਨ ਦੀ ਮਘਦੀ ਚੰਗਿਆਈ। ਮਸ਼ੀਨੀ ਸ਼ੋਰ ਵਿਚ ਗੁੰਮ ਗਏ ਬੋਟਾਂ ਦੇ ਬੋਲ, ਹਵਾ ਦੀ ਰੁਮਕਣੀ, ਗੁਫਤਗੂ ਦੀ ਸਰਸਰਾਹਟ ਅਤੇ ਸੱਜਣਾਂ ਦੇ ਕਦਮਾਂ ਦੀ ਆਹਟ, ਪੈਦਾ ਕਰ ਰਹੀ ਏ ਮਨੁੱਖੀ ਸਹਿਜ ਵਿਚ ਘਬਰਾਹਟ। ਮਨ ਦੇ ਰੁਦਨ ਨੂੰ ਮਿਟਾਉਣ ਖਾਤਰ ਅਸੀਂ ਸੁਯੋਗ ਉਪਾਅ ਕਰਕੇ ਸਰਘੀ ਦੇ ਸੁੰਗੜਦੇ ਸਾਹਾਂ ਨੂੰ ਕੁਝ ਰਾਹਤ ਤਾਂ ਦਿਵਾ ਹੀ ਸਕਦੇ ਹਾਂ।

ਕਦੇ ਤ੍ਰੇਲ ਧੋਤੇ ਪੱਤੇ ਮਨੁੱਖੀ ਸੋਚ ਵਿਚ ਤਾਜ਼ਗੀ ਭਰਦਿਆਂ ਬਣਦੇ ਸਨ ਮਾਨਵੀ ਗੁਣਾ ਦਾ ਆਧਾਰ, ਹੁੰਦਾ ਸੀ ਸੁਹਜ ਸੋਚ ਦਾ ਪਸਾਰ ਅਤੇ ਰਿਤਕਣੀ ਬਣਦੇ ਸਨ ਸੂਹੇ ਵਿਚਾਰ। ਕਰਮ ਸ਼ੈਲੀ ਵਿਚ ਸਪੱਸ਼ਟਤਾ ਅਤੇ ਸਾਫਗੋਈ ਅਪਨਾਉਣ ਦਾ ਕਰਦਾ ਸੀ ਮਨ ਇਕਰਾਰ ਅਤੇ ਇਸ ਨਾਲ ਹੁੰਦਾ ਸੀ ਸਰਬਰੰਗੀ ਸ਼ਖਸੀਅਤ ਦਾ ਵਿਸਥਾਰ।

ਉਹ ਵੀ ਵੇਲਾ ਸੀ ਜਦ ਖੂਹ ਦੀਆਂ ਟਿੰਡਾਂ ਵਿਚੋਂ ਭਰਦਾ ਪਾਣੀ ਸਰਘੀ ਨੂੰ ਖੁਸ਼ਆਮਦੀਦ ਕਹਿੰਦਾ ਸੀ, ਕੋਈ ਬਜ਼ੁਰਗ ਔਲੂ ਵਿਚ ਡੁੱਬਕੀਆਂ ਮਾਰਦਾ, ਵਾਹਿਗੁਰੂ ਦਾ ਨਾਮ ਉਚਾਰਦਾ, ਸਭ ਦੀ ਖੁਸ਼ਹਾਲੀ ਅਤੇ ਤੰਦਰੁਸਤੀ ਲਈ ਅਰਦਾਸ ਕਰਦਾ ਸੀ। ਕਿੱਧਰੇ ਪਪੀਹੇ ਦੇ ਮਿਠੜੇ ਬੋਲ ਫਿਜ਼ਾ ਵਿਚ ਸੁਗੰਧੀ ਫੈਲਾਉਂਦੇ ਸਨ, ਖੇਤਾਂ ਵਿਚ ਲਹਿਰਾਉਂਦੀਆਂ ਫਸਲਾਂ ਦਾ ਨਜ਼ਾਰਾ ਅਤੇ ਖਾਲਾਂ-ਬੰਨਿਆਂ 'ਤੇ ਅੰਮ੍ਰਿਤ ਵੇਲੇ ਦਾ ਗੇੜਾ ਮਨੁੱਖ ਦੇ ਅੰਦਰ ਕੋਮਲਤਾ ਰਮਾਉਂਦਾ ਸੀ। ਕੁਦਰਤ ਦਾ ਇਕ ਅਦਨਾ ਜਿਹਾ ਜੀਵ ਬਣ ਕੇ ਇਸ ਦੀ ਨਿੱਘੀ ਸੰਗਤ 'ਚ ਜੀਵਨ ਦਾ ਭੇਤ ਪਾਉਂਦਾ ਸੀ। ਪਰ ਹੁਣ ਇਹ ਸਭ ਬੀਤੇ ਵਕਤਾਂ ਦੀਆਂ ਗੱਲਾਂ ਬਣ ਕੇ ਰਹਿ ਗਈਆਂ ਨੇ। ਸਹਿਜਮਈ ਜੀਵਨ 'ਤੇ ਭਾਰੂ ਏ ਮਕਾਨਕੀ ਜ਼ਿੰਦਗੀ। ਰੋਬੋਟ ਬਣੇ ਮਨੁੱਖ ਵਿਚੋਂ ਭਾਵਨਾਵਾਂ ਦਾ ਕਿਆਸ ਕਰਨਾ ਏ ਵਿਅਰਥ।

ਸਰਘੀ ਸਹਿਕਦੀ ਏ ਉਨ੍ਹਾਂ ਪਲਾਂ ਨੂੰ ਜਦ ਅਫਗਾਨੀ, ਇਰਾਕੀ, ਸੁਮਾਲੀ, ਕਬਾਇਲੀ ਜਾਂ ਆਦਿਵਾਸੀ ਬੱਚਿਆਂ ਦੀ ਸੋਚ ਵਿਚੋਂ ਬੰਬਾਂ ਅਤੇ ਗੋਲੀਆਂ ਦੀ ਦਹਿਸ਼ਤ ਅਲੋਪ ਹੋ ਜਾਵੇਗੀ। ਉਨ੍ਹਾਂ ਦੀਆਂ ਮਾਸੂਮ ਸੋਚ-ਤਰੰਗਾਂ ਵਿਚੋਂ ਪੂਰਨੇ, ਮੁਹਾਰਨੀਆਂ ਅਤੇ ਹਰਫਾਂ ਦੀ ਲੋਅ ਉਜਾਗਰ ਹੋਵੇਗੀ, ਆਂਦਰਾਂ ਦੀ ਸਹਿਕਣੀ 'ਚੋਂ ਟੁੱਕਰ ਦੀ ਭਾਲ ਦਾ ਹੇਰਵਾ ਨਹੀਂ ਰਹੇਗਾ ਅਤੇ ਉਹ ਆਪਣੇ ਬਚਪਨੇ ਨੂੰ ਮਾਣਦਿਆਂ ਕੁਦਰਤ ਦੇ ਲਾਡਲੇ ਖਿਡੌਣੇ ਬਣ ਕੇ ਸਰਘੀ ਦਾ ਜੀ ਪਰਚਾਉਣਗੇ।

ਯਾਦ ਰੱਖਣਾ! ਉਦੈ ਹੋਣ ਵਾਲਾ ਭਵਿੱਖਮੁਖੀ ਕਿਰਨ-ਕਾਫਲਾ ਹੀ ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗ ਦਰਸ਼ਨ ਕਰਦਾ ਏ ਜੋ ਸਮਾਜਿਕ ਮੁਹਾਂਦਰੇ ਨੂੰ ਨਿਖਾਰਨ ਲਈ ਪਹਿਲ ਬਣਦਾ ਏ।

ਸਰਘੀ ਨੂੰ ਆਸ ਏ ਕਿ ਕਦੇ ਤਾਂ ਉਸ ਦੇ ਚਾਨਣ ਵਿਚ ਨਹਾਉਣ ਵਾਲੇ ਮਨੁੱਖ ਦੀ ਜੀਵਨ ਸ਼ੈਲੀ ਵਿਚ ਕੁਦਰਤ ਸੰਗ ਇਕਸੁਰਤਾ ਪੁਨਰ ਸੁਰਜੀਤ ਹੋਵੇਗੀ। ਉਹ ਹਵਾ, ਪਾਣੀ ਅਤੇ ਧਰਤ ਦੀ ਪਲੀਤੀ ਨੂੰ ਆਪਣਾ ਗੰਧਲਾਪਣ ਸਮਝ ਇਸ ਦੀ ਸ਼ੁਫਾਫਤ ਵੰਨੀਂ ਉਚੇਚੇ ਸਾਰਥਕ ਉਪਰਾਲਿਆਂ ਦਾ ਸਿਰਲੇਖ ਬਣ ਕੇ, ਕੁਦਰਤੀ ਸਰੋਤਾਂ 'ਚੋਂ ਆਪਣੀ ਸਥਿਰਤਾ ਅਤੇ ਸਦੀਵਤਾ ਦਾ ਪਾਠ ਪੜ੍ਹਨਾ ਸ਼ੁਰੂ ਕਰੇਗਾ।

ਸਰਘੀ ਦੀ ਤਮੰਨਾ ਏ ਕਿ ਮਨੁੱਖੀ ਭਾਵਨਾਵਾਂ ਵਿਚੋਂ ਵਾਸ਼ਪ ਹੋ ਚੁਕੇ ਸੁੱਚੇ ਸਰੋਕਾਰਾਂ ਦੀ ਰਹਿਤਲ ਮੁੜ ਸੁਰਜੀਤ ਹੋਵੇ, ਅਬਲਾ ਦੇ ਦਰਦ ਵਿਚ ਪਸੀਜਣ ਦੀ ਜਾਚ ਆਵੇ, ਡੰਗੋਰੀ ਦੀ ਪੀੜਾ ਨੂੰ ਸਮਝਣ ਦੀ ਸੁਮੱਤ ਆਵੇ, ਛਾਂ ਅਤੇ ਛੱਤ ਵਿਹੂਣੇ ਬੋਟਾਂ ਦੀ ਦਰਦੀਲੀ ਗਾਥਾ ਨੂੰ ਆਪਣੇ ਅੰਤਰੀਵ ਵਿਚ ਉਤਾਰਨ ਦਾ ਵੱਲ ਆਵੇ, ਆਪਸੀ ਮੁਹੱਬਤ ਅਤੇ ਭਾਈਚਾਰਕ ਸਾਂਝ ਦੀ ਬਾਣੀ ਕੰਠ ਹੋ ਜਾਵੇ, ਤ੍ਰਿਸੂਲ ਅਤੇ ਤਲਵਾਰ ਗਰੀਬ ਦੀ ਢਾਲ ਬਣ ਜਾਵੇ, ਮਨੁੱਖੀ ਚੀਥੜਿਆਂ ਅਤੇ ਰੱਤ ਨਾਲ ਲਿਬੜੀ ਖੂਨੀ ਰੁੱਤ ਕਦੇ ਵੀ ਸਰਘੀ ਦਾ ਦਰ ਨਾ ਖੜਕਾਵੇ, ਧਰਤੀ 'ਤੇ ਪਸਰੀ ਗਹਿਰ, ਸੂਰਜ ਨੂੰ ਗ੍ਰਹਿਣ ਨਾ ਲਾਵੇ ਅਤੇ ਨਾ ਹੀ ਸਰਘੀ ਦਾ ਰੰਗਲਾਪਣ, ਪਿਲੱਤਣਾਂ ਦੀ ਜੂਨ ਹੰਢਾਵੇ।

ਸਰਘੀ ਚੂਸਣਾ ਚਾਹੁੰਦੀ ਏ ਚਿੱਟੀਆਂ ਚੁੰਨੀਆਂ ਦਾ ਰੁਦਨ, ਸੁੰਨੀਆਂ ਸੇਜਾਂ ਦੀ ਮਾਤਮੀ ਹੂਕ, ਮਰਨਹਾਰੀਆਂ ਆਸਾਂ ਦੀ ਵਿਲਕਣੀ, ਬਨੇਰਿਆਂ 'ਤੇ ਬੁਝੇ ਦੀਵਿਆਂ ਦੀ ਲੇਰ, ਮਰ ਗਈ ਉਡੀਕ ਦਾ ਸੋਗ, ਆਂਦਰਾਂ ਨੂੰ ਮਾਰੀ ਗੰਢ ਦਾ ਦੁੱਖੜਾ ਅਤੇ ਆਪਣੇ ਜਾਇਆਂ ਦੇ ਦੀਦ ਨੂੰ ਲੋਚਦੀ ਬਜ਼ੁਰਗੀ ਨੀਝ ਦਾ ਤਰਲਾ।

ਸਰਘੀ ਦੀ ਲੋਚਾ ਏ ਕਿ ਹਰ ਮਨੁੱਖ,



ਇਨਸਾਨੀਅਤ ਦਾ ਮਾਰਗ ਅਪਨਾਵੇ, ਉਸ ਦੀ ਕਰਮ ਸ਼ੈਲੀ 'ਚੋਂ ਸਰਬਸੁੱਖ ਅਤੇ ਸੁਮੱਤ-ਕਾਮਨਾ ਦੀ ਸੁਗੰਧ ਆਵੇ, ਬਨਸਪਤੀ ਨੂੰ ਮੌਲਣ ਅਤੇ ਵਿਗਸਣ ਦਾ ਵਰ ਮਿਲੇ, ਜੀਵ-ਸੰਸਾਰ ਨੂੰ ਆਪਣੇ ਰੰਗ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੋਵੇ, ਹਰ ਪ੍ਰਾਣੀ ਨੂੰ ਆਪਣੀਆਂ ਰੀਝਾਂ ਅਤੇ ਸ਼ੌਂਕ ਪੁਗਾਉਣ ਦਾ ਮੌਕਾ ਅਤੇ ਮੁਹਲਤ ਮਿਲੇ, ਪਰਬਤਾਂ, ਸਮੁੰਦਰਾਂ, ਜੰਗਲਾਂ, ਮਾਰੂਥਲਾਂ ਆਦਿ ਵਿਚ ਜੀਵਨ ਦਾ ਕਾਰਵਾਂ ਚਲਦਾ ਰਹੇ, ਮਕਾਨ ਅਤੇ ਮਹਿਲ, ਘਰ ਬਣਨ, ਮਕਾਨਕੀ ਜ਼ਿੰਦਗੀ ਤੋਂ ਕੁਝ ਕੁ ਵਿੱਥ ਬਣੀ ਰਹੇ, ਖੇਤਾਂ 'ਚ ਉਗਦੀਆਂ ਰਹਿਣ ਜਿਉਣ ਜੋਗੀਆਂ ਫਸਲਾਂ ਅਤੇ ਹਰ ਸਾਹ ਨੂੰ ਮਿਲਦੀ ਰਹੇ ਉਪਜੀਵਕਾ।

ਨਵੀਂ ਸਰਘੀ ਦੀ ਆਮਦ 'ਤੇ ਸਰਘੀ ਦਾ ਕਹਿਣਾ ਮੰਨੀਏ, ਸੁੰਗੜ ਰਹੀਆਂ ਕਿਸਮਤ ਰੇਖਾਵਾਂ ਨੂੰ ਲੰਮੇਰਾ ਕਰੀਏ, ਕਰਮਯੋਗਤਾ 'ਚੋਂ ਮਾਨਵੀ ਰਹਿਤਲ ਨੂੰ ਪਰਿਭਾਸ਼ਤ ਕਰੀਏ, ਪੌਣਾਂ ਦੇ ਨਾਮ ਰੁਮਕਣੀ ਅਤੇ ਦਰਿਆਵਾਂ ਦੇ ਨਾਮ ਰਵਾਨਗੀ ਕਰੀਏ, ਟੁੱਟੇ ਖੰਭਾਂ 'ਚ ਅੰਬਰੀ ਉਡਾਣ ਭਰੀਏ, ਵਿਲਕਦੇ ਬੋਟਾਂ ਲਈ ਚੋਗ ਦਾ ਕੋਈ ਆਹਰ ਕਰੀਏ ਅਤੇ ਆਪਣੇ ਸੋਚ ਆਲੇ ਵਿਚ ਜਗਦਾ ਦੀਵਾ ਧਰੀਏ।

ਸਰਘੀ ਦਾ ਸੁਪਨਾ ਏ ਕਿ ਸਵੇਰੇ ਚਹਿਕਦੀਆਂ ਚਿੜੀਆਂ ਦਾ ਸੰਗੀਤ ਕਾਇਨਾਤ ਨੂੰ ਗੂੜ੍ਹੀ ਨੀਂਦ 'ਚੋਂ ਜਗਾਵੇ, ਹਰ ਡਾਲ ਹਰੀਆਂ ਕਚੂਰ ਪੱਤੀਆਂ ਨੂੰ ਪਿੰਡੇ ਦਾ ਹਾਰ ਬਣਾਵੇ, ਕੁਦਰਤ ਰਾਣੀ ਹਰ ਟਾਹਣੀ ਨੂੰ ਡੋਡੀਆਂ ਦਾ ਸ਼ਗਨ ਪਾਵੇ, ਹਰ ਡੋਡੀ ਨੂੰ ਖਿੜਨ ਦਾ ਵਰ ਮਿਲੇ, ਹਰ ਫੁੱਲ ਨੂੰ ਜਵਾਨੀ ਮਾਨਣ ਅਤੇ ਆਪਣੀ ਅਉਧ ਪੁਗਾਉਣ ਦੀ ਆਸਥਾ ਨਸੀਬ ਹੋਵੇ, ਫੁੱਲ ਪੱਤੀਆਂ 'ਤੇ ਡਲਕਦੀ ਤ੍ਰੇਲ 'ਚੋਂ ਚਾਨਣ ਝਰੇ, ਮਹਿਕਾਂ ਅਤੇ ਸੁਗੰਧੀਆਂ ਦਾ ਕਾਫਲਾ ਫਿਜ਼ਾ ਦੀ ਹਰ ਨੁੱਕਰ ਨੂੰ ਸੁਗੰਧਤ ਕਰੇ, ਭੌਰਿਆਂ ਅਤੇ ਤਿਤਲੀਆਂ ਦੇ ਪਰਾਂ 'ਚ ਸੰਗੀਤ ਛਹਿਬਰ ਵਰ੍ਹੇ ਅਤੇ ਚਹਿਕਦਾ ਚਮਨ ਵਿਹੜੇ ਦੀ ਆਭਾ ਵਿਚ ਵਾਧਾ ਕਰੇ।

ਨਵੇਂ ਸਾਲ ਦੀ ਪਹਿਲੀ ਸਰਘੀ ਤੁਹਾਡੇ ਸੁਪਨਿਆਂ ਨੂੰ ਆਪਣੀ ਸੋਚ ਦੇ ਹਾਣੀ ਬਣਾਉਣ ਦੀ ਦੁਆ ਕਰੇ। ਚਾਹੇ ਕਿ ਸਭ ਨੂੰ ਘਰ ਬਣਾਉਣ ਅਤੇ ਘਰਾਂ ਨੂੰ ਸਿਰਜਣਾਤਮਿਕਤਾ ਦੀ ਅਸੀਸ ਮਿਲੇ, ਰਿਸ਼ਤਿਆਂ ਵਿਚ ਨਿੱਘ ਅਤੇ ਸਕੂਨ ਦਾ ਵਾਸਾ ਹੋਵੇ ਅਤੇ ਤੁਹਾਡੇ ਮਸਤਕ ਵਿਚ ਸਹਿਜ, ਸੂਖਮ ਅਤੇ ਸੰਦਲੀ ਭਾਵਨਾਵਾਂ ਦਾ ਸੰਚਾਰ ਹੋਵੇ।

## ਕਾਵਿ ਜਗਤ

### ਆਪਣੇ ਹੱਥੀਂ...

ਬਿਨਾਂ ਜਹਿਰ ਤੋਂ ਪੈਦਾ ਹੁੰਦਾ ਹੁਣ ਨਾ ਕੋਈ ਅਹਾਰ।
ਆਪਣੇ ਹੱਥੀਂ ਆਪਣੇ ਘਰ ਹੀ ਫੂਕ ਰਹੇ ਹਾਂ ਯਾਰ।

ਕਣਕ, ਚਾਵਲ ਤੇ ਮੱਕੀ ਜੋ ਨੇ ਮਾਨਵ ਲਈ ਸੌਗਾਤਾਂ।
ਦੁੱਧ, ਲੱਸੀ ਤੇ ਮੱਖਣ ਜਿਹੀਆਂ ਅਣ ਮੁੱਲੀਆਂ ਦਾਤਾਂ।
ਹਰ ਇੱਕ ਸ਼ੈਅ ਦੇ ਵਿਚ ਮਿਲਾਵਟ ਕੀ ਕਰੀਏ ਇਤਬਾਰ।
ਆਪਣੇ ਹੱਥੀਂ ਆਪਣੇ ਘਰ ਹੀ ਫੂਕ ਰਹੇ ਹਾਂ ਯਾਰ।

ਕੀ ਖਰਬੂਜਾ, ਕੀ ਲੀਚੀਆਂ, ਕੀ ਖਾਈਏ ਤਰਬੂਜ?
ਨਾਲ ਦਵਾਈਆਂ ਪਕਦੇ ਸਾਰੇ ਅੰਬ, ਕੇਲੇ, ਅਮਰੂਦ।
ਫਲ ਬਨਾਉਟੀ ਲਗਦੇ ਸਾਰੇ ਵਿਕਣ ਜੋ ਵਿਚ ਬਾਜ਼ਾਰ।
ਆਪਣੇ ਹੱਥੀਂ ਆਪਣੇ ਘਰ ਹੀ ਫੂਕ ਰਹੇ ਹਾਂ ਯਾਰ।

ਸਬਜ਼ੀ ਦੇ ਵਿਚ ਭਿੰਡੀ, ਤੋਰੀ, ਕੱਦੂ ਵੀ ਜਹਿਰੀਲਾ।
ਨਰਕਾਂ ਵੱਲ ਵਹੀਰਾਂ ਘੱਤੀਆਂ ਕਰੋ ਬਚਣ ਦਾ ਹੀਲਾ।
ਇਨ੍ਹਾਂ ਦੇ ਸਪਰੇਅ ਜਹਿਰ ਦੇ ਹੋ ਰਹੇ ਬੇਸ਼ੁਮਾਰ।
ਆਪਣੇ ਹੱਥੀਂ ਆਪਣੇ ਘਰ ਹੀ ਫੂਕ ਰਹੇ ਹਾਂ ਯਾਰ।

ਕੁਦਰਤ ਦੇ ਨਾਲ ਛੇੜ-ਛਾੜ ਕਰ ਬੰਦਾਂ ਕਰੇ ਚਲਾਕੀ।
ਇੱਕ ਦਿਨ ਸੁੰਦਰ ਧਰਤੀ ਉਤੇ ਰੰਗ ਨਾ ਰਹਿਣੇ ਬਾਕੀ।
ਨੋਟਾਂ ਨਾਲ ਜਾਏ ਖਰੀਦੀ 'ਗੁਰਮੀਤ' ਇਹ ਮੌਜ ਬਹਾਰ।
ਆਪਣੇ ਹੱਥੀ ਆਪਣੇ ਘਰ ਹੀ ਫੂਕ ਰਹੇ ਹਾਂ ਯਾਰ।

*-ਗੁਰਮੀਤ ਰਾਣਾ*
*ਫੋਨ: 91-98767-52255*

### ਲੀਡਰ

ਬੇਸ਼ਕ ਕਹਿਣ ਨੂੰ ਬਾਰਡਰ ਸੀਲ ਹੈ
ਨਿਗਰਾਨੀ ਚੱਪਾ ਚੱਪਾ ਮੀਲ-ਮੀਲ ਆ
ਫਿਰ ਵੀ ਆ ਜਾਂਦੇ ਨੇ ਕਿਵੇਂ ਟੱਪ ਕੇ?
ਬਸ! ਲੀਡਰ ਇੱਕ ਦੂਜੇ ਦੀਆਂ ਮੁੱਛਾਂ ਪੱਟਦੇ।

ਦਿੰਦੇ ਬਿਆਨ ਲੀਡਰ ਸਦਾ ਕੁਰਸੀ ਨੂੰ ਚੇਤੇ ਰੱਖ ਕੇ
ਸ਼ਹੀਦਾਂ ਦੇ ਵਾਰਸ ਰਹਿ ਜਾਂਦੇ ਤਰਸ ਦਾ ਪਾਤਰ ਬਣ ਕੇ
ਯੋਧੇ ਤਾਂ ਫਿਰ ਵੀ ਦੇ ਦਿੰਦੇ ਨੇ ਸ਼ਹੀਦੀ ਹੱਸ ਕੇ
ਬਸ! ਲੀਡਰ ਇੱਕ ਦੂਜੇ ਦੀਆਂ ਮੁੱਛਾਂ ਪੱਟਦੇ।

ਸ਼ਹੀਦ ਤਾਂ ਵਿਚ ਤਰੰਗੇ ਲਿਪਟਿਆ ਰਹਿ ਜਾਂਦਾ ਏ
ਲੀਡਰ ਕੱਫਣ ਅਤੇ ਤਾਬੂਤ ਵੇਚ ਕੇ ਖਾਹ ਜਾਂਦਾ ਏ
ਸੋਚੋ ਕਿਵੇ ਬੁੱਢੇ ਮਾਂ-ਬਾਪ ਦੇ ਅਰਥੀ ਮੋਢੇ ਚੱਕਦੇ।
ਬਸ! ਲੀਡਰ ਇੱਕ ਦੂਜੇ ਦੀਆਂ ਮੁੱਛਾਂ ਪੱਟਦੇ।

ਗੱਲਬਾਤ ਨਾਲ ਗੱਲ ਨਿਬੜੇ ਜੇ ਰਾਜਨੀਤੀ ਨਾ ਵਿਚ ਆਵੇ
ਕੁਰਸੀ ਦੇ ਭੁੱਖੇ ਲੀਡਰ ਬਿਆਨ ਦਿੰਦੇ ਇੱਕ ਦੂਜੇ ਤੋਂ ਭੱਜ ਕੇ
'ਥਾਂਦੀ' ਹੁੰਦੇ ਅਜੇ ਜਵਾਨ ਵਿਚ ਰਣ ਭੂਮੀ ਗੱਜਦੇ ।
ਬਸ! ਲੀਡਰ ਇੱਕ ਦੂਜੇ ਦੀਆਂ ਮੁੱਛਾਂ ਪੱਟਦੇ।

*-ਸਤਵਿੰਦਰ ਥਾਂਦੀ ਦੌਲਤਪੁਰੀ, ਇੰਡੀਆਨਾ*

---

### ਵਿਅੰਗ

ਠੇਕੇ ਅੱਗੇ ਲੂਣ ਚੱਟ ਕੇ, ਪੀਤੀ ਖੂਬ ਤੇ ਕੀਤਾ ਤੰਗ।
ਕਾਲਾ ਪੀਲੀਏ, ਦਿਲ, ਲੀਵਰ ਦੇ ਇਲਾਜ ਨੇ ਕੀਤਾ ਨੰਗ।
ਅੱਧਾ ਵਿਹੜਾ ਭੁੱਕੀ ਖਾਵੇ, ਬਾਕੀ ਬੀੜੀਆਂ ਤੇ ਜਰਦਾ,
ਅੱਧਾ ਕਮਲਾ ਲੰਬੜਦਾਰ ਹੋਇਆ, ਨਿੱਤ ਪੀ ਪੀ ਕੇ ਭੰਗ।
ਰੂੜੀ ਮਾਰਕਾ ਸ਼ਾਮੀਂ ਵਿਕਦੀ, ਪੋਸਤ ਵਿਕਦੈ ਏ ਤੜਕੇ,
ਵੇਲੇ ਸਿਰ ਜਹਾਜ ਨਾ ਉਤਰੇ, ਫਿਰ ਅਮਲੀ ਹੋਵਣ ਤੰਗ।
ਲੱਤ 'ਚ ਲਾਇਆ ਨਸ਼ੇ ਦਾ ਟੀਕਾ, ਕਿਰਲੀ ਭੁੰਨ ਕੇ ਸੁੰਘੀ,
ਚਿੱਟੇ ਜਦੋਂ ਸਰੂਰ ਨਾ ਦਿੱਤਾ, ਫਿਰ ਸੱਪ ਤੋਂ ਖਾਧਾ ਡੰਗ।
ਸੋਫੀ ਦੱਸ ਕੇ ਵਿਆਹ ਕਰਵਾਇਆ, ਰਿਸ਼ਵਤ ਲਈ ਵਿਚੋਲੇ,
ਹਨੀਮੂਨ ਦੀ ਰਾਤ ਨੂੰ 'ਗਿੱਲਾ' ਵਹੁਟੀ ਨੇ ਭੰਨੀ ਵੰਗ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਪੰਜਾਬ ਦਾ ਲੱਜਪਾਲ ਪੁੱਤਰ ਪੋਰਸ

***ਪੋਰਸ ਅਤੇ ਸਿਕੰਦਰ ਦੀ ਲੜਾਈ ਬਾਰੇ ਹੁਣ ਤਕ ਇਹੀ ਮਸ਼ਹੂਰ ਹੈ ਕਿ ਸਿਕੰਦਰ ਨੇ ਪੋਰਸ ਨੂੰ ਹਰਾਇਆ, ਪਰ ਲਹਿੰਦੇ ਪੰਜਾਬ ਦਾ ਦਾਨਿਸ਼ਵਰ ਮੁਹੰਮਦ ਅਜ਼ਹਰ ਵਿਰਕ ਇਸ ਵਿਚਾਰ ਨੂੰ ਤੱਥਾਂ ਸਹਿਤ ਉਲਟਾ ਸੁੱਟਦਾ ਹੈ। ਉਸ ਮੁਤਾਬਕ, ਦੋਹਾਂ ਵਿਚਕਾਰ ਸੁਲ੍ਹਾ ਹੋਈ ਸੀ। ਪੋਰਸ ਦੀ ਹਾਰ ਵਾਲੀ ਗੱਲ ਪੱਛਮੀ ਵਿਦਵਾਨਾਂ ਦੇ ਦਿਮਾਗ ਦੀ ਹੀ ਕਾਢ ਹੈ। ਇਸ ਦਿਲਚਸਪ ਲੇਖ ਵਿਚ ਮੁਹੰਮਦ ਅਜ਼ਹਰ ਵਿਰਕ ਨੇ ਪੰਜਾਬ ਦੇ ਇਸ ਲੱਜਪਾਲ ਪੁੱਤਰ ਦੀ ਕਹਾਣੀ ਛੇੜੀ ਹੈ। ਲੇਖ ਦਾ ਲਿਪੀਅੰਤਰ ਰਾਜਵਿੰਦਰ ਸਿੰਘ ਸਿੱਧੂ (ਫੋਨ: +91-98555-03224) ਨੇ ਕੀਤਾ ਹੈ। -ਸੰਪਾਦਕ***

**ਮੁਹੰਮਦ ਅਜ਼ਹਰ ਵਿਰਕ**
ਫੋਨ:+92-30042-31622

ਸਿਕੰਦਰ ਯੂਨਾਨ ਦਾ ਰਹਿਣ ਵਾਲਾ ਸੀ ਜੋ ਪੂਰੀ ਦੁਨੀਆਂ ਨੂੰ ਫਤਹਿ ਕਰਨ ਦਾ ਸੁਪਨਾ ਲੈ ਕੇ ਆਪਣੇ ਦੇਸ਼ ਤੋਂ ਤੁਰਿਆ। ਪੇਸ਼ਾਵਰ ਤੇ ਟੈਕਸਲਾ ਦੀਆਂ ਰਿਆਸਤਾਂ ਨੂੰ ਫਤਹਿ ਕਰ ਕੇ ਅੱਗੇ ਉਸ ਦਾ ਪਿੜ ਪੰਜਾਬ ਦੇ ਲੱਜਪਾਲ ਪੁੱਤਰ ਨਾਲ ਪੈ ਗਿਆ। ਇਸ ਪੰਜਾਬੀ ਪੁੱਤਰ ਦਾ ਨਾਂ ਪੋਰਸ ਸੀ। ਇਹ ਵਾਕਿਆ ਈਸਾ ਪੂਰਬ ਦਾ ਹੈ। ਰਾਜਾ ਪੋਰਸ ਨੇ ਸਿਕੰਦਰ ਨੂੰ ਏਨਾ ਔਖਾ ਵਕਤ ਦਿਖਾਇਆ ਕਿ ਉਹ ਅੱਗੇ ਤੁਰਨ ਦੇ ਕਾਬਿਲ ਨਾ ਰਿਹਾ।

ਜਿਸ ਵਕਤ ਸਿਕੰਦਰ ਨੇ ਟੈਕਸਲਾ ਦੀ ਰਿਆਸਤ ਨੂੰ ਜਿੱਤ ਲਿਆ ਤਾਂ ਉਸ ਨੇ ਪੰਜਾਬ ਦੀ ਰਿਆਸਤ ਪਾਰਾਵਤ ਦੇ ਰਾਜਾ ਪੋਰਸ ਨੂੰ ਸੁਨੇਹਾ ਭੇਜਿਅ- 'ਮੇਰਾ ਇਸਤਕਬਾਲ ਤੂੰ ਟੈਕਸਲਾ ਆ ਕੇ ਕਰ, ਜਾਂ ਫਿਰ ਆਪਣੀ ਰਿਆਸਤ ਮੇਰੇ ਹਵਾਲੇ ਕਰ ਕੇ ਮੇਰੀ ਹੁਕਮਰਾਨੀ ਦਾ ਐਲਾਨ ਕਰ।' ਪੰਜਾਬ ਦੇ ਗ਼ੈਰਤਮੰਦ ਪੁੱਤਰ ਨੇ ਜਵਾਬ ਦਿੱਤਾ ਜਿਹੜਾ ਤਾਰੀਖ ਦਾ ਹਿੱਸਾ ਬਣ ਗਿਆ- 'ਸਿਕੰਦਰ ਮੈਂ ਤੇਰਾ ਇਸਤਕਬਾਲ ਜ਼ਰੂਰ ਕਰਾਂਗਾ, ਪਰ ਤਲਵਾਰ ਨਾਲ ਤੇ ਇਹ ਤਲਵਾਰ ਹੀ ਮੇਰੇ ਮੁਲਕ ਦੀ ਕਿਸਮਤ ਦਾ ਫੈਸਲਾ ਕਰੇਗੀ।'

ਰਾਜਾ ਪੋਰਸ ਦੀ ਰਿਆਸਤ ਦਾ ਨਾਂ ਪਾਰਾਵਤ ਸੀ ਜੋ ਦਰਿਆ ਜਿਹਲਮ ਤੇ ਚਨਾਬ ਦੇ ਦਰਮਿਆਨੀ ਇਲਾਕੇ ਵਿਚ ਸੀ। ਪੋਰਸ ਬੜੀ ਅਮੀਰ ਰਿਆਸਤ ਦਾ ਮਾਲਕ ਸੀ ਤੇ ਉਹ ਲੰਮੇ-ਚੌੜੇ ਇਲਾਕੇ 'ਤੇ ਹੁਕਮਰਾਨੀ ਕਰ ਰਿਹਾ ਸੀ। ਲਹਿੰਦੇ ਪੰਜਾਬ ਦੇ ਮੌਜੂਦਾ ਜ਼ਿਲ੍ਹਾ ਗੁਜਰਾਤ, ਮੰਡੀ ਬਹਾਊਦੀਨ, ਸਰਗੋਧਾ ਤੇ ਕੁਝ ਇਲਾਕਾ ਝੰਗ ਦਾ ਇਸ ਦੀ ਰਿਆਸਤ ਵਿਚ ਸ਼ਾਮਿਲ ਸੀ।

ਪੋਰਸ ਜਿਹਲਮ ਨੇੜੇ ਇਕ ਪਿੰਡ ਵਿਚ ਪੈਦਾ ਹੋਇਆ। ਇਸ ਜਨਮ ਮਿਤੀ ਬਾਰੇ ਕੋਈ ਢੁਕਵੀਂ ਜਾਣਕਾਰੀ ਨਹੀਂ ਮਿਲ ਸਕੀ। ਪੋਰਸ ਹਿੰਦੂ ਧਰਮ ਨੂੰ ਮੰਨਣ ਵਾਲਾ ਸੀ। ਪੋਰਸ ਦਾ ਕੱਦ 7 ਫੁੱਟ 4 ਇੰਚ ਸੀ। ਉਹ ਬੜਾ ਹੀ ਖੂਬਸੂਰਤ ਤੇ ਰੋਅਬ ਵਾਲਾ ਜਵਾਨ ਸੀ। ਇਸ ਮਜ਼ਬੂਤ ਜਿਸਮਾਨੀ ਅਜ਼ਾ ਦੇ ਮਾਲਕ ਪੰਜਾਬੀ ਪੁੱਤਰ ਦਾ ਹਕੂਮਤੀ ਦੌਰ 317 ਈਸਾ ਪੂਰਬ ਦਾ ਹੈ। ਰਾਜਾ ਪੋਰਸ ਨੂੰ ਪੋਰੋ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਜੰਗ-ਏ-ਜਿਹਲਮ (326 ਈਸਾ ਪੂਰਬ) ਜੁਲਾਈ ਮਹੀਨੇ ਲੜੀ ਗਈ। ਲਹਿੰਦੇ ਪੰਜਾਬ ਦੇ ਮੌਜੂਦਾ ਜ਼ਿਲ੍ਹੇ ਮੰਡੀ ਬਹਾਊਦੀਨ ਤੋਂ 10 ਕਿਲੋ ਮੀਟਰ ਦੂਰ ਨਿਕਾਸਾ ਨਾਂ ਦੇ ਪਿੰਡ ਜਿਸ ਦਾ ਮੌਜੂਦਾ ਨਾਂ ਮੌਂਗ ਹੈ, ਸਿਕੰਦਰ ਤੇ ਪੋਰਸ ਦੀਆਂ ਫ਼ੌਜਾਂ ਵਿਚਾਲੇ ਮੈਦਾਨ-ਏ-ਜੰਗ ਬਣਿਆ। ਪੋਰਸ ਦੀਆਂ ਫ਼ੌਜਾਂ ਜਿਹਲਮ ਦਰਿਆ ਦੇ ਪੂਰਬੀ ਕੰਢੇ ਅਤੇ ਸਿਕੰਦਰ ਦੀਆਂ ਪੱਛਮੀ ਕੰਢੇ 'ਤੇ ਕਸਬਾ ਹਰਨਪੁਰ ਕੋਲ ਮੌਜੂਦ ਸਨ। ਇਥੇ ਮੈਂ ਸਿਕੰਦਰ ਤੇ ਪੋਰਸ ਦੀਆਂ ਫ਼ੌਜਾਂ ਦਾ ਵੇਰਵਾ ਸਾਂਝਾ ਕਰਨਾ ਜ਼ਰੂਰੀ ਹੈ- ਪੋਰਸ ਦੀਆਂ ਫ਼ੌਜਾਂ: 30000 ਪੈਦਲ ਸੈਨਿਕ, 4000 ਘੋੜ ਸਵਾਰ, 200 ਹਾਥੀ, 1000 ਰੱਥ; ਸਿਕੰਦਰ ਦੀਆਂ ਫ਼ੌਜਾਂ: 15000 ਪੈਦਲ ਸੈਨਿਕ, 3000 ਘੋੜ ਸਵਾਰ, 80 ਹਾਥੀ, ਰੱਥ ਕੋਈ ਨਹੀਂ

ਸਿਕੰਦਰ ਨੇ ਹਰਨਪੁਰ ਨੇੜੇ ਜਲਾਲਪੁਰ ਦੇ ਮੁਕਾਮ ਤੋਂ ਜਿਹਲਮ ਨੂੰ ਪਾਰ ਕੀਤਾ ਤੇ ਮੌਜੂਦਾ ਪਿੰਡ ਮੌਂਗ ਪੁੱਜਾ। ਪੋਰਸ ਦੇ ਜਾਸੂਸ ਦਰਿਆ 'ਤੇ ਪੂਰੀ ਨਿਗਰਾਨੀ ਰੱਖ ਰਹੇ ਸਨ। ਇਸ ਜਾਸੂਸ ਦਸਤੇ ਨੇ ਸਿਕੰਦਰ ਨੂੰ ਦਰਿਆ ਪਾਰ ਕਰਦੇ ਵੇਖ ਲਿਆ। ਇਸ ਦਸਤੇ ਦੀ ਕਮਾਨ ਪੋਰਸ ਦੇ 19 ਸਾਲਾ ਪੁੱਤਰ ਦੇ ਹੱਥ ਸੀ। ਸਿਕੰਦਰ ਦੇ ਦਰਿਆ ਪਾਰ ਕਰਦਿਆਂ ਹੀ ਦੋਹਾਂ ਧਿਰਾਂ ਵਿਚ ਤਕੜੀ ਝੜਪ ਹੋਈ। ਇਸ ਵਿਚ ਸਿਕੰਦਰ ਦਾ ਪਿਆਰਾ ਘੋੜਾ ਬੋਸੀ ਪੌਲਿਸ ਮਾਰਿਆ ਗਿਆ ਜਿਸ ਦੀ ਯਾਦ ਵਿਚ ਉਸ ਨੇ ਫਾਲੀਆ ਸ਼ਹਿਰ ਆਬਾਦ ਕੀਤਾ ਜੋ ਹੁਣ ਮੰਡੀ ਬਹਾਊਦੀਨ ਜ਼ਿਲ੍ਹੇ ਦਾ ਤਹਿਸੀਲ ਹੈੱਡਕੁਆਰਟਰ ਹੈ। ਇਸ ਜੰਗ ਵਿਚ ਸਿਕੰਦਰ ਆਪ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਮੂੰਹ ਪਰਨੇ ਡਿੱਗ ਪਿਆ ਤੇ ਉਸ ਨੂੰ ਉਸ ਦੇ ਸੈਨਿਕਾਂ ਨੇ ਚੁਕਿਆ। ਇਸ ਲੜਾਈ ਵਿਚ ਪੋਰਸ ਦਾ ਜਵਾਨ ਪੁੱਤਰ ਮਾਰਿਆ ਗਿਆ।

ਇਸ ਤੋਂ ਬਾਅਦ ਬਕਾਇਦਾ ਜੰਗ ਸ਼ੁਰੂ ਹੋਈ। ਜੰਗ ਦੌਰਾਨ ਪੋਰਸ ਆਪਣੇ ਵੱਡੇ ਹਾਥੀ 'ਤੇ ਸਵਾਰ ਸੀ। ਜਦੋਂ ਸਿਕੰਦਰ ਨੇ ਪੋਰਸ ਨੂੰ ਪਹਿਲੀ ਵਾਰ ਤੱਕਿਆ ਤਾਂ ਉਸ ਨੇ ਤਾਰੀਖੀ ਗੱਲ ਕੀਤੀ- 'ਅੱਜ ਮੇਰੇ ਸਾਹਮਣੇ ਇਹੋ ਜਿਹਾ ਜਵਾਨ ਮੌਜੂਦ ਹੈ ਜਿਹੜਾ ਮੇਰੀ ਹਿੰਮਤ, ਹੌਸਲੇ ਤੇ ਸ਼ਾਨ 'ਤੇ ਪੂਰਾ ਉਤਰਦਾ ਹੈ। ਮੈਨੂੰ ਅੱਜ ਪੋਰਸ ਦੇ ਬਹਾਦਰ ਸਿਪਾਹੀਆਂ ਤੇ ਵਹਿਸ਼ੀ ਹਾਥੀਆਂ ਦਾ ਮੁਕਾਬਲਾ ਕਰਨਾ ਪਵੇਗਾ।'

ਤਾਰੀਖ ਗਵਾਹ ਹੈ ਕਿ ਇਹ ਜੰਗ ਪਿਛਲੀਆਂ ਜੰਗਾਂ ਤੋਂ ਵੱਧ ਖੂਨੀ ਸੀ। ਇਸ ਦੀ ਵਜ੍ਹਾ ਇਹ ਸੀ ਕਿ ਇਸ ਵਿਚ ਖੂੰਖਾਰ ਹਾਥੀ ਸ਼ਾਮਿਲ ਸਨ। ਸਭ ਤੋਂ ਵੱਡੀ ਝੜਪ ਅੱਠ ਘੰਟੇ ਦੀ ਹੋਈ। ਸਿਕੰਦਰ ਦੀਆਂ ਫ਼ੌਜਾਂ ਦਾ ਵੱਡਾ ਹਿੱਸਾ ਤਬਾਹ ਹੋ ਗਿਆ। ਪੋਰਸ ਨੂੰ ਇਸ ਜੰਗ ਵਿਚ ਨੌਂ ਜ਼ਖ਼ਮ ਲੱਗੇ। ਸਭ ਤੋਂ ਵੱਡਾ ਜ਼ਖ਼ਮ ਉਸ ਦੇ ਸੱਜੇ ਮੋਢੇ 'ਤੇ ਲੱਗਾ। ਦੋਹੀਂ ਪਾਸੇ ਬੜੀ ਤਬਾਹੀ ਹੋਈ, ਪਰ ਕੋਈ ਵੀ ਹਾਰ ਮੰਨਣ ਲਈ ਤਿਆਰ ਨਹੀਂ ਸੀ। ਹਬਸ਼ੀ ਅਹਿਦਨਾਮੇ ਵਿਚ ਯੂਨਾਨੀ ਫ਼ੌਜਾਂ ਦਾ ਹਸ਼ਰ ਇੰਜ ਲਿਖਿਆ ਹੈ- 'ਸਿਕੰਦਰ ਦੇ ਫ਼ੌਜੀ ਕੁੱਤਿਆਂ ਵਾਂਗ ਉਚੀ ਉਚੀ ਰੋ ਰੋ ਕੀਰਨੇ ਪਾ ਰਹੇ ਸਨ। ਉਹ ਹਥਿਆਰ ਸੁੱਟ ਕੇ ਪੋਰਸ ਨਾਲ ਮਿਲਣ ਦੀ ਖਾਹਿਸ਼ ਰੱਖਦੇ ਸਨ। ਜਦੋਂ ਸਿਕੰਦਰ ਨੂੰ ਪਤਾ ਲੱਗਾ ਉਹ ਫੌਰਨ ਉਨ੍ਹਾਂ ਕੋਲ ਗਿਆ ਅਤੇ ਉਨ੍ਹਾਂ ਦਾ ਮਾਣ ਵਧਾਇਆ, ਪਰ ਸੱਚੀ ਗੱਲ ਇਹ ਹੈ ਕਿ ਸਿਕੰਦਰ ਆਪ ਵੀ ਥੱਕ ਗਿਆ ਸੀ। ਢਿੱਡੋਂ ਉਹ ਵੀ ਚਾਹੁੰਦਾ ਸੀ ਕਿ ਜੰਗ ਕਿਸੇ ਨਾ ਕਿਸੇ ਤਰ੍ਹਾਂ ਮੁੱਕ ਜਾਵੇ।'



*ਪੋਰਸ ਅਤੇ ਸਿਕੰਦਰ ਵਿਚਕਾਰ ਜੰਗ ਦਾ ਚਿੱਤਰ ਜੋ ਫਰਾਂਸੀਸੀ ਕਲਾਕਾਰ ਚਾਰਲਸ ਲੀ ਬਰੂਨ ਨੇ 1673 ਵਿਚ ਬਣਾਇਆ।*

'ਹਿਸਟਰੀ ਆਫ ਦਿ ਜਿਊਸ' ਵਿਚ ਯਹੂਦੀ ਇਤਿਹਾਸਕਾਰ ਜੋਸਫ ਬਿਨ ਗੋਰੀਆਨ ਲਿਖਦਾ ਹੈ, 'ਜੰਗ ਏਨੀ ਤੇਜ਼ ਤੇ ਖਤਰਨਾਕ ਸੀ ਕਿ ਇਸ ਵਿਚ ਸਿਕੰਦਰ ਦੀਆਂ ਫ਼ੌਜਾਂ ਦਾ ਚੋਖਾ ਹਿੱਸਾ ਤਬਾਹ ਹੋ ਗਿਆ। ਸਿਕੰਦਰ ਦੇ ਫ਼ੌਜੀਆਂ ਦੀ ਇਹ ਸੋਚ ਬਣ ਗਈ ਸੀ ਕਿ ਅਸੀਂ ਸਾਰੇ ਸਿਕੰਦਰ ਨਾਲ ਬਗ਼ਾਵਤ ਕਰ ਕੇ ਪੋਰਸ ਦੀਆਂ ਫ਼ੌਜਾਂ ਵਿਚ ਸ਼ਾਮਿਲ ਹੋ ਜਾਈਏ।'

ਹਬਸ਼ੀ ਅਹਿਦਨਾਮੇ ਦੇ ਮੁਤਾਬਿਕ ਜਦੋਂ ਜੰਗ ਬਹੁਤਾ ਜ਼ੋਰ ਫੜ ਗਈ ਫਿਰ ਸਿਕੰਦਰ ਸੰਘ ਪਾੜ ਕੇ ਬੋਲਿਆ, 'ਓ ਹਿੰਦੋਸਤਾਨ ਦੇ ਰਾਜਿਆ! ਓ ਪੰਜਾਬ ਦੇ ਰਾਜਿਆ! ਮੈਂ ਤੇਰੀ ਤਾਕਤ ਦਾ ਅੰਦਾਜ਼ਾ ਲਾ ਲਿਆ ਹੈ। ਅਸੀਂ ਆਪਣੇ ਫ਼ੌਜੀ ਨਾ ਮਰਵਾਈਏ। ਅਸੀਂ ਜੰਗ ਬੰਦ ਕਰ ਕੇ ਦੋਵੇਂ ਆਪਸ ਵਿਚ ਲੜਦੇ ਹਾਂ।'

ਇਹ ਗੱਲ ਸਿਕੰਦਰ ਨੇ ਉਸ ਸਮੇਂ ਕੀਤੀ ਜਦੋਂ ਉਸ ਨੂੰ ਆਪਣੀਆਂ ਫ਼ੌਜਾਂ ਦੀ ਇਸ ਗੱਲ ਦਾ ਯਕੀਨ ਹੋ ਗਿਆ ਕਿ ਸਿਕੰਦਰ ਨੂੰ ਫੜ ਕੇ ਪੋਰਸ ਦੇ ਹਵਾਲੇ ਕਰ ਦਿੱਤਾ ਜਾਵੇ। ਜਦੋਂ ਸਿਕੰਦਰ ਨੂੰ ਆਪਣੀਆਂ ਫ਼ੌਜਾਂ ਦੇ ਖਿਆਲਾਂ ਦਾ ਪਤਾ ਲੱਗਾ, ਉਸ ਵਕਤ ਸਿਕੰਦਰ ਨੇ ਪੋਰਸ ਨੂੰ ਜੰਗਬੰਦੀ ਦੀ ਪੇਸ਼ਕਸ਼ ਕੀਤੀ, ਜਾਂ ਫਿਰ ਪੋਰਸ ਨੂੰ ਆਹਮੋ-ਸਾਹਮਣੇ ਲੜਨ ਲਈ ਆਖਿਆ।

ਇਰਾਨੀ ਸ਼ਾਇਰ ਫਿਰਦੌਸੀ ਨੇ ਆਪਣੀ ਕਿਤਾਬ 'ਸ਼ਾਹਨਾਮਾ ਇਸਲਾਮ' ਵਿਚ ਸਿਕੰਦਰ ਅਤੇ ਪੋਰਸ ਦੀ ਲੜਾਈ ਦਾ ਜ਼ਿਕਰ ਇਨ੍ਹਾਂ ਅਲਫਾਜ਼ ਨਾਲ ਕੀਤਾ ਹੈ, 'ਜਦੋਂ ਜੰਗ ਵਿਚ ਬੜੀ ਤਬਾਹੀ ਤੇ ਖ਼ੂਨ-ਖਰਾਬਾ ਹੋਇਆ ਤਾਂ ਸਿਕੰਦਰ ਨੇ ਉਚੀ ਆਵਾਜ਼ ਨਾਲ ਪੋਰਸ ਨੂੰ ਆਖਿਆ, 'ਐ ਪੰਜਾਬ ਦੇ ਵੱਡੇ ਇਨਸਾਨ! ਸਾਡੀਆਂ ਫ਼ੌਜਾਂ ਲੜਦੀਆਂ ਲੜਦੀਆਂ ਥੱਕ ਗਈਆਂ ਨੇ। ਜੰਗਲੀ ਦਰਿੰਦੇ ਹਾਥੀ, ਫ਼ੌਜਾਂ ਦੀਆਂ ਖੋਪੜੀਆਂ ਲਿਤਾੜ ਰਹੇ ਨੇ। ਘੋੜਿਆਂ ਦੇ ਪੌੜ ਸਿਪਾਹੀਆਂ ਦੀਆਂ ਲੱਤਾਂ ਭੰਨ ਰਹੇ ਨੇ। ਅਸੀਂ ਦੋਵੇਂ ਬਹਾਦਰ ਇਨਸਾਨ ਹਾਂ ਤੇ ਅਸੀਂ ਇਕ ਦੂਜੇ ਦੇ ਮੁਤਾਬਿਕ ਜ਼ਹੀਨ ਤੇ ਜ਼ਬਰਦਸਤ ਹਾਂ, ਫਿਰ ਅਸੀਂ ਆਪਣੀਆਂ ਫ਼ੌਜਾਂ ਕਿਉਂ ਮਰਵਾ ਰਹੇ ਹਾਂ।'

ਜਦੋਂ ਇਸ ਖੂਨੀ ਜੰਗ ਦਾ ਕੋਈ ਸਿੱਟਾ ਨਾ ਨਿਕਲਿਆ ਤਾਂ ਫਿਰ ਸਿਕੰਦਰ ਦਾ ਸੁਲ੍ਹਾ ਵੱਲ ਧਿਆਨ ਗਿਆ। ਇਸ ਸਾਰੀ ਕਹਾਣੀ ਬਾਰੇ ਆਰੀਅਨ ਲਿਖਦਾ ਹੈ ਕਿ ਸਿਕੰਦਰ ਨੇ ਆਪਣਾ ਆਦਮੀ ਸੁਲ੍ਹਾ ਲਈ ਪੋਰਸ ਕੋਲ ਭੇਜਿਆ। ਸੁਨੇਹਾ ਲੈ ਕੇ ਆਉਣ ਵਾਲੇ ਨੂੰ ਪੋਰਸ ਨੇ ਗੁੱਸੇ ਵਿਚ ਤੀਰ ਮਾਰਿਆ, ਪਰ ਉਹ ਆਦਮੀ ਬਚ ਗਿਆ। ਪੋਰਸ ਸੁਲ੍ਹਾ ਵਾਲੇ ਪਾਸੇ ਨਹੀਂ ਸੀ, ਬਲਕਿ ਜੰਗ ਲਈ ਬਜਿਦ ਸੀ। ਆਖਰ ਸਿਕੰਦਰ ਨੇ ਇਕ ਐਸੇ ਬੰਦੇ ਦਾ ਪਤਾ ਕਰਾਇਆ ਜਿਹੜਾ ਪੋਰਸ ਦਾ ਬੜਾ ਕਰੀਬੀ ਸੱਜਣ ਸੀ। ਇਸ ਬੰਦੇ ਦਾ ਨਾਂ ਮਿਰੋਜ਼ ਸੀ। ਸਿਕੰਦਰ ਨੇ ਇਸ ਨੂੰ ਸੁਲ੍ਹਾ ਲਈ ਪੋਰਸ ਕੋਲ ਭੇਜਿਆ। ਪੋਰਸ ਦੇ ਇਸ ਬੇਲੀ ਨੇ ਉਸ ਨੂੰ ਸਮਝਾਇਆ। ਆਖਰ ਗੱਲ ਸੁਲ੍ਹਾ-ਸਫਾਈ 'ਤੇ ਮੁੱਕ ਗਈ। ਇਕ ਸਾਂਝੇ ਮੁਕਾਮ 'ਤੇ ਪੋਰਸ ਆਪਣੇ ਬੇਲੀ ਨਾਲ ਸਿਕੰਦਰ ਨੂੰ ਮਿਲਣ ਲਈ ਮੰਨ ਗਿਆ। ਜਦੋਂ ਸਿਕੰਦਰ ਤੇ ਪੋਰਸ ਪਹਿਲੀ ਵਾਰ ਆਹਮੋ-ਸਾਹਮਣੇ ਹੋਏ ਤਾਂ ਸਿਕੰਦਰ ਪੋਰਸ ਨੂੰ ਵੇਖ ਕੇ ਹੈਰਾਨ ਹੋ ਗਿਆ। ਸਿਕੰਦਰ ਦਾ ਕੱਦ 5 ਫੁੱਟ 5 ਇੰਚ ਸੀ ਅਤੇ ਪੋਰਸ ਦਾ 7 ਫੁੱਟ 4 ਇੰਚ। ਪੋਰਸ ਦੀ ਖਾਸੀਅਤ ਤੇ ਕੱਦ ਨੂੰ ਵੇਖ ਕੇ ਸਿਕੰਦਰ ਘਬਰਾ ਗਿਆ ਤੇ ਫੌਰਨ ਗੱਲ ਕਰਨ ਵਿਚ ਪਹਿਲ ਕੀਤੀ ਤੇ ਆਪਣਾ ਹੱਥ ਅੱਗੇ ਵਧਾਇਆ। ਸਿਕੰਦਰ ਆਖਣ ਲੱਗਾ- 'ਮੈਂ ਜੰਗਬੰਦੀ ਚਾਹੁੰਦਾ ਹਾਂ। ਤੁਹਾਡੀਆਂ ਹਰ ਤਰ੍ਹਾਂ ਦੀਆਂ ਸ਼ਰਤਾਂ ਦਾ ਇਹਤਰਾਮ ਵੀ ਕਰਾਂਗਾ। ਅਸੀਂ ਦੋਵੇਂ ਇਕ ਦੂਸਰੇ ਲਈ ਕੀ ਕਰ ਸਕਦੇ ਹਾਂ?'

ਰਾਜਾ ਪੋਰਸ ਬੜੇ ਮਜ਼ਬੂਤ ਇਰਾਦੇ ਅਤੇ ਪੱਕੇ ਕਿਰਦਾਰ ਨਾਲ ਸਿਕੰਦਰ ਵੱਲ ਵੇਖਦਾ ਰਿਹਾ ਤੇ ਆਖਣ ਲੱਗਾ, 'ਉਹ ਸਭ ਕੁਝ ਜੋ ਇਕ ਬਾਦਸ਼ਾਹ ਦੂਜੇ ਬਾਦਸ਼ਾਹ ਲਈ ਕਰ ਸਕਦਾ ਹੈ', ਪਰ ਪੱਛਮੀ ਤੇ ਯੂਰਪੀ ਲਿਖਾਰੀਆਂ ਨੇ ਪੋਰਸ ਬਾਰੇ ਬੜੇ ਗਲਤ ਤੇ ਮਨਘੜਤ ਫਿਕਰੇ ਘੜੇ- 'ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ' ਜੋ ਗ਼ਲਤ ਹੈ। ਪੋਰਸ ਕੋਈ ਜੰਗੀ ਕੈਦੀ ਨਹੀਂ ਸੀ, ਜਿਹੜਾ ਸਿਕੰਦਰ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ ਸੀ, ਬਲਕਿ ਇਹ ਸੁਲ੍ਹਾ ਬਰਾਬਰੀ ਦੀ ਬੁਨਿਆਦ 'ਤੇ ਹੋਈ ਸੀ। ਇਕ ਸਾਲਸੀ ਕਿਰਦਾਰ ਮੌਜੂਦ ਸੀ, ਬਲਕਿ ਪੋਰਸ ਨੇ ਸਿਕੰਦਰ ਨੂੰ ਨਾ ਤਾਂ ਕੋਈ ਯਕੀਨ-ਦਹਾਨੀ ਅਤੇ ਨਾ ਹੀ ਕੋਈ ਆਜਜ਼ੀ ਵਿਖਾਈ। ਪੋਰਸ ਨੇ ਸਿਕੰਦਰ ਸਾਹਮਣੇ ਪੰਜਾਬ ਦੀ ਗ਼ੈਰਤ ਉਸੇ ਤਰ੍ਹਾਂ ਕਾਇਮ ਰੱਖੀ, ਜਿਵੇਂ ਆਧੁਨਿਕ ਦੌਰ ਵਿਚ ਭਗਤ ਸਿੰਘ ਨੇ ਪੰਜਾਬੀ ਗ਼ੈਰਤ ਨੂੰ ਅੰਗਰੇਜ਼ਾਂ ਸਾਹਮਣੇ ਕਾਇਮ ਰੱਖਿਆ। ਬਰਾਬਰੀ ਦੀ ਬੁਨਿਆਦ 'ਤੇ ਹੋਈ ਸੁਲ੍ਹਾ ਦੇ ਦੋ ਨੁਕਤੇ ਬੜੇ ਸਾਫ ਸਨ:

ਪਹਿਲਾ ਇਹ ਕਿ ਸਿਕੰਦਰ ਨੇ ਰਿਆਸਤ 'ਤੇ ਪੋਰਸ ਦਾ ਹੱਕ ਮੰਨ ਲਿਆ। ਦੂਸਰਾ ਇਹ ਕਿ ਪੋਰਸ ਨੇ ਸਿਕੰਦਰ ਨੂੰ ਆਪਣੀ ਰਿਆਸਤ ਵਿਚੋਂ ਸਹੀ ਸਲਾਮਤ ਨਿਕਲ ਜਾਣ ਦੀ ਯਕੀਨ-ਦਹਾਨੀ ਕਰਵਾਈ।

ਸੁਲ੍ਹਾ ਤੋਂ ਬਾਅਦ ਸਿਕੰਦਰ ਤੇ ਪੋਰਸ ਇਕ ਦੂਜੇ ਦੇ ਬੇਲੀ ਬਣ ਗਏ। ਜੰਗ ਤੋਂ ਬਾਅਦ ਪੋਰਸ ਦੀ ਹਕੂਮਤ ਕਾਇਮ ਰਹੀ। ਸਿਕੰਦਰ ਨੇ ਜੰਗਬੰਦੀ ਤੋਂ ਬਾਅਦ ਪੋਰਸ ਦੀ ਰਿਆਸਤ ਵਿਚ ਇਕ ਮਹੀਨਾ ਗੁਜ਼ਾਰਿਆ। ਪੋਰਸ ਨੇ ਉਸ ਦਾ ਪੂਰਾ ਖਿਆਲ ਰੱਖਿਆ। ਸਿਕੰਦਰ ਜਦੋਂ ਪੋਰਸ ਦੀ ਰਿਆਸਤ ਤੋਂ ਅੱਗੇ ਵਧਣ ਲਈ ਤੁਰ ਪਿਆ ਤਾਂ ਉਸ ਨੇ ਕੁਝ ਹੋਰ ਇਲਾਕੇ ਪੋਰਸ ਨੂੰ ਦੇ ਦਿੱਤੇ ਜਿਹੜੇ ਪੋਰਸ ਦੀ ਰਿਆਸਤ ਦਾ ਹਿੱਸਾ ਨਹੀਂ ਸਨ। ਇਹ ਇਲਾਕੇ ਮਿਲਣ ਨਾਲ ਪੋਰਸ ਦੀ ਰਿਆਸਤ ਹੋਰ ਵੱਡੀ ਤੇ ਮਜ਼ਬੂਤ ਹੋ ਗਈ। ਇਨ੍ਹਾਂ ਇਲਾਕਿਆਂ ਦਾ ਰਕਬਾ ਪੋਰਸ ਦੀ ਆਪਣੀ ਰਿਆਸਤ ਤੋਂ ਵੱਡਾ ਸੀ। ਇਹ ਇਲਾਕਾ ਖਾਹਰੀਆਂ, ਲਾਲਾ ਮੂਸਾ, ਜਲਾਲਪੁਰ, ਮਰਾਲਾ, ਬਿਮਬਰ ਤੇ ਮੁਸਤਮਲ ਸੀ।

ਇਸ ਜੰਗ ਦਾ ਕੀ ਨਤੀਜਾ ਨਿਕਲਿਆ? ਕੌਣ ਜਿੱਤਿਆ ਤੇ ਕੌਣ ਹਾਰਿਆ? ਇਸ ਬਾਰੇ ਪੱਛਮੀ ਅਤੇ ਯੂਰਪੀ ਲੇਖਕਾਂ ਨੇ ਪੋਰਸ ਨੂੰ ਹਾਰੀ ਹੋਈ ਧਿਰ ਵਜੋਂ ਸਾਬਿਤ ਕਰਨ ਲਈ ਟਿੱਲ ਲਾਇਆ। ਇਹ ਲਿਖਾਰੀ ਪੋਰਸ ਦੀ ਹਾਰ ਹੋਈ ਮੰਨ ਕੇ ਉਸ ਨੂੰ ਕੈਦੀ ਬਣਾ ਕੇ ਸਿਕੰਦਰ ਦੇ ਦਰਬਾਰ ਵਿਚ ਪੇਸ਼ ਕਰਦੇ ਹਨ। ਤਾਰੀਖ ਗਵਾਹ ਹੈ ਕਿ ਸਿਕੰਦਰ ਨੇ ਇਸ ਹਮਲੇ ਤੋਂ ਪਹਿਲਾਂ ਜਿੰਨੇ ਇਲਾਕੇ ਫਤਹਿ ਕੀਤੇ, ਉਥੋਂ ਦੇ ਹੁਕਮਰਾਨਾਂ ਨਾਲ ਉਸ ਨੇ ਬੜਾ ਭੈੜਾ ਸਲੂਕ ਕੀਤਾ। ਫਿਰ ਸਵਾਲ ਹੈ ਕਿ ਸਿਕੰਦਰ ਨੇ ਪੋਰਸ ਨਾਲ ਚੰਗਾ ਸਲੂਕ ਕਿਉਂ ਕੀਤਾ? ਇਸ ਦੀ ਵਜ੍ਹਾ ਬਿਲਕੁਲ ਸਾਫ ਹੈ ਕਿ ਪੋਰਸ ਸਿਕੰਦਰ ਤੋਂ ਵੱਧ ਤਾਕਤਵਰ ਸੀ। ਇਹ ਜੰਗ ਬਰਾਬਰੀ ਦੀ ਬੁਨਿਆਦ 'ਤੇ ਬੰਦ ਹੋਈ ਸੀ। ਇਕ ਦੂਜੇ ਦੀ ਚੌਧਰ ਅਤੇ ਹੱਕ ਨੂੰ ਮੰਨਿਆ ਗਿਆ। ਇਹੋ ਵਜ੍ਹਾ ਸੀ ਕਿ ਸਿਕੰਦਰ ਨੇ ਪੋਰਸ ਨੂੰ ਜੰਗ ਤੋਂ ਬਾਅਦ ਉਸ ਦੀ ਹਕੂਮਤ ਦੇ ਨਾਲ ਨਾਲ ਦੂਸਰਾ ਫਤਹਿ ਕੀਤਾ ਹੋਇਆ ਇਲਾਕਾ ਵੀ ਦੇ ਦਿਤਾ। ਏਸ਼ੀਆਈ, ਇਰਾਨੀ ਤੇ ਅਫਰੀਕੀ ਖੋਜਕਾਰ ਇਸ ਜੰਗ ਦੀ ਅਸਲੀਅਤ ਦਿਖਾਉਂਦੇ ਹਨ। ਉਹ ਮੰਨਦੇ ਹਨ ਕਿ ਇਨ੍ਹਾਂ ਦੋਵਾਂ ਬਹਾਦਰਾਂ ਦਰਮਿਆਨ ਸਮਝੌਤੇ ਦੀ ਤੰਦ ਸਿਰਫ ਤੇ ਸਿਰਫ ਬਰਾਬਰ ਦੀ ਤਾਕਤ ਦੀ ਸੀ।

ਸਿਕੰਦਰ ਪੰਜਾਬ ਸਮੇਤ ਵਾਦੀ-ਏ-ਸਿੰਧ ਵਿਚ ਦੋ ਵਰ੍ਹੇ ਯਾਨੀ 326 ਈਸਾ ਪੂਰਬ ਤੋਂ 324 ਈਸਾ ਪੂਰਬ ਤੱਕ ਰਿਹਾ। ਇਸ ਸਮੇਂ ਦੌਰਾਨ ਘੱਟ ਤੋਂ ਘੱਟ 12 ਜੰਗਾਂ ਹੋਈਆਂ। ਨਿੱਕੀਆਂ ਝੜਪਾਂ ਦਾ ਕੋਈ ਹਿਸਾਬ ਨਹੀਂ। ਇਥੇ ਹੀ ਇਕ ਝੜਪ ਸ਼ਾਹਕੋਟ ਜ਼ਿਲ੍ਹਾ ਨਨਕਾਣਾ ਸਾਹਿਬ (ਪੁਰਾਣਾ ਜ਼ਿਲ੍ਹਾ ਸ਼ੇਖਪੁਰਾ)ਦੇ ਬਹਾਦਰ ਜਵਾਨ ਵੀਰੂ ਰਸਲ ਨਾਲ ਹੋਈ। ਵੀਰੂ ਰਸਲ ਵੀ ਹਿੰਦੂ ਧਰਮ ਨੂੰ ਮੰਨਣ ਵਾਲਾ ਰਾਜਪੂਤ ਸੀ। ਵੀਰੂ ਰਸਲ ਨਾਲ ਸਿਕੰਦਰ ਦੀ ਬੜੀ ਵੱਡੀ ਝੜਪ ਹੋਈ। ਇਸ ਝੜਪ ਵਿਚ ਵੀ ਸਿਕੰਦਰ ਨੂੰ ਬੜਾ ਫਿਕਰਮੰਦ ਹੋਣਾ ਪਿਆ, ਕਿਉਂਕਿ ਇਸ ਜਵਾਨ ਨੇ ਸਿਕੰਦਰ ਦਾ ਰਸਤਾ ਰੋਕਣ ਦੀ ਪੱਕੀ ਨੀਤੀ ਧਾਰੀ ਹੋਈ ਸੀ। ਵੀਰੂ ਰਸਲ ਨੇ ਖਤ ਤੀਰ ਵਿਚ ਪਰੋ ਕੇ ਇਕ ਖਾਸ ਮੁਕਾਮ ਤੋਂ ਸਿਕੰਦਰ ਦੇ ਖੇਮੇ ਵਿਚ ਮਾਰਿਆ। ਵੀਰੂ ਰਸਲ ਮਾਹਿਰ ਨਿਸ਼ਾਨੇਬਾਜ਼ ਸੀ। ਉਸ ਖਤ ਵਿਚ ਲਿਖਿਆ ਸੀ- 'ਮੰਨਿਆ ਤੂੰ ਸਿਕੰਦਰ ਹੈਂ ਤੇ ਤੂੰ ਦੁਨੀਆ ਫਤਹਿ ਕਰਨ ਲਈ ਨਿਕਲਿਆ ਹੈਂ, ਪਰ ਅੱਗੇ ਥੋੜ੍ਹਾ ਜਿਹਾ ਸੋਚ ਕੇ ਚੱਲੀਂ, ਇਹ ਪੰਜਾਬ ਦੇ ਪੁੱਤਰ ਵੀਰੂ ਰਸਲ ਦਾ ਇਲਾਕਾ ਹੈ ਤੇ ਪਿੰਡ ਮੇਰਾ ਸ਼ਾਹਕੋਟ ਹੈ, ਦਰਿਆ ਰਾਵੀ ਇਸ ਪਿੰਡ ਦੇ ਬਿਲਕੁਲ ਨਾਲ ਖਹਿ ਕੇ ਲੰਘਦਾ ਸੀ। ਦਰੱਖਤਾਂ ਦੇ ਝੁੰਡ ਇਸ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਗਾਉਂਦੇ ਸਨ। ਸੁਬਹ ਸਵੇਰੇ ਜਦੋਂ ਸੂਰਜ ਦੀਆਂ ਕਿਰਨਾਂ ਇਨ੍ਹਾਂ ਦਰਖਤਾਂ ਵਿਚੋਂ ਲੰਘ ਕੇ ਦਰਿਆ ਦੇ ਪਾਣੀ 'ਤੇ ਪੈਂਦੀਆਂ ਸਨ ਤਾਂ ਅਜੀਬ ਨਜ਼ਾਰਾ ਬਣਦਾ ਸੀ।' ਇਹ ਵੀਰੂ ਰਸਲ ਦੀ ਛੋਟੀ ਜਿਹੀ ਰਿਆਸਤ ਸੀ। ਇਥੇ ਹੀ ਉਸ ਦੀ ਸਿਕੰਦਰ ਨਾਲ ਵੱਡੀ ਝੜਪ ਹੋਈ। ਘਮਸਾਣ ਦੀ ਜੰਗ ਹੋਈ। ਇਸ ਵਿਚ ਵੀ ਸਿਕੰਦਰ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਤਾਰੀਖ ਮੁਤਾਬਕ ਵੀਰੂ ਰਸਲ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ ਕਿ ਇਹ ਬੰਦਾ ਮਰ ਗਿਆ ਸੀ, ਜਾਂ ਨੱਸ ਗਿਆ, ਜਾਂ ਕੈਦੀ ਬਣਾ ਲਿਆ ਗਿਆ; ਪਰ ਯਕੀਨਨ ਇਹ ਲੜਦਾ ਲੜਦਾ ਸ਼ਹੀਦ ਹੋ ਗਿਆ ਹੋਵੇਗਾ।

ਇਥੇ ਹੀ ਫਿਰ ਸਿਕੰਦਰ ਨੇ ਕਿਹਾ ਸੀ ਕਿ ਮੈਂ ਪੰਜਾਬ ਦੀ ਧਰਤੀ ਉਤੇ ਜਗ੍ਹਾ ਜਗ੍ਹਾ 'ਤੇ ਵੱਡੇ ਵੱਡੇ ਸੂਰਮੇ ਵੇਖੇ ਨੇ ਜਿਨ੍ਹਾਂ ਨਾਲ ਮੈਨੂੰ ਮੁਕਾਬਲਾ ਕਰਨਾ ਪੈ ਰਿਹਾ ਹੈ। ਮੈਂ ਪੰਜਾਬ ਵਿਚ ਆਪਣੇ ਲਈ ਬੜੀਆਂ ਵੱਡੀਆਂ ਰੁਕਾਵਟਾਂ ਵੇਖ ਰਿਹਾ ਹਾਂ। ਪਲੂਟਾਰਚ ਲਿਖਦਾ ਹੈ- ਪੋਰਸ ਨਾਲ ਹੋਈ ਜੰਗ ਤੇ ਹੋਰ ਝੜਪਾਂ ਨੇ ਮਕਦੂਨੀਆਂ ਦੇ ਹੌਸਲੇ ਬਿਲਕੁਲ ਢਾਹ ਦਿਤੇ। ਇਸ ਦੀ ਵਜ੍ਹਾ ਇਹ ਸੀ ਕਿ ਸਿਕੰਦਰ ਦੀਆਂ ਫ਼ੌਜਾਂ ਨੂੰ ਪੰਜਾਬ ਵਿਚ ਬਹੁਤ ਜ਼ਿਆਦਾ ਮਾਰ ਖਾਣੀ ਪਈ। ਸਿਕੰਦਰ ਘਰੋਂ ਦੁਨੀਆਂ ਫਤਹਿ ਕਰਨ ਲਈ ਨਿਕਲਿਆ ਸੀ, ਪਰ ਪੰਜਾਬ ਦੇ ਜੰਗੀ ਸਫਰ ਵਿਚ ਉਸ ਨੂੰ ਸਭ ਤੋਂ ਵੱਡੇ ਤੇ ਖਤਰਨਾਕ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਇਸ ਲਈ ਸਿਕੰਦਰ ਦੀਆਂ ਫ਼ੌਜਾਂ ਨੇ ਲੜਨ ਤੋਂ ਇਨਕਾਰ ਕਰ ਦਿੱਤਾ। ਇਸ ਪ੍ਰੇਸ਼ਾਨੀ ਦੇ ਆਲਮ ਵਿਚ ਸਿਕੰਦਰ ਪੰਜ ਦਿਨ ਆਪਣੇ ਖੇਮੇ ਵਿਚੋਂ ਬਾਹਰ ਨਹੀਂ ਨਿਕਲਿਆ। ਆਖਰ ਆਪਣੇ ਕਮਾਂਡਰਾਂ ਨਾਲ ਮਸ਼ਵਰਾ ਕਰਨ ਤੋਂ ਬਾਅਦ ਉਸ ਨੇ ਵਾਪਸੀ ਦਾ ਰਸਤਾ ਫੜਿਆ। ਤਾਰੀਖੀ ਤੌਰ 'ਤੇ ਇਹ ਗੱਲ ਪੱਕੀ ਹੈ ਕਿ ਸਿਕੰਦਰ ਦੇ ਰਸਤੇ ਵਿਚ ਜੇ ਕਦੇ ਪੋਰਸ ਨਾ ਆਉਂਦਾ ਤਾਂ ਸਿਕੰਦਰ ਦਾ ਦੁਨੀਆਂ ਫਤਹਿ ਕਰਨ ਦਾ ਸੁਪਨਾ ਪੂਰਾ ਹੋ ਜਾਣਾ ਸੀ।

ਪੋਰਸ ਦੀ ਮੌਤ ਜਿਹਲਮ ਦੇ ਕੰਢੇ ਉਸ ਦੀ ਆਪਣੀ ਰਾਜਧਾਨੀ ਵਿਚ ਹੋਈ। ਉਸ ਵਕਤ ਪੋਰਸ ਦੀ ਉਮਰ 45 ਵਰ੍ਹੇ ਸੀ। 317 ਈਸਾ ਪੂਰਬ ਵਿਚ ਚੰਦਰ ਗੁਪਤ ਮੌਰੀਆ ਨੇ ਸਾਜ਼ਿਸ਼ ਕਰ ਕੇ ਪੋਰਸ ਦਾ ਕਤਲ ਕਰਵਾ ਦਿੱਤਾ। ਪੋਰਸ ਦੀ ਰਿਆਸਤ ਖਤਮ ਕਰ ਕੇ ਚੰਦਰ ਗੁਪਤ ਨੇ ਉਸ ਨੂੰ ਹਿੰਦੋਸਤਾਨ ਵਿਚ ਸ਼ਾਮਿਲ ਕਰ ਲਿਆ।

ਪੰਜਾਬ ਨੂੰ ਹਮੇਸ਼ਾ ਲੁਟੇਰੇ ਟੋਲਿਆਂ ਨੇ ਤਬਾਹ ਕੀਤਾ। ਪਿਛਲੇ ਚਾਰ ਹਜ਼ਾਰ ਸਾਲਾਂ ਤੋਂ ਪੰਜਾਬ ਵਿਚ ਜ਼ੁਲਮ ਦੀ ਹੋਲੀ ਖੇਡੀ ਜਾ ਰਹੀ ਹੈ। ਇਹ ਜ਼ੁਲਮ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ। ਇਕ ਗੱਲ ਬੜੀ ਚੰਗੀ ਤੇ ਹੌਸਲੇ ਵਾਲੀ ਹੈ ਕਿ ਇਸ ਧਰਤੀ ਦਿਆਂ ਪੁੱਤਰਾਂ ਨੇ ਜ਼ੁਲਮ ਸਹਿ ਕੇ ਵੀ ਸੀ ਨਹੀਂ ਕੀਤੀ, ਬਲਕਿ ਬੜੇ ਹੌਸਲੇ ਤੇ ਦਲੇਰੀ ਨਾਲ ਜ਼ਾਲਮ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ।

***ਵਲੈਤ ਵੱਸਦਾ ਸ਼ਾਇਰ ਦਰਸ਼ਨ ਬੁਲੰਦਵੀ ਤਕਰੀਬਨ ਅੱਧੀ ਸਦੀ ਤੋਂ ਕਵਿਤਾ ਦੇ ਸਫਰ ਉਤੇ ਨਿਕਲਿਆ ਹੋਇਆ ਹੈ। ਆਪਣੇ ਸਫਰਨਾਮੇ 'ਪਰ ਤੋਲਦਿਆਂ' ਵਿਚ ਉਹਨੇ 1975 ਤੋਂ 1981 ਤਕ, ਪਰਦੇਸ ਲਈ ਕੀਤੇ ਪਲੇਠੇ ਸਫਰ ਦੀ ਬਾਤ ਬਹੁਤ ਸੋਹਣੇ ਤਰੀਕੇ ਨਾਲ ਪਾਈ ਹੈ। ਇਥੇ ਛਾਪੇ ਜਾ ਰਹੇ ਲੇਖ 'ਕਾਬਲ' ਵਿਚ ਕਾਬਲ ਵੇਲੇ ਦੇ ਕਿਆਮ ਬਾਰੇ ਚਰਚਾ ਹੈ। ਇਸ ਵਿਚ ਕਾਬਲ ਅਤੇ ਉਸ ਦਾ ਆਲਾ-ਦੁਆਲਾ ਬਹੁਤ ਅਛੋਪਲੇ ਜਿਹੇ ਚਰਚਾ ਵਿਚ ਆਣ ਸ਼ਾਮਲ ਹੁੰਦਾ ਹੈ। -ਸੰਪਾਦਕ***

# ਕਾਬਲ






ਦਰਸ਼ਨ ਬੁਲੰਦਵੀ

ਅਸੀਂ 6 ਅਪਰੈਲ 1975 ਨੂੰ ਕਾਬਲ ਏਅਰਪੋਰਟ ਉਪਰ ਪਹੁੰਚ ਗਏ। ਏਅਰਪੋਰਟ ਦੇ ਆਲੇ-ਦੁਆਲੇ ਦੂਰ ਦੂਰ ਤਾਂਈਂ ਜੰਮੀ ਬਰਫ਼ ਨਜ਼ਰ ਆ ਰਹੀ ਸੀ। ਉਚੇ ਉਚੇ ਪਹਾੜ ਦੁੱਧ ਚਿੱਟੀ ਬਰਫ਼ ਨਾਲ ਚਮਕ ਰਹੇ ਸਨ। ਬਰਫ਼ਾਨੀ ਤੇਜ਼ ਹਵਾ ਦੇ ਬੁੱਲੇ ਜਿਸਮ ਵਿਚੋਂ ਲੰਘ ਰਹੇ ਸਨ। ਪਹਿਲੀ ਵਾਰ ਜ਼ਿੰਦਗੀ ਵਿਚ ਕਿਸੇ ਗੈਰ ਧਰਤੀ 'ਤੇ ਪੈਰ ਧਰਿਆ ਸੀ। ਇਸ ਧਰਤੀ ਦੇ ਚੱਪੇ ਚੱਪੇ ਨੂੰ ਤੱਕਣ ਦੀ ਰੀਝ ਅੰਦਰ ਜਾਗ ਰਹੀ ਸੀ। ਜੀਅ ਕਰਦਾ ਸੀ, ਇਨ੍ਹਾਂ ਬਰਫ਼ੀਲੇ ਪਹਾੜਾਂ ਨੂੰ ਛੂਹ ਕੇ ਵੇਖਾਂ। ਇਸ ਧਰਤੀ ਦੀ ਵਿਸ਼ਾਲਤਾ ਨੂੰ ਰੱਜ ਕੇ ਮਾਣਾਂ।

ਏਅਰਪੋਰਟ ਉਪਰ ਤਣੀ ਇਮੀਗਰੇਸ਼ਨ ਵਿਚੋਂ ਅਸੀਂ ਸਹੀ ਸਲਾਮਤ ਲੰਘ ਗਏ। ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਨਾ ਹੋਈ। ਹਰਪ੍ਰਕਾਸ਼ ਚੀਮਾ ਨੇ ਕਾਬਲ ਤੋਂ ਤਹਿਰਾਨ ਦੇ ਸਫ਼ਰ ਦੀ ਰੂਪ-ਰੇਖਾ ਲਹਿੰਬਰ ਤੇ ਦਿਲਬਾਗ ਸਿੰਘ ਨੂੰ ਬਣਾ ਕੇ ਦੇ ਦਿੱਤੀ ਹੋਈ ਸੀ। ਉਸ ਨੂੰ ਪਤਾ ਸੀ, ਕਿਥੇ ਰਿਹਾਇਸ਼ ਰੱਖਣੀ ਹੈ, ਕਿਸ ਥਾਂ ਤੋਂ ਅੱਗੇ ਲਈ ਕੋਚ ਦੀਆਂ ਟਿਕਟਾਂ ਲੈਣੀਆਂ ਸੀ। ਏਅਰਪੋਰਟ ਤੋਂ ਅਸੀਂ ਦੋ ਟੈਕਸੀਆਂ ਰਾਹੀਂ ਸਿੱਧੇ ਗਜ਼ਨਵੀ ਹੋਟਲ ਚਲੇ ਗਏ। ਸਾਨੂੰ ਅੱਠਾਂ ਜਣਿਆਂ ਨੂੰ ਵੱਡਾ ਕਮਰਾ ਮਿਲ ਗਿਆ। ਹੋਟਲ ਸੌ ਕੁ ਸਾਲ ਪੁਰਾਣਾ ਲੱਗਦਾ ਸੀ। ਦੇਖਣ ਨੂੰ ਇੰਜ ਲਗਦਾ ਸੀ ਕਿ ਜਿਵੇਂ ਹੁਣੇ ਕਿਸੇ ਤੂਫ਼ਾਨ ਨੇ ਇਹਨੂੰ ਅੰਦਰੋਂ-ਬਾਹਰੋਂ ਝੰਬਿਆ ਹੋਵੇ। ਥਾਂ ਥਾਂ ਤੋਂ ਟੁੱਟੀ ਹੋਈ ਫਰਸ਼ ਦੀਆਂ ਦਰਾੜਾਂ, ਪੈਰੀਂ ਪਾਈਆਂ ਜੁੱਤੀਆਂ ਵਿਚੋਂ ਵੀ ਮਹਿਸੂਸ ਹੁੰਦੀਆਂ ਸੀ। ਖੂੰਜਿਆਂ ਵਿਚੋਂ ਜਾਲਾ ਲਟਕ ਰਿਹਾ ਸੀ। ਖਿੜਕੀਆਂ ਦੀਆਂ ਝੀਥਾਂ ਥਾਣੀਂ ਹਵਾ ਬਿਨਾਂ ਕਿਸੇ ਮੁਸ਼ਕਿਲ ਅੰਦਰ ਆ ਰਹੀ ਸੀ। ਸਰਦੀਆਂ ਦੇ ਮੌਸਮ ਵਿਚ ਪਾਣੀ ਠੰਢਾ ਹੀ ਮਿਲਦਾ ਸੀ। ਰਾਤ ਨੂੰ ਸੌਣ ਲਈ ਜਿਹੜੇ ਕੰਬਲ ਮਿਲੇ, ਉਹ ਬਹੁਤ ਪੁਰਾਣੇ ਤੇ ਖਸਤਾ ਹਾਲ ਸਨ, ਪਰ ਸਾਨੂੰ ਸਾਰਿਆਂ ਨੂੰ ਇਸ ਗੱਲ ਦੀ ਖੁਸ਼ੀ ਅਤੇ ਤਸੱਲੀ ਸੀ ਕਿ ਹੋਟਲ ਰਹਿਣ ਨੂੰ ਸਸਤਾ ਸੀ।

ਇਸ ਤੋਂ ਇਲਾਵਾ ਹੋਟਲ ਦਾ ਮਾਲਕ ਬਹੁਤ ਮਿਲਾਪੜਾ ਅਤੇ ਚੰਗੇ ਸੁਭਾਅ ਦਾ ਸੀ। ਸੌਣ ਲੱਗਿਆਂ ਰਾਤ ਨੂੰ ਸਾਨੂੰ ਅਸਲ ਨਿੱਘ ਆਪਣੇ ਸਵੈਟਰ ਅਤੇ ਪਜਾਮੇ ਪਹਿਨ ਕੇ ਹੀ ਮਿਲਦਾ ਸੀ। ਸਾਡੇ ਇਸ ਸਫ਼ਰ ਦੇ ਪ੍ਰੋਗਰਾਮ ਵਿਚ ਇਹ ਵੀ ਸ਼ਾਮਲ ਸੀ ਕਿ ਅਸੀਂ ਲੱਗਦੀ ਵਾਹ ਰਿਹਾਇਸ਼ ਅਤੇ ਖਾਣ-ਪੀਣ 'ਤੇ ਘੱਟ ਤੋਂ ਘੱਟ ਖਰਚ ਕਰਨਾ ਹੈ। ਪਰਦੇਸਾਂ ਦੀ ਮੁਸੀਬਤ ਵਿਚ ਪੈਸਾ ਹੀ ਕੰਮ ਆਉਂਦਾ ਹੈ। ਉਨ੍ਹਾਂ ਦਿਨਾਂ ਵਿਚ ਅਫਗਾਨਿਸਤਾਨ ਦੇ ਭਾਰਤ ਨਾਲ ਰਾਜਨੀਤਕ ਸਬੰਧ ਮਿੱਤਰਤਾ ਭਰੇ ਸਨ। ਇਸ ਕਰ ਕੇ ਇਹ ਭਾਰਤੀਆਂ ਨੂੰ ਵਧੇਰੇ ਪਸੰਦ ਕਰਦੇ ਸਨ।

ਹੋਟਲ ਵਿਚ ਰਾਤ ਕੱਟਣ ਤੋਂ ਬਾਅਦ ਅਗਲੇ ਦਿਨ ਹੀ ਸਾਰਿਆਂ ਨੇ ਆਪਣੀਆਂ ਪੱਗਾਂ ਲਾਹ ਕੇ ਬੈਗਾਂ ਵਿਚ ਪਾ ਲਈਆਂ ਸਨ। ਕਈਆਂ ਨੇ ਆਪਣੇ ਲੰਬੇ ਵਾਲ ਉਂਜ ਹੀ ਪਿਛਾਂਹ ਨੂੰ ਸੁੱਟ ਕੇ ਵਾਹ ਲਏ ਸਨ। ਉਹ ਅਜੇ ਵੀ ਸੋਚਦੇ ਸਨ ਕਿ ਕੀ ਪਤਾ, ਪਹੁੰਚ ਵੀ ਹੋਣਾ ਹੈ ਜਾਂ ਨਹੀਂ! ਐਵੇਂ ਵਾਲਾਂ ਦੀ ਤੌਹੀਨ ਕਾਹਨੂੰ ਕਰਨੀ ਏ। ਵੈਸੇ ਉਹ ਲੰਬੇ ਵਾਲਾਂ ਨੂੰ ਪਿਛਾਂਹ ਸੁੱਟ ਕੇ ਆਪਣੇ ਆਪ ਨੂੰ ਹਿੱਪੀਆਂ ਦੀ ਸ਼੍ਰੇਣੀ ਵਿਚ ਵੀ ਸ਼ਾਮਲ ਕਰ ਰਹੇ ਸਨ। ਉਨ੍ਹੀਂ ਦਿਨੀਂ ਯੂਰਪ ਤੋਂ ਆਏ ਹਿੱਪੀ ਕਿਸਮ ਦੇ ਟੂਰਿਸਟ ਅਕਸਰ ਦੇਖਣ ਨੂੰ ਮਿਲਦੇ ਸਨ। ਇਨ੍ਹਾਂ ਨੇ ਚੌੜੇ ਪੌਂਚਿਆਂ ਦੀਆਂ ਬੈੱਲਬੌਟਮਾਂ ਪਾਈਆਂ ਹੁੰਦੀਆਂ ਸਨ। ਉਤੇ ਰੰਗ ਬਰੰਗੀਆਂ ਟਾਕੀਆਂ ਨਾਲ ਸਜਾਈਆਂ ਹੁੰਦੀਆਂ ਸਨ। ਮੂੰਹ ਵਿਚ ਤਮਾਕੂ ਦੇ ਲੰਬੇ ਪਾਈਪ ਹੁੰਦੇ ਜਿਸ ਵਿਚੋਂ ਸੂਟੇ ਭਰਦੇ ਆਪਣੇ ਆਪ ਵਿਚ ਮਸਰੂਫ਼ ਹੋਏ ਫਕੀਰ ਲੱਗਦੇ।

ਸਾਡੇ ਵਿਚੋਂ ਅੱਧਿਆਂ ਕੁ ਨੇ ਘਰੋਂ ਤੁਰਨ ਲੱਗਿਆ ਹੀ ਬੈਗਾਂ ਵਿਚ ਕੈਂਚੀਆਂ ਪਾ ਲਈਆਂ ਸਨ। ਜਿਉਂ ਹੀ ਕਾਬਲ ਪਹੁੰਚੇ, ਇਕ ਦੂਜੇ ਦੀ ਮਦਦ ਨਾਲ ਵਾਲ ਕੱਟ ਲਏ। ਇਨ੍ਹਾਂ ਵਿਚ ਮੈਂ ਵੀ ਸ਼ਾਮਲ ਸੀ। ਸਾਡੇ ਸਾਰਿਆਂ ਦੇ ਕੱਟੇ ਹੋਏ ਵਾਲ ਚੋਰੀ ਦੇ ਵੱਢੇ ਚਟਾਲੇ ਵਾਂਗ ਨਜ਼ਰ ਆ ਰਹੇ ਸਨ। ਜੈੱਲ ਲਾ ਕੇ ਕਿਸੇ ਸਟਾਇਲ ਵਿਚ ਕਰਨ ਦੀ ਕਿਸੇ ਨੂੰ ਜਾਚ ਨਹੀਂ ਸੀ। ਹਵਾ ਚੱਲਦੀ ਤਾਂ ਸੁੱਕੇ ਸਲਵਾੜ ਵਾਂਗ ਇਧਰ ਉਧਰ ਖਿਲਰ ਜਾਂਦੇ। ਵਾਲ ਕਟਵਾਉਂਦਿਆਂ ਅੰਦਰੋਂ ਉਠ ਰਹੀ ਕੋਈ ਖਾਮੋਸ਼ ਪੀੜ ਸੀ ਜਿਸ ਨੂੰ ਮੈਂ ਹੀ ਸੁਣ ਸਕਦਾ ਸੀ। ਆਪਣੇ ਹੀ ਖਿਲਾਫ਼ ਕੀਤੀ ਸਾਜ਼ਿਸ਼ ਵਾਂਗ ਮਹਿਸੂਸ ਹੋ ਰਿਹਾ ਸੀ। ਸ਼ੀਸ਼ੇ ਮੂਹਰੇ ਖੜੋਂਦਿਆਂ ਦਿਲ ਨੂੰ ਝਟਕਾ ਲਗਦਾ ਸੀ। ਇਹ ਆਪਣੇ ਹੀ ਸਰੀਰ ਦਾ ਅੰਗ ਕੱਟਣ ਵਾਂਗ ਸੀ। ਅਸੀਂ ਸਾਰੇ ਹੁਣ ਅੰਗਹੀਣ ਮੁਸਾਫਿਰ ਬਣ ਗਏ ਸੀ। ਕੋਈ ਨਹੀਂ ਸੀ ਕਿਸੇ 'ਤੇ ਉਂਗਲ ਕਰ ਸਕਦਾ। ਗਰੀਸ ਵਿਚ ਦਾਖਲ ਹੋਣ ਤੋਂ ਪਹਿਲਾਂ ਸਾਰੇ ਗਰੀਕੀਆਂ ਵਾਂਗ ਹੋ ਜਾਣਾ ਚਾਹੁੰਦੇ ਸਨ। ਆਪਣੇ ਧਰਮ ਵਿਚ ਪ੍ਰਵਾਨ ਚੜ੍ਹੇ ਬਾਹਰੀ ਸਰੂਪ ਨੂੰ ਦੂਸਰੇ ਵੇਸ ਭੇਸ ਵਿਚ ਤਬਦੀਲ ਦਕਰਨਾ ਸੌਖਾ ਨਹੀਂ ਹੁੰਦਾ, ਪਰ ਜੇ ਇਕ ਵਾਰ ਝਾਕਾ ਲੱਥ ਗਿਆ, ਫੇਰ ਰੂਹ ਤੋਂ ਪੀੜ ਨਹੀਂ ਉਠਦੀ!

ਪਹਿਲੀ ਰਾਤ ਖਾਣੇ ਲਈ ਕਿਸੇ ਰੈਸਟੋਰੈਂਟ ਵਿਚ ਗਏ ਤਾਂ ਪਤਾ ਨਹੀਂ ਸੀ ਲੱਗ ਰਿਹਾ, ਕਿਸ ਕਿਸਮ ਦਾ ਖਾਣਾ ਮੰਗਵਾਇਆ ਜਾਏ। ਗਜ਼ ਗਜ਼ ਲੰਬੇ ਨਾਨ ਸਨ ਜਿਸ ਦੇ ਸੁਆਦ ਬਾਰੇ ਕੋਈ ਗਿਆਨ ਨਹੀਂ ਸੀ। ਖਾਣ ਨੂੰ ਦਿਲ ਨਹੀਂ ਸੀ ਮੰਨ ਰਿਹਾ। ਚੌਲ ਮੰਗੇ ਤਾਂ ਹਰ ਕਿਸਮ ਦੇ ਬਣੇ ਚੌਲਾਂ ਵਿਚ ਗਊ ਦਾ ਮੀਟ ਸੀ। ਬਹਿਰੇ ਕੋਲੋਂ ਅਸੀਂ ਗਊ ਦੇ ਮੀਟ ਤੋਂ ਬਿਨਾਂ ਖਾਣਾ ਮੰਗ ਰਹੇ ਸੀ, ਪਰ ਉਹ ਸਮਝ ਨਹੀਂ ਸੀ ਰਿਹਾ। ਉਂਜ ਮੀਟ ਦੀ ਵਾਸ਼ਨਾ ਨਾਲ ਸਾਰਿਆਂ ਦੀਆਂ ਬਰਾਛਾਂ ਵਿਚ ਪਾਣੀ ਆ ਰਿਹਾ ਸੀ। ਸਾਰੇ ਹੀ ਦੱਬੀ-ਘੁੱਟੀ ਆਵਾਜ਼ ਵਿਚ ਨਾ ਤਾਂ ਹਾਂ ਕਰਦੇ ਸੀ ਅਤੇ ਨਾ ਹੀ ਵੱਜ ਕੇ ਨਾਂਹ ਕਰਦੇ ਸੀ। ਸਾਰੇ ਇਸ ਮੌਕੇ ਦੀ ਤਾੜ ਵਿਚ ਸਨ ਕਿ ਕੋਈ ਪਹਿਲਾਂ ਹਾਂ ਕਰੇ, ਤਾਂ ਮਗਰਲੇ ਆਪਣੇ ਆਪ ਹਾਂ ਕਰਨ ਲਈ ਰਾਜ਼ੀ ਸਨ। ਅੰਦਰੋਂ ਸਾਰੇ ਮੀਟ ਖਾਣ ਲਈ ਤਿਆਰ ਸਨ, ਸਿਰਫ਼ ਪਹਿਲ ਕਰਨ ਤੋਂ ਕੰਨੀ ਕਤਰਾਉਂਦੇ ਸਨ। ਅਸੀਂ ਅਜੇ ਜੱਕੋ-ਤੱਕੀ ਵਿਚ ਹੀ ਸਾਂ ਕਿ ਬਹਿਰੇ ਨੇ ਮੀਟ ਚੌਲ ਲਿਆ ਕੇ ਸਾਡੇ ਮੂਹਰੇ ਰੱਖ ਦਿੱਤੇ। ਨਾ ਅਸੀਂ ਉਹਦੀ ਬੋਲੀ ਸਮਝਣ ਦੀ ਕੋਸ਼ਿਸ਼ ਕੀਤੀ, ਨਾ ਹੀ ਉਹ ਠੀਕ ਢੰਗ ਨਾਲ ਸਮਝਾ ਸਕਿਆ। ਜੋ ਉਸ ਨੇ ਪਰੋਸਿਆ, ਸਾਰਿਆਂ ਵਾਹਿਗੁਰੂ ਕਹਿ ਕੇ ਛਕ ਲਿਆ।

***ਕਾਬਲ ਤੋਂ ਬਾਹਰ ਨਿਕਲਦਿਆਂ ਸੜਕ ਦੇ ਆਲੇ-ਦੁਆਲੇ ਕਿਤੇ ਕਿਤੇ ਕੱਚੇ ਕੋਠੇ ਨਜ਼ਰ ਆ ਰਹੇ ਸਨ। ਆਲੇ-ਦੁਆਲੇ ਲੰਬੀਆਂ ਚੌੜੀਆਂ ਖਾਲੀ ਜੂਹਾਂ ਦਿਸ ਰਹੀਆਂ ਸਨ। ਇਨ੍ਹਾਂ ਜੂਹਾਂ ਵਿਚ ਕਿਤੇ ਕਿਤੇ ਭੇਡਾਂ ਬੱਕਰੀਆਂ ਦੇ ਇੱਜੜ ਚਰ ਰਹੇ ਸਨ; ਜਾਂ ਬਰਫ਼ਾਂ ਦੇ ਝੰਬੇ ਹੋਏ ਖਾਕੀ, ਪੀਲੇ ਰੰਗ ਦੇ ਦਰੱਖਤ ਦਿਸ ਰਹੇ ਸਨ; ਜਾਂ ਛੋਟੀਆਂ ਛੋਟੀਆਂ ਪਹਾੜੀਆਂ ਦੇ ਪੈਰਾਂ ਵਿਚ ਬਣੇ ਪਾਣੀ ਦੇ ਚਸ਼ਮੇ ਚਮਕ ਰਹੇ ਸਨ। ਇਨ੍ਹਾਂ ਦੁਆਲੇ ਚਰਵਾਹੇ ਪਰਿਕਰਮਾ ਕਰਦੇ ਨਜ਼ਰ ਆ ਰਹੇ ਸਨ। ਕੁਝ ਘੰਟਿਆਂ ਬਾਅਦ ਪਥਰੀਲੀ ਭੋਂ ਸ਼ੁਰੂ ਹੋ ਗਈ। ਕੰਧਾਰ ਨਜ਼ਦੀਕ ਪਹੁੰਚੇ ਤਾਂ ਕਿਤੇ ਕਿਤੇ ਹਰਿਆਲੀ ਨਜ਼ਰੀਂ ਪੈਣ ਲੱਗੀ।***

ਕਾਬਲ ਤੋਂ ਗਰੀਸ ਤੱਕ ਦਾ ਪੈਂਡਾ ਅਸੀਂ ਕੋਚ ਰਾਹੀਂ ਕਰਨਾ ਸੀ। ਲਹਿੰਬਰ ਨੇ ਅਗਾਂਹ ਕਾਬਲ ਤੋਂ ਕੰਧਾਰ, ਕੰਧਾਰ ਤੋਂ ਮਸ਼ਦ (ਇਰਾਨ) ਕੋਚ ਦੀਆਂ ਟਿਕਟਾਂ ਲੈ ਆਂਦੀਆਂ ਸਨ। ਟੂਰਿਸਟਾਂ ਦੀ ਭਰਮਾਰ ਕਰ ਕੇ ਸਾਨੂੰ ਤਿੰਨ ਦਿਨਾਂ ਬਾਅਦ ਕੋਚ ਮਿਲਣੀ ਸੀ। ਤਿੰਨ ਦਿਨ ਸਾਡੇ ਕੋਲ ਵਿਹਲੇ ਸਨ। ਜਦ ਵੀ ਵਕਤ ਮਿਲਦਾ, ਅਸੀਂ ਟੋਲੀਆਂ ਬਣਾ ਕੇ ਘੁੰਮਣ ਫਿਰਨ ਸ਼ਹਿਰ ਵਲ ਚਲੇ ਜਾਂਦੇ। ਸ਼ਹਿਰ ਵਿਚ ਸਿੱਖ ਭਾਪਿਆਂ ਦੀਆਂ ਕੱਪੜੇ ਦੀਆਂ ਦੁਕਾਨਾਂ ਅਕਸਰ ਦੇਖਣ ਨੂੰ ਮਿਲਦੀਆਂ ਸਨ। ਹੋਰ ਵੀ ਉਨ੍ਹਾਂ ਦੇ ਵੱਡੇ ਵੱਡੇ ਬਿਜ਼ਨੈੱਸ ਦਿਖਾਈ ਦੇ ਰਹੇ ਸਨ। ਉਹ ਬੂਟੀਦਾਰ ਪੱਗਾਂ ਬੰਨ੍ਹੀ ਆਪਣੇ ਸਿੱਖ ਹੋਣ 'ਤੇ ਬਹੁਤ ਫ਼ਖ਼ਰ ਕਰਦੇ ਵਿਖਾਈ ਦੇ ਰਹੇ ਸਨ। ਜਦ ਅਸੀਂ ਉਨ੍ਹਾਂ ਨੂੰ ਪੰਜਾਬ ਤੋਂ ਆਏ ਦੱਸਦੇ, ਤਾਂ ਉਹ ਸਾਡੀਆਂ ਕੱਟੀਆਂ ਦਾੜ੍ਹੀਆਂ ਨੂੰ ਇੰਜ ਘੂਰਦੇ, ਜਿਵੇਂ ਉਨ੍ਹਾਂ ਖਿਲਾਫ਼ ਅਸੀਂ ਕੋਈ ਸਾਜ਼ਿਸ਼ ਕੀਤੀ ਹੋਵੇ; ਜਿਵੇਂ ਅਸੀਂ ਉਨ੍ਹਾਂ ਦੇ ਅਪਰਾਧੀ ਹੋਈਏ। ਪੰਜਾਬ ਨੂੰ ਉਹ ਆਪਣੇ ਪੁਰਖਿਆਂ ਦੀ ਮਾਤ ਭੂਮੀ ਮਹਿਸੂਸਦੇ ਸਨ। ਵਿਉਪਾਰ ਦੇ ਸਬੰਧ ਵਿਚ ਦਿੱਲੀ ਅਤੇ ਅੰਮ੍ਰਿਤਸਰ ਅਕਸਰ ਆਉਂਦੇ-ਜਾਂਦੇ ਰਹਿੰਦੇ ਸਨ। ਕਾਬਲ ਵਿਚ ਉਨ੍ਹਾਂ ਦੀਆਂ ਕੱਪੜਿਆਂ ਦੀਆਂ ਕਾਫ਼ੀ ਦੁਕਾਨਾਂ ਸਨ।

ਕਾਬਲ ਪਹੁੰਚ ਕੇ ਸਾਨੂੰ ਪਤਾ ਲੱਗਾ ਸੀ ਕਿ ਇਥੇ ਕਈ ਗੁਰਦੁਆਰੇ ਵੀ ਸਨ। ਸ੍ਰੀ ਗੁਰੂ ਨਾਨਕ ਨੇ ਆਪਣੀ ਉਦਾਸੀ ਦੌਰਾਨ ਇਥੇ ਵੀ ਫੇਰਾ ਪਾਇਆ ਸੀ। ਇਕ ਦਿਨ ਸਾਰਿਆਂ ਨੇ ਨਿਸ਼ਚਾ ਕੀਤਾ ਕਿ ਹੋਟਲ ਤੋਂ ਨੇੜਲੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਜਾਣ। ਇਕ ਗੁਰਦੁਆਰੇ ਅਸੀਂ ਮੱਥਾ ਟੇਕ ਕੇ, ਬਿਨਾ ਰੋਕ-ਟੋਕ ਵਾਪਸ ਆ ਗਏ। ਦੂਸਰੇ ਗੁਰਦੁਆਰੇ ਗਏ ਤਾਂ ਉਥੇ ਉਸ ਵਕਤ ਲੰਗਰ ਚੱਲ ਰਿਹਾ ਸੀ। ਅਸੀਂ ਮੱਥਾ ਟੇਕ ਕੇ ਅਜੇ ਲੰਗਰ ਛਕਣ ਲਈ ਕਮਰ ਕੱਸ ਹੀ ਰਹੇ ਸਾਂ ਕਿ ਭਾਈ ਗੁਰਸਿੱਖ ਸਾਡੇ ਕੋਲ ਆਇਆ। ਉਸ ਨੇ ਸਰਸਰੀ ਜਿਹੀ ਨਜ਼ਰ ਸਾਡੀਆਂ ਕੱਟੀਆਂ ਦਾੜ੍ਹੀਆਂ ਵਲ ਨਜ਼ਰ ਮਾਰੀ ਅਤੇ ਸਾਨੂੰ ਪੰਗਤ ਵੱਲ ਜਾਣ ਤੋਂ ਰੋਕ ਦਿੱਤਾ। ਅਸਾਂ ਸਿਰ ਆਪਣੇ ਤਾਂ ਢਕੇ ਹੋਏ ਸਨ। ਉਸ ਦਾ ਵਤੀਰਾ ਬੜਾ ਅਜੀਬ ਲੱਗਾ। ਅਸੀਂ ਸ਼ਰਮਿੰਦੇ ਹੋਏ ਆਪਣੀਆਂ ਜੁੱਤੀਆਂ ਪਾਉਣ ਲੱਗ ਪਏ। ਅਸੀਂ ਨਿੰਮੋਝੂਣੇ ਹੋਏ ਇਸ ਹੱਤਕ ਨੂੰ ਨਾ ਸਹਾਰਦੇ ਹੋਏ ਹੋਟਲ ਵਿਚ ਆ ਗਏ। ਕਿਸੇ ਵਿਚਾਰ ਵਟਾਂਦਰੇ ਦੀ ਝੜਪ ਵਿਚ ਪੈਣਾ ਜੋਗ ਨਾ ਸਮਝਿਆ।

ਤਿੰਨ ਦਿਨ ਬਾਅਦ ਕੋਚ ਰਾਹੀਂ ਕੰਧਾਰ ਵੱਲ ਚੱਲ ਪਏ। ਸਾਰਾ ਕੋਚ ਹੀ ਵਿਦੇਸ਼ੀ ਟੂਰਿਸਟਾਂ ਨਾਲ ਹੀ ਭਰਿਆ ਹੋਇਆ ਸੀ। ਕੋਚ ਦੀਆਂ ਗੱਦੀਦਾਰ ਸੀਟਾਂ ਕਾਫ਼ੀ ਆਰਾਮਦੇਹ ਸਨ। ਸੌਣ ਜਾਂ ਆਰਾਮ ਕਰਨ ਲਈ ਅੱਗੇ ਪਿਛੇ ਹੋ ਜਾਂਦੀਆਂ ਸਨ।

ਕਾਬਲ ਸ਼ਹਿਰ ਤੋਂ ਕੁਝ ਮੀਲ ਬਾਹਰ ਨਿਕਲਦਿਆਂ ਹੀ ਸੜਕ ਦੇ ਆਲੇ-ਦੁਆਲੇ ਕਿਤੇ ਕਿਤੇ ਕੱਚੇ ਕੋਠੇ ਉਸਰੇ ਹੋਏ ਨਜ਼ਰ ਆ ਰਹੇ ਸਨ ਜੋ ਅਫ਼ਗਾਨਿਸਤਾਨ ਦੀ ਗਰੀਬੀ ਦਾ ਪ੍ਰਤੱਖ ਪ੍ਰਤੀਕ ਸਨ। ਆਲੇ-ਦੁਆਲੇ ਲੰਬੀਆਂ ਚੌੜੀਆਂ ਖਾਲੀ ਜੂਹਾਂ ਦਿਸ ਰਹੀਆਂ ਸਨ। ਇਨ੍ਹਾਂ ਜੂਹਾਂ ਵਿਚ ਕਿਤੇ ਕਿਤੇ ਭੇਡਾਂ ਬੱਕਰੀਆਂ ਦੇ ਇੱਜੜ ਚਰ ਰਹੇ ਸਨ; ਜਾਂ ਬਰਫ਼ਾਂ ਦੇ ਝੰਬੇ ਹੋਏ ਖਾਕੀ, ਪੀਲੇ ਰੰਗ ਦੇ ਦਰੱਖਤ ਦਿਸ ਰਹੇ ਸਨ; ਜਾਂ ਛੋਟੀਆਂ ਛੋਟੀਆਂ ਪਹਾੜੀਆਂ ਦੇ ਪੈਰਾਂ ਵਿਚ ਬਣੇ ਪਾਣੀ ਦੇ ਚਸ਼ਮੇ ਚਮਕ ਰਹੇ ਸਨ। ਇਨ੍ਹਾਂ ਦੁਆਲੇ ਚਰਵਾਹੇ ਪਰਿਕਰਮਾ ਕਰਦੇ ਨਜ਼ਰ ਆ ਰਹੇ ਸਨ। ਕੁਝ ਘੰਟਿਆਂ ਬਾਅਦ ਪਥਰੀਲੀ ਭੋਂ ਸ਼ੁਰੂ ਹੋ ਗਈ। ਕਾਲੀਆਂ ਅਤੇ ਸਲੇਟੀ ਰੰਗ ਦੀਆਂ ਚਟਾਨਾਂ ਸੁੰਨ-ਮਸਾਨ ਦਿਸ ਰਹੀਆਂ ਸਨ। ਸੜਕ ਇਨ੍ਹਾਂ ਚਟਾਨਾਂ ਨੂੰ ਕੱਟ ਕੇ ਬਣੀ ਹੋਈ ਸੀ। ਆਲੇ-ਦੁਆਲੇ ਕਿਤੇ ਨਾ ਬੰਦਾ ਨਾ ਪਰਿੰਦਾ ਨਜ਼ਰ ਆ ਰਿਹਾ ਸੀ। ਚਟਾਨਾਂ ਦੀ ਖਾਮੋਸ਼ੀ ਵਿਚ ਕੋਈ ਭਿਅੰਕਰ, ਡਰਾਉਣੀ ਜਿਹੀ ਉਜਾੜ ਵਸੀ ਹੋਈ ਸੀ। ਜਿਉਂ ਹੀ ਅਸੀਂ ਕੰਧਾਰ ਦੇ ਨਜ਼ਦੀਕ ਪਹੁੰਚੇ ਤਾਂ ਕਿਤੇ ਕਿਤੇ ਹਰਿਆਲੀ ਨਜ਼ਰੀਂ ਪੈਣ ਲੱਗੀ। ਸੁੱਕੇ ਮੇਵਿਆਂ ਦੇ ਬਾਗ ਨਜ਼ਰ ਆ ਰਹੇ ਸਨ। ਕਿਤੇ ਕੋਈ ਫ਼ਸਲ ਵੀ ਝੂਮ ਰਹੀ ਸੀ। ਇਥੇ ਬਦਾਮ, ਅਖਰੋਟ, ਪਿਸਤਾ ਅਤੇ ਸੌਗੀ ਕਿਸਮ ਦੀਆਂ ਵਸਤਾਂ ਬਹੁਤ ਸਸਤੀਆਂ ਸਨ। ਅਫ਼ਗਾਨਿਸਤਾਨ ਦੀ ਪੈਦਾਵਾਰ ਦਾ ਇਹ ਬਹੁਤ ਵੱਡਾ ਸੋਮਾ ਹਨ।

ਕਾਬਲ ਤੋਂ ਕੰਧਾਰ ਤੱਕ ਦਾ ਸਫ਼ਰ ਅਠ੍ਹਾਰਾਂ ਘੰਟਿਆਂ ਦਾ ਸੀ। ਡਰਾਈਵਰ ਮੁੱਖ ਅੱਡਿਆਂ 'ਤੇ ਚਾਹ ਪਾਣੀ ਲਈ ਕੋਚ ਰੋਕ ਲੈਂਦਾ ਸੀ। ਕੰਧਾਰ ਇਕ ਰਾਤ ਹੋਟਲ ਵਿਚ ਕੱਟਣ ਤੋਂ ਬਾਅਦ ਅਗਲੀ ਸਵੇਰੇ ਇਰਾਨ ਦੇ ਸ਼ਹਿਰ ਮਸ਼ਦ ਨੂੰ ਰਵਾਨਾ ਹੋਣਾ ਸੀ।

ਇਸ ਸਫ਼ਰ ਦੌਰਾਨ ਕਦੀ ਕਦੀ ਦੂਸਰੇ ਦੇਸ਼ਾਂ ਦੇ ਮੁੰਡੇ ਕੁੜੀਆਂ ਨਾਲ ਛੇੜਖਾਨੀ ਵੀ ਹੋ ਜਾਂਦੀ ਸੀ, ਪਰ ਆਪਣੇ ਮੁੰਡਿਆਂ ਵਿਚ ਸ਼ਰਮ ਅਤੇ ਝਿਜਕ ਸੀ। ਹੀਣਤਾ ਦਾ ਭਾਵ ਉਨ੍ਹਾਂ 'ਤੇ ਭਾਰੂ ਰਹਿੰਦਾ ਸੀ। ਸ਼ਾਇਦ ਇਸ ਕਰ ਕੇ ਕਿ ਉਹ ਸੱਚੇ ਟੂਰਿਸਟ ਨਹੀਂ ਸਨ। ਅਸਲ ਮਕਸਦ ਤਾਂ ਘਰੋਂ ਰੋਜ਼ੀ ਕਮਾਉਣ ਨਿਕਲੇ ਸਾਂ। ਸੱਚੇ ਟੂਰਿਸਟ ਹੋਣ ਦਾ ਤਾਂ ਢੌਂਗ ਹੀ ਕਰਦੇ ਸਨ। ਸੱਚੇ ਮਾਰਗ ਚੱਲਦਿਆਂ ਹੀ ਸਵੈ ਵਿਸ਼ਵਾਸ ਬੱਝਦਾ ਹੈ ਅਤੇ ਹੀਣਤਾ ਦਾ ਭਾਵ ਟਲਦਾ ਹੈ। ਸਾਡੇ ਵਿਚੋਂ ਕਿਸੇ ਦਾ ਵੀ ਕਿਸੇ ਸ਼ਹਿਰ ਦੇ ਇਤਿਹਾਸ ਜਾਂ ਉਥੋਂ ਦੀ ਇਮਾਰਤ ਕਲਾ ਜਾਂ ਖ਼ੂਬਸੂਰਤ ਪਾਰਕਾਂ ਜਾਂ ਉਥੋਂ ਦੀ ਸਮਾਜਿਕ ਜ਼ਿੰਦਗੀ ਤੇ ਸਭਿਆਚਾਰ ਨਾਲ ਕੋਈ ਲਗਾਅ ਨਹੀਂ ਸੀ; ਨਾ ਹੀ ਇਸ ਪਾਸੇ ਕੋਈ ਸੋਚਦਾ ਸੀ; ਨਾ ਹੀ ਕਿਸੇ ਦਾ ਇਧਰ ਧਿਆਨ ਜਾਂਦਾ ਸੀ। ਹਰ ਵੇਲੇ ਇਹੀ ਕੋਸ਼ਿਸ਼ ਰਹਿੰਦੀ ਸੀ ਕਿ ਸੰਕੋਚ ਨਾਲ ਪੈਸਾ ਖਰਚਣਾ ਹੈ। ਵੈਸੇ ਵੀ ਜੇਬਾਂ ਸਾਰਿਆਂ ਦੀਆਂ ਖਾਲੀ ਹੀ ਸਨ। ਖਰਚੇ ਲਈ ਸਾਰੇ ਆਪਣੇ ਇੰਚਾਰਜ ਲਹਿੰਬਰ ਬੱਲ ਉਪਰ ਨਿਰਭਰ ਸਨ। ਉਹੀ ਹੌਸਲਾ ਕਰ ਕੇ ਜੇ ਕਿਧਰੇ ਲੈ ਜਾਂਦਾ ਸੀ, ਤਾਂ ਅਸੀਂ ਤੁਰ ਪੈਂਦੇ ਸਾਂ, ਨਹੀਂ ਤਾਂ ਕਮਰੇ ਵਿਚ ਹੀ ਬੈਠੇ ਰੰਗੀਨ ਭਵਿਖ ਦੇ ਸੁਪਨੇ ਲੈ ਛੱਡਦੇ ਸਾਂ।

ਸਾਡਾ ਆਪਸ ਵਿਚ ਖੂਬ ਹਾਸਾ ਮਖੌਲ ਚਲਦਾ ਰਹਿੰਦਾ ਸੀ। ਸਫ਼ਰ ਦੀ ਥਕਾਵਟ ਵਿਚ ਚੂਰ ਹੋਏ ਜਦ ਕਦੀ ਇਕੱਠੇ ਬਹਿਣ ਦਾ ਮੌਕਾ ਮਿਲਦਾ ਤਾਂ ਹਾਸੇ ਮਖੌਲ ਦੀਆਂ ਗੱਲਾਂ ਵਿਚ ਥਕਾਵਟ ਦੂਰ ਹੋ ਜਾਂਦੀ ਸੀ। ਸਾਡੇ ਵਿਚ ਤਰਲੋਕ ਸਿੰਘ ਪਿੰਡ ਰਾਮੂੰਵਾਲ ਤੋਂ ਉਚਾ ਲੰਬਾ ਜਵਾਨ ਮੁੰਡਾ ਸੀ ਜਿਹੜਾ ਐਮ.ਏ. ਪੁਲੀਟੀਕਲ ਸਾਇੰਸ ਫਾਈਨਲ ਵਿਚੋਂ ਆਪਣੀ ਪੜ੍ਹਾਈ ਛੱਡ ਕੇ ਸਾਡੇ ਨਾਲ ਤੁਰ ਪਿਆ ਸੀ। ਉਹ ਮਾਮੂਲੀ ਘਟਨਾਵਾਂ ਨੂੰ ਜੋੜ ਕੇ ਇਸ ਤਰ੍ਹਾਂ ਸਨਾਉਂਦਾ ਜਿਵੇਂ ਕੋਈ ਸੱਚਮੁੱਚ ਦਿਲਚਸਪ ਕਹਾਣੀ ਪੜ੍ਹ ਰਿਹਾ ਹੋਵੇ। ਉਸ ਦੀਆਂ ਗੱਲਾਂ ਸਾਰਿਆਂ ਨੂੰ ਕੀਲ ਕੇ ਆਪਣੇ ਦੁਆਲੇ ਬਿਠਾ ਲੈਂਦੀਆਂ ਸਨ। ਜਗ-ਬੀਤੀਆਂ ਅਤੇ ਹੱਡ-ਬੀਤੀਆਂ ਨੂੰ ਉਹ ਇਸ ਤਰ੍ਹਾਂ ਕਹਾਣੀ ਵਿਚ ਗੁੰਦ ਕੇ ਸਣਾਉਂਦਾ ਕਿ ਸੁਣਨ ਵਾਲਿਆਂ ਦਾ ਜੀਅ ਰਤਾ ਨਾ ਉਕਤਾਉਂਦਾ, ਸਗੋਂ ਅਗਾਂਹ ਜਾਨਣ ਲਈ ਮਨ ਹੋਰ ਕਾਹਲਾ ਪੈਂਦਾ। ਉਹ ਉਦਾਸ ਹੋਏ ਮਾਹੌਲ ਨੂੰ ਝੱਟ ਆਪਣੀਆਂ ਜਾਦੂਮਈ ਗੱਲਾਂ ਨਾਲ ਗਰਮਾ ਲੈਂਦਾ। ਕੋਈ ਬੋਰ ਨਾ ਹੁੰਦਾ। ਗਰੀਸ ਪਹੁੰਚਣ ਤੱਕ ਉਹ ਰੋਜ਼ ਨਵੀਂ ਤੋਂ ਨਵੀਂ ਅਤੇ ਵੰਨ-ਸੁਵੰਨੀ ਅਸਲ ਸੱਚੀ ਕਹਾਣੀ ਸੁਣਾ ਕੇ ਸਾਡਾ ਮਨੋਰੰਜਨ ਕਰਦਾ ਰਿਹਾ।



ਕਾਬਲ ਵਿਚ ਸਥਿਤ ਗੁਰਦੁਆਰੇ ਕਰਤੇ ਪਰਵਾਨ ਦੀ ਝਲਕ।

***ਕਾਬਲ ਪਹੁੰਚ ਕੇ ਪਤਾ ਲੱਗਾ ਕਿ ਇਥੇ ਕਈ ਗੁਰਦੁਆਰੇ ਵੀ ਸਨ। ਸ੍ਰੀ ਗੁਰੂ ਨਾਨਕ ਨੇ ਆਪਣੀ ਉਦਾਸੀ ਦੌਰਾਨ ਇਥੇ ਵੀ ਫੇਰਾ ਪਾਇਆ ਸੀ। ਇਕ ਗੁਰਦੁਆਰੇ ਅਸੀਂ ਮੱਥਾ ਟੇਕ ਕੇ, ਬਿਨਾ ਰੋਕ-ਟੋਕ ਵਾਪਸ ਆ ਗਏ। ਦੂਸਰੇ ਗੁਰਦੁਆਰੇ ਗਏ ਤਾਂ ਉਥੇ ਉਸ ਵਕਤ ਲੰਗਰ ਚੱਲ ਰਿਹਾ ਸੀ। ਅਸੀਂ ਮੱਥਾ ਟੇਕ ਕੇ ਅਜੇ ਲੰਗਰ ਛਕਣ ਲਈ ਕਮਰ ਕੱਸ ਹੀ ਰਹੇ ਸਾਂ ਕਿ ਭਾਈ ਗੁਰਸਿੱਖ ਸਾਡੇ ਕੋਲ ਆਇਆ। ਉਸ ਨੇ ਸਰਸਰੀ ਜਿਹੀ ਨਜ਼ਰ ਸਾਡੀਆਂ ਕੱਟੀਆਂ ਦਾੜ੍ਹੀਆਂ ਵਲ ਨਜ਼ਰ ਮਾਰੀ ਅਤੇ ਸਾਨੂੰ ਪੰਗਤ ਵੱਲ ਜਾਣ ਤੋਂ ਰੋਕ ਦਿੱਤਾ। ਅਸਾਂ ਸਿਰ ਆਪਣੇ ਤਾਂ ਢਕੇ ਹੋਏ ਸਨ।***

ਉਂਜ ਸਾਰੇ ਵਾਰੋ-ਵਾਰੀ ਕੋਈ ਨਾ ਕੋਈ ਨਿੱਕੀ ਮੋਟੀ ਹੱਡ-ਬੀਤੀ ਜਾਂ ਚੁਟਕਲਾ ਸਣਾਉਂਦਾ ਸੀ, ਪਰ ਉਹ ਗੱਲ ਨਹੀਂ ਸੀ ਬਣਦੀ ਜਿਹੜੀ ਤਰਲੋਕ ਸਿੰਘ ਦੇ ਮੂੰਹੋਂ ਬਣਦੀ ਸੀ। ਜਦ ਮੇਰੀ ਵਾਰੀ ਆਉਂਦੀ ਤਾਂ ਉਹ ਕੋਈ ਗੀਤ ਜਾਂ ਕਵਿਤਾ ਸੁਣਾਉਣ ਬਾਰੇ ਕਹਿੰਦੇ। ਮੈਂ ਉਨ੍ਹਾਂ ਨੂੰ ਸ਼ਿਵ ਕੁਮਾਰ ਬਟਾਲਵੀ ਦਾ ਗੀਤ 'ਮੈਨੂੰ ਤੇਰਾ ਸ਼ਬਾਬ ਲੈ ਬੈਠਾ' ਗਾ ਕੇ ਸੁਣਾਉਂਦਾ; ਜਾਂ ਕੋਈ ਹੋਰ ਆਪਣਾ ਲਿਖਿਆ ਗੀਤ ਗਾਉਂਦਾ। ਗਰੁੱਪ ਦੇ ਸਾਰੇ ਦੋਸਤਾਂ ਵਿਚ ਲਹਿੰਬਰ ਬੱਲ ਅਤੇ ਬਖਸ਼ੀਸ਼ ਸਿੰਘ ਮੇਰੇ ਵਧੇਰੇ ਨਜ਼ਦੀਕ ਸਨ। ਲਹਿੰਬਰ ਸਿੰਘ ਨੈਕਸਲਾਈਟ ਮੂਵਮੈਂਟ ਵਿਚ ਕਿਸੇ ਕੇਸ ਵਿਚ ਫ਼ਸਣ ਕਾਰਨ ਹੁਣੇ ਹੁਣੇ ਇੰਟੈਰੋਗੇਸ਼ਨ ਸੈਂਟਰ ਵਿਚੋਂ ਸਜ਼ਾ ਕੱਟ ਕੇ ਬਾਹਰ ਆਇਆ ਸੀ। ਆਪਣੇ ਹੱਕ ਸੱਚ 'ਤੇ ਡਟਣ ਵਾਲਾ ਸ਼ਖ਼ਸ ਸੀ। ਨਿਮਾਣਿਆਂ ਨਿਤਾਣਿਆਂ ਦੀ ਮਦਦ ਲਈ ਸਦਾ ਤਿਆਰ ਰਹਿੰਦਾ।

ਆਪਸੀ ਸਹਿਯੋਗ ਅਤੇ ਹਾਸੇ ਮਖੌਲ ਨੇ ਕੋਚ ਦੇ ਲੰਬੇ ਥਕਾਵਟ ਭਰੇ ਸਫ਼ਰ ਨੂੰ ਸੁਖਾਵਾਂ ਬਣਾ ਦਿੱਤਾ ਸੀ।

### 'ਮੇਰਾ ਨਸੀਬ' ਵਾਲੀ ਅਦਾਕਾਰਾ

# ਸਾਇਰਾ ਯੂਸਫ ਖਾਨ



ਸਾਇਰਾ ਯੂਸਫ ਖਾਨ ਮੂਲ ਰੂਪ ਵਿਚ ਭਾਵੇਂ ਮਾਡਲ ਹੈ, ਪਰ ਅੱਜ ਕੱਲ੍ਹ ਉਸ ਦੀ ਬਤੌਰ ਅਦਾਕਾਰਾ ਵਾਹਵਾ ਪੁੱਛ-ਪ੍ਰਤੀਤ ਹੈ। ਸਾਇਰਾ ਨੇ ਆਪਣਾ ਕਰੀਅਰ 'ਐਮ.ਟੀ.ਵੀ. ਪਾਕਿਸਤਾਨ' ਵਿਚ ਬਤੌਰ ਵੀ.ਜੇ. ਸ਼ੁਰੂ ਕੀਤਾ ਸੀ। ਉਦੋਂ ਉਹ 'ਭੇਜਾ ਫਰਾਈ' ਅਤੇ 'ਮੋਸਟ ਵਾਂਟਡ' ਪ੍ਰੋਗਰਾਮ ਕਰਦੀ ਹੁੰਦੀ ਸੀ। 2011 ਵਿਚ ਉਸ ਨੂੰ ਹਮ ਟੀ.ਵੀ. 'ਤੇ ਨਸ਼ਰ ਹੋਏ ਲੜੀਵਾਰ 'ਮੇਰਾ ਨਸੀਬ' ਵਿਚ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਇਸ ਨਾਟਕ ਨਾਲ ਉਸ ਲਈ ਰਾਹ ਖੁੱਲ੍ਹਦੇ ਗਏ। ਇਸ ਤੋਂ ਬਾਅਦ ਉਸ ਨੇ 'ਮੁਹੱਬਤ ਰੂਠ ਜਾਏ ਤੋ', 'ਬਿਲਕੀਸ ਕੌਰ', 'ਤਨਹਾਈਆਂ-ਨਏ ਸਿਲਸਿਲ', 'ਦਰਮਿਆਨ', 'ਰੂ-ਬਰੂ', 'ਪਸ਼ੇਮਾਨ' ਅਤੇ 'ਰਿਸ਼ਤਾ ਹੈ ਜੈਸੇ ਖਵਾਬ' ਵਰਗੇ ਲੜੀਵਾਰਾਂ ਨਾਲ ਆਪਣੀ ਭੱਲ ਬਣਾਈ। 2012 ਵਿਚ ਉਸ ਦਾ ਵਿਆਹ ਅਦਾਕਾਰ ਸ਼ਹਿਰੋਜ਼ ਸਬਜ਼ਵਾਰੀ ਨਾਲ ਹੋ ਗਿਆ। ਇਸ ਤੋਂ ਉਹ ਸਾਇਰਾ ਯੂਸਫ਼ ਖਾਨ ਤੋਂ ਸਾਇਰਾ ਸ਼ਹਿਰੋਜ਼ ਹੋ ਗਈ। 2016 ਵਿਚ ਉਸ ਦੀ ਫਿਲਮ 'ਹੋ ਮਨ ਜਹਾਂ' ਵੀ ਆਈ ਸੀ। ਇਸ ਫਿਲਮ ਵਿਚ ਉਸ ਦਾ ਰੋਲ ਛੋਟਾ ਜਿਹਾ ਸੀ, ਪਰ ਫਿਲਮ 'ਚਲੇ ਥੇ ਸਾਥ' ਵਿਚ ਉਸ ਨੇ ਮੁੱਖ ਕਿਰਦਾਰ ਨਿਭਾਇਆ। ਇਸ ਫਿਲਮ ਦੀ ਕਹਾਣੀ ਅਜਿਹੀ ਡਾਕਟਰ ਦੁਆਲੇ ਘੁੰਮਦੀ ਹੈ ਜੋ ਆਪਣੇ ਅਤੀਤ ਅਤੇ ਭਵਿਖ ਵੱਲ ਉਡਾਰੀ ਮਾਰਨ ਲਈ ਆਪਣੇ ਦੋਸਤਾਂ ਦਾ ਸਹਾਰਾ ਲੈਂਦੀ ਹੈ। ਇਸ ਫਿਲਮ ਲਈ ਸਾਇਰਾ ਦੀ ਖੂਬ ਸ਼ਲਾਘਾ ਹੋਈ। ਹੁਣ ਉਸ ਦੀ ਇਕ ਹੋਰ ਫਿਲਮ 'ਪ੍ਰੋਜੈਕਟ ਗਾਜ਼ੀ' ਤਿਆਰ ਹੈ। ਇਸ ਫਿਲਮ ਵਿਚ ਸਾਇਰਾ ਤੋਂ ਇਲਾਵਾ ਹਮਾਯੂੰ ਸਈਦ, ਸ਼ਹਰਯਾਰ ਮੁਨੱਵਰ, ਅਦਨਾਨ ਜਾਫ਼ਰ, ਤਲਿਤ ਹੁਸੈਨ ਅਤੇ ਅਮੀਰ ਕੁਰੈਸ਼ੀ ਵਰਗੇ ਅਦਾਕਾਰਾਂ ਨੇ ਕੰਮ ਕੀਤਾ ਹੈ। ਇਹ ਫਿਲਮ ਇਸੇ ਮਹੀਨੇ ਰਿਲੀਜ਼ ਹੋਣੀ ਹੈ।

***-ਆਮਨਾ ਅਮੀਨ***



# ਫੌਜਣ ਨਿਮਰਤ ਕੌਰ

ਅਦਾਕਾਰਾ ਨਿਮਰਤ ਕੌਰ ਵੈੱਬ ਲੜੀ 'ਦਿ ਟੈਸਟ ਕੇਸ' ਵਿਚ ਫੌਜੀ ਦਾ ਕਿਰਦਾਰ ਨਿਭਾਅ ਰਹੀ ਹੈ। ਉਸ ਨੂੰ ਜਦੋਂ ਇਹ ਕਿਰਦਾਰ ਨਿਭਾਉਣ ਲਈ ਸੰਪਰਕ ਕੀਤਾ ਗਿਆ ਤਾਂ ਉਹ ਭਾਵੁਕ ਹੋ ਉਠੀ। ਕਾਰਨ ਨਿੱਜੀ ਸੀ। ਉਸ ਦਾ ਪਿਤਾ ਵੀ ਫੌਜੀ ਸੀ ਅਤੇ ਸ਼ਹਾਦਤ ਪਾ ਗਿਆ ਸੀ। ਨਿਮਰਤ ਆਖਦੀ ਹੈ ਕਿ ਇਹ ਵੈੱਬ ਲੜੀ ਇਕ ਤਰ੍ਹਾਂ ਨਾਲ ਉਸ ਦੀ ਆਪਣੇ ਪਿਤਾ ਨੂੰ ਸ਼ਰਧਾਂਜਲੀ ਹੈ। ਉਸ ਨੂੰ ਇਲਮ ਹੈ ਕਿ ਉਸ ਦੀ ਮਾਂ ਅਵਿਨਾਸ਼ ਕੌਰ ਨੇ ਕਿਸ ਤਰ੍ਹਾਂ ਦਾ ਦਰਦ ਹੰਢਾਇਆ ਹੈ। ਹੁਣ ਉਹ ਖੁਸ਼ ਹੈ ਕਿ ਉਹ ਆਪਣੀ ਅਦਾਕਾਰੀ ਅਤੇ ਹਠ ਦੇ ਸਿਰ ਉਤੇ ਬਹੁਤ ਗੱਟ ਸਮੇਂ ਵਿਚ ਫਿਲਮ ਜਗਤ ਅੰਦਰ ਆਪਣਾ ਇਕ ਖਾਸ ਮੁਕਾਮ ਹਾਸਲ ਕਰ ਸਕੀ ਹੈ। ਉਸ ਦਾ ਪਰਿਵਾਰ ਅੱਜ ਕੱਲ੍ਹ ਪਟਿਆਲੇ ਰਹਿੰਦਾ ਹੈ। ਉਸ ਦੀ ਛੋਟੀ ਭੈਣ ਮਨੋ-ਵਿਗਿਆਨੀ ਹੈ ਅਤੇ ਬੰਗਲੌਰ ਵੱਸਦੀ ਹੈ।

ਨਿਮਰਤ ਨੇ ਆਪਣਾ ਕਰੀਅਰ 2004 ਵਿਚ ਸੰਗੀਤ ਵੀਡੀਓ ਨਾਲ ਆਰੰਭਿਆ ਸੀ। 'ਯਹਾਂ' ਫਿਲਮ ਵਿਚ ਉਹਨੂੰ ਛੋਟਾ ਜਿਹਾ ਰੋਲ ਮਿਲਿਆ, ਪਰ ਉਸ ਨੇ ਇਸ ਰੋਲ ਵਿਚ ਹੀ ਕਮਾਲ ਕਰ ਦਿੱਤੀ। ਇਸੇ ਕਰ ਕੇ ਉਹਨੂੰ ਅਨਰਾਗ ਕਸ਼ਯਪ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਫਿਰ ਫਿਲਮ 'ਲੰਚ ਬੌਕਸ' ਨਾਲ ਉਹ ਛਾ ਗਈ। ਇਸ ਫਿਲਮ ਵਿਚ ਇਰਫਾਨ ਖਾਨ ਵੀ ਸੀ। ਦਿਲਚਸਪ ਤੱਥ ਇਹ ਹੈ ਕਿ ਇਸ ਫਿਲਮ ਵਿਚ ਨਿਮਰਤ ਅਤੇ ਇਰਫਾਨ ਦਾ ਇਕ ਵੀ ਸਾਂਝਾ ਦ੍ਰਿਸ਼ ਨਹੀਂ ਹੈ। ਫਿਰ ਵੀ ਦੋਹਾਂ ਦੀ ਇਸ ਫਿਲਮ ਦੀ ਖੂਬ ਤਾਰੀਫ ਹੋਈ। ਇਸ ਤੋਂ ਬਾਅਦ ਅਕਸ਼ੈ ਕੁਮਾਰ ਨਾਲ ਆਈ ਉਸ ਦੀ ਫਿਲਮ 'ਏਅਰਲਿਫਟ' ਨਾਲ ਰਹਿੰਦੀ ਕਸਰ ਪੂਰੀ ਹੋ ਗਈ। ਉਹ ਆਪਣੇ ਕਰੀਅਰ ਬਾਰੇ ਬਹੁਤ ਸੁਚੇਤ ਹੈ ਅਤੇ ਫਿਲਮਾਂ ਦੀ ਗਿਣਤੀ ਵਧਾਉਣ ਦੀ ਥਾਂ ਚੰਗੀਆਂ ਫਿਲਮਾਂ ਲਈ ਹੀ ਹਾਂ ਕਰਦੀ ਹੈ। ਇਸੇ ਕਰ ਕੇ ਸਾਰੇ ਉਸ ਦੀ ਇਸ ਪਹੁੰਚ ਦੇ ਦੀਵਾਨੇ ਹਨ। ***-ਗੁਰਜੰਟ ਸਿੰਘ***



# ਫਰਹਾਨ ਦਾ ਫਰਾਟਾ

ਕਿਸੇ ਨੂੰ ਕੋਈ ਸ਼ੱਕ ਨਹੀਂ ਕਿ ਸ਼ਾਇਰ ਜਾਵੇਦ ਅਖਤਰ ਦਾ ਮੁੰਡਾ ਫਰਹਾਨ ਅਖ਼ਤਰ ਪ੍ਰਤਿਭਾਸ਼ਾਲੀ ਹੈ। ਉਡਣੇ ਸਿੱਖ ਮਿਲਖਾ ਸਿੰਘ ਬਾਰੇ ਫਿਲਮ 'ਭਾਗ ਮਿਲਖਾ ਭਾਗ' ਵਿਚ ਪੂਰੇ ਜੋਸ਼ ਨਾਲ ਕੰਮ ਕਰ ਕੇ ਉਸ ਨੇ ਹਰ ਇਕ ਨੂੰ ਆਪਣਾ ਦੀਵਾਨਾ ਬਣਾ ਲਿਆ ਸੀ। ਉਸ ਵੱਲੋਂ ਇਸ ਫਿਲਮ ਲਈ ਕੀਤੀ ਮਿਹਨਤ ਦੀ ਮਿਸਾਲ ਲੋਕ ਅੱਜ ਵੀ ਦਿੰਦੇ ਹਨ। ਅਸਲ ਵਿਚ ਫਰਹਾਨ ਅਖਤਰ ਅਕਸਰ ਕੁਝ ਨਵਾਂ ਕਰਨ ਬਾਰੇ ਸੋਚਦਾ ਰਹਿੰਦਾ ਹੈ। ਫਰਹਾਨ ਪਿਛਲੇ ਕੁਝ ਸਮੇਂ ਤੋਂ ਫ਼ਿਲਮਸਾਜ਼ ਆਸ਼ੂਤੋਸ਼ ਗੋਵਾਰੀਕਰ ਨਾਲ ਮੀਟਿੰਗਾਂ ਕਰ ਰਿਹਾ ਸੀ। ਹੁਣ ਇਸ ਮਿਲਣੀ ਵਿਚੋਂ ਇਹ ਨਿਕਲਿਆ ਹੈ ਕਿ ਫਰਹਾਨ ਨਵੇਂ ਵਿਆਹੇ ਜੋੜਿਆਂ ਲਈ ਫ਼ਿਲਮ ਬਣਾ ਰਿਹਾ ਹੈ। ਫਿਲਮ ਵਿਚ ਨਵ-ਵਿਆਹੀ ਜੋੜੀ ਦੇ ਸੁਪਨੇ ਦਿਖਾਏ ਜਾਣਗੇ। ਫਰਹਾਨ ਅਖਤਰ ਨੇ ਇਸ ਨਵੀਂ ਫ਼ਿਲਮ ਲਈ ਦਿਸ਼ਾ ਪਟਾਨੀ ਨਾਲ ਸੰਪਰਕ ਵੀ ਕਰ ਲਿਆ ਹੈ। ਇਸ ਤੋਂ ਇਲਾਵਾ ਉਸ ਨੇ ਰਿਤੇਸ਼ ਸਿਧਵਾਨੀ ਅਤੇ ਕਰਨ ਆਂਸ਼ੂਮਨ ਨਾਲ ਮਿਲ ਕੇ ਵੈੱਬ ਸੀਰੀਜ਼ 'ਇਨਸਾਈਡ ਐੱਜ' ਤਿਆਰ ਕਰਵਾਈ ਹੈ। ਇਹ ਸੀਰੀਜ਼ ਟੀ-20 ਕ੍ਰਿਕਟ ਟੀਮ ਉਤੇ ਆਧਾਰਤ ਹੈ। ਇਸ ਵਿਚ ਖੇਡ ਪਿਛੇ ਹੁੰਦੀ ਸਿਆਸਤ ਦੇ ਦਰਸ਼ਨ ਕਰਵਾਏ ਗਏ ਹਨ। ***-ਜਗਜੀਤ ਸਿੰਘ ਸੇਖੋਂ***

# ਕੋਇਲ ਵਾਂਗ ਕੂਕਦੀ ਕੋਇਰਾਲਾ



**ਗੁਰਬਖਸ਼ ਸਿੰਘ ਸੋਢੀ**

ਫਿਲਮਸਾਜ਼ ਸੁਭਾਸ਼ ਘਈ ਵਲੋਂ ਮਨੀਸ਼ਾ ਕੋਇਰਾਲਾ ਨੂੰ 'ਸੌਦਾਗਰ' ਵਿਚ ਪੇਸ਼ ਕੀਤਾ ਗਿਆ ਸੀ ਅਤੇ ਇਸ ਵਿਚ ਮਨੀਸ਼ਾ ਦੇ ਨਾਇਕ ਵਿਵੇਕ ਮੁਸ਼ਰਾਨ ਸਨ। ਬਾਅਦ ਵਿਚ ਮਨੀਸ਼ਾ ਦਾ ਜਾਦੂ ਫਿਲਮਾਂ ਵਿਚ ਇਸ ਤਰ੍ਹਾਂ ਚੱਲਿਆ ਕਿ ਉਸ ਨੇ ਤਿੰਨਾਂ ਖਾਨ ਹੀਰੋਆਂ- ਆਮਿਰ, ਸ਼ਾਹਰੁਖ ਤੇ ਸਲਮਾਨ, ਨਾਲ ਫ਼ਿਲਮਾਂ ਕੀਤੀਆਂ। 'ਬੌਂਬੇ', 'ਦਿਲ ਸੇ', 'ਅਕੇਲੇ ਹਮ ਅਕੇਲੇ ਤੁਮ', 'ਅਗਨੀ ਸਾਕਸ਼ੀ', 'ਖਾਮੋਸ਼ੀ ਦਿ ਮਿਊਜ਼ੀਕਲ' ਸਮੇਤ ਕਈ ਯਾਦਗਾਰੀ ਫ਼ਿਲਮਾਂ ਰਾਹੀਂ ਮਨੀਸ਼ਾ ਨੇ ਆਪਣੇ ਨਾਂ ਦੇ ਝੰਡੇ ਗੱਡ ਦਿੱਤੇ। ਆਪਣੀ ਜ਼ਿੰਦਗੀ ਨੂੰ ਭਰਪੂਰ ਜੀਅ ਰਹੀ ਮਨੀਸ਼ਾ ਉਦੋਂ ਨਿਰਾਸ਼ ਹੋਈ ਜਦੋਂ ਉਸ ਨੂੰ ਪਤਾ ਲੱਗਿਆ ਕਿ ਉਸ ਨੂੰ ਕੈਂਸਰ ਹੈ। ਇਸ ਬਿਮਾਰੀ ਕਰ ਕੇ ਅਭਿਨੈ ਤੋਂ ਦੂਰੀ ਬਣਾਉਣ ਵਾਲੀ ਮਨੀਸ਼ਾ ਹੁਣ ਪੂਰੀ ਤਰ੍ਹਾਂ ਸਿਹਤਮੰਦ ਹੈ। ਹਾਲ ਹੀ ਵਿਚ ਉਸ ਨੇ 'ਡਿਅਰ ਮਾਇਆ' ਫ਼ਿਲਮ ਵਿਚ ਮੁੱਖ ਭੂਮਿਕਾ ਨਿਭਾਈ ਹੈ। ਉਹ ਦੱਸਦੀ ਹੈ ਕਿ ਬਿਮਾਰੀ ਦੇ ਦਿਨਾਂ ਦੌਰਾਨ ਉਹ ਕਿਤਾਬਾਂ ਬਹੁਤ ਪੜ੍ਹਦੀ ਸੀ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰਦੀ ਸੀ ਕਿ ਕੈਂਸਰ ਦੇ ਇਲਾਜ ਲਈ ਕਿਸ ਨੇ ਕੀ-ਕੀ ਕੀਤਾ ਹੈ। ਉਹਨੇ ਯੁਵਰਾਜ ਸਿੰਘ ਅਤੇ ਲੀਜ਼ਾ ਰੇਅ ਬਾਰੇ ਵੀ ਪੜ੍ਹਿਆ। ਬਿਮਾਰੀ ਨਾਲ ਘੋਲ ਤੋਂ ਬਾਅਦ ਹੁਣ ਉਸ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਐਨ ਬਦਲ ਗਿਆ ਹੈ। ਬਿਮਾਰੀ ਨੇ ਉਸ ਨੂੰ ਸਮਝਾ ਦਿੱਤਾ ਕਿ ਇਥੇ ਕੱਲ੍ਹ ਦਾ ਭਰੋਸਾ ਨਹੀਂ। ਇਸ ਲਈ ਹੁਣ ਉਹ ਬੇਫਿਕਰ ਹੋ ਕੇ ਜੀਣਾ ਚਾਹੁੰਦੀ ਹੈ। ਹੁਣ ਉਹ ਖ਼ੁਦ ਨੂੰ ਜ਼ਿਆਦਾ ਤੋਂ ਜ਼ਿਆਦਾ ਸਮਾਂ ਦੇ ਰਹੀ ਹੈ। ਉਹ ਹੁਣ ਅਦਾਕਾਰ ਸੰਜੇ ਦੱਤ ਦੀ ਜ਼ਿੰਦਗੀ 'ਤੇ ਬਣ ਰਹੀ ਫ਼ਿਲਮ ਵਿਚ ਨਰਗਿਸ ਦੱਤ ਦੀ ਭੂਮਿਕਾ ਨਿਭਾਅ ਰਹੀ ਹੈ। ਨਰਗਿਸ ਵੀ ਕੈਂਸਰ ਦਾ ਸ਼ਿਕਾਰ ਹੋਈ ਸੀ। ਇਸ ਇਤਫਾਕ ਬਾਰੇ ਉਹ ਦੱਸਦੀ ਹੈ- "ਮੇਰੀ ਫਿਲਮ 'ਬੌਂਬੇ' ਫ਼ਿਲਮ ਦਾ ਟ੍ਰਾਇਲ ਸ਼ੋਅ ਅਜੰਤਾ ਥੀਏਟਰ ਵਿਚ ਰੱਖਿਆ ਗਿਆ ਸੀ ਅਤੇ ਇਹ ਥੀਏਟਰ ਅਦਾਕਾਰ ਸੁਨੀਲ ਦੱਤ ਦੇ ਬੰਗਲੇ ਵਿਚ ਹੈ। ਸੁਨੀਲ ਦੱਤ ਨੇ ਇਹ ਫ਼ਿਲਮ ਦੇਖੀ ਅਤੇ ਅਗਲੇ ਦਿਨ ਮੇਰੀ ਮੰਮੀ ਨੂੰ ਫੋਨ ਕਰ ਕੇ ਕਿਹਾ ਕਿ ਤੁਹਾਡੀ ਬੇਟੀ ਮਨੀਸ਼ਾ ਵਿਚ ਨਰਗਿਸ ਦੀ ਝਲਕ ਹੈ।" ਉਦੋਂ ਮਹਾਨ ਅਦਾਕਾਰਾ ਨਰਗਿਸ ਨਾਲ ਆਪਣੀ ਤੁਲਨਾ ਤੋਂ ਉਹ ਬਾਗੋ-ਬਾਗ ਹੋ ਗਈ ਸੀ। ਉਦੋਂ ਉਸ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਉਸ ਨੂੰ ਜ਼ਿੰਦਗੀ ਵਿਚ ਅਗਾਂਹ ਜਾ ਕੇ ਕਿਸੇ ਫਿਲਮ ਵਿਚ ਨਰਗਿਸ ਦਾ ਕਿਰਦਾਰ ਨਿਭਾਉਣਾ ਪਵੇਗਾ।

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 10ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 9 ਸਤੰਬਰ 2017 *(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ**

### ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $11,000
ਦੂਜਾ ਇਨਾਮ $9,000
ਤੀਜਾ ਇਨਾਮ $7,000
ਚੌਥਾ ਇਨਾਮ $5,000

**ਸੌਕਰ ਤੇ ਵਾਲੀਬਾਲ**
ਪਹਿਲਾ ਇਨਾਮ $3,100
ਦੂਜਾ ਇਨਾਮ $2,100

**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ

**Canton Sports Center - Victory Park:**
46555 W. Michigan Ave. Rd., Canton, MI 48188 (Near Beck Rd.)



ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਤੇ ਮੌਜ ਮਨਾਓ


## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

***Free Entry *Free Food *Free Entertainment**

## ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

Radio Chann Pardesi ਰੇਡੀਓ ਚੰਨ ਪ੍ਰਦੇਸੀ




**Autobahn**
ਸਾਰੇ ਟਰੱਕ Under Warranty
800,000 kilometers



## PSCA Committee Members and Gold Sponsors



ਕਰਮਬੀਰ ਸਿੰਘ, ਅਰਜੁਨ ਗਿੱਲ, ਰਾਜ ਨਿੱਜਰ, ਜਸਵਿੰਦਰ ਧਾਲੀਵਾਲ, ਅਮਰਜੀਤ ਗਿੱਲ, ਰਵਿੰਦਰ ਥਿੰਦ, ਅਮਰੀਕ ਰਾਏ, ਮਨਪ੍ਰੀਤ ਗਿੱਲ

ਰਾਜ ਜਾਮਾਰਾਏ, ਸੁਖਵੰਤ ਸਿੰਘ ਗਿੱਲ, ਸੁਖਦੇਵ ਸੇਖੋਂ, ਕੇਵਲ ਗਿੱਲ, ਕੁਲਬੀਰ ਗਿੱਲ, ਸੁੱਖਾ ਸੇਖੋਂ, ਬਲਕਾਰ ਗਿੱਲ, ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

**Mela, Media, Stalls:** Karn Gill (734-612-9984) / Sukhdev Sekhon (248-431-9678)
**Volleyball, Soccer:** Karmbir Singh (734-558-3151)/ Amarjit Gill: 734-394-8768
**Kabaddi:** Arjan Gill (734-231-3576) / Kulbir Gill (248-310-0114)
**Cultural Programs, Stalls:** Raj Jamarai (734-644-1010) / Raj Nijjar (734-637-7540)

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*


PUNJABI MEGA PACK
$14.99 FOR 24 MONTHS
Save $240 over 2 years
PTC PUNJABI
Dish.com/Punjabi
1-888-621-5401
dish
YOUR CULTURE AT HOME
PTC PUNJABI
etc ਪੰਜਾਬੀ
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/18/17. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.